Reo-Bankowned Properties
From San Jose to Sacramento
JASSI GILL Broker/Owner
Ph:510-304-9292
Refinance Now
@ZERO COST
Call Sukhi Gill:510-207-9067 Jassi Gill
CA DRE Lic.#01180969 CA DRE# 00966763

Ad Space Available
Call: 847-359-0746

ਇੰਡੀਆ ਕਾਲ ਕਰਨ ਲਈ ਸਭ ਤੋਂ ਵਧੀਆ ਤੇ ਭਰੋਸੇਮੰਦ ਸਰਵਿਸ
www.011india.com
*ਵਧੀਆ, ਸਾਫ ਆਵਾਜ਼
*ਬਗੈਰ ਪਿੰਨ ਤੋਂ ਵਰਤੋ
*ਸਪੀਡ ਵਾਲੇ ਨੰਬਰ ਸੈਟ ਕਰੋ
*ਘਰੋਂ ਤੇ ਸੈਲ ਫੋਨ ਤੋਂ ਇਕੋ ਵੇਲੇ ਦੋ ਫੋਨ ਚੱਲ ਸਕਦੇ ਹਨ
$25 2500 Minutes
ਅਮਰੀਕਾ ਜਾਂ ਕੈਨੇਡਾ ਤੋਂ ਇਕੋ ਰੇਟ
ਸਾਡੀ ਸਰਵਿਸ ਹਰ ਦੇਸ਼ ਲਈ ਵਰਤੋ
Limited Time Offer. Restrications & Additional Fees Apply.
800-914-1013 408-659-9400

Fifteenth Year of Publication ਕੈਲੀਫੋਰਨੀਆ ਐਡੀਸ਼ਨ Price 50¢
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ
Email:punjabtimes1@sbcglobal.net
www.punjabtimesusa.com

# ਪੰਜਾਬ ਟਾਈਮਜ਼

Punjab Times, Vol 15, Issue 42, October 18, 2014 | 20451 N Plum Grove Rd., Palatine, IL 60074 | Ph:847-359-0746, Fax:847-705-9388

# ਹਰਿਆਣਾ ਚੋਣਾਂ ਬਾਦਲਾਂ ਲਈ ਕੁਰੂਕਸ਼ੇਤਰ ਬਣੀਆਂ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਹਰਿਆਣਾ ਵਿਧਾਨ ਸਭਾ ਚੋਣਾਂ ਦਾ ਰੌਲਾ-ਰੱਪਾ ਸ਼ਾਂਤ ਹੋ ਗਿਆ ਹੈ ਪਰ ਚੋਣ ਪ੍ਰਚਾਰ ਦੌਰਾਨ ਇਕ-ਦੂਜੇ ਖ਼ਿਲਾਫ਼ ਕੱਢੀ ਗਈ ਭੜਾਸ ਨੇ ਪੰਜਾਬ ਦੇ ਸਿਆਸੀ ਮਾਹੌਲ ਵਿਚ ਚੁਆਤੀ ਜ਼ਰੂਰ ਲਾ ਦਿੱਤੀ ਹੈ। ਭਾਜਪਾ ਦੇ ਸਾਬਕਾ ਸੰਸਦ ਮੈਂਬਰ ਨਵਜੋਤ ਸਿੰਘ ਸਿੱਧੂ ਨੇ ਚੋਣ ਪ੍ਰਚਾਰ ਦੌਰਾਨ ਸ਼੍ਰੋਮਣੀ ਅਕਾਲੀ ਦਲ ਨੂੰ ਖੁੱਲ੍ਹ ਕੇ ਘੇਰਿਆ।

ਉਨ੍ਹਾਂ ਨੇ ਬਾਦਲਾਂ ਨੂੰ 'ਲੁਟੇਰੇ' ਗਰਦਾਨਦਿਆਂ ਪੰਜਾਬ ਦੇ ਹਰ ਕਾਰੋਬਾਰ 'ਤੇ ਕਬਜ਼ੇ ਕਰਨ ਦੇ ਇਲਜ਼ਾਮ ਲਾਏ ਅਤੇ ਇਸ ਵਿਸ਼ੇ 'ਤੇ ਬਹਿਸ ਲਈ ਖੁੱਲ੍ਹੀ ਚਣੌਤੀ ਦਿੱਤੀ। ਹੋਰ ਤਾਂ ਹੋਰ, ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੀ ਹਾਜ਼ਰੀ ਵਿਚ ਭਾਜਪਾ ਆਗੂਆਂ ਨੇ ਸ. ਪ੍ਰਕਾਸ਼ ਸਿੰਘ ਬਾਦਲ ਉਤੇ ਤਾਬੜਤੋੜ ਹਮਲੇ ਕੀਤੇ। ਯਾਦ ਰਹੇ ਕਿ ਸ. ਬਾਦਲ ਹੁਣ ਤੱਕ ਮੋਦੀ ਦੀਆਂ ਤਾਰੀਫਾਂ ਦੇ ਪੁਲ ਬੰਨ੍ਹਦੇ ਆ ਰਹੇ ਹਨ।

ਚੋਣ ਪ੍ਰਚਾਰ ਦੌਰਾਨ ਬਾਦਲਾਂ ਨੇ ਨਵਜੋਤ ਸਿੱਧੂ ਦੇ ਕਿਸੇ ਵੀ ਵਾਰ ਦਾ ਕੋਈ ਜਵਾਬ ਨਹੀਂ ਦਿੱਤਾ ਪਰ ਚੁੱਪ-ਚੁਪੀਤੇ ਸ. ਸਿੱਧੂ ਦੀ ਸੁਰੱਖਿਆ ਛਤਰੀ ਵਾਪਸ ਲੈ ਲਈ ਗਈ। ਪੰਜਾਬ ਸਰਕਾਰ ਦੇ ਇਸ ਫੈਸਲੇ ਨਾਲ ਸਿੱਧੂ ਬਨਾਮ ਬਾਦਲ ਲੜਾਈ ਭਾਜਪਾ ਬਨਾਮ ਅਕਾਲੀ ਦਲ ਬਣ ਗਈ। ਸੁਰੱਖਿਆ ਛਤਰੀ ਵਾਪਸ ਲੈਣ ਨੂੰ ਇੱਜ਼ਤ ਦਾ ਸਵਾਲ ਕਰਾਰ ਦਿੰਦਿਆਂ ਪੰਜਾਬ ਭਾਜਪਾ ਵੀ ਅਕਾਲੀ ਦਲ ਖਿਲਾਫ਼ ਡਟ ਗਈ ਹੈ।

ਸ. ਸਿੱਧੂ ਦੀ ਪਤਨੀ ਨਵਜੋਤ ਕੌਰ ਸਿੱਧੂ ਨੇ ਦਾਅਵਾ ਕੀਤਾ ਹੈ ਕਿ ਸਾਬਕਾ ਸੰਸਦ ਮੈਂਬਰ ਨੂੰ ਸੁਰੱਖਿਆ ਛਤਰੀ ਵਿਚ ਚਾਰ ਅੰਗ ਰੱਖਿਅਕ ਦਿੱਤੇ ਹੋਏ ਸਨ ਜੋ ਅਚਨਚੇਤੀ ਵਾਪਸ ਲੈ ਲਏ ਗਏ। ਇਸ ਤੋਂ ਪਹਿਲਾਂ ਸੰਸਦ ਮੈਂਬਰ ਵਜੋਂ ਸੇਵਾ ਕਾਲ ਖਤਮ ਹੋਣ ਮਗਰੋਂ ਉਸ ਦੀ ਸੁਰੱਖਿਆ ਛਤਰੀ ਵਿਚ ਕਟੌਤੀ ਕੀਤੀ ਗਈ ਸੀ। ਸ. ਸਿੱਧੂ ਦਾ ਕਹਿਣਾ ਹੈ ਕਿ ਇਹ ਸ਼੍ਰੋਮਣੀ ਅਕਾਲੀ ਦਲ ਦੀ ਵਿਰੋਧੀ ਸੁਰਾਂ ਨੂੰ ਦਬਾਉਣ ਵਾਲੀ ਨੀਤੀ ਦਾ ਹਿੱਸਾ ਹੈ।

## ਮੋਦੀ ਦੀ ਹਾਜ਼ਰੀ ਵਿਚ ਬਾਦਲ ਉਤੇ ਹਮਲੇ

ਅਸਲ ਵਿਚ ਸ਼੍ਰੋਮਣੀ ਅਕਾਲੀ ਦਲ ਨੇ ਹਰਿਆਣਾ ਵਿਚ ਇਨੈਲੋ ਨਾਲ ਗੱਠਜੋੜ ਕਰ ਕੇ ਚੋਣ ਲੜੀ ਹੈ ਜਦੋਂ ਕਿ ਪੰਜਾਬ ਵਿਚ ਅਕਾਲੀ-ਭਾਜਪਾ ਦਾ ਗੱਠਜੋੜ ਹੈ। ਅਕਾਲੀ ਦਲ ਦੇ ਇਸ ਦੋਹਰੇ ਸਟੈਂਡ ਤੋਂ ਭਾਜਪਾ ਬਹੁਤ ਖਫਾ ਹੈ। ਭਾਜਪਾ ਦੇ ਸੀਨੀਅਰ ਆਗੂ ਸ਼ਾਂਤਾ ਕੁਮਾਰ ਨੇ ਅਕਾਲੀ ਦਲ ਨਾਲ ਇਨੈਲੋ ਗਠਜੋੜ ਤੇ ਹੋਰ ਮੁੱਦਿਆਂ 'ਤੇ ਡੂੰਘੇ ਮਤਭੇਦ ਹੋਣ ਦੀ ਗੱਲ ਵੀ ਮੰਨ ਲਈ ਹੈ।




ਭਾਜਪਾ ਆਗੂ ਬੇਸ਼ੱਕ ਅਕਾਲੀਆਂ ਖਿਲਾਫ ਖੁੱਲ੍ਹ ਕੇ ਭੜਾਸ ਕੱਢ ਰਹੇ ਹਨ, ਪਰ ਅਕਾਲੀ ਦਲ ਨੇ ਹਰਿਆਣਾ ਵਿਧਾਨ ਸਭਾ ਦੀਆਂ ਚੋਣਾਂ ਦੇ ਨਤੀਜਿਆਂ ਤੱਕ ਗਠਜੋੜ ਪਾਰਟੀ ਖ਼ਿਲਾਫ਼ ਮੂੰਹ ਬੰਦ ਰੱਖਣ ਦੀ ਨੀਤੀ ਅਪਨਾਈ ਹੈ। ਅਕਾਲੀ ਦਲ ਵਿਚ ਦੂਜੀ ਕਤਾਰ ਦੇ ਆਗੂਆਂ ਵੱਲੋਂ ਭਾਵੇਂ ਨਵਜੋਤ ਸਿੱਧੂ ਦੀ ਆਲੋਚਨਾ ਕੀਤੀ ਗਈ ਪਰ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਖਾਮੋਸ਼ ਰਹੇ। ਸਿਆਸੀ ਮਾਹਿਰਾਂ ਅਨੁਸਾਰ ਇਸ ਵਿਚ ਕੋਈ ਦੋ ਰਾਵਾਂ ਨਹੀਂ ਕਿ ਕੇਂਦਰੀ ਲੀਡਰਸ਼ਿਪ ਦੇ ਇਸ਼ਾਰੇ 'ਤੇ ਹੀ ਨਵਜੋਤ ਸਿੰਘ ਸਿੱਧੂ ਵੱਲੋਂ ਬਾਦਲ ਪਰਿਵਾਰ ਤੇ ਪਾਰਟੀ ਵਿਰੁਧ ਖੁੱਲ੍ਹ ਕੇ ਭੜਾਸ ਕੱਢੀ ਜਾ ਰਹੀ ਹੈ। ਸਿੱਧੂ ਤੋਂ ਇਲਾਵਾ ਭਾਜਪਾ ਦੇ ਦੋ ਹੋਰ ਆਗੂਆਂ ਆਰ.ਪੀ. ਸਿੰਘ ਅਤੇ ਮਿਨਾਕਸ਼ੀ ਲੇਖੀ ਨੇ ਵੀ ਅਕਾਲੀ ਦਲ ਨੂੰ ਕਰੜੇ ਹੱਥੀਂ ਲਿਆ ਹੈ।

ਅਸਲ ਵਿਚ ਸ਼੍ਰੋਮਣੀ ਅਕਾਲੀ ਦਲ ਤੇ ਭਾਰਤੀ ਜਨਤਾ ਪਾਰਟੀ ਵਿਚਾਲੇ ਤਣਾਅ ਭਰੇ ਸਬੰਧ ਤਾਂ ਭਾਵੇਂ ਲੋਕ ਸਭਾ ਚੋਣਾਂ ਤੋਂ ਬਾਅਦ ਚੱਲ ਰਹੇ ਹਨ, ਪਰ ਹਰਿਆਣਾ ਵਿਧਾਨ ਸਭਾ ਚੋਣਾਂ ਨੇ ਇਨ੍ਹਾਂ ਵਿਚਕਾਰ ਜ਼ਿਆਦਾ ਕੁੜੱਤਣ ਭਰ ਦਿੱਤੀ ਹੈ। ਸਿਆਸੀ ਮਾਹਿਰਾਂ ਦਾ ਮੰਨਣਾ ਹੈ ਕਿ ਹਰਿਆਣਾ ਦੇ ਚੋਣ ਨਤੀਜੇ ਪੰਜਾਬ ਦੇ ਗਠਜੋੜ ਦਾ ਭਵਿੱਖ ਤੈਅ ਕਰਨਗੇ ਕਿਉਂਕਿ ਭਾਜਪਾ ਨੂੰ ਨਤੀਜਿਆਂ ਤੋਂ ਬਾਅਦ ਬਾਦਲਾਂ ਦੀ ਚੌਟਾਲਿਆਂ ਨਾਲ ਯਾਰੀ ਦੀ ਜ਼ਰੂਰਤ ਵੀ ਪੈ ਸਕਦੀ ਹੈ।

ਪੰਜਾਬ ਦੀ ਗਠਜੋੜ ਸਰਕਾਰ ਵਿਚ ਭਾਜਪਾ ਦੇ ਚਾਰ ਮੰਤਰੀ, ਇਕ ਡਿਪਟੀ ਸਪੀਕਰ ਤੇ ਦੋ ਮੁੱਖ ਸੰਸਦੀ ਸਕੱਤਰ ਹਨ। ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਵਿਚ ਸ਼੍ਰੋਮਣੀ ਅਕਾਲੀ ਦਲ ਨਾਲ ਸਬੰਧਤ ਹਰਸਿਮਰਤ ਕੌਰ ਬਾਦਲ ਕੈਬਨਿਟ ਮੰਤਰੀ ਹਨ। ਉਂਜ ਦੇਖਿਆ ਜਾਵੇ ਤਾਂ ਸ਼੍ਰੋਮਣੀ ਅਕਾਲੀ ਦਲ ਨੂੰ ਪੰਜਾਬ ਵਿਚ ਸਰਕਾਰ ਟੁੱਟਣ ਦਾ ਕੋਈ ਖ਼ਤਰਾ ਨਹੀਂ ਹੈ ਕਿਉਂਕਿ ਪਾਰਟੀ ਕੋਲ 58 ਵਿਧਾਇਕ ਹਨ। ਬਹੁਮਤ ਲਈ 59 ਵਿਧਾਇਕਾਂ ਦੀ ਜ਼ਰੂਰਤ ਹੈ ਤੇ ਤਿੰਨ ਆਜ਼ਾਦ ਵਿਧਾਇਕ ਹਨ।

ਸਿਆਸੀ ਮਾਹਿਰਾਂ ਅਨੁਸਾਰ ਭਾਜਪਾ ਅਗਲੇ ਸਾਲ ਹੀ 117 ਸੀਟਾਂ ਵਿਚੋਂ ਘੱਟੋ-ਘੱਟ 60 ਸੀਟਾਂ ਮੰਗੇਗੀ ਤੇ ਅਕਾਲੀ ਦਲ ਵੱਲੋਂ ਸੰਭਾਵੀ ਨਾਂਹ ਕਰਨ 'ਤੇ ਫਿਰ ਤੋੜ-ਵਿਛੋੜਾ ਕਰਨ ਦਾ ਰਸਤਾ ਲੱਭੇਗੀ। ਇਸ ਵੇਲੇ ਭਾਜਪਾ ਦੇ ਪੰਜਾਬ ਤੇ ਕੇਂਦਰੀ ਨੇਤਾ ਕਹਿ ਰਹੇ ਹਨ ਕਿ

*(ਬਾਕੀ ਸਫਾ 6 'ਤੇ)*

## ਸੱਚ ਨੂੰ ਦਬਾਉਣ ਦੀ ਕੋਸ਼ਿਸ਼: ਸਿੱਧੂ

**ਚੰਡੀਗੜ੍ਹ :** ਸਾਬਕਾ ਸੰਸਦ ਮੈਂਬਰ ਨਵਜੋਤ ਸਿੰਘ ਸਿੱਧੂ ਨੇ 'ਅਕਾਲੀ ਦਲ ਬਰਾਂਡ ਸਿਆਸਤ' ਦੀ ਨਿਖੇਧੀ ਕਰਦਿਆਂ ਆਖਿਆ ਕਿ ਜੋ ਵੀ ਉਨ੍ਹਾਂ ਦੇ ਖਿਲਾਫ ਵਿਰੋਧੀ ਸੁਰ ਉਭਾਰਦਾ ਹੈ, ਉਸ ਨੂੰ ਦਬਾਉਣ ਲਈ ਦਬਾਅ ਨੀਤੀਆਂ ਦੀ ਵਰਤੋਂ ਕੀਤੀ ਜਾਂਦੀ ਹੈ, ਜਿਸ ਤਹਿਤ ਕਈਆਂ ਖਿਲਾਫ ਝੂਠੇ ਪੁਲਿਸ ਕੇਸ ਦਰਜ ਕਰਵਾ ਦਿੱਤੇ ਜਾਂਦੇ ਹਨ ਜਾਂ ਫਿਰ ਆਵਾਜ਼ ਚੁੱਪ ਕਰਾਉਣ ਲਈ ਹੋਰ ਦਬਾਅ ਬਣਾਇਆ ਜਾਂਦਾ ਹੈ।



ਉਨ੍ਹਾਂ ਖੁਲਾਸਾ ਕੀਤਾ ਕਿ ਜਦੋਂ ਉਸ ਦਾ ਸੰਸਦ ਮੈਂਬਰ ਵਜੋਂ ਸੇਵਾ ਕਾਲ ਖਤਮ ਹੋਇਆ ਸੀ ਤੇ ਸੁਰੱਖਿਆ ਛਤਰੀ ਵਿਚ ਕਟੌਤੀ ਕੀਤੀ ਗਈ ਸੀ ਤਾਂ ਉਸ ਵੇਲੇ ਉਨ੍ਹਾਂ ਸਮੁੱਚੀ ਸੁਰੱਖਿਆ ਛਤਰੀ ਵਾਪਸ ਲੈਣ ਲਈ ਆਖਿਆ ਸੀ। ਉਨ੍ਹਾਂ ਆਖਿਆ ਕਿ ਉਹ ਹਮੇਸ਼ਾ ਹੀ ਸੱਚ ਦੀ ਰਾਹ 'ਤੇ ਤੁਰਿਆ ਹੈ ਤੇ ਇਸ ਰਾਹ 'ਤੇ ਤੁਰਨ ਵਾਲਿਆਂ ਦੇ ਮਨ ਵਿਚ ਕੋਈ ਡਰ ਜਾਂ ਭੈਅ ਨਹੀਂ ਹੁੰਦਾ। ਇਸੇ ਲਈ ਉਹ ਹਮੇਸ਼ਾ ਹੀ ਫਖਰ ਨਾਲ ਸਿਰ ਉਚਾ ਕਰ ਕੇ ਤੁਰਦਾ ਹੈ।

REAL ESTATE & HOME LOANS
✓ Low Interest Rate
✓ 3.5% Down Payment
✓ Free Credit Report
✓ Free Pre-Approval
ਸਾਡੀ ਆਪਣੀ ਮਾਰਗੇਜ ਕੰਪਨੀ ਹੈ।
Successful Shortsale ਲਈ ਅੱਜ ਹੀ ਕਾਲ ਕਰੋ!
AMAN HUNDAL
Broker / Associate
Century 21
209.918.6464
ahundal@c21mm.com

Fresh Sweets, Snacks & Food
Catering with portable Tandoor
for up to 10000 guests
Lunch - Dinner - Take Out - Banquets
Toll Free 1-866-FOR-RAJA
www.rajasweets.com
msbains@rajasweets.com
Raja SWEETS & CATERING
AUTHORIZED CATERER FOR MAJOR 5-STAR HOTELS
Raja Sweets & Indian Cuisine
31853 Alvarado Blvd. Union City CA 94587
Ph. (510) 489-9100 Fax (510) 489-9111
Raja Indian Cuisine & Bar
1275 W Winton Ave. Hayward CA 94545
Ph. (510) 264-9300 Fax (510) 264-9345
Call Makhan Bains or Ravinder Singh for your next Party 1-866-FOR RAJA www.RajaSweets.com

Law Office of
Manpreet S. Gahra
>ਇਮੀਗਰੇਸ਼ਨ ਸੇਵਾਵਾਂ
>ਫੈਮਿਲੀ ਲਾਅ
>ਬਿਜਨਸ ਲਾਅ
Criminal Defense (DUI, simple battery, domestic violence, immigration post-conviction relief)
Manpreet S. Gahra
Attorny At Law
Berkeley Office
2161 Shattuck Ave., 304, Berkeley
Ph:510-841-4582 Fax:510-217-6847
Sacramento Office
Call For Appointment
Ph:916-924-1617
Email: manpreet@gahralaw.com

STATEN SOLAR
AFFORDABLE ENERGY FOR EVERYONE

ਸੋਲਰ ਸਿਸਟਮ ਲਗਵਾਓ ਅਤੇ ਪੈਸੇ ਬਚਾਓ

Commercial, Agricultural and Residential

Choose between $0 Down Lease or Lowest Cash Price

ਅਪਣੇ ਸਟੋਰ, ਫਾਰਮ ਅਤੇ ਘਰ ਫਰੀ ਸੋਲਰ ਸਿਸਟਮ ਲਗਵਾਓ। ਬਿਜਲੀ ਦੇ ਬਿੱਲ ਤੋਂ ਸਦਾ ਲਈ ਛੁਟਕਾਰਾ ਪਾਓ ਅਤੇ ਪੈਸੇ ਬਚਾਓ





Simran Deol
(Solar Engineer)
661-412-4728

ਕੀ ਤੁਸੀਂ ਅਪਣੇ ਸਟੋਰ, ਬਿਜ਼ਨਿਸ, ਫਾਰਮ ਜਾਂ ਘਰ ਸੋਲਰ ਸਿਸਟਮ ਕਿਸੇ ਤਜ਼ਰਬੇਕਾਰ ਇੰਜੀਨੀਅਰ ਦੀ ਸਲਾਹ ਨਾਲ ਲਗਵਾਉਣਾ ਚਾਹੋਗੇ ਜਾਂ ਕਿਸੇ ਸੇਲਜ਼ਮੈਨ ਦੀ ਸਲਾਹ ਨਾਲ? ਤਕਨੀਕੀ ਗੱਲਾਂ ਨੂੰ ਨਜ਼ਰਅੰਦਾਜ਼ ਨਾ ਕਰੋ, ਜੋ ਤੁਹਾਨੂੰ ਇਕ ਇੰਜੀਨੀਅਰ ਹੀ ਦੱਸ ਸਕਦਾ ਹੈ

ਫਰੀ, ਮਾਹਿਰਾਨਾ ਅਤੇ ਸਹੀ ਸਲਾਹ

7 ਸਾਲ ਤੋਂ ਵੀ ਵੱਧ ਸੋਲਰ ਇੰਜੀਨੀਅਰ ਵਜੋਂ ਤਜ਼ਰਬਾ

20 ਸਾਲ ਬਿਲਕੁਲ ਫਰੀ ਮੇਂਟੀਨੈਂਸ ਦੀ ਗਾਰੰਟੀ। ਹਰ ਤਰ੍ਹਾਂ ਦੀ ਦੇਖ ਭਾਲ ਅਤੇ ਇਂਸ਼ੋਰੈਂਸ ਦੀ ਜਿੰਮੇਵਾਰੀ ਵੀ ਕੰਪਨੀ ਦੀ।

- $ 0 down Worry Free Lease
- Fixed Monthly Bill, No Increase
- Guaranteed Lowest Monthly Bill
- Or Buy the System for Lowest Price
- Top Quality Product
- 20 Year Performance Guarantee
- 25 Year Guarantee for Panels
- FREE Maintenance for 20 years
- No Need to Worry About Increasing Cost of Utility
- Professional Installation
- 24/7 Monitoring

Receive $500 By Referring Friends.
www.Statensolar.com

No One Can Beat Our Price Guaranteed!

GILL EXPRESS

NEW LOCATION


MEMPHIS

ਤਜ਼ਰਬੇਕਾਰ ਮਕੈਨਿਕ ਦੀ ਲੋੜ ਹੈ
ਚੰਗੀ ਤਨਖਾਹ ਤੇ ਰਿਹਾਇਸ਼ ਫਰੀ

Hwy I-40 Exit 280, Hwy I-55 Exit 4

Next To Pilot TRAVEL CENTERS LLC


REPAIR



TIRES



WASH



ਪੰਜਾਬੀ ਢਾਬਾ



@ 3657 Southland Dr. W. Memphis, AR-72301 Tel : 661-203-0433

ੴ ਸਤਿਗੁਰ ਪ੍ਰਸਾਦਿ

ਦੇਗ ਤੇਗ ਫਤਿਹ

ਸੰਗਤੇ ਅਬਾਦ ਰਹੈਂ, ਆਵਤੈ ਪ੍ਰਸ਼ਾਦਿ ਰਹੈਂ, ਬੁੰਗੇ ਝਲਾ ਝਲ ਰਹੈਂ ਪੂਰੇ ਉਤਸ਼ਾਹ ਕੇ॥
ਲਾਗਤੇ ਦੀਵਾਨ ਰਹੈਂ, ਗਾਵਤੇ ਸੁਜਾਨ ਰਹੈਂ, ਝੂਲਤੇ ਨਿਸ਼ਾਨ ਰਹੈਂ ਸਾਚੇ ਪਾਤਸ਼ਾਹ ਕੇ॥

ਪੰਥ ਕੀ ਜੀਤ

# ਗੁਰਦੁਆਰਾ ਸਾਹਿਬ ਸੈਨ ਹੋਜ਼ੇ (ਕੈਲੀਫੋਰਨੀਆ)

## ਸਮੂਹ ਸੰਗਤ ਨੂੰ ਬੰਦੀ ਛੋੜ ਦਿਵਸ (ਦੀਵਾਲੀ) ਦੀਆਂ

## ਬਹੁਤ-ਬਹੁਤ ਵਧਾਈਆਂ





# ਬੰਦੀ ਛੋੜ ਦਿਵਸ ਸਮਾਗਮ

## 23 ਅਕਤੂਬਰ 2014 (ਦਿਨ ਵੀਰਵਾਰ)

### 23 ਅਕਤੂਬਰ ਨੂੰ ਵਿਸ਼ੇਸ਼ ਕੀਰਤਨ ਦਰਬਾਰ ਸਜਣਗੇ ਅਤੇ 24 ਅਕਤੂਬਰ ਨੂੰ ਸਾਰਾ ਦਿਨ ਕੀਰਤਨ ਦਰਬਾਰ ਹੋਵੇਗਾ।

ਗੁਰੂ ਪਿਆਰੀ ਸਾਧ ਸੰਗਤ ਜੀ,
ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਿਹ॥
ਹਰ ਸਾਲ ਦੀ ਤਰ੍ਹਾਂ ਗੁਰੂ ਘਰ ਵਿਚ ਬੰਦੀ ਛੋੜ ਦਿਵਸ (ਦੀਵਾਲੀ) ਦਾ ਤਿਉਹਾਰ ਬਹੁਤ ਖੁਸ਼ੀਆਂ ਅਤੇ ਚਾਵਾਂ ਨਾਲ ਮਨਾਇਆ ਜਾ ਰਿਹਾ ਹੈ। ਗੁਰੂ ਘਰ ਨੂੰ ਰੰਗ-ਬਰੰਗੀਆਂ ਲਾਈਟਾਂ ਨਾਲ ਸਜਾਇਆ ਜਾਵੇਗਾ। 23 ਅਕਤੂਬਰ ਵਾਲੇ ਦਿਨ ਸੈਨ ਹੋਜ਼ੇ ਦੀਆਂ ਖੂਬਸੂਰਤ ਪਹਾੜੀਆਂ 'ਤੇ ਨਵਾਂ ਬਣਿਆ ਗੁਰੂ ਘਰ ਸੱਚ ਮੁੱਚ ਜੱਗ-ਮੱਗ ਕਰਦਾ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੀ ਯਾਦ ਤਾਜ਼ਾ ਕਰਾਏਗਾ।

**ਲੜੀਵਾਰ 5 ਅਖੰਡ ਪਾਠ ਸਾਹਿਬ ਅਰੰਭ ਅਤੇ ਭੋਗ ਪਾਏ ਜਾਣਗੇ।**

**ਗੁਰੂ ਕਾ ਲੰਗਰ:** ਭਾਈ ਸੁਖਜਿੰਦਰ ਸਿੰਘ (ਟੋਨੀ) ਅਤੇ ਸਮੂਹ ਪੁਰੇਵਾਲ ਪਰਿਵਾਰ ਵਲੋਂ ਸੰਗਤਾਂ ਵਲੋਂ ਸਾਂਝੇ ਤੌਰ 'ਤੇ ਛੋਲੇ-ਭਠੂਰਿਆਂ, ਮਠਿਆਈ ਅਤੇ ਚਾਹ ਦਾ ਲੰਗਰ ਹੋਵੇਗਾ।

**ਕੀਰਤਨ ਦਰਬਾਰ ਦੀਆਂ ਹਾਜ਼ਰੀਆਂ ਭਰਨਗੇ**

ਭਾਈ ਬਲਵਿੰਦਰ ਸਿੰਘ ਜੀ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ
ਭਾਈ ਹਰਵਿੰਦਰ ਸਿੰਘ ਜੀ ਦਮਦਮੀ ਟਕਸਾਲ ਵਾਲੇ
ਭਾਈ ਸੁਵੇਗ ਸਿੰਘ ਜੀ ਲੁਧਿਆਣੇ ਵਾਲੇ
ਭਾਈ ਜਗਤਾਰ ਸਿੰਘ ਜੀ ਅਤੇ ਭਾਈ ਰਛਪਾਲ ਸਿੰਘ ਜੀ ਹਜ਼ੂਰੀ ਰਾਗੀ ਗੁਰਦੁਆਰਾ ਸਾਹਿਬ ਸੈਨ ਹੋਜ਼ੇ
ਕਥਾਵਾਚਕ ਭਾਈ ਨਰੰਜਨ ਸਿੰਘ ਜੀ ਮੁਹਾਲੀ ਵਾਲੇ

ਕਾਰ ਪਾਰਕਿੰਗ ਅਤੇ ਸਕਿਉਰਿਟੀ ਦਾ ਵਿਸ਼ੇਸ਼ ਪ੍ਰਬੰਧ ਹੋਵੇਗਾ। ਇਸ ਤੋਂ ਇਲਾਵਾ ਦੀਵੇ ਅਤੇ ਮੋਮਬੱਤੀਆਂ ਜਗਾਉਣ ਲਈ ਵੀ ਵਿਸ਼ੇਸ਼ ਪ੍ਰਬੰਧ ਹੋਵੇਗਾ।

*ਗੁਰਦੁਆਰਾ ਸਾਹਿਬ ਦੇ ਜਨਰਲ ਸਕੱਤਰ ਭਾਈ ਭੁਪਿੰਦਰ ਸਿੰਘ ਢਿੱਲੋਂ ਨੇ ਸਮੂਹ ਸੰਗਤ ਨੂੰ ਗੁਰੂ ਘਰ ਹਾਜ਼ਰੀਆਂ ਭਰ ਕੇ ਤਨ, ਮਨ ਅਤੇ ਧਨ ਨਾਲ ਸੇਵਾ ਕਰਨ ਦੀ ਬੇਨਤੀ ਕੀਤੀ ਹੈ।*

## ਜਾਰੀ ਕਰਤਾ: ਗੁਰਦੁਆਰਾ ਪ੍ਰਬੰਧਕ ਕਮੇਟੀ ਸੈਨ ਹੋਜ਼ੇ

3636 Murillo Ave, San Jose CA 95148, ਗੁਰਦੁਆਰਾ ਸਾਹਿਬ ਦੀ ਵੈਬ-ਸਾਈਟ: thesikhgurudwarasj.org

# ਅਕਾਲੀ-ਭਾਜਪਾ ਸਾਂਝ ਦੇ ਦਿਨ ਹੁਣ ਪੁੱਗਣ ਕੰਢੇ ਪੁੱਜੇ?

**ਚੰਡੀਗੜ੍ਹ:** ਹਰਿਆਣਾ ਵਿਧਾਨ ਸਭਾ ਚੋਣਾਂ ਵਿਚ ਅਕਾਲੀ ਦਲ-ਇਨੈਲੋ ਦੇ ਸਮਝੌਤੇ ਨੇ ਅਕਾਲੀ-ਭਾਜਪਾ ਗਠਜੋੜ ਵਿਚ ਚੱਲ ਰਹੀ ਅੰਦਰੂਨੀ ਖਿੱਚੋਤਾਣ ਨੂੰ ਸਿਖਰ 'ਤੇ ਲੈ ਆਂਦਾ ਹੈ। ਖਾਸਕਰ ਭਾਜਪਾ ਦੇ ਸਟਾਰ ਪ੍ਰਚਾਰਕ ਤੇ ਅੰਮ੍ਰਿਤਸਰ ਤੋਂ ਸਾਬਕਾ ਸੰਸਦ ਮੈਂਬਰ ਨਵਜੋਤ ਸਿੰਘ ਸਿੱਧੂ ਵੱਲੋਂ ਬਾਦਲ ਪਰਿਵਾਰ ਖ਼ਿਲਾਫ਼ ਕੱਢੀ ਭੜਾਸ ਤੋਂ ਤਕਰੀਬਨ ਤੈਅ ਹੋ ਗਿਆ ਹੈ ਕਿ ਦੋਹਾਂ ਧਿਰਾਂ ਵਿਚ ਤੋੜ-ਵਿਛੋੜੇ ਦਾ ਬਸ ਰਸਮੀ ਐਲਾਨ ਹੀ ਬਾਕੀ ਹੈ।

ਸਿਆਸੀ ਮਾਹਰਾਂ ਦਾ ਮੰਨਣਾ ਹੈ ਕਿ ਬੀ.ਜੇ.ਪੀ. ਅਗਲੇ ਸਾਲ ਹੀ 117 ਸੀਟਾਂ ਵਿਚੋਂ ਘੱਟੋ ਘੱਟ 60 ਸੀਟਾਂ ਮੰਗਣ ਦਾ ਰਾਗ ਅਲਾਪੇਗੀ ਤੇ ਅਕਾਲੀ ਦਲ ਵੱਲੋਂ ਸੰਭਾਵੀ ਨਾਂਹ ਕਰਨ 'ਤੇ ਫਿਰ ਤੋੜ-ਵਿਛੋੜਾ ਕਰਨ ਦਾ ਰਸਤਾ ਲੱਭੇਗੀ। ਇਸ ਵੇਲੇ ਬੀ.ਜੇ.ਪੀ. ਦੇ ਪੰਜਾਬ ਤੇ ਕੇਂਦਰੀ ਨੇਤਾ ਕਹਿ ਰਹੇ ਹਨ ਕਿ ਜਿੰਨੀ ਬਦਨਾਮੀ ਅਕਾਲੀ ਲੀਡਰਾਂ ਤੇ ਬਾਦਲ ਪਰਿਵਾਰ ਦੀ ਹੋ ਰਹੀ ਹੈ, ਉਸ ਵਿਚ ਜ਼ਿੰਮੇਵਾਰੀ ਤੇ ਕਸੂਰ ਬੀ.ਜੇ.ਪੀ. ਦਾ ਵੀ ਉਨਾ ਹੀ ਹੈ ਤੇ 2017 ਦੀਆਂ ਚੋਣਾਂ ਵਿਚ ਇਨ੍ਹਾਂ ਗਲਤੀਆਂ ਤੇ ਮਾੜੀ ਕਾਰਗੁਜ਼ਾਰੀ ਦਾ ਖ਼ਮਿਆਜ਼ਾ ਭੁਗਤਣ ਨਾਲੋਂ ਚੰਗਾ ਹੈ ਕਿ ਮੋਦੀ ਲਹਿਰ ਦਾ ਫ਼ਾਇਦਾ ਉਠਾਉਣ ਲਈ ਵੱਖੋ-ਵੱਖਰੀ ਚੋਣ ਲੜੀ ਜਾਵੇ।

ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ, ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ, ਜਥੇਦਾਰ ਅਵਤਾਰ ਸਿੰਘ ਮੱਕੜ ਤੇ ਹੋਰ ਸਿਰਕੱਢ ਅਕਾਲੀ ਆਗੂ ਹਰਿਆਣੇ ਦੇ ਪੰਜਾਬੀ ਤੇ ਸਿੱਖ ਮੁਹੱਲਿਆਂ ਵਿਚ ਬੀ.ਜੇ.ਪੀ. ਤੇ ਕਾਂਗਰਸ ਵਿਰੁੱਧ ਵੋਟਰਾਂ ਨੂੰ ਲਾਮਬੰਦ ਕਰ ਰਹੇ ਹਨ। ਦੂਜੇ ਪਾਸੇ ਬੀ.ਜੇ.ਪੀ. ਦੇ ਕੌਮੀ ਤੇ ਖੇਤਰੀ ਲੀਡਰ ਭਾਵੇਂ ਖੁੱਲ੍ਹ ਕੇ ਬਾਦਲ ਤੇ ਚੌਟਾਲਾ ਵਿਰੁੱਧ ਨਹੀਂ ਬੋਲ ਰਹੇ ਪਰ ਅੰਦਰੋਂ ਮੋਦੀ ਸਮੇਤ ਸੁਸ਼ਮਾ ਸਵਰਾਜ ਤੇ ਹੋਰ ਨੇਤਾ ਏਨੇ ਦੁਖੀ ਹਨ ਕਿ ਨਿੱਜੀ ਗੱਲਬਾਤ ਦੌਰਾਨ ਕਹਿ ਰਹੇ ਹਨ ਕਿ ਬਾਦਲ ਪਰਿਵਾਰ ਬੀ.ਜੇ.ਪੀ. ਵਿਰੁੱਧ ਪ੍ਰਚਾਰ ਕਰਕੇ ਅਪਣੀ ਕਬਰ ਆਪ ਹੀ ਪੁੱਟ ਰਿਹਾ ਹੈ।

ਬੀ.ਜੇ.ਪੀ. ਦੇ ਉਮੀਦਵਾਰਾਂ ਦੇ ਹੱਕ ਵਿਚ ਪ੍ਰਚਾਰ ਕਰਦਿਆਂ ਸ. ਸਿੱਧੂ ਨੇ ਦੋਵਾਂ ਭਾਈਵਾਲਾਂ ਦੇ ਅੰਦਰੂਨੀ ਕਲੇਸ਼ ਨੂੰ ਜਨਤਕ ਤੌਰ 'ਤੇ ਬੇਬਾਕੀ ਨਾਲ ਪ੍ਰਗਟ ਕਰ ਦਿੱਤਾ। ਉਨ੍ਹਾਂ ਇਥੋਂ ਤੱਕ ਕਹਿ ਦਿੱਤਾ ਕਿ ਆਪਸੀ ਨਫ਼ਰਤ ਦਾ ਸਿਰਫ਼ ਭਾਂਡਾ ਭੱਜਣਾ ਹੀ ਬਾਕੀ ਹੈ। ਨਵਜੋਤ ਸਿੱਧੂ ਨੇ ਇਹ ਵੀ ਕਹਿ ਦਿੱਤਾ ਕਿ ਪੰਜਾਬ ਵਿਚ ਦੋਵਾਂ ਪਾਰਟੀਆਂ ਵਿਚ ਪੱਪੀਆਂ ਤੇ ਜੱਫੀਆਂ ਸਿਰਫ਼ ਫੋਕੀਆਂ ਹਨ ਜਦਕਿ ਹਰਿਆਣੇ ਦੀਆਂ ਚੋਣਾਂ ਦੌਰਾਨ ਝੜਪਾਂ ਤੇ ਅਸਲੀ ਕੁਸ਼ਤੀ ਹੋ ਰਹੀ ਹੈ।

ਭਾਵੇਂ ਸ. ਬਾਦਲ ਨੇ ਵਾਰ-ਵਾਰ ਸਫ਼ਾਈ ਦਿੰਦਿਆਂ ਕਿਹਾ ਕਿ ਬੀ.ਜੇ.ਪੀ. ਨਾਲ ਦੋਸਤੀ ਚਟਾਨ ਵਾਂਗ ਪੱਕੀ ਹੈ ਪਰ ਦੇਵੀ ਲਾਲ ਪਰਿਵਾਰ ਨਾਲ ਪੁਰਾਣਾ ਰਿਸ਼ਤਾ ਹੋਣ ਕਰਕੇ ਅਕਾਲੀ ਦਲ-ਚੌਟਾਲਾ ਦੀ ਇਨੈਲੋ ਪਾਰਟੀ ਦਾ ਸਾਥ ਦੇ ਰਹੇ ਹਨ। ਸ. ਬਾਦਲ ਤੇ ਸੁਖਬੀਰ ਬਾਦਲ ਨੇ ਇਹ ਵੀ ਕਿਹਾ ਕਿ ਅਸੀਂ ਸਿਰਫ਼ ਕਾਂਗਰਸ ਨੂੰ ਹਰਾਉਣ ਲਈ ਪ੍ਰਚਾਰ ਕਰ ਰਹੇ ਹਾਂ ਤੇ ਅੰਦਰੋਂ ਬੀ.ਜੇ.ਪੀ. ਦੇ ਨਾਲ ਹਾਂ। ਪੰਜਾਬ ਬੀ.ਜੇ.ਪੀ. ਪ੍ਰਧਾਨ ਕਮਲ ਸ਼ਰਮਾ ਨੇ ਮੰਨਿਆ ਹੈ ਕਿ ਕੁਲ 90 ਸੀਟਾਂ ਵਿਚੋਂ ਤਕਰੀਬਨ 60 'ਤੇ ਬੀ.ਜੇ.ਪੀ. ਤੇ ਇਨੈਲੋ ਉਮੀਦਵਾਰਾਂ ਦਾ ਸਿੱਧਾ ਮੁਕਾਬਲਾ ਹੈ ਜਿਸ ਕਰਕੇ ਵੱਖ-ਵੱਖ ਲੀਡਰਾਂ ਦੇ ਪ੍ਰਚਾਰ ਦਾ ਆਪਾ ਵਿਰੋਧੀ ਹੋਣ ਦਾ ਨਤੀਜਾ ਜ਼ਰੂਰ ਹੀ ਭੁਗਤਣਾ ਪੈਣਾ ਹੈ।

ਕਮਲ ਸ਼ਰਮਾ ਨੇ ਤਾਂ ਸਰੇਆਮ ਕਹਿ ਦਿੱਤਾ ਹੈ ਕਿ ਹਰਿਆਣਾ ਚੋਣਾਂ ਉਪਰੰਤ ਉਹ ਕਿਸਾਨਾਂ ਨੂੰ ਮੁਫ਼ਤ ਬਿਜਲੀ, ਸ਼ਹਿਰੀ ਵਪਾਰੀਆਂ, ਰਿਹਾਇਸ਼ੀ ਤੇ ਕਮਰਸ਼ੀਅਲ ਮੁੱਦੇ, ਰੇਤਾ ਬਜਰੀ ਦੇ ਮੁੱਦੇ ਜ਼ਰੂਰ ਹੀ ਮੁੱਖ ਮੰਤਰੀ ਕੋਲ ਚੁੱਕਣਗੇ। ਹਰਿਆਣੇ ਦੀਆਂ ਚੋਣਾਂ ਵਿਚ ਵੱਖਰੀ ਗੁਰਦੁਆਰਾ ਕਮੇਟੀ ਦਾ ਮੁੱਦਾ ਵੀ ਘੱਟੋ ਘੱਟ 25 ਸੀਟਾਂ 'ਤੇ 15 ਲੱਖ ਸਿੱਖ ਵੋਟਰਾਂ ਦੇ ਅਸਰ ਨੂੰ ਕਾਂਗਰਸ ਦੇ ਹੱਕ ਵਿਚ ਪਾਸਾ ਪਲਟਣ ਲਈ ਤਿਆਰ ਕਰੀ ਬੈਠਾ ਹੈ। ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ, ਦੀਦਾਰ ਸਿੰਘ ਨਲਵੀ ਤੇ ਹੋਰ ਨੇਤਾਵਾਂ ਨੇ ਇਕਜੁੱਟ ਹੋ ਕੇ ਮੰਡੀ ਡੱਬਵਾਲੀ, ਰਣੀਆ, ਰਤੀਆ ਤੇ ਹੋਰ ਇਲਾਕਿਆਂ ਵਿਚ ਪ੍ਰਚਾਰ ਵੀ ਕਾਂਗਰਸ ਦੇ ਹੱਕ ਵਿਚ ਕੀਤਾ ਤੇ ਵੱਡੇ ਬਾਦਲ ਵਿਰੁੱਧ ਪੋਸਟਰ ਵੀ ਲਾਏ ਜਿਨ੍ਹਾਂ ਵਿਚ ਵਿਸ਼ੇਸ਼ ਤੌਰ 'ਤੇ ਇਹ ਸੰਦੇਸ਼ਾ ਸੀ ਕਿ ਆਪਣੇ ਆਪ ਨੂੰ ਸਿੱਖ ਨੇਤਾ ਕਹਾਉਣ ਵਾਲੇ ਸ. ਪ੍ਰਕਾਸ਼ ਸਿੰਘ ਬਾਦਲ ਦਾ ਹਰਿਆਣੇ ਵਿਚ ਕੋਈ ਕੰਮ ਨਹੀਂ ਹੈ, ਇਸ ਨੂੰ ਵਾਪਸ ਜਾਣਾ ਚਾਹੀਦਾ ਹੈ। ਦੂਜੇ ਪਾਸੇ ਸ਼੍ਰੋਮਣੀ ਅਕਾਲੀ ਦਲ ਪ੍ਰਧਾਨ ਸੁਖਬੀਰ ਬਾਦਲ ਦੀ ਸੋਚ ਹੈ ਕਿ ਉਹ ਅਪਣੀ ਪਾਰਟੀ ਨੂੰ ਨੈਸ਼ਨਲ ਪੱਧਰ ਦੀ ਪਾਰਟੀ ਬਣਾਉਣਾ ਚਾਹੁੰਦੇ ਹਨ।

ਦੂਜੇ ਪਾਸੇ ਕਾਂਗਰਸੀ ਨੇਤਾ, ਕੈਪਟਨ ਅਮਰਿੰਦਰ ਸਿੰਘ, ਵਿਰੋਧੀ ਧਿਰ ਕਾਂਗਰਸ ਦੇ ਨੇਤਾ ਸੁਨੀਲ ਜਾਖੜ, ਸਾਬਕਾ ਮੁੱਖ ਮੰਤਰੀ ਬੀਬੀ ਭੱਠਲ ਤੇ ਪਾਰਟੀ ਪ੍ਰਧਾਨ ਪ੍ਰਤਾਪ ਸਿੰਘ ਬਾਜਵਾ ਭਾਵੇਂ ਅੱਡੋ-ਅੱਡ ਵਿਚਾਰ ਰੱਖਦੇ ਹਨ ਤੇ ਆਪਸੀ ਫੁੱਟ ਦਾ ਸ਼ਿਕਾਰ ਹਨ ਪਰ ਅੰਦਰੋਂ ਉਹ ਸੁਪਨਿਆਂ ਦੀ ਦੁਨੀਆਂ ਵਿਚ ਘੁੰਮ ਰਹੇ ਹਨ ਕਿ ਜੇਕਰ ਬੀ.ਜੇ.ਪੀ. ਤੇ ਅਕਾਲੀ ਦਲ ਦੀ ਸਾਂਝ ਟੁੱਟਦੀ ਹੈ ਤਾਂ ਕਾਂਗਰਸ ਲਈ ਜ਼ਰੂਰ ਹੀ ਚਾਂਦੀ ਹੋ ਜਾਵੇਗੀ।

### ਹਰਿਆਣਾ ਚੋਣਾਂ 'ਚ ਇਕ-ਦੂਜੇ ਵਿਰੁਧ ਖੁੱਲ੍ਹ ਕੇ ਭੰਡੀ ਪ੍ਰਚਾਰ




# ਨਵਜੋਤ ਸਿੱਧੂ ਨੇ ਹੁਣ ਹਰਿਆਣੇ ਵਿਚ ਅਕਾਲੀਆਂ ਨੂੰ ਘੇਰਾ ਪਾਇਆ

### ਲੋਕਾਂ ਨੂੰ ਬਾਦਲ ਪਰਿਵਾਰ ਤੋਂ ਦੂਰ ਰਹਿਣ ਦੀ ਸਲਾਹ

**ਡੱਬਵਾਲੀ:** ਹਰਿਆਣਾ ਵਿਧਾਨ ਸਭਾ ਚੋਣਾਂ ਵਿਚ ਭਾਜਪਾ ਦੇ ਸਟਾਰ ਪ੍ਰਚਾਰਕ ਵਜੋਂ ਪੁੱਜੇ ਅੰਮ੍ਰਿਤਸਰ ਤੋਂ ਸਾਬਕਾ ਸੰਸਦ ਮੈਂਬਰ ਨਵਜੋਤ ਸਿੰਘ ਸਿੱਧੂ ਨੇ ਸ਼੍ਰੋਮਣੀ ਅਕਾਲੀ ਦਲ ਤੇ ਖਾਸ ਕਰਕੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਪਰਿਵਾਰ ਨੂੰ ਰੱਜ ਕੇ ਭੰਡਿਆ। ਰੈਲੀ ਨੂੰ ਸੰਬੋਧਨ ਕਰਨ ਪੁੱਜੇ ਨਵਜੋਤ ਸਿੰਘ ਸਿੱਧੂ ਨੇ ਆਪਣੇ ਰਵਾਇਤੀ ਸ਼ਾਇਰਾਨਾ ਅੰਦਾਜ਼ ਵਿਚ ਬਿਨਾਂ ਨਾਂ ਲਏ ਹਰਿਆਣੇ ਵਿਚ ਅਕਾਲੀ ਦਲ-ਇਨੈਲੋ ਗੱਠਜੋੜ ਤੇ ਕਾਂਗਰਸ ਦੀ ਸਿੱਧੇ ਤੌਰ 'ਤੇ ਧੂਹ-ਘੜੀਸ ਕਰਨ ਵਿਚ ਕੋਈ ਕਸਰ ਨਹੀਂ ਬਾਕੀ ਛੱਡੀ।

ਉਨ੍ਹਾਂ ਕਿਹਾ ਕਿ ਪੰਜਾਬ ਵਿਚ ਸਾਡੇ (ਭਾਜਪਾ) ਨਾਲ ਪੱਪੀਆਂ-ਜੱਫ਼ੀਆਂ ਤੇ ਹਰਿਆਣੇ ਵਿਚ ਕੁਸ਼ਤੀ-ਕਬੱਡੀ ਵਾਲੀ ਰਾਜਨੀਤੀ ਜ਼ਿਆਦਾ ਦੇਰ ਨਹੀਂ ਚਲੇਗੀ। ਸਿੱਧੂ ਨੇ ਕਿਹਾ ਕਿ "ਵਾਜਪਾਈ ਸਾਹਬ ਦੀ ਕ੍ਰਿਪਾ ਕਰਕੇ ਸੱਤਾ ਵਿਚ ਪੱਕੇ ਹੋਏ ਲੋਕ ਹੁਣ ਸਾਡੀ ਪਿੱਠ ਵਿਚ ਛੁਰੀ ਮਾਰ ਕੇ ਆਪਣੀਆਂ ਯਾਰੀਆਂ ਪੁਗਾਉਂਦੇ ਫਿਰਦੇ ਹਨ। ਇਨ੍ਹਾਂ 'ਤੇ ਵਿਸ਼ਵਾਸ ਨਾ ਕਰਿਓ। ਭਾਜਪਾ ਆਗੂ ਨੇ ਚੁਟਕਲੇਦਾਰ ਭਾਸ਼ਾ ਵਿਚ ਸੰਬੋਧਨ ਕਰਦੇ ਹੋਏ



ਕਿਹਾ ਕਿ ਅਕਾਲੀ ਦਲ ਬਾਦਲ ਦਾ ਪੰਜਾਬ ਵਿਚ ਭਾਜਪਾ ਨਾਲ ਗੱਠਜੋੜ ਹੈ ਪਰ ਉਹ ਹਰਿਆਣਾ ਵਿਚ ਭਾਜਪਾ ਦੇ ਖ਼ਿਲਾਫ਼ ਚੋਣ ਲੜ ਰਿਹਾ ਹੈ। ਇਹ ਭਾਜਪਾ ਦੀ ਪਿੱਠ ਵਿਚ ਛੁਰਾ ਮਾਰਨ ਵਾਂਗ ਹੈ। ਉਨ੍ਹਾਂ ਇਹ ਵੀ ਕਿਹਾ ਕਿ ਇਕ ਮੁੱਖ ਮੰਤਰੀ ਦਾ ਇਕ ਸਜ਼ਾ-ਪ੍ਰਾਪਤ ਵਿਅਕਤੀ ਦੇ ਨਾਲ ਖੜ੍ਹੇ ਹੋਣਾ ਕਿੰਨਾ ਕੁ ਸਾਰਥਕ ਹੈ।

ਉਨ੍ਹਾਂ ਇਹ ਵੀ ਕਿਹਾ ਕਿ ਲੋਕ ਪੁੱਤਰ ਮੋਹ ਵਿਚ ਡੁੱਬੇ ਹੋਏ ਹਨ। ਇਨ੍ਹਾਂ ਨੇ ਆਮ ਲੋਕਾਂ ਤੋਂ ਕੀ ਲੈਣਾ ਹੈ। ਉਨ੍ਹਾਂ ਨੇ ਭੁਪਿੰਦਰ ਸਿੰਘ ਹੁੱਡਾ ਸਰਕਾਰ 'ਤੇ ਤਿੱਖੇ ਹਮਲੇ ਕਰਦਿਆਂ ਆਖਿਆ ਕਿ "ਹਰਿਆਣੇ ਵਿਚ ਸੀ.ਐਲ.ਯੂ. ਦੇ ਧੰਦਾ ਖ਼ੂਬ ਚੱਲਿਆ। ਸਰਕਾਰ ਵਿਚ ਬੈਠੇ ਲੋਕਾਂ ਨੇ ਵਿਕਾਸ ਦੇ ਨਾਂ 'ਤੇ ਗਰੀਬ ਕਿਸਾਨਾਂ ਦੀਆਂ ਜ਼ਮੀਨਾਂ ਨੂੰ ਕਰੋੜਾਂ ਵਿਚ ਵੇਚ ਕੇ ਮੋਟਾ ਮਾਲ ਛਕਿਆ। ਉਨ੍ਹਾਂ ਨੇ ਹਰਿਆਣਾ ਵਿਚ ਨੌਜਵਾਨਾਂ ਨੂੰ ਨੌਕਰੀ ਤੋਂ ਵਾਂਝਾ ਰੱਖਣ ਦੇ ਦੋਸ਼ ਲਾਉਂਦਿਆਂ ਕਿਹਾ ਕਿ ਹੁੱਡਾ ਸਰਕਾਰ ਨੌਜਵਾਨ ਲਈ ਰੁਜ਼ਗਾਰ ਦੇ ਵਸੀਲੇ ਕਾਇਮ ਕਰਨ ਵਿਚ ਫੇਲ੍ਹ ਸਾਬਤ ਹੋਈ।

ਨਵਜੋਤ ਸਿੱਧੂ ਨੇ ਇਹ ਵੀ ਕਿਹਾ ਕਿ ਕਾਂਗਰਸ ਨੇ 60 ਸਾਲ ਰਾਜ ਕਰਕੇ ਗਰੀਬਾਂ ਨੂੰ ਲੁੱਟਿਆ ਹੈ, ਪਰ ਨਾਅਰਾ ਸਦਾ 'ਗਰੀਬੀ ਹਟਾਓ' ਦਾ ਹੀ ਦਿੱਤਾ। ਇਨ੍ਹਾਂ ਨੇ ਗਰੀਬੀ ਤਾਂ ਨਹੀਂ ਹਟਾਈ ਪਰ ਗਰੀਬ ਹੀ ਹਟਾ ਦਿੱਤੇ ਹਨ।

### ਬਾਦਲ ਨੂੰ ਖੁੱਲ੍ਹੀ ਬਹਿਸ ਦਾ ਸੱਦਾ

ਭਾਜਪਾ ਆਗੂ ਨਵਜੋਤ ਸਿੰਘ ਸਿੱਧੂ ਨੇ ਕਿਹਾ ਕਿ ਉਹ ਕਿਤੇ ਵੀ ਤੇ ਕਿਸੇ ਵੀ ਮੰਚ ਉੱਤੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਤੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨਾਲ ਬਹਿਸ ਕਰਨ ਨੂੰ ਤਿਆਰ ਹਨ ਪਰ ਉਹ ਉਸ ਵਿਰੁੱਧ ਹੋਰ ਅਕਾਲੀ ਆਗੂਆਂ ਦੇ ਨਾਵਾਂ ਉੱਤੇ ਜਾਰੀ ਕੀਤੇ ਜਾ ਰਹੇ ਬਿਆਨਾਂ ਦਾ ਜਵਾਬ ਨਹੀਂ ਦੇਵੇਗਾ। ਉਹ ਕਿਸੇ ਵੀ ਦਬਾਅ ਥੱਲੇ ਆ ਕੇ ਕਿਸੇ ਵੀ ਹਾਲਤ ਵਿਚ ਚੁੱਪ ਨਹੀਂ ਬੈਠੇਗਾ ਤੇ ਭਾਜਪਾ ਵਰਕਰਾਂ ਉੱਤੇ ਤਸ਼ੱਦਦ ਦੇ ਮਾਮਲਿਆਂ ਨੂੰ ਉਭਾਰਦਾ ਰਹੇਗਾ। ਉਨ੍ਹਾਂ ਕਿਹਾ ਕਿ ਉਹ ਰਾਜ ਵਿਚ ਡੰਡੇ ਦੇ ਜ਼ੋਰ 'ਤੇ ਰਾਜ ਕਰਨ ਦੇ ਖ਼ਿਲਾਫ਼ ਹਨ ਤੇ ਅਜਿਹੇ ਸਭਿਆਚਾਰ ਦੇ ਸਖ਼ਤ ਵਿਰੁੱਧ ਹਨ। ਉਨ੍ਹਾਂ ਕਿਹਾ ਕਿ ਇਹ ਸਚਾਈ ਹੈ ਕਿ 1966 ਤੋਂ ਕਾਂਗਰਸ ਨੇ ਕਦੇ ਵੀ ਅਕਾਲੀ ਦਲ ਦੇ ਮੁੱਖ ਮੰਤਰੀ ਨੂੰ ਪੰਜ ਸਾਲ ਪੂਰੇ ਨਹੀਂ ਕਰਨ ਦਿੱਤੇ ਤੇ ਜਦੋਂ 1990ਵੇਂ ਦਹਾਕੇ ਦੇ ਆਖ਼ਰੀ ਪਲਾਂ ਵਿਚ ਅਟਲ ਬਿਹਾਰੀ ਵਾਜਪਾਈ ਪ੍ਰਧਾਨ ਮੰਤਰੀ ਬਣੇ ਤਾਂ ਪਹਿਲੀ ਵਾਰ 1997 ਤੋਂ 2002 ਤੱਕ ਅਕਾਲੀ ਦਲ ਦੀ ਸਰਕਾਰ ਨੂੰ ਆਪਣੀ ਮਿਆਦ ਪੂਰੀ ਕਰਨ ਵਿਚ ਕੋਈ ਸਮੱਸਿਆ ਨਾ ਆਈ ਤੇ ਭਾਜਪਾ ਦੀ ਹਮਾਇਤ ਸਦਕਾ ਹੀ ਅਕਾਲੀ ਦਲ 2007 ਤੇ 2012 ਵਿਚ ਸਰਕਾਰ ਬਣਾ ਸਕਿਆ ਹੈ।

### ਸਿੱਧੂ ਨੂੰ ਸਿਆਸਤ ਨਾ ਖੇਡਣ ਦਾ ਮਸ਼ਵਰਾ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਨੇ ਭਾਜਪਾ ਆਗੂ ਨਵਜੋਤ ਸਿੰਘ ਸਿੱਧੂ ਨੂੰ ਸਿਆਸੀ ਮਰਿਆਦਾ ਬਣਾਈ ਰੱਖਣ ਦੀ ਨਸੀਹਤ ਦਿੰਦਿਆਂ ਕਿਹਾ ਹੈ ਕਿ ਸ. ਸਿੱਧੂ ਸਸਤੀ ਸ਼ੋਹਰਤ ਖੱਟਣ ਲਈ ਪੇਤਲੀ ਰਾਜਨੀਤੀ ਦਾ ਸਹਾਰਾ ਨਾ ਲੈਣ। ਪਾਰਟੀ ਦੇ ਜਨਰਲ ਸਕੱਤਰ ਮਹੇਸ਼ਇੰਦਰ ਸਿੰਘ ਗਰੇਵਾਲ ਨੇ ਇਕ ਬਿਆਨ ਰਾਹੀਂ ਕਿਹਾ ਹੈ ਕਿ ਅੰਮ੍ਰਿਤਸਰ ਤੋਂ ਸਾਬਕਾ ਸੰਸਦ ਮੈਂਬਰ ਆਪਣੀ ਪਾਰਟੀ ਪ੍ਰਤੀ ਖ਼ੁਦ ਹੀ ਇਮਾਨਦਾਰ ਨਹੀਂ ਤੇ ਦੂਜਿਆਂ ਨੂੰ ਉਹ ਨੈਤਿਕਤਾ ਦਾ ਪਾਠ ਪੜ੍ਹਾਉਣ ਲੱਗਿਆ ਹੈ। ਉਨ੍ਹਾਂ ਕਿਹਾ ਕਿ ਅਕਾਲੀ ਦਲ ਨੇ ਕਦੇ ਕਿਸੇ ਨਾਲ ਸਿਆਸੀ ਧੋਖਾਧੜੀ ਨਹੀਂ ਕੀਤੀ। ਪਾਰਟੀ ਦੇ ਸਕੱਤਰ ਜਨਰਲ ਸੁਖਦੇਵ ਸਿੰਘ ਢੀਂਡਸਾ ਨੇ ਵੀ ਇਸ ਬਾਰੇ ਕੋਈ ਟਿੱਪਣੀ ਨਹੀਂ ਕੀਤੀ ਹੈ। ਅਕਾਲੀ ਦਲ ਦੇ ਬੁਲਾਰੇ ਡਾ. ਦਲਜੀਤ ਸਿੰਘ ਚੀਮਾ ਨੇ ਕਿਹਾ ਕਿ ਨਵਜੋਤ ਸਿੱਧੂ ਵੱਲੋਂ ਚੋਣ ਪ੍ਰਚਾਰ ਦੌਰਾਨ ਜੋ ਵੀ ਅਕਾਲੀ ਦਲ ਬਾਰੇ ਬੋਲਿਆ ਜਾ ਰਿਹਾ ਹੈ, ਪਾਰਟੀ ਉਸ ਬਾਰੇ ਕੋਈ ਵੀ ਟਿੱਪਣੀ ਨਹੀਂ ਕਰਨੀ ਚਾਹੁੰਦੀ।

### ਸਿੱਧੂ ਨੇ ਅਕਾਲੀਆਂ ਦੀ ਦੋਗਲੀ ਨੀਤੀ ਦੀ ਪੋਲ ਖੋਲ੍ਹੀ: ਬਰਾੜ

**ਜਲੰਧਰ:** ਸਾਬਕਾ ਵਿਧਾਇਕ ਤੇ ਜ਼ਿਲ੍ਹਾ ਕਾਂਗਰਸ ਕਮੇਟੀ ਦੇ ਪ੍ਰਧਾਨ ਜਗਬੀਰ ਸਿੰਘ ਬਰਾੜ ਨੇ ਕਿਹਾ ਕਿ ਭਾਜਪਾ ਆਗੂ ਨਵਜੋਤ ਸਿੰਘ ਸਿੱਧੂ ਵੱਲੋਂ ਹਰਿਆਣਾ ਵਿਚ ਕਰਵਾਈ ਗਈ ਇਕ ਚੋਣ ਰੈਲੀ ਦੌਰਾਨ ਅਕਾਲੀ ਦਲ ਦੇ ਆਗੂਆਂ ਦੀ ਦੋਹਰੀ ਨੀਤੀ ਬਾਰੇ ਕੀਤੇ ਗਏ ਖੁਲਾਸੇ ਤੋਂ ਬਾਅਦ ਭਾਜਪਾ ਨੂੰ ਗਠਜੋੜ ਵਿਚ ਬਣੇ ਰਹਿਣ ਦਾ ਕੋਈ ਨੈਤਿਕ ਅਧਿਕਾਰ ਨਹੀਂ ਹੈ।

ਉਨ੍ਹਾਂ ਕਿਹਾ ਕਿ ਅਕਾਲੀ ਦਲ ਦੀਆਂ ਦੋਗਲੀਆਂ ਨੀਤੀਆਂ ਬਾਰੇ ਕਾਂਗਰਸ ਪਹਿਲਾਂ ਹੀ ਬੋਲਦੀ ਰਹੀ ਹੈ ਪਰ ਹੁਣ ਜਦ ਭਾਜਪਾ ਆਗੂ ਵੱਲੋਂ ਹੀ ਆਪਣੀ ਭਾਈਵਾਲ ਪਾਰਟੀ ਦੇ ਆਗੂਆਂ ਬਾਰੇ ਜਨਤਕ ਤੌਰ 'ਤੇ ਟਿੱਪਣੀਆਂ ਕੀਤੀਆਂ ਗਈਆਂ ਹਨ ਤਾਂ ਇਹ ਸਾਫ ਹੋ ਜਾਂਦਾ ਹੈ ਕਿ ਅਕਾਲੀ ਦਲ ਦੇ ਆਗੂਆਂ ਦੀ ਸੋਚ ਪੰਜਾਬ ਦੇ ਭਲੇ ਦੀ ਨਾ ਹੋ ਕੇ ਨਿੱਜੀ ਹਿੱਤਾਂ ਤੱਕ ਹੀ ਸੀਮਤ ਹੈ। ਸ. ਬਰਾੜ ਨੇ ਇਸ ਮੌਕੇ ਸ. ਸਿੱਧੂ ਨੂੰ ਵੀ ਸਵਾਲ ਕੀਤਾ ਕਿ ਜਿਸ ਤਰ੍ਹਾਂ ਉਨ੍ਹਾਂ ਨੇ ਆਪਣੇ ਆਪ ਨੂੰ ਪ੍ਰਧਾਨ ਮੰਤਰੀ ਸ੍ਰੀ ਨਰੇਂਦਰ ਮੋਦੀ ਦਾ ਸ਼ੇਰ ਦੱਸਦੇ ਹੋਏ ਹਰਿਆਣੇ ਵਿਚ ਦਹਾੜ ਲਾਈ ਹੈ, ਕੀ ਇਹ ਦਹਾੜ ਪੰਜਾਬ ਵਿਚ ਆ ਕੇ ਵੀ ਕਾਇਮ ਰਹੇਗੀ।

### ਅਕਾਲੀ-ਭਾਜਪਾ ਗਠਜੋੜ ਟੁੱਟਣਾ ਤੈਅ: ਭੱਠਲ

**ਲਹਿਰਾਗਾਗਾ:** ਸਾਬਕਾ ਮੁੱਖ ਮੰਤਰੀ ਬੀਬੀ ਰਾਜਿੰਦਰ ਕੌਰ ਭੱਠਲ ਨੇ ਕਿਹਾ ਹੈ ਕਿ ਸ. ਬਾਦਲ ਪੰਜਾਬ ਅੰਦਰ ਸੱਤਾ ਸੁੱਖ ਭੋਗਣ ਲਈ ਭਾਜਪਾ ਦੇ ਨਾਂ ਦੀ ਮਾਲਾ ਜਪਦੇ ਹਨ ਤੇ ਹਰਿਆਣਾ ਵਿਚ ਜਾ ਕੇ ਭਾਜਪਾ ਨੂੰ ਕੋਸਦੇ ਹਨ। ਅਜਿਹੇ ਵਿਚ ਅਕਾਲੀ-ਭਾਜਪਾ ਜਿਹੀਆਂ ਖ਼ੁਦਗਰਜ਼ ਪਾਰਟੀਆਂ ਤੋਂ ਪੰਜਾਬ ਦੇ ਭਲੇ ਦੀ ਉਮੀਦ ਨਹੀਂ ਕੀਤੀ ਜਾ ਸਕਦੀ। ਉਨ੍ਹਾਂ ਕਿਹਾ ਕਿ ਪਾਕਿਸਤਾਨ ਨੂੰ ਬਿਜਲੀ ਦੇਣ ਦੀਆਂ ਗੱਲਾਂ ਕਰਨ ਵਾਲੇ ਬਾਦਲ ਪਿਉ-ਪੁੱਤ ਹੁਣ ਪੰਜਾਬ ਨੂੰ ਵੀ ਬਿਜਲੀ ਨਹੀਂ ਦੇ ਸਕੇ।

# ਫਿਲੌਰ ਤੇ ਅਵਿਨਾਸ਼ ਚੰਦਰ ਦੀ ਈ.ਡੀ. ਅੱਗੇ ਪੇਸ਼ੀ

### ਡਰੱਗ ਮਾਮਲਾ

**ਜਲੰਧਰ:** ਪੰਜਾਬ ਦੇ ਬਹੁ ਚਰਚਿਤ 6000 ਕਰੋੜ ਦੇ ਸਿੰਥੈਟਿਕ ਡਰੱਗ ਮਾਮਲੇ ਵਿਚ ਸਾਬਕਾ ਮੰਤਰੀ ਸਰਵਣ ਸਿੰਘ ਫਿਲੌਰ ਤੇ ਮੁੱਖ ਸੰਸਦੀ ਸਕੱਤਰ ਅਵਿਨਾਸ਼ ਚੰਦਰ ਐਨਫੋਰਸਮੈਂਟ ਡਾਇਰੈਕਟੋਰੇਟ (ਈਡੀ) ਅੱਗੇ ਪੇਸ਼ ਹੋਏ ਜਿਥੇ ਉਨ੍ਹਾਂ ਕੋਲੋਂ ਘੰਟਿਆਂ ਬੱਧੀ ਪੁੱਛਗਿੱਛ ਕੀਤੀ ਗਈ। ਇਹ ਪਹਿਲੀ ਵਾਰ ਹੋਇਆ ਹੈ ਜਦੋਂ ਸੱਤਾਧਾਰੀ ਧਿਰ ਸ਼੍ਰੋਮਣੀ ਅਕਾਲੀ ਦਲ ਦੇ ਦੋ ਵਿਧਾਇਕਾਂ ਨੂੰ ਈਡੀ ਨੇ ਸੱਦ ਕੇ ਉਨ੍ਹਾਂ ਦੀਆਂ ਜਾਇਦਾਦਾਂ ਤੇ ਬੈਂਕ ਖ਼ਾਤਿਆਂ ਬਾਰੇ ਪੁੱਛਗਿੱਛ ਕੀਤੀ ਹੋਵੇ।

ਮਿਲੀ ਜਾਣਕਾਰੀ ਮੁਤਾਬਕ ਸਾਬਕਾ ਜੇਲ੍ਹ ਮੰਤਰੀ ਸਰਵਣ ਸਿੰਘ ਫਿਲੌਰ ਕੋਲੋਂ ਈਡੀ ਨੇ ਪੰਜ ਘੰਟੇ ਲੰਮੀ ਪੁੱਛਗਿੱਛ ਕੀਤੀ। ਸ੍ਰੀ ਫਿਲੌਰ ਤੋਂ ਜਿਥੇ ਉਨ੍ਹਾਂ ਦੀ ਜਾਇਦਾਦ ਬਾਰੇ ਤਿੱਖੇ ਸਵਾਲ ਕੀਤੇ ਗਏ, ਉਥੇ ਸਿੰਥੈਟਿਕ ਡਰੱਗ ਮਾਮਲੇ ਵਿਚ ਘਿਰੇ ਚੂਨੀ ਲਾਲ ਗਾਬਾ ਨਾਲ ਕਾਰੋਬਾਰੀ ਸਬੰਧਾਂ ਬਾਰੇ ਵੀ ਪੁੱਛਗਿੱਛ ਕੀਤੀ ਗਈ। ਉਂਜ ਈਡੀ ਵੱਲੋਂ ਪੁੱਛਗਿੱਛ ਤੋਂ ਬਾਅਦ ਸ੍ਰੀ ਫਿਲੌਰ ਨੇ ਇਸ ਗੱਲ ਤੋਂ ਇਨਕਾਰ ਕੀਤਾ ਹੈ ਕਿ ਉਸ ਦੇ ਚੂਨੀ ਲਾਲ ਗਾਬਾ ਨਾਲ ਕੋਈ ਕਾਰੋਬਾਰੀ ਸਬੰਧ ਹਨ। ਉਨ੍ਹਾਂ ਸਿਰਫ਼ ਇਨਾਂ ਹੀ



ਕਿਹਾ ਕਿ ਉਸ ਦਾ ਚੂਨੀ ਲਾਲ ਗਾਬਾ ਨਾਲ ਕੋਈ ਕਾਰੋਬਾਰੀ ਲੈਣ ਦੇਣ ਨਹੀਂ ਹੈ। ਉਨ੍ਹਾਂ ਦਾ ਪੁੱਤਰ ਦਮਨਬੀਰ ਸਿੰਘ ਵੀ ਈਡੀ ਦਫ਼ਤਰ ਵਿਚ ਪੇਸ਼ ਹੋਇਆ, ਜਿਸ ਨੂੰ ਪਹਿਲਾਂ ਵੀ ਕਈ ਵਾਰ ਪੁੱਛਗਿੱਛ ਲਈ ਤਲਬ ਕੀਤਾ ਜਾ ਚੁੱਕਾ ਹੈ। ਮਿਲੀ ਜਾਣਕਾਰੀ ਅਨੁਸਾਰ ਸਾਬਕਾ ਮੰਤਰੀ ਨੇ ਆਪਣੀ ਜਾਇਦਾਦ ਬਾਰੇ ਦਸਤਾਵੇਜ਼ ਈ.ਡੀ. ਨੂੰ ਸੌਂਪੇ ਹਨ। ਨਾਲ ਹੀ ਬੈਂਕ ਖ਼ਾਤਿਆਂ ਦਾ ਵੇਰਵਾ ਵੀ ਦਿੱਤਾ ਹੈ।

ਜ਼ਿਕਰਯੋਗ ਹੈ ਕਿ ਦਮਨਬੀਰ ਦਾ ਨਾਂ ਸਿੰਥੈਟਿਕ ਡਰੱਗ ਦੇ ਮਾਮਲੇ ਵਿਚ ਆਉਣ ਕਾਰਨ ਲੋਕ ਸਭਾ ਚੋਣਾਂ ਦੇ ਤੁਰੰਤ ਬਾਅਦ ਸਰਵਣ ਸਿੰਘ ਫਿਲੌਰ ਤੋਂ ਅਸਤੀਫ਼ਾ ਲੈ ਲਿਆ ਗਿਆ ਸੀ ਜਦਕਿ ਮੁੱਖ ਸੰਸਦੀ ਸਕੱਤਰ ਅਵਿਨਾਸ਼ ਚੰਦਰ ਨੂੰ ਸਿੱਧੇ ਤੌਰ 'ਤੇ ਈਡੀ ਨੇ ਤਲਬ ਕੀਤਾ ਹੈ। ਜ਼ਿਕਰਯੋਗ ਹੈ ਕਿ ਐਨਫੋਰਸਮੈਂਟ ਡਾਇਰੈਕਟੋਰੇਟ ਨੇ ਸ੍ਰੀ ਫਿਲੌਰ, ਅਵਿਨਾਸ਼ ਚੰਦਰ ਤੇ ਕਾਂਗਰਸ ਦੇ ਪਾਰਲੀਮੈਂਟ ਮੈਂਬਰ ਚੌਧਰੀ ਸੰਤੋਖ ਸਿੰਘ ਨੂੰ ਸੰਮਨ ਭੇਜੇ ਸਨ। ਚੌਧਰੀ ਸੰਤੋਖ ਸਿੰਘ ਨੂੰ 17 ਅਕਤੂਬਰ ਨੂੰ ਈਡੀ ਨੇ ਤਲਬ ਕੀਤਾ ਹੋਇਆ ਹੈ।

# ਡਾ. ਗੁਰਨਾਮ ਕੌਰ ਨੂੰ ਸਦਮਾ ਪੁੱਤਰ ਸੁਰਗਵਾਸ

**ਬਰੈਂਪਟਨ, ਕੈਨੇਡਾ (ਬਿਊਰੋ):** ਪੰਜਾਬ ਟਾਈਮਜ਼ ਦੇ 'ਗੁਰਮਤਿ ਵਿਚਾਰ' ਕਾਲਮ ਦੇ ਲੇਖਕ ਡਾ. ਗੁਰਨਾਮ ਕੌਰ ਅਤੇ ਪੰਜਾਬੀ ਪੱਤਰਕਾਰ ਤੇ ਪੰਜਾਬ ਟਾਈਮਜ਼ ਦੇ ਕਰੀਬੀ ਸਹਿਯੋਗੀ ਗੁਰਦਿਆਲ ਸਿੰਘ ਬੱਲ ਨੂੰ ਉਸ ਸਮੇਂ ਡੂੰਘਾ ਸਦਮਾ ਪੁਜਾ ਜਦੋਂ ਉਨ੍ਹਾਂ ਦਾ ਸਿਰਫ 34 ਸਾਲ ਦਾ ਨੌਜਵਾਨ ਪੁੱਤਰ ਮਨਵੀਰ ਸਿੰਘ ਲੰਘੀ 11 ਅਕਤੂਬਰ ਨੂੰ ਸਦੀਵੀ ਵਿਛੋੜਾ ਦੇ ਗਿਆ। ਉਹ ਪਿਛਲੇ ਕੁਝ ਸਮੇਂ ਤੋਂ ਬਿਮਾਰ ਸੀ। ਮਨਵੀਰ ਆਪਣੇ ਪਿਛੇ ਮਾਤਾ-ਪਿਤਾ ਤੋਂ ਇਲਾਵਾ ਪਤਨੀ ਅੰਮ੍ਰਿਤਾ, ਪੁੱਤਰ ਅਜੇ ਅਤੇ ਭਰਾ ਗੁਰਨੀਤ ਬੱਲ ਛਡ ਗਿਆ ਹੈ।



ਮਨਵੀਰ ਸਿੰਘ

ਮਨਵੀਰ ਦਾ ਅੰਤਿਮ ਸੰਸਕਾਰ ਆਉਂਦੀ 18 ਅਕਤੂਬਰ ਨੂੰ ਬਰੈਂਪਟਨ ਕਰੀਮੈਟੋਰੀਅਮ ਸੈਂਟਰ ਵਿਚ ਸਵੇਰੇ 10 ਤੋਂ 12.30 ਵਿਚਕਾਰ ਹੋਵੇਗਾ ਅਤੇ ਉਪਰੰਤ ਅੰਤਿਮ ਅਰਦਾਸ ਗੁਰਦੁਆਰਾ ਮਾਲਟਨ ਵਿਖੇ ਬਾਅਦ ਦੁਪਹਿਰ 1.00 ਤੋਂ 3.00 ਵਜੇ ਤਕ ਹੋਵੇਗੀ।

ਜ਼ਿਕਰਯੋਗ ਹੈ ਕਿ ਡਾ. ਗੁਰਨਾਮ ਕੌਰ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਗੁਰੂ ਗ੍ਰੰਥ ਸਾਹਿਬ ਵਿਭਾਗ ਦੇ ਮੁਖੀ ਰਹੇ ਹਨ ਜਦੋਂ ਕਿ ਉਨ੍ਹਾਂ ਦੇ ਪਤੀ ਗੁਰਦਿਆਲ ਸਿੰਘ ਬਲ ਪੰਜਾਬੀ ਟ੍ਰਿਬਿਊਨ, ਚੰਡੀਗੜ੍ਹ ਵਿਚ ਪੱਤਰਕਾਰ ਵਜੋਂ ਸੇਵਾ ਕਰਨ ਤੋਂ ਇਲਾਵਾ ਪੰਜਾਬੀ ਯੂਨੀਵਰਸਿਟੀ ਦੇ ਪੱਤਰਕਾਰੀ ਵਿਭਾਗ ਵਿਚ ਅਧਿਆਪਕ ਵੀ ਰਹੇ ਹਨ। ਪਰਿਵਾਰ ਅੱਜ ਕਲ੍ਹ ਕੈਨੇਡਾ ਵਸਦਾ ਹੈ ਅਤੇ ਉਨ੍ਹਾਂ ਨਾਲ ਸੰਪਰਕ ਫੋਨ 905-866-6091 'ਤੇ ਕੀਤਾ ਜਾ ਸਕਦਾ ਹੈ।

# ਡਾਕਟਰਾਂ ਦੀ ਅਣਗਹਿਲੀ ਦਾ ਪੋਲ ਖੁੱਲ੍ਹਿਆ

**ਬਠਿੰਡਾ:** ਇੱਥੋਂ ਦੇ ਮੈਕਸ ਹਸਪਤਾਲ ਵਿਚ ਗਲਤ ਟੀਕਾ ਲਾਉਣ ਕਾਰਨ ਅਕਾਲੀ ਵਿਧਾਇਕ ਦੀ ਭੈਣ ਪ੍ਰਿੰਸੀਪਲ ਕੁਲਵਿੰਦਰ ਕੌਰ ਦੀ ਮੌਤ ਹੋ ਗਈ। ਅਣਗਹਿਲੀ ਵਰਤਣ ਵਾਲੇ ਹਸਪਤਾਲ ਦੇ ਸੀਨੀਅਰ ਡਾਕਟਰ ਰਾਜੇਸ਼ ਵਸ਼ਿਸ਼ਟ, ਇਕ ਜੂਨੀਅਰ ਡਾਕਟਰ ਤੇ ਸਟਾਫ਼ ਨਰਸ ਖ਼ਿਲਾਫ਼ ਥਾਣਾ ਕੋਤਵਾਲੀ ਵਿਚ ਧਾਰਾ 304, 34 ਤਹਿਤ ਕੇਸ ਦਰਜ ਕਰ ਗਿਆ ਹੈ।

ਕੁਲਵਿੰਦਰ ਕੌਰ ਪਿੰਡ ਗੋਬਿੰਦਪੁਰਾ ਦੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਵਿਚ ਪ੍ਰਿੰਸੀਪਲ ਸੀ। ਉਨ੍ਹਾਂ ਨੂੰ ਪੇਚਸ਼ ਕਾਰਨ 14 ਸਤੰਬਰ ਨੂੰ ਮੈਕਸ ਹਸਪਤਾਲ ਵਿਚ ਦਾਖ਼ਲ ਕਰਾਇਆ ਗਿਆ ਸੀ। ਬਠਿੰਡਾ (ਦਿਹਾਤੀ) ਤੋਂ ਅਕਾਲੀ ਵਿਧਾਇਕ ਦਰਸ਼ਨ ਸਿੰਘ ਕੋਟਫੱਤਾ ਦਾ ਕਹਿਣਾ ਹੈ ਕਿ ਹਸਪਤਾਲ ਸਟਾਫ਼ ਨੇ ਇਲਾਜ ਦੌਰਾਨ ਅਣਗਹਿਲੀ ਵਰਤੀ ਹੈ। ਕੁਲਵਿੰਦਰ ਕੌਰ ਨੂੰ ਜਦੋਂ ਹਸਪਤਾਲ ਦਾਖ਼ਲ ਕਰਾਇਆ ਤਾਂ ਉਸ ਵੇਲੇ ਡਾਕਟਰ ਰਾਜੇਸ਼ ਵਸ਼ਿਸ਼ਟ ਗ਼ੈਰਹਾਜ਼ਰ ਸਨ। ਉਨ੍ਹਾਂ ਦੇ ਜੂਨੀਅਰ ਡਾਕਟਰ ਨੇ ਇਲਾਜ ਸਬੰਧੀ ਡਾਕਟਰ ਵਸ਼ਿਸ਼ਟ ਨਾਲ ਫੋਨ 'ਤੇ ਸੰਪਰਕ ਕੀਤਾ। ਡਾਕਟਰ ਵਸ਼ਿਸ਼ਟ ਨੇ ਫੋਨ 'ਤੇ ਹੀ ਜੂਨੀਅਰ ਡਾਕਟਰ ਨੂੰ ਟੀਕਾ ਦੱਸ ਦਿੱਤਾ। ਜੂਨੀਅਰ ਡਾਕਟਰ ਨੇ ਗਲਤੀ ਨਾਲ ਕਿਸੇ ਹੋਰ ਟੀਕੇ ਦਾ ਨਾਮ ਲਿਖ ਲਿਆ। ਇਸ ਕਾਰਨ ਮਰੀਜ਼ ਨੂੰ ਬੇਹੋਸ਼ੀ ਵਾਲਾ ਟੀਕਾ ਲਾ ਦਿੱਤਾ ਗਿਆ।

# ਆਂਧਰਾ ਤੇ ਉੜੀਸਾ ਵਿਚ ਚੱਕਰਵਾਤੀ ਤੂਫਾਨ 'ਹੁਦਹੁਦ' ਦਾ ਕਹਿਰ

**ਵਿਸ਼ਾਖਾਪਟਨਮ:** ਮੌਸਮ ਵਿਭਾਗ ਦੀ ਪੁਖਤਾ ਜਾਣਕਾਰੀ ਤੇ ਪ੍ਰਸ਼ਾਸਨ ਦੀ ਤਿਆਰੀ ਨੇ ਆਂਧਰਾ ਪ੍ਰਦੇਸ਼ ਤੇ ਉੜੀਸਾ ਵਿਚ ਹਜ਼ਾਰਾਂ ਜਾਨਾਂ ਬਚਾ ਲਈਆਂ। ਮੌਸਮ ਵਿਭਾਗ ਨੇ ਚੱਕਰਵਾਤੀ ਤੂਫਾਨ 'ਹੁਦਹੁਦ' ਬਾਰੇ ਅਗਾਊਂ ਹੀ ਜਾਣਕਾਰੀ ਦੇ ਦਿੱਤੀ ਸੀ ਜਿਸ ਕਾਰਨ ਪ੍ਰਸ਼ਾਸਨ ਨੇ ਪਹਿਲਾਂ ਹੀ ਪੁਖਤਾ ਪ੍ਰਬੰਧ ਕਰ ਲਏ ਤੇ ਲੋਕਾਂ ਨੂੰ ਸੁਰੱਖਿਅਤ ਥਾਵਾਂ 'ਤੇ ਭੇਜ ਦਿੱਤਾ। ਭਾਵੇਂ ਇਸ ਤੂਫਾਨ ਕਾਰਨ 24 ਤੋਂ ਵੱਧ ਲੋਕਾਂ ਦੀ ਜਾਨ ਚਲੀ ਗਈ ਪਰ ਜੇਕਰ ਇਸ ਕੁਦਰਤੀ ਆਫਤ ਦੀ ਅਗਾਊਂ ਜਾਣਕਾਰੀ ਨਾ ਹੁੰਦੀ ਤਾਂ ਇਹ ਗਿਣਤੀ ਹਜ਼ਾਰਾਂ ਵਿਚ ਪਹੁੰਚ ਸਕਦੀ ਸੀ। ਸੰਯੁਕਤ ਰਾਸ਼ਟਰ ਨੇ ਵੀ ਮੌਸਮ ਵਿਭਾਗ ਤੇ ਸਰਕਾਰ ਦੀਆਂ ਤਿਆਰੀਆਂ ਦੇ ਰੱਜ ਕੇ ਸ਼ਲਾਂਘਾ ਕੀਤੀ ਹੈ।

15 ਸਾਲ ਪਹਿਲਾਂ 1999, ਉੜੀਸਾ ਵਿਚ 15 ਹਜ਼ਾਰ ਮੌਤਾਂ ਹੋ ਗਈਆਂ ਸਨ। ਉਦੋਂ ਉੜੀਸਾ ਵਿਚ ਸੁਪਰ ਸਾਈਲੋਨ ਆਇਆ ਸੀ। ਇਸ ਤੋਂ ਇਲਾਵਾ 2013 ਵਿਚ ਨਾਸਾ ਨੇ ਕੁਦਰਤੀ ਆਫਤ ਦੀ ਅਗਾਊਂ ਜਾਣਕਾਰੀ ਦੇ ਦਿੱਤੀ ਸੀ ਪਰ ਇਸ

***ਮੌਸਮ ਵਿਭਾਗ ਦੀ ਪੁਖਤਾ ਜਾਣਕਾਰੀ ਨੇ ਬਚਾ ਲਈਆਂ ਹਜ਼ਾਰਾਂ ਜਾਨਾਂ***

'ਤੇ ਭਰੋਸਾ ਨਾ ਕਰਨ ਕਰਕੇ ਕਈ ਲੋਕ ਮਾਰੇ ਗਏ। ਇਸ ਵਾਰ ਪ੍ਰਸ਼ਾਸਨ ਨੇ ਅਗਾਊਂ ਜਾਣਕਾਰੀ 'ਤੇ ਭਰੋਸਾ ਕਰਕੇ ਤਕਰੀਬਨ 10 ਲੋਕਾਂ ਨੂੰ ਸੁਰੱਖਿਆ ਥਾਵਾਂ 'ਤੇ ਪਹੁੰਚਾ ਦਿੱਤਾ। ਪਿਛਲੇ ਮਹੀਨੇ ਜੰਮੂ-ਕਸ਼ਮੀਰ ਵਿਚ ਹੋਈ ਤਬਾਹੀ ਦਾ ਕਾਰਨ ਵੀ ਮੌਸਮ ਵਿਭਾਗ ਦੀ ਜਾਣਕਾਰੀ 'ਤੇ ਭਰੋਸਾ ਨਾ ਕਰਨਾ ਬਣਿਆ ਸੀ। ਵਿਭਾਗ ਨੇ ਇਸ ਤਬਾਹੀ ਦੀ ਜਾਣਕਾਰੀ ਕਾਫੀ ਪਹਿਲਾਂ ਦੇ ਦਿੱਤੀ ਸੀ ਪਰ ਸਰਕਾਰ ਨੇ ਇਸ ਪਾਸੇ ਕੋਈ ਗੌਰ ਨਾ ਕੀਤੀ।

ਚੱਕਰਵਾਤੀ ਤੂਫਾਨ 'ਹੁਦਹੁਦ' ਭਾਵੇਂ ਮੱਠਾ ਪੈ ਗਿਆ ਹੈ ਤੇ ਪਿੱਛੇ ਆਂਧਰਾ ਪ੍ਰਦੇਸ਼ ਤੇ ਉੜੀਸਾ ਵਿਚ ਤਬਾਹੀ ਦਾ ਮੰਜ਼ਰ ਛੱਡ ਗਿਆ ਹੈ। ਬੰਦਰਗਾਹੀ ਸ਼ਹਿਰ ਵਿਸ਼ਾਖਾਪਟਨਮ ਸਮੇਤ ਦਰਜ ਤੱਟਵਰਤੀ ਜ਼ਿਲ੍ਹੇ ਬੁਰੀ ਤਰ੍ਹਾਂ ਪ੍ਰਭਾਵਤ ਹੋਏ ਹਨ। 'ਹੁਦਹੁਦ' ਕਰਕੇ ਲੱਖਾਂ ਲੋਕ ਬੇਘਰ ਹੋ ਗਏ ਹਨ। ਆਂਧਰਾ ਪ੍ਰਦੇਸ਼ ਤੋਂ ਬਾਅਦ 'ਹੁਦਹੁਦ' ਨੇ ਉੜੀਸਾ ਦਾ ਰੁਖ਼ ਕੀਤਾ ਜਿਥੇ 50 ਹਜ਼ਾਰ ਕੱਚੇ ਘਰ ਨੁਕਸਾਨੇ ਗਏ, ਬਿਜਲੀ ਤੇ ਸੜਕ ਨੈੱਟਵਰਕ ਟੁੱਟ ਗਿਆ। ਇਹ ਤੂਫ਼ਾਨ ਕਹਿਰ ਬਰਸਾਉਣ ਤੋਂ ਬਾਅਦ ਛੱਤੀਸਗੜ੍ਹ ਵੱਲ ਵੱਧ ਗਿਆ ਤੇ ਕਮਜ਼ੋਰ ਪੈ ਗਿਆ। ਵਿਸ਼ਾਖਾਪਟਨਮ ਤੋਂ ਇਲਾਵਾ ਆਂਧਰਾ ਪ੍ਰਦੇਸ਼ ਦੇ ਤੱਟਵਰਤੀ ਜ਼ਿਲ੍ਹਿਆਂ ਸ੍ਰੀਕਾਕਲੂਮ, ਵਿਜਿਆਨਗਰਮ ਤੇ ਪੂਰਬੀ ਗੋਦਾਵਰੀ ਵਿਚ ਭਾਰੀ ਨੁਕਸਾਨ ਹੋਇਆ ਹੈ। ਤੂਫਾਨ ਕਰਕੇ ਉੜੀਸਾ ਦੇ ਰਾਜਪਤੀ, ਕੋਰਾਪੁਟ, ਮਲਕਾਨਗਿਰੀ ਤੇ ਰਾਏਰਾਤ 'ਚ ਸਭ ਤੋਂ ਵਧ ਨੁਕਸਾਨ ਹੋਇਆ ਹੈ। ਕੇਂਦਰ ਵੱਲੋਂ ਹਾਲਾਤ 'ਤੇ ਨੇੜਿਓਂ ਨਜ਼ਰ ਰੱਖੀ ਜਾ ਰਹੀ ਹੈ।

ਆਂਧਰਾ ਪ੍ਰਦੇਸ਼ ਦੇ ਮੁੱਖ ਮੰਤਰੀ ਐਨ. ਚੰਦਰਬਾਬੂ ਨਾਇਡੂ ਨੇ ਤੂਫ਼ਾਨ ਪ੍ਰਭਾਵਿਤ ਇਲਾਕਿਆਂ ਦਾ ਹਵਾਈ ਸਰਵੇਖਣ ਕੀਤਾ। ਉਨ੍ਹਾਂ ਸਾਥੀ ਮੰਤਰੀਆਂ ਤੇ ਅਧਿਕਾਰੀਆਂ ਨੂੰ ਕਿਹਾ ਹੈ ਕਿ ਉਹ ਵਿਸ਼ਾਖਾਪਟਨਮ ਵਿਚ ਰਾਹਤ ਤੇ ਬਚਾਅ ਕਾਰਜਾਂ ਦਾ ਜਾਇਜ਼ਾ ਲੈਣ ਤੇ ਲੋਕਾਂ ਨੂੰ ਦਰਪੇਸ਼ ਮੁਸ਼ਕਲਾਂ ਹੱਲ ਕੀਤੀਆਂ ਜਾਣ। 'ਹੁਦਹੁਦ' ਕਰਕੇ ਚੱਲੀਆਂ ਤੇਜ਼ ਹਵਾਵਾਂ ਅੱਗੇ ਕੋਈ ਵੀ ਨਹੀਂ ਖੜ੍ਹ ਸਕਿਆ। ਤੂਫ਼ਾਨ ਦੇ ਰਾਹ ਵਿਚ ਜੋ ਵੀ ਆਇਆ, ਉਹ ਉਖੜਦਾ ਚਲਾ ਗਿਆ। ਵਿਸ਼ਾਖਾਪਟਨਮ ਵਿਚ ਤੇਜ਼ ਹਵਾਵਾਂ ਤੇ ਭਾਰੀ ਬਾਰਸ਼ ਕਰਕੇ ਦਰੱਖਤ, ਖੰਭੇ, ਟਾਵਰ, ਟਰਾਂਸਫਾਰਮਰ, ਬੈਨਰ ਤੇ ਟੈਲੀਫੋਨਾਂ ਦੇ ਖੰਭੇ ਪੁੱਟੇ ਗਏ।

ਇਸ ਨਾਲ ਰਸਤੇ ਵੀ ਠੱਪ ਹੋ ਗਏ। ਲੋਕਾਂ ਨੂੰ ਬਿਜਲੀ ਤੇ ਸੰਚਾਰ ਪ੍ਰਬੰਧ ਠੱਪ ਹੋਣ ਕਰਕੇ ਮੁਸ਼ਕਲ ਵਿਚ ਦਿਨ ਗੁਜ਼ਾਰਨੇ ਪਏ। ਕਈ ਥਾਵਾਂ 'ਤੇ ਤਾਂ ਲੋਕ ਤੂਫ਼ਾਨ ਦੀ ਜਾਣਕਾਰੀ ਸਿਰਫ ਰੇਡੀਓ ਉਤੇ ਹਾਸਲ ਕਰਦੇ ਰਹੇ। ਵਿਸ਼ਾਖਾਪਟਨਮ ਹਵਾਈ ਅੱਡੇ 'ਤੇ ਬਣੇ ਇਕ ਹਿੱਸੇ ਦੀ ਛੱਤ ਵੀ ਤੂਫ਼ਾਨ ਵਿਚ ਉੱਡ ਗਈ।

# ਐਫ.ਸੀ.ਆਈ. ਨੇ ਪੰਜਾਬ ਸਰਕਾਰ ਨੂੰ ਕਸੂਤੀ ਹਾਲਤ ਵਿਚ ਫਸਾਇਆ

**ਚੰਡੀਗੜ੍ਹ:** ਭਾਰਤੀ ਖੁਰਾਕ ਨਿਗਮ (ਐਫ. ਸੀ. ਆਈ.) ਨੇ ਪੰਜਾਬ ਸਰਕਾਰ ਦੇ ਝੋਨੇ ਦੀ ਸੰਭਾਲ ਤੇ ਭੰਡਾਰਨ ਲਈ ਰਾਸ਼ੀ ਮੰਗਣ ਦੇ ਦਾਅਵੇ ਰੱਦ ਕਰ ਦਿੱਤੇ ਹਨ। ਇਸ ਨੇ ਕਿਹਾ ਹੈ ਕਿ ਪੰਜਾਬ ਸਰਕਾਰ ਵੱਲੋਂ ਇਹ ਦਾਅਵਾ ਕੀਤਾ ਜਾ ਰਿਹਾ ਹੈ ਕਿ ਇਸ ਦੀਆਂ ਸੂਬਾਈ ਏਜੰਸੀਆਂ ਨੇ ਪ੍ਰਾਈਵੇਟ ਸੈਕਟਰਾਂ ਵਿਚ ਇਹ ਝੋਨਾ ਭੰਡਾਰ ਕਰਾਇਆ ਸੀ ਤੇ ਇਸ ਦਾ ਖਰਚਾ ਤਾਂ ਹੀ ਦਿੱਤਾ ਜਾ ਸਕਦਾ ਹੈ, ਜੇ ਪੰਜਾਬ ਆਪਣੀਆਂ ਏਜੰਸੀਆਂ ਵੱਲੋਂ ਚੁੱਕੇ ਖਰਚੇ ਦੇ ਦਸਤਾਵੇਜ਼ੀ ਸਬੂਤ ਮੁਹੱਈਆ ਕਰਵਾ ਦੇਵੇ।

ਐਫ.ਸੀ.ਆਈ. ਦਾ ਇਹ ਵੀ ਦਾਅਵਾ ਹੈ ਕਿ ਝੋਨੇ ਦੀ ਢੋਅ-ਢੁਆਈ ਦੇ 406 ਕਰੋੜ ਰੁਪਏ ਦੀ ਮੰਗ ਵੀ ਸੂਬਾ ਸਰਕਾਰ ਦੀ ਤਾਂ ਹੀ ਪੂਰੀ ਕੀਤੀ ਜਾ ਸਕਦੀ ਹੈ, ਜੇ ਇਹ ਕੈਗ ਵੱਲੋਂ ਉਠਾਏ ਇਤਰਾਜ਼ਾਂ ਦੇ ਜੁਆਬ ਦੇਵੇ। ਕੈਗ ਦਾ ਕਹਿਣਾ ਸੀ ਕਿ ਐਫ.ਸੀ.ਆਈ. ਪਹਿਲਾਂ ਹੀ ਪੰਜਾਬ ਦੀਆਂ ਏਜੰਸੀਆਂ ਨੂੰ ਵੱਧ ਭੁਗਤਾਨ ਕਰ ਚੁੱਕੀ ਹੈ। ਪੰਜਾਬ ਨੇ ਹਾਲੇ ਇਨ੍ਹਾਂ ਇਤਰਾਜ਼ਾਂ ਦੇ ਜੁਆਬ ਨਹੀਂ ਦਿੱਤੇ।

ਪੰਜਾਬ ਸਰਕਾਰ ਦਾ ਕਹਿਣਾ ਹੈ ਕਿ ਐਫ.ਸੀ.ਆਈ. ਨੇ ਇਸ ਦੇ 25000 ਕਰੋੜ ਰੁਪਏ ਦੇਣੇ ਹਨ। ਇਸ ਵਿਚੋਂ 7500 ਕਰੋੜ ਮੂਲ ਰਾਸ਼ੀ ਤੇ ਬਾਕੀ ਵਿਆਜ ਹੈ। ਇਹ ਖਰਚੇ ਭੰਡਾਰਨ, ਸਾਂਭ-ਸੰਭਾਲ, ਢੋਅ-ਢੁਆਈ ਤੇ ਟੀ.ਡੀ.ਪੀ.ਐਸ. ਅਧੀਨ ਵਿਤਰਣ, ਬਾਰਦਾਨੇ ਦੇ ਪ੍ਰਬੰਧਨ ਦੀ ਕੀਮਤ ਦਾ ਵਿਆਜ, ਬੁਨਿਆਦੀ ਢਾਂਚੇ ਦੇ ਵਿਕਾਸ ਦੇ ਸੈੱਸ ਦਾ ਰਿਫੰਡ ਆਦਿ ਦੇ ਰੂਪ ਵਿਚ ਹਨ। ਇਹ ਬਕਾਏ 1998-99 ਤੋਂ ਹਨ, ਜਦੋਂ ਖਰੀਦੀ ਕੁਝ ਕਣਕ ਖ਼ਰਾਬ ਹੋ ਗਈ ਸੀ। ਐਫ.ਸੀ.ਆਈ. ਵੱਲ ਬਹੁਤੇ ਬਕਾਏ 2002-03 ਤੋਂ ਲੈ ਕੇ ਹਨ।

## Matrimonial

### ਕੰਨਿਆ ਦੀ ਲੋੜ

ਜੱਟ ਸਿੱਖ ਸੰਘਾ, ਉਮਰ 24 ਸਾਲ, ਕੱਦ 6'-1", ਯੂ ਐਸ ਸਿਟੀਜ਼ਨ, ਉਚ ਸਿੱਖਿਆ ਪ੍ਰਾਪਤ, ਬੈਂਕ ਵਿਚ ਉਚੀ ਜੌਬ ਕਰਦੇ ਲੜਕੇ ਲਈ ਰਜਿਸਟਰਡ ਨਰਸ ਜਾਂ ਬਰਾਬਰ ਦੀ ਯੋਗਤਾ ਅਤੇ ਨੌਕਰੀ ਕਰਦੀ ਲੜਕੀ ਦੀ ਲੋੜ ਹੈ। ਸੰਪਰਕ ਕਰੋ, ਫੋਨ: 209-634-7584 ਜਾਂ 209-262-7200 *42-45*

ਖੱਤਰੀ ਸਿੱਖ, ਉਮਰ 28 ਸਾਲ, ਕੱਦ 5'-5", ਨਿਊ ਮੈਕਸੀਕੋ ਵਿਚ ਫਾਰਮਾਸਿਸਟ, ਯੂ ਐਸ ਸਿਟੀਜ਼ਨ ਲੜਕੀ ਲਈ 28 ਤੋਂ 30 ਸਾਲ ਤੇ ਕੱਦ 5'-7" ਤੋਂ 6'-2" ਦਰਮਿਆਨ, ਚੰਗੇ ਪੜ੍ਹੇ-ਲਿਖੇ, ਅਮਰੀਕਾ ਵਿਚ ਸੈਟਲਡ ਗੁਰਸਿੱਖ ਲੜਕੇ ਦੀ ਲੋੜ ਹੈ। ਸੰਪਰਕ ਕਰੋ, ਫੋਨ: 505-216-1644, ਈ-ਮੇਲ: hvij@aol.com *41-44*

LAW OFFICE OF NIRWAN & ASSOCIATES

SACRAMENTO

1104 Corporate Way
Sacramento, CA 95831

CALL US TODAY

Tel: 916-832-3144
Fax: 925-264-5078
www.nirwanlaw.com

- IMMIGRATION LAW
- TAX LAW
- TAX PREPARATION
- BUSINESS INCORPORATION
- BUSINESS LITIGATION



Jagdip S. Nirwan

SUPER TRAVEL

847-676-9090, 773-465-5566

E-mail: supertravel2003@yahoo.com

Lowest Fares With Excellent Service

AMERICAN AIR, CONTINENTAL AIR



JET AIRWAYS DELTA, AIR INDIA, KLM, LUFTHANSA.

For Emergency Call anytime at 847-673-3825

EARLY BIRD SALE!!!!

India $545
London $250

ਪੰਜਾਬੀ ਰੇਡੀਓ ਯੂ.ਐਸ.ਏ.
Punjabi RADIO USA
Uniting Punjabi's All Over

24 ਘੰਟੇ ਸੱਤੇ ਦਿਨ ਸੁਣੋ

Listen on :
Radio Sets (CA, WA, NV)
Dial in
832-551-5029 or 605-475-6868
Android & iPhone App

www.PunjabiRadioUSA.com
Ph: 408-272-5200

FARMERS INSURANCE GROUP — Symbol of Superior Service

FARMERS®

ਆਟੋ, ਘਰ, ਬਿਜਨਸ, ਲਾਈਫ ਇੰਸ਼ੋਰੈਂਸ ਚੰਗੇ ਭਾਅ ਉਤੇ ਕਰਵਾਉਣ ਲਈ ਸੇਵਾ ਦਾ ਮੌਕਾ ਦਿਓ, ਸਹੀ ਰਾਏ ਨਾਲ ਸਹੀ ਇੰਸ਼ੋਰੈਂਸ ਕਵਰੇਜ ਲਓ ਤੇ ਨਿਸ਼ਚਿੰਤ ਹੋ ਜਾਓ

*Auto *Home *Life *Umbrella
*Business Work Comp.

Duabba Insurance Agency
2450 Peralta Blvd Suite 120, Fremont CA 94536
Phone: 510-797-7989 Fax: 510-794-7398
visit us@ farmers.com



Gurcharan Singh Mann
Insurance Agent
License # 0C 70672

ਪਾਲਿਸੀ (ਅਤੇ ਪ੍ਰਾਸਪੈਕਟਸ, ਜੇ ਲਾਗੂ ਹੋਵੇ) ਸਿਰਫ ਅੰਗਰੇਜ਼ੀ ਵਿੱਚ ਉਪਲੱਬਧ ਹੈ ਜਿਸਦੀ ਦਫਤਰ ਵਲੋਂ ਮਨਜ਼ੂਰੀ ਹੈ।

**Punjab Times**

**Established in 2000**
**15th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018

**Ph:847-359-0746**
**Fax:847-705-9388**
Email:punjabtimes1@sbcglobal.net
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh

**Our Columnists**
Ashok Bhaura
Tarlochan Singh Dupalpur
Baljit Basi
Major Kular

**California:**
Shiara Dhindsa
Photographer
661-703-6664

**Bay Area**
Charanjit Singh Pannu
408-608-4961

**Sacramento**
Gurbarinder Singh Raja
916-533-2678

**Distributed in:**
California, Illinois, Indiana, Ohio, Michigan, Wisconsin, Missisipi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 95 ਡਾਲਰ,**
**ਪੰਜ ਸਾਲ ਲਈ: 450 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਯੂ.ਐਨ. ਵੱਲੋਂ ਕਸ਼ਮੀਰ ਮਸਲੇ 'ਚ ਦਖ਼ਲ ਦੇਣ ਤੋਂ ਇਨਕਾਰ

**ਸੰਯੁਕਤ ਰਾਸ਼ਟਰ:** ਪਾਕਿਸਤਾਨ ਵੱਲੋਂ ਕਸ਼ਮੀਰ ਮਸਲੇ 'ਚ ਸੰਯੁਕਤ ਰਾਸ਼ਟਰ ਦੇ ਦਖ਼ਲ ਦੀਆਂ ਕੋਸ਼ਿਸ਼ਾਂ ਨੂੰ ਬੂਰ ਨਹੀਂ ਪਿਆ ਹੈ। ਸੰਯੁਕਤ ਰਾਸ਼ਟਰ ਨੇ ਸਿੱਧੇ ਸ਼ਬਦਾਂ 'ਚ ਪਾਕਿਸਤਾਨ ਨੂੰ ਸਮਝਾ ਦਿੱਤਾ ਹੈ ਕਿ ਦੋਵੇਂ ਗੁਆਂਢੀ ਮੁਲਕ ਗੱਲਬਾਤ ਰਾਹੀਂ ਸਾਰੇ ਮੱਤਭੇਦ ਦੂਰ ਕਰ ਲੈਣ। ਸੰਯੁਕਤ ਰਾਸ਼ਟਰ ਦੇ ਇਸ ਐਲਾਨ ਨਾਲ ਪਾਕਿਸਤਾਨ ਨੂੰ ਨਮੋਸ਼ੀ ਸਹਿਣੀ ਪਈ ਹੈ।

ਪਾਕਿਸਤਾਨ ਦੇ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ਼ ਦੇ ਕੌਮੀ ਸੁਰੱਖਿਆ ਅਤੇ ਵਿਦੇਸ਼ ਮਾਮਲਿਆਂ ਦੇ ਸਲਾਹਕਾਰ ਸਰਤਾਜ ਅਜ਼ੀਜ਼ ਨੇ ਸੰਯੁਕਤ ਰਾਸ਼ਟਰ ਦੇ ਸਕੱਤਰ ਜਨਰਲ ਬਾਨ ਕੀ ਮੂਨ ਨੂੰ ਚਿੱਠੀ ਲਿਖ ਕੇ ਭਾਰਤ ਨਾਲ ਸਰਹੱਦ ਉਤੇ ਚੱਲ ਰਹੇ ਤਣਾਅ ਨੂੰ ਘੱਟ ਕਰਨ ਲਈ ਸੰਯੁਕਤ ਰਾਸ਼ਟਰ ਦੇ ਦਖ਼ਲ ਦੀ ਮੰਗ ਕੀਤੀ ਸੀ ਅਤੇ ਕਸ਼ਮੀਰ ਮਸਲੇ ਨੂੰ ਕੌਮਾਂਤਰੀ ਪੱਧਰ 'ਤੇ ਉਠਾਉਣ ਦੀ ਕੋਸ਼ਿਸ਼ ਕੀਤੀ ਸੀ।

ਸ੍ਰੀ ਬਾਨ ਦੇ ਉਪ-ਤਰਜਮਾਨ ਫਰਹਾਨ ਹੱਕ ਨੂੰ ਜਦੋਂ ਚਿੱਠੀ ਬਾਰੇ ਸਵਾਲ ਕੀਤਾ ਗਿਆ ਤਾਂ ਉਨ੍ਹਾਂ ਕਿਹਾ ਕਿ ਪਿਛਲੇ ਹਫ਼ਤੇ ਵੀ ਸੰਯੁਕਤ



*ਗੋਲੀਬਾਰੀ ਨਾਲ ਤਬਾਹ ਹੋਏ ਘਰ ਦਾ ਮੰਜ਼ਰ।*

ਰਾਸ਼ਟਰ ਮੁਖੀ ਨੇ ਬਿਆਨ ਜਾਰੀ ਕੀਤਾ ਸੀ ਜਿਸ 'ਚ ਉਨ੍ਹਾਂ ਭਾਰਤ ਅਤੇ ਪਾਕਿਸਤਾਨ ਨੂੰ ਸਾਰੇ ਮੱਤਭੇਦ ਗੱਲਬਾਤ ਰਾਹੀਂ ਹੱਲ ਕਰਨ ਦੀ ਵਕਾਲਤ ਕੀਤੀ ਸੀ। ਬਿਆਨ 'ਚ ਕਿਹਾ ਗਿਆ ਹੈ ਕਿ ਸ੍ਰੀ ਮੂਨ ਭਾਰਤ ਅਤੇ ਪਾਕਿਸਤਾਨ ਵਿਚਕਾਰ ਕੰਟਰੋਲ ਰੇਖਾ 'ਤੇ ਗੋਲੀਬਾਰੀ ਦੀਆਂ ਵਧ ਰਹੀਆਂ ਘਟਨਾਵਾਂ ਤੋਂ ਫ਼ਿਕਰਮੰਦ ਹਨ। ਉਨ੍ਹਾਂ ਦੋਵੇਂ ਮੁਲਕਾਂ 'ਚ ਜਾਨਾਂ ਜਾਣ ਅਤੇ ਲੋਕਾਂ ਦੇ ਘਰ-ਬਾਰ ਛੱਡਣ 'ਤੇ ਚਿੰਤਾ ਪ੍ਰਗਟਾਈ ਹੈ।

ਭਾਰਤ ਨੇ ਸਪੱਸ਼ਟ ਕਿਹਾ ਹੈ ਕਿ ਦੋਵਾਂ ਮੁਲਕਾਂ ਵਿਚਕਾਰ ਸੰਜੀਦਾ ਗੱਲਬਾਤ ਤਾਂ ਹੀ ਹੋ ਸਕਦੀ ਹੈ, ਜੇ ਉਸ 'ਤੇ ਦਹਿਸ਼ਤਗਰਦੀ ਦਾ ਪਰਛਾਵਾਂ ਨਾ ਹੋਵੇ। ਉਧਰ, ਸਰਹੱਦ 'ਤੇ ਬਣਿਆ ਤਣਾਅ ਘੱਟ ਕਰਨ ਲਈ ਭਾਰਤ ਤੇ ਪਾਕਿਸਤਾਨ ਦੇ ਸੀਨੀਅਰ ਸੈਨਾ ਅਧਿਕਾਰੀਆਂ ਨੇ ਹੌਟਲਾਈਨ 'ਤੇ ਗੱਲਬਾਤ ਕੀਤੀ। ਡਾਇਰੈਕਟੋਰੇਟ ਜਨਰਲ ਆਫ ਮਿਲਟਰੀ ਅਪਰੇਸ਼ਨ ਆਫ ਇੰਡੀਆ ਅਤੇ ਪਾਕਿਸਤਾਨ ਦੇ ਅਧਿਕਾਰੀਆਂ ਵਿਚਾਲੇ ਹੌਟਲਾਈਨ 'ਤੇ ਹੋਈ ਗੱਲਬਾਤ ਦੌਰਾਨ ਸਰਹੱਦ 'ਤੇ ਬਣੀ ਸਥਿਤੀ ਵਿਚਾਰੀ ਗਈ। ਭਾਰਤੀ ਅਧਿਕਾਰੀਆਂ ਨੇ ਆਪਣੇ ਪਾਕਿਸਤਾਨੀ ਹਮਰੁਤਬਾ ਅਧਿਕਾਰੀਆਂ ਕੋਲ ਗੁਆਂਢੀ ਮੁਲਕ ਦੀ ਸੈਨਾ ਵੱਲੋਂ ਲਗਾਤਾਰ ਗੋਲੀਬੰਦੀ ਦੀ ਹੋ ਰਹੀ ਉਲੰਘਣਾ ਬਾਰੇ ਰੋਸ ਪ੍ਰਗਟ ਕੀਤਾ।

ਚੇਤੇ ਰਹੇ ਕਿ ਹਰ ਮੰਗਲਵਾਰ, ਭਾਰਤ ਤੇ ਪਾਕਿਸਤਾਨ ਦੇ ਅਧਿਕਾਰੀ ਸਰਹੱਦ 'ਤੇ ਦੋਵੇਂ ਧਿਰਾਂ ਨੂੰ ਪੇਸ਼ ਆਉਂਦੇ ਮੁੱਦੇ ਵਿਚਾਰਦੇ ਹਨ। ਉਧਰ, ਪਾਕਿਸਤਾਨ ਦੇ ਸਾਬਕਾ ਰਾਸ਼ਟਰਪਤੀ ਆਸਿਫ ਅਲੀ ਜ਼ਰਦਾਰੀ ਨੇ ਕਿਹਾ ਹੈ ਕਿ ਕਸ਼ਮੀਰ 'ਪਾਕਿਸਤਾਨ ਲਈ ਸ਼ਾਹਰਗ ਹੈ' ਅਤੇ ਉਨ੍ਹਾਂ ਦੀ ਪਾਰਟੀ ਇਹ ਮਸਲਾ ਕੌਮਾਂਤਰੀ ਪੱਧਰ 'ਤੇ ਉਠਾਏਗੀ। ਯਾਦ ਰਹੇ ਕਿ ਪਹਿਲਾਂ ਉਨ੍ਹਾਂ ਦੇ ਪੁੱਤਰ ਅਤੇ ਪਾਕਿਸਤਾਨ ਪੀਪਲਜ਼ ਪਾਰਟੀ (ਪੀਪੀਪੀ) ਦੇ ਆਗੂ ਬਿਲਾਵਲ ਭੁੱਟੋ ਨੇ ਵੀ ਇਹੀ ਬਿਆਨ ਦਿੱਤਾ ਸੀ।

## ਹਰਿਆਣਾ ਚੋਣਾਂ ਬਾਦਲਾਂ ਲਈ ਕੁਰੂਕਸ਼ੇਤਰ ਬਣੀਆਂ


*(ਸਫਾ ਇਕ ਦੀ ਬਾਕੀ)*

ਜਿੰਨੀ ਬਦਨਾਮੀ ਅਕਾਲੀ ਲੀਡਰਾਂ ਤੇ ਬਾਦਲ ਪਰਿਵਾਰ ਦੀ ਹੋ ਰਹੀ ਹੈ, ਉਸ ਵਿਚ ਜ਼ਿੰਮੇਵਾਰੀ ਤੇ ਕਸੂਰ ਭਾਜਪਾ ਦਾ ਵੀ ਉਨਾ ਹੀ ਹੈ ਤੇ 2017 ਦੀਆਂ ਚੋਣਾਂ ਵਿਚ ਇਨ੍ਹਾਂ ਗਲਤੀਆਂ ਤੇ ਮਾੜੀ ਕਾਰਗੁਜ਼ਾਰੀ ਦਾ ਖਮਿਆਜ਼ਾ ਭੁਗਤਣ ਨਾਲੋਂ ਚੰਗਾ ਹੈ ਕਿ ਮੋਦੀ ਲਹਿਰ ਦਾ ਫ਼ਾਇਦਾ ਉਠਾਉਣ ਲਈ ਵੱਖੋ-ਵੱਖਰੀ ਚੋਣ ਲੜੀ ਜਾਵੇ। ਇਸੇ ਦੌਰਾਨ ਪੰਜਾਬ ਭਾਜਪਾ ਦੇ ਪ੍ਰਧਾਨ ਕਮਲ ਸ਼ਰਮਾ ਦਾ ਕਹਿਣਾ ਹੈ ਕਿ ਕੁੱਲ 90 ਸੀਟਾਂ ਵਿਚੋਂ ਤਕਰੀਬਨ 60 'ਤੇ ਭਾਜਪਾ ਤੇ ਇਨੈਲੋ ਉਮੀਦਵਾਰਾਂ ਦਾ ਸਿੱਧਾ ਮੁਕਾਬਲਾ ਸੀ ਜਿਸ ਕਰ ਕੇ ਵੱਖ-ਵੱਖ ਲੀਡਰਾਂ ਦੇ ਪ੍ਰਚਾਰ ਦਾ ਆਪਾ ਵਿਰੋਧੀ ਹੋਣ ਦਾ ਨਤੀਜਾ ਜ਼ਰੂਰ ਭੁਗਤਣਾ ਪਿਆ।

ਸ੍ਰੀ ਸ਼ਰਮਾ ਨੇ ਕਿਹਾ ਕਿ ਹਰਿਆਣਾ ਚੋਣਾਂ ਉਪਰੰਤ ਉਹ ਕਿਸਾਨਾਂ ਨੂੰ ਮੁਫ਼ਤ ਬਿਜਲੀ, ਸ਼ਹਿਰੀ ਵਪਾਰੀਆਂ, ਰਿਹਾਇਸ਼ੀ ਤੇ ਕਮਰਸ਼ੀਅਲ ਮੁੱਦੇ, ਰੇਤਾ ਬਜਰੀ ਦੇ ਮੁੱਦੇ ਜ਼ਰੂਰ ਹੀ ਮੁੱਖ ਮੰਤਰੀ ਕੋਲ ਚੁੱਕਣਗੇ। ਦੂਜੇ ਪਾਸੇ ਸ਼੍ਰੋਮਣੀ ਅਕਾਲੀ ਦਲ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੀ ਸੋਚ ਹੈ ਕਿ ਉਹ ਅਪਣੀ ਪਾਰਟੀ ਨੂੰ ਨੈਸ਼ਨਲ ਪੱਧਰ ਦੀ ਪਾਰਟੀ ਬਣਾਉਣਾ ਚਾਹੁੰਦੇ ਹਨ।

# ਕਾਲੇ ਧਨ ਲਈ ਭਾਰਤੀ ਵਫ਼ਦ ਸਵਿੱਟਜ਼ਰਲੈਂਡ ਜਾਵੇਗਾ

**ਨਵੀਂ ਦਿੱਲੀ:** ਕਰ ਤੇ ਮਾਲੀਆ ਅਧਿਕਾਰੀਆਂ ਦਾ ਉਚ ਪੱਧਰੀ ਵਫ਼ਦ ਭਾਰਤੀਆਂ ਦੇ ਕਾਲੇ ਧਨ ਅਤੇ ਗੁਪਤ ਖਾਤਿਆਂ ਦੇ ਕੇਸਾਂ ਦੇ ਸਿਲਸਿਲੇ ਵਿਚ ਸਵਿਟਜ਼ਰਲੈਂਡ ਜਾਏਗਾ। ਇਹ ਵਫ਼ਦ ਇਸ ਮੁਲਕ ਕੋਲ ਬਕਾਇਆ ਪਈਆਂ ਬੇਨਤੀਆਂ 'ਤੇ ਧਿਆਨ ਕੇਂਦਰਤ ਕਰੇਗਾ ਤੇ ਮਾਲੀਆ ਸਕੱਤਰ ਸ਼ਸ਼ੀਕਾਂਤਾ ਦਾਸ ਇਸ ਦੀ ਅਗਵਾਈ ਕਰਨਗੇ। ਵਫ਼ਦ ਵਿਚ ਸੀ.ਬੀ.ਡੀ.ਟੀ. ਦੇ ਚੇਅਰਮੈਨ ਕੇ.ਵੀ. ਚੌਧਰੀ ਤੇ ਵਿੱਤ ਮੰਤਰਾਲੇ ਦੇ ਵਿਦੇਸ਼ੀ ਕਰ ਵਿੰਗ ਦੇ ਅਧਿਕਾਰੀ ਵੀ ਸ਼ਾਮਲ ਹੋਣਗੇ।




ਸੁਪਰੀਮ ਕੋਰਟ ਵੱਲੋਂ ਨਿਯੁਕਤ ਵਿਸ਼ੇਸ਼ ਜਾਂਚ ਟੀਮ ਨੂੰ ਜਾਂਚ ਏਜੰਸੀਆਂ ਨੇ ਇਸ ਪੱਖੋਂ ਭਰੋਸੇ ਵਿਚ ਲਿਆ ਸੀ ਕਿ ਇਨ੍ਹਾਂ ਕੇਸਾਂ ਵਿਚ ਜਾਂਚ ਅੱਗੇ ਤੋਰਨ ਲਈ ਦੋਵੇਂ ਦੇਸ਼ਾਂ ਦੇ ਅਧਿਕਾਰੀਆਂ ਦੇ ਦੌਰੇ ਜ਼ਰੂਰੀ ਹਨ ਤੇ ਇਸੇ ਤਹਿਤ ਕਾਹਲੀ 'ਚ ਇਹ ਦੌਰਾ ਵਿਉਂਤਿਆ ਗਿਆ ਸੀ। ਅਧਿਕਾਰੀਆਂ ਦਾ ਕਹਿਣਾ ਹੈ ਕਿ ਟੀਮ ਭੇਜਣ ਦੇ ਫ਼ੈਸਲੇ ਨੂੰ ਵਿੱਤ ਮੰਤਰੀ ਅਰੁਣ ਜੇਤਲੀ ਵੱਲੋਂ ਕਲੀਅਰੈਂਸ ਮਿਲ ਚੁੱਕੀ ਹੈ ਤੇ ਵਫ਼ਦ ਨੂੰ ਕਾਨੂੰਨੀ ਦਸਤਾਵੇਜ਼ਾਂ, ਮਿਸਲਾਂ ਤੇ ਵਿਸ਼ੇਸ਼ ਜਾਂਚ ਟੀਮ ਦੇ ਚਾਰਟਰ ਨਾਲ ਲੈਸ ਕਰ ਕੇ ਭੇਜਿਆ ਜਾਵੇਗਾ। ਯਾਦ ਰਹੇ ਕਿ ਭਾਰਤ ਦਾ ਬੇਅੰਤ ਪੈਸਾ ਇਨ੍ਹਾਂ ਬੈਂਕਾਂ ਵਿਚ ਹੋਣ ਦੇ ਚਰਚੇ ਹਨ।

## ਅੰਮ੍ਰਿਤਸਰ ਘੁਟਾਲਾ ਕੇਸ ਵਿਚ ਅਮਰਿੰਦਰ ਅਦਾਲਤ ਵਿਚ ਨਾ ਹੋਏ ਪੇਸ਼

**ਮੁਹਾਲੀ:** ਅੰਮ੍ਰਿਤਸਰ ਨਗਰ ਸੁਧਾਰ ਟਰੱਸਟ ਦੇ ਬਹੁ-ਚਰਚਿਤ ਜ਼ਮੀਨ ਘੁਟਾਲੇ ਦੇ ਮਾਮਲੇ ਵਿਚ ਨਾਮਜ਼ਦ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਤੇ ਸਥਾਨਕ ਸਰਕਾਰਾਂ ਵਿਭਾਗ ਦੇ ਸਾਬਕਾ ਮੰਤਰੀ ਚੌਧਰੀ ਜਗਜੀਤ ਸਿੰਘ ਸਮੇਤ ਹੋਰਨਾਂ ਖ਼ਿਲਾਫ਼ ਦਰਜ ਭ੍ਰਿਸ਼ਟਾਚਾਰ ਮਾਮਲੇ ਦੀ ਅਗਲੀ ਸੁਣਵਾਈ ਜ਼ਿਲ੍ਹਾ ਅਦਾਲਤ ਨੇ 10 ਨਵੰਬਰ 'ਤੇ ਅੱਗੇ ਪਾ ਦਿੱਤੀ ਹੈ। ਕੇਸ ਦੀ ਸੁਣਵਾਈ ਮੌਕੇ ਕੈਪਟਨ ਅਮਰਿੰਦਰ ਸਿੰਘ ਤੇ ਰਜਿੰਦਰ ਸ਼ਰਮਾ, ਅਸ਼ਵਨੀ ਕਾਲੇ ਸ਼ਾਹ, ਸੁਭਾਸ਼ ਚੰਦ ਅਤੇ ਗੁਰਚਰਨ ਸਿੰਘ ਖਾਰਾ ਅਦਾਲਤ ਵਿਚ ਪੇਸ਼ ਨਹੀਂ ਹੋਏ। ਇਸੇ ਦੌਰਾਨ ਕੈਪਟਨ ਨੇ ਆਪਣੇ ਵਕੀਲਾਂ ਰਾਹੀਂ ਅਦਾਲਤ ਵਿਚ ਅਰਜ਼ੀ ਦਾਇਰ ਕਰਕੇ ਨਿੱਜੀ ਪੇਸ਼ੀ ਤੋਂ ਛੋਟ ਮੰਗੀ। ਕੈਪਟਨ ਨੇ ਅਦਾਲਤ ਨੂੰ ਦੱਸਿਆ ਕਿ ਉਨ੍ਹਾਂ ਦੀ ਮਾਂ ਰਾਜ ਮਾਤਾ ਮਹਿੰਦਰ ਕੌਰ (92) ਬਹੁਤ ਬਿਮਾਰ ਹਨ। ਅਦਾਲਤ ਨੇ ਕੈਪਟਨ ਨਾਲ ਹਮਦਰਦੀ ਪ੍ਰਗਟ ਕਰਦਿਆਂ ਉਨ੍ਹਾਂ ਨੂੰ ਨਿੱਜੀ ਪੇਸ਼ੀ ਤੋਂ ਛੋਟ ਦੇ ਦਿੱਤੀ।

# 'ਆਪ' ਵੱਲੋਂ ਨਗਰ ਕੌਂਸਲ ਚੋਣਾਂ ਲਈ ਆਬਜ਼ਰਵਰ ਨਿਯੁਕਤ

**ਚੰਡੀਗੜ੍ਹ:** ਆਮ ਆਦਮੀ ਪਾਰਟੀ (ਆਪ) ਪੰਜਾਬ ਵਿਚ ਹੋਣ ਵਾਲੀਆਂ ਨਗਰ ਕੌਂਸਲਾਂ ਦੀਆਂ ਚੋਣਾਂ ਨੂੰ ਗੰਭੀਰਤਾ ਨਾਲ ਲੈ ਰਹੀ ਹੈ। 22 ਅਗਸਤ ਨੂੰ ਦੋ ਵਿਧਾਨ ਸਭਾ ਹਲਕਿਆਂ ਦੀਆਂ ਜ਼ਿਮਨੀ ਚੋਣਾਂ ਵਿਚ 'ਆਪ' ਦੇ ਉਮੀਦਵਾਰਾਂ ਨੂੰ ਮਿਲੀ ਕਰਾਰੀ ਹਾਰ ਮਗਰੋਂ ਨਗਰ ਕੌਂਸਲ ਚੋਣਾਂ ਵਿਚ ਪਾਰਟੀ ਦਾ ਅਕਸ ਸੁਧਾਰਨ ਲਈ ਪਾਰਟੀ ਲੀਡਰਸ਼ਿਪ ਨੇ ਕੌਂਸਲ ਚੋਣਾਂ ਦੇ ਐਲਾਨ ਤੋਂ ਪਹਿਲਾਂ ਹੀ ਆਪਣੀਆਂ ਗਤੀਵਿਧੀਆਂ ਆਰੰਭ ਦਿੱਤੀਆਂ ਹਨ।

ਪਾਰਟੀ ਦੇ ਕਨਵੀਨਰ ਸੁੱਚਾ ਸਿੰਘ ਛੋਟੇਪੁਰ ਨੇ ਨਗਰ ਕੌਂਸਲ ਚੋਣਾਂ ਲਈ ਜ਼ਿਲ੍ਹਾ ਪੱਧਰ ਉਤੇ ਆਬਜ਼ਰਵਰ ਨਿਯੁਕਤ ਕਰਨ ਦਾ ਐਲਾਨ ਕੀਤਾ ਹੈ। ਐਡਵੋਕੇਟ ਇਕਬਾਲ ਸਿੰਘ ਭਾਗੋਵਾਲੀਆ ਨੂੰ ਅੰਮ੍ਰਿਤਸਰ, ਡਾ. ਰੁਪਿੰਦਰ ਕੌਰ ਨੂੰ ਬਰਨਾਲਾ, ਬੂਟਾ ਸਿੰਘ ਅਸੰਤ ਨੂੰ ਬਠਿੰਡਾ, ਹਰਦੀਪ ਸਿੰਘ ਕਿੰਗਰਾ ਨੂੰ ਫ਼ਰੀਦਕੋਟ ਜ਼ਿਲ੍ਹੇ ਦਾ ਆਬਜ਼ਰਵਰ ਨਿਯੁਕਤ ਕੀਤਾ ਹੈ। ਪ੍ਰੋ. ਹਰਜੇਸ਼ਵਰ ਸਿੰਘ ਨੂੰ ਫ਼ਤਹਿਗੜ੍ਹ ਸਾਹਿਬ, ਕਰਨਲ ਜਸਜੀਤ ਸਿੰਘ ਗਿੱਲ ਨੂੰ ਫ਼ਾਜ਼ਿਲਕਾ, ਡਾ. ਕੁਲਦੀਪ ਸਿੰਘ ਗਿੱਲ ਨੂੰ ਫ਼ਿਰੋਜ਼ਪੁਰ, ਗੁਰਿੰਦਰ ਸਿੰਘ ਬਾਜਵਾ ਨੂੰ ਗੁਰਦਾਸਪੁਰ, ਲੇਖ ਰਾਜ ਨਈਅਰ ਨੂੰ ਹੁਸ਼ਿਆਰਪੁਰ, ਯਾਮਿਨੀ ਗੋਮਰ ਨੂੰ ਜਲੰਧਰ ਤੇ ਭਾਈ ਬਲਦੀਪ ਸਿੰਘ ਨੂੰ ਕਪੂਰਥਲਾ ਜ਼ਿਲ੍ਹੇ ਦਾ ਆਬਜ਼ਰਵਰ ਲਾਇਆ ਗਿਆ ਹੈ।

ਲੁਧਿਆਣਾ ਜ਼ਿਲ੍ਹੇ ਲਈ ਪਾਰਟੀ ਵੱਲੋਂ ਵਰਿੰਦਰ ਖਾਰ੍ਹਾ ਅਤੇ ਜਤਿੰਦਰ ਮੋਦਗਿੱਲ ਦੋ ਆਬਜ਼ਰਵਰ ਲਗਾਏ ਗਏ ਹਨ। ਮਾਨਸਾ ਲਈ ਮਾਸਟਰ ਖੇਤਾ ਸਿੰਘ, ਮੋਗਾ ਲਈ ਗੁਰਬੀਰਿੰਦਰ ਸਿੰਘ ਕੰਗ, ਮੁਹਾਲੀ ਲਈ ਜਗਤਾਰ ਸਿੰਘ ਸੰਘੇੜਾ, ਮੁਕਤਸਰ ਸਾਹਿਬ ਲਈ ਨਰਿੰਦਰ ਸਿੰਘ ਚਾਹਲ, ਨਵਾਂਸ਼ਹਿਰ ਲਈ ਹਰਜੀਤ ਸਿੰਘ ਅਦਾਲਤੀਵਾਲਾ, ਪਠਾਨਕੋਟ ਲਈ ਕਰਨਲ ਬਲਦੇਵ ਸਿੰਘ, ਪਟਿਆਲਾ ਲਈ ਪ੍ਰੋ. ਮਨਜੀਤ ਸਿੰਘ, ਰੋਪੜ ਲਈ ਹਿੰਮਤ ਸਿੰਘ ਸ਼ੇਰਗਿੱਲ, ਸੰਗਰੂਰ ਲਈ ਡਾ. ਬਲਵੀਰ ਸਿੰਘ, ਤਰਨ ਤਾਰਨ ਲਈ ਹਰਿੰਦਰ ਸਿੰਘ ਅਤੇ ਬਟਾਲਾ ਜ਼ਿਲ੍ਹੇ ਲਈ ਨਰਿੰਦਰ ਸਿੰਘ ਵਾਲੀਆ ਦੀ ਨਿਯੁਕਤੀ ਕੀਤੀ ਗਈ ਹੈ।

## 'ਆਪ' ਨੇ ਭਾਜਪਾ ਖਿਲਾਫ ਕਾਰਵਾਈ ਮੰਗੀ

**ਚੰਡੀਗੜ੍ਹ:** ਆਮ ਆਦਮੀ ਪਾਰਟੀ ਹਰਿਆਣਾ ਨੇ ਡੇਰਾ ਸੱਚਾ ਸੌਦਾ ਵੱਲੋਂ ਹਰਿਆਣਾ ਵਿਧਾਨ ਸਭਾ ਦੀਆਂ ਚੋਣਾਂ ਵਿਚ ਭਾਰਤੀ ਜਨਤਾ ਪਾਰਟੀ ਨੂੰ ਹਮਾਇਤ ਦੇਣ ਦੀ ਆਲੋਚਨਾ ਕਰਦਿਆਂ ਚੋਣ ਕਮਿਸ਼ਨ ਕੋਲੋਂ ਭਾਜਪਾ ਖ਼ਿਲਾਫ਼ ਉਚਿਤ ਕਾਰਵਾਈ ਕਰਨ ਦੀ ਮੰਗ ਕੀਤੀ ਹੈ। ਆਮ ਆਦਮੀ ਪਾਰਟੀ ਦਾ ਕਹਿਣਾ ਹੈ ਕਿ ਭਾਰਤੀ ਜਨਤਾ ਪਾਰਟੀ ਦੇ ਆਗੂਆਂ ਨੇ ਖੁੱਲ੍ਹ ਕੇ ਡੇਰੇ ਕੋਲੋਂ ਹਮਾਇਤ ਮੰਗੀ ਸੀ।

ਆਮ ਆਦਮੀ ਪਾਰਟੀ ਹਰਿਆਣਾ ਦੇ ਮੁੱਖ ਬੁਲਾਰੇ ਰਾਜੀਵ ਗੋਦਾਰਾ ਨੇ ਕਿਹਾ ਗਿਆ ਹੈ ਕਿ ਡੇਰਾ ਮੁਖੀ ਬਾਬਾ ਰਾਮ ਰਹੀਮ ਖਿਲਾਫ ਗੰਭੀਰ ਕਿਸਮ ਦੇ ਕੇਸ ਚੱਲ ਰਹੇ ਹਨ। ਕੇਂਦਰ ਸਰਕਾਰ ਕੇਸਾਂ ਵਿਚ ਦਖਲ ਦੇਣ ਦਾ ਪ੍ਰਭਾਵ ਰੱਖਦੀ ਹੈ। ਇਨ੍ਹਾਂ ਤੱਥਾਂ ਨੂੰ ਦੇਖਦਿਆਂ ਡੇਰੇ ਤੇ ਭਾਜਪਾ ਵਿਚਾਲੇ 'ਸੌਦੇਬਾਜ਼ੀ' ਹੋਣ ਦਾ ਸ਼ੱਕ ਪੈਦਾ ਹੁੰਦਾ ਹੈ।

ਆਮ ਆਦਮੀ ਪਾਰਟੀ ਰਾਜਨੀਤੀ ਦੇ ਨਾਲ ਧਰਮ ਤੇ ਸੰਪ੍ਰਦਾਏ ਨੂੰ ਮਿਲਾਉਣ ਦੇ ਖ਼ਿਲਾਫ਼ ਹੈ। ਪਾਰਟੀ ਮੰਨਦੀ ਹੈ ਕਿ ਇਹ ਵੱਖ-ਵੱਖ ਖੇਤਰ ਹਨ ਤੇ ਇਕ ਦੂਜੇ ਵਿਚ ਦਖਲ ਲੋਕਤੰਤਰ ਲਈ ਖਤਰਨਾਕ ਸਾਬਤ ਹੁੰਦਾ ਹੈ। ਇਸ ਲਈ ਪਾਰਟੀ ਦਾ ਕਹਿਣਾ ਹੈ ਕਿ ਡੇਰੇ ਦੁਆਰਾ ਚੋਣ ਰਾਜਨੀਤੀ ਵਿਚ ਦਖਲ ਦੇਣਾ ਲੋਕਤੰਤਰ ਦੀ ਭਾਵਨਾ ਤੇ ਕਾਨੂੰਨ ਦੇ ਖ਼ਿਲਾਫ਼ ਹੈ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸਵਰਨਜੀਤ ਸਿੰਘ ਢਿੱਲੋਂ
ਅਮੋਲਕ ਸਿੰਘ ਗਾਖਲ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਬਲਵਿੰਦਰ ਸਿੰਘ ਸੰਧੂ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਜਸਵਿੰਦਰ ਸਿੰਘ (ਜੱਸੀ) ਗਿੱਲ
ਡਾ. ਹਰਗੁਰਮੁਖਪਾਲ ਸਿੰਘ
ਅਯੁਧਿਆ ਸਲਵਾਨ
ਡਾ. ਤੇਜਿੰਦਰ ਸਿੰਘ ਮੰਡੇਰ
ਸਰਬਜੀਤ ਸਿੰਘ ਥਿਆੜਾ
ਜਗਦੀਸ਼ਰ ਸਿੰਘ ਕਲੇਰ
ਦਰਸ਼ਨ ਸਿੰਘ ਦਰੜ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ
ਗੁਰਿੰਦਰ ਸਿੰਘ ਗਿੱਲ

## ਬੰਦੀ ਛੋੜ ਦਿਵਸ 18 ਨੂੰ

**ਫਰਿਜ਼ਨੋ (ਬਿਊਰੋ):** ਜੀ ਐਚ ਜੀ ਸੰਗੀਤ ਅਤੇ ਡਾਂਸ ਅਕੈਡਮੀ ਵੱਲੋਂ ਗੁਰਦੁਆਰਾ ਸਿੰਘ ਸਭਾ ਫਰਿਜ਼ਨੋ ਵਿਖੇ ਬੰਦੀ ਛੋੜ ਦਿਵਸ 18 ਅਕਤੂਬਰ ਨੂੰ ਮਨਾਇਆ ਜਾਵੇਗਾ। ਪ੍ਰਬੰਧਕਾਂ ਅਨੁਸਾਰ ਇਸ ਸਮਾਗਮ ਦੌਰਾਨ ਹੋਣ ਵਾਲੇ ਬੱਚਿਆਂ ਦੇ ਕੀਰਤਨ ਮੁਕਾਬਲੇ ਅਤੇ ਭਾਸ਼ਨ ਮੁਕਾਬਲਿਆਂ ਨੂੰ ਲੈ ਕੇ ਬੱਚਿਆਂ 'ਚ ਭਾਰੀ ਉਤਸ਼ਾਹ ਹੈ।

ਯਾਦ ਰਹੇ ਕਿ ਬੰਦੀ ਛੋੜ ਦਿਵਸ ਮੌਕੇ ਹੋਣ ਵਾਲੇ ਇਸ ਸਮਾਗਮ ਵਿਚੋਂ ਬੱਚਿਆਂ ਦੇ ਕੀਰਤਨ ਮੁਕਾਬਲੇ, 9 ਸਾਲ ਤੋਂ ਲੈ ਕੇ 18 ਸਾਲ ਤੱਕ ਬੱਚਿਆਂ ਦੇ ਗੁਰੂ ਹਰਗੋਬਿੰਦ ਸਾਹਿਬ ਦੇ ਜੀਵਨ ਬਾਰੇ ਭਾਸ਼ਨ ਮੁਕਾਬਲੇ, ਪੰਜਾਬੀ ਪੜ੍ਹਨ-ਲਿਖਣ ਦੇ ਮੁਕਾਬਲੇ ਤੇ ਗੁਰਬਾਣੀ ਕੰਠ ਮੁਕਾਬਲੇ ਹੋਣਗੇ।

## ਬੇਰ ਬਾਬਾ ਬੁੱਢਾ 'ਤੇ ਕੀੜੇ ਦਾ ਹਮਲਾ

**ਅੰਮ੍ਰਿਤਸਰ:** ਸ੍ਰੀ ਹਰਿਮੰਦਰ ਸਾਹਿਬ ਸਮੂਹ ਸਥਿਤ ਬੇਰੀ (ਬੇਰ ਬਾਬਾ ਬੁੱਢਾ ਜੀ) 'ਤੇ ਲਾਲ ਜੂੰ (ਕੀੜੇ) ਦਾ ਹਮਲਾ ਦੇਖੇ ਜਾਣ ਮਗਰੋਂ ਲੁਧਿਆਣਾ ਸਥਿਤ ਖੇਤੀਬਾੜੀ ਯੂਨੀਵਰਸਿਟੀ ਦੇ ਮਾਹਰਾਂ ਨੇ ਪੁਰਾਤਨ ਬੇਰੀਆਂ 'ਤੇ ਕੀੜੇਮਾਰ ਦਵਾਈ ਦਾ ਛਿੜਕਾਅ ਕੀਤਾ ਹੈ। ਇਥੇ ਆਈ ਯੂਨੀਵਰਸਿਟੀ ਦੇ ਮਾਹਰਾਂ ਦੀ ਟੀਮ ਵਿਚ ਡਾ. ਜੇ.ਐਸ. ਬੱਲ, ਡਾ. ਕੇ.ਐਸ. ਗਿੱਲ, ਡਾ. ਸੰਦੀਪ ਸਿੰਘ, ਡਾ. ਪਰਮਜੀਤ ਸਿੰਘ ਤੇ ਡਾ. ਨਰਿੰਦਰਪਾਲ ਸ਼ਾਮਲ ਸਨ। ਇਨ੍ਹਾਂ ਵਿਚ ਫਰੂਟ ਸਾਇੰਸ ਵਿਭਾਗ ਦੇ ਮਾਹਰ ਵੀ ਸ਼ਾਮਲ ਸਨ ਜਿਨ੍ਹਾਂ ਨੇ ਲਾਚੀ ਬੇਰ, ਦੁੱਖ ਭੰਜਨੀ ਬੇਰੀ ਅਤੇ ਬੇਰ ਬਾਬਾ ਬੁੱਢਾ ਸਾਹਿਬ ਦੀਆਂ ਪੁਰਾਤਨ ਬੇਰੀਆਂ ਤੇ ਕੀੜੇਮਾਰ ਦਵਾਈਆਂ ਦਾ ਛਿੜਕਾਅ ਕੀਤਾ ਹੈ। ਕਈ ਥਾਵਾਂ ਤੋਂ ਸੁੱਕ ਚੁੱਕੀਆਂ ਟਹਿਣੀਆਂ ਵੀ ਕੱਟੀਆਂ ਗਈਆਂ।

ਡਾ. ਪਰਮਜੀਤ ਸਿੰਘ ਨੇ ਦੱਸਿਆ ਕਿ ਬੇਰ ਬਾਬਾ ਬੁੱਢਾ ਸਾਹਿਬ ਦੇ ਦਰੱਖ਼ਤ 'ਤੇ ਲਾਲ ਜੂੰ ਦਾ ਹਮਲਾ ਦੇਖਿਆ ਗਿਆ ਸੀ ਜਿਸ ਨੂੰ ਰੋਕਣ ਲਈ ਅਤੇ ਇਲਾਜ ਵਾਸਤੇ ਦਵਾਈ ਦਾ ਛਿੜਕਾਅ ਕੀਤਾ ਗਿਆ ਹੈ। ਇਸ ਤੋਂ ਪਹਿਲਾਂ ਜੂਨ ਵਿਚ ਬੇਰੀਆਂ ਨੂੰ ਛਾਂਗਿਆ ਗਿਆ ਸੀ ਅਤੇ ਲੋੜੀਂਦਾ ਛਿੜਕਾਅ ਵੀ ਕੀਤਾ ਗਿਆ ਸੀ। ਪੁਰਾਤਨ ਬੇਰੀਆਂ ਦੀ ਸਾਂਭ-ਸੰਭਾਲ ਕਾਰਨ ਇਨ੍ਹਾਂ ਦੀ ਸਥਿਤੀ ਪਹਿਲਾਂ ਨਾਲੋਂ ਬਿਹਤਰ ਹੈ। ਦੁੱਖ ਭੰਜਨੀ ਬੇਰੀ ਨੇੜੇ ਸੁੱਕ ਗਈ ਬੇਰੀ ਦੀ ਥਾਂ 'ਤੇ ਉਸੇ ਦਰਖ਼ਤ ਵਿਚੋਂ ਗਰਾਫਟ ਕਰ ਕੇ ਤਿਆਰ ਕੀਤਾ ਗਿਆ ਬੂਟਾ ਲਾਇਆ ਜਾ ਚੁੱਕਾ ਹੈ। ਇਸ ਤੋਂ ਇਲਾਵਾ ਹੇਠੋਂ ਹੋਰ ਪੁੰਗਾਰਾ ਵੀ ਤਿਆਰ ਹੋ ਚੁੱਕਾ ਹੈ ਜੋ ਜਲਦੀ ਹੀ ਬੂਟੇ ਦਾ ਰੂਪ ਲੈ ਲਵੇਗਾ। ਇਹ ਬੇਰੀ ਪਿਛਲੇ ਲਗਪਗ ਇੱਕ ਦਹਾਕੇ ਤੋਂ ਹੀ ਗਿੱਦੜ ਪੀੜੀ ਰੋਗ ਤੋਂ ਪੀੜਤ ਸੀ ਅਤੇ ਹੌਲੀ-ਹੌਲੀ ਸੁੱਕ ਰਹੀ ਸੀ। ਉਨ੍ਹਾਂ ਸਪਸ਼ਟ ਕੀਤਾ ਕਿ ਅਸਲੀ ਦੁੱਖ ਭੰਜਨੀ ਬੇਰੀ ਪੂਰੀ ਤਰ੍ਹਾਂ ਠੀਕ ਹੈ ਅਤੇ ਪਹਿਲਾਂ ਨਾਲੋਂ ਬਿਹਤਰ ਸਥਿਤੀ ਵਿਚ ਹੈ।

ਦੱਸਣਯੋਗ ਹੈ ਕਿ ਲੁਧਿਆਣਾ ਸਥਿਤ ਖੇਤੀਬਾੜੀ ਯੂਨੀਵਰਸਿਟੀ ਦੇ ਮਾਹਰਾਂ ਵਲੋਂ ਇਨ੍ਹਾਂ ਪੁਰਾਤਨ ਬੇਰੀਆਂ ਦੀ ਸਾਂਭ-ਸੰਭਾਲ ਲਈ 1992-93 ਤੋਂ ਕੰਮ ਕੀਤਾ ਜਾ ਰਿਹਾ ਹੈ। ਇਹ ਮਾਹਰ ਹਰ ਸਾਲ 2 ਵਾਰ ਦੌਰਾ ਕਰ ਕੇ ਇਨ੍ਹਾਂ ਪੁਰਾਤਨ ਬੇਰੀਆਂ ਦੀ ਸਾਂਭ ਸੰਭਾਲ ਲਈ ਕੰਮ ਕਰਦੇ ਹਨ ਜਿਸ ਤਹਿਤ ਬੇਰੀਆਂ ਦੀਆਂ ਸੁੱਕ ਚੁੱਕੀਆਂ ਟਹਿਣੀਆਂ ਦੀ ਕਟਾਈ ਕੀਤੀ ਜਾਂਦੀ ਹੈ ਅਤੇ ਲਾਖ ਦੇ ਕੀੜੇ ਨੂੰ ਮਾਰਨ ਲਈ ਦਵਾਈ ਦਾ ਛਿੜਕਾਅ ਵੀ ਕੀਤਾ ਜਾਂਦਾ ਹੈ। ਇਤਿਹਾਸ ਮੁਤਾਬਕ ਇਸ ਬੇਰ ਹੇਠ ਬੈਠ ਕੇ ਬਾਬਾ ਬੁੱਢਾ ਜੀ ਵੱਲੋਂ ਸ੍ਰੀ ਹਰਿਮੰਦਰ ਸਾਹਿਬ ਦੀ ਇਮਾਰਤ ਦੀ ਸੇਵਾ ਦੀ ਨਿਗਰਾਨੀ ਕੀਤੀ ਜਾਂਦੀ ਸੀ। ਇਸੇ ਕਾਰਨ ਹੀ ਇਸ ਬੇਰੀ ਦਾ ਨਾਂ ਬੇਰ ਬਾਬਾ ਬੁੱਢਾ ਜੀ ਪੈ ਗਿਆ। ਇਹ ਬੇਰੀ ਇਸ ਖਿੱਤੇ ਦੀ ਸਭ ਤੋਂ ਪੁਰਾਣੀ ਬੇਰੀ ਹੈ ਜਿਸ ਦੀ ਉਮਰ 500 ਸਾਲ ਤੋਂ ਵੱਧ ਹੈ।

ਤੰਦੂਰੀਏ ਦੀ ਲੋੜ ਹੈ
ਬੇਏਰੀਏ ਵਿਚ ਚੰਗੇ ਚਲਦੇ ਇੰਡੀਅਨ ਰੈਸਟੋਰੈਂਟ ਲਈ ਤੰਦੂਰੀਏ ਦੀ ਲੋੜ ਹੈ। ਵਧੀਆ ਤਨਖਾਹ।
ਸੰਪਰਕ ਕਰੋ
ਫੋਨ 650-630-8588
42-44

To Advertise with Punjab Times Call: 847-359-0746

Hotel Staff Wanted
Hotel in N. Dakota looking for Maintenance Person And Desk Clerk with Fluent English.
Free accommodation will be provided. Good Pay.
Call, Gill: 701-240-3220
ਹੋਟਲ ਸਟਾਫ ਦੀ ਲੋੜ
ਨਾਰਥ ਡਕੋਟਾ 'ਚ ਸਥਿਤ ਹੋਟਲ ਦੀ ਰਿਪੇਅਰ ਕਰਨ ਵਾਲੇ ਅਤੇ ਕਲਰਕ ਦੀ ਲੋੜ ਹੈ
ਸਬੰਧਤ ਵਿਅਕਤੀ ਅੰਗਰੇਜ਼ੀ ਚੰਗੀ ਤਰ੍ਹਾਂ ਜਾਣਦਾ ਹੋਵੇ
ਮੁਫਤ ਰਿਹਾਇਸ਼ ਅਤੇ ਚੰਗੀ ਤਨਖਾਹ
ਕਾਲ ਕਰੋ, ਗਿੱਲ: 701-240-3220
41-42

Prince's Barber Shop
37477 Fremont Blvd, suite C, Fremont, CA 94536
Men & Children's Hair Cut
*Threading *Custom Text
*Men's Facials *Hair Coler
*Custom Designing *Shave &
*Line-ups *Head Massage
ਇੰਡੀਆ ਅਤੇ ਅਮਰੀਕਾ ਦਾ 13 ਸਾਲ ਦਾ ਤਜ਼ਰਬਾ

Business hours:
Mon thru Thursday 9am to 8pm
Friday, Sat- Sunday- 9am to 7pm
(Tuesday Closed)

Cell: (510)-677-9942
Shop: (510)-505-9605
www.princebarbershop.com

ਨੈਸ਼ਨਲ ਟਰੱਕ ਡਰਾਈਵਿੰਗ ਸਕੂਲ
National Truck Driving School
ਸੈਕਰਾਮੈਂਟੋ ਅਤੇ ਯੂਬਾ ਸਿਟੀ ਕੈਲੀਫੋਰਨੀਆ
ਓਨਰ ਅਪਰੇਟਰ ਅਤੇ ਡਰਾਈਵਰ ਚਾਹੀਦੇ ਹਨ
ਕੰਪਨੀ ਡਰਾਈਵਰ ਨੂੰ 35 ਸੈਂਟ ਪ੍ਰਤੀ ਮੀਲ ਦਿੱਤੇ ਜਾਣਗੇ
*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ
*ਰਿਹਾਇਸ਼ ਅਤੇ ਏਅਰਪੋਰਟ ਤੋਂ ਚੁੱਕਣ ਤੇ ਛੱਡਣ ਦਾ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ

Call For Special Price
Kashmir S. Thandi
Office: (866) 933-3038
Balhar S. Ranu Cell:916-502-7733
Yuba City Ph:530-419-5058
1816 Main Ave., Secramento CA, 95838

Golden State Realty
Sacramento Office: 9912 Kapalua Ln., Elk Grove, CA 95624
Tel: 916-612-5773
Courtesy of Sales Manager Traci Lill, Meadows at Galt

The Poppy ~ Plan 1 — 4 Bedrooms, 2 & half Baths, Two-Car Garage

| Address | Lot# | Lot Size | Elevation | Options In Home | Price |
|---|---|---|---|---|---|
| 722 Elk Hills Drive | 22 | 7076 | B | $10,662 | $326,652 |
| 714 Elk Hills Drive | 24 | 6672 | C | $2,750 | $318,740 |

The Poppy ~ Plan 2 — 4 Bedrooms, 3 Baths, Three-Car Tandem Garage

| Address | Lot# | Lot Size | Elevation | Options In Home | Price |
|---|---|---|---|---|---|
| 718 Elk Hills Drive | 23 | 6667 | C | $7,115 | $330,105 |
| 710 Elk Hills Drive | 25 | 6688 | A | $2,200 | Sold |

The Poppy ~ Plan 3 — 4 Bedrooms, 3 Baths, Three-Car Tandem Garage

| Address | Lot# | Lot Size | Elevation | Options In Home | Price |
|---|---|---|---|---|---|
| 938 Fermoy Way | 30 | 7559 | A | $8,300 | $341,290 |
| 942 Fermoy Way | 31 | 7167 | C | $7,300 | $340,290 |

The Poppy ~ Plan 4 — 6 Bedrooms, 3 & half Baths, Three-Car Garage

| Address | Lot# | Lot Size | Elevation | Options In Home | Price |
|---|---|---|---|---|---|
| 950 Fermoy Way | 33 | 7220 | A | $16,980 | $376,970 |
| 926 Fermoy Way | 17 | 6615 | C | $3,725 | $366,715 |
| 934 Fermoy Way | 29 | 6500 | B | $3,475 | $366,465 |


Sohanpreet (Sam) Chahal
CA Lic. 01504071
Realtor/Notary Public
email:samchahal@hotmail.com
Call: Sohanpreet 'Sam' Chahal
@916-612-5773
Serving from Bay Area to Sacramento

Seller/Builder reserves the right to modify elevations, floor plans, specifications, materials, maps and prices without notice or obligation. All renderings, floor plans and maps are artist conceptions and may not reflect actual depiction. Prices will vary depending upon lot size, exterior elevations and pre-selected optional features. All square footage measurements, elevations, lot sizes, floor plans and room dimensions are approximate. Subject to Prior Sale. This advertisement is for illustration purpose only and not a part of a legal contract. Co-Op policy posted in Sale Office. Homes offered by The Meadows Galt 27, LLC. Built by Beck, Stockton CA. 6.13.14

# ਸ਼੍ਰੋਮਣੀ ਕਮੇਟੀ ਨੇ ਵਾਦੀ ਦੇ ਸਿੱਖਾਂ ਦੇ ਮੁੜ ਵਸੇਬੇ ਦਾ ਲਿਆ ਜ਼ਿੰਮਾ

**ਅੰਮ੍ਰਿਤਸਰ:** ਜੰਮੂ-ਕਸ਼ਮੀਰ ਸੂਬੇ ਦੇ ਹੜ੍ਹ ਪ੍ਰਭਾਵਿਤ ਇਲਾਕੇ ਵਿਚ ਸ਼੍ਰੋਮਣੀ ਕਮੇਟੀ ਵੱਲੋਂ ਸਿਰਫ਼ ਸਿੱਖ ਭਾਈਚਾਰੇ ਦੇ ਮੁੜ ਵਸੇਬੇ ਲਈ ਮਾਇਕ ਮਦਦ ਕੀਤੀ ਜਾਵੇਗੀ। ਸ਼੍ਰੋਮਣੀ ਕਮੇਟੀ ਵੱਲੋਂ ਛੇਤੀ ਹੀ ਹੜ੍ਹ ਦੌਰਾਨ ਮਾਰੇ ਗਏ ਸਿੱਖ ਵਿਅਕਤੀਆਂ ਦੇ ਪਰਿਵਾਰਾਂ ਤੇ ਜਿਨ੍ਹਾਂ ਸਿੱਖ ਪਰਿਵਾਰਾਂ ਦੇ ਘਰਾਂ ਦੀਆਂ ਇਮਾਰਤਾਂ ਨੂੰ ਨੁਕਸਾਨ ਪੁੱਜਾ ਹੈ, ਨੂੰ ਮਦਦ ਮੁਹੱਈਆ ਕੀਤੀ ਜਾਵੇਗੀ। ਇਹ ਮਦਦ ਇਸੇ ਹਫ਼ਤੇ ਦੌਰਾਨ ਹੀ ਪੁੱਜਦੀ ਕੀਤੀ ਜਾਵੇਗੀ।

ਹੜ੍ਹ ਪੀੜਤਾਂ ਬਾਰੇ ਬਣਾਈ ਕਮੇਟੀ ਵੱਲੋਂ ਆਪਣੀਆਂ ਸਿਫਾਰਸ਼ਾਂ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਨੂੰ ਭੇਜ ਦਿੱਤੀਆਂ ਗਈਆਂ ਹਨ, ਜੋ ਪੀੜਤ ਸਿੱਖ ਪਰਿਵਾਰਾਂ ਨੂੰ ਦਿੱਤੀ ਜਾਣ ਵਾਲੀ ਮਦਦ ਬਾਰੇ ਅੰਤਿਮ ਫੈਸਲਾ ਕਰਨਗੇ। ਇਸ ਤੋਂ ਪਹਿਲਾਂ ਸ਼੍ਰੋਮਣੀ ਕਮੇਟੀ ਦੀ ਇਕ ਉਚ ਪੱਧਰੀ ਟੀਮ ਸ੍ਰੀਨਗਰ ਵਿਚ ਹੜ੍ਹ ਪ੍ਰਭਾਵਿਤ ਇਲਾਕੇ ਵਿਚ ਸਿੱਖ ਪਰਿਵਾਰਾਂ ਦੀਆਂ ਨੁਕਸਾਨੀਆਂ ਗਈਆਂ ਘਰਾਂ ਦੀਆਂ ਇਮਾਰਤਾਂ ਦਾ ਜਾਇਜ਼ਾ ਲੈ ਚੁੱਕੀ ਹੈ। ਇਸ ਬਾਰੇ ਇਕ ਸਮੁੱਚੀ ਰਿਪੋਰਟ ਤਿਆਰ ਕਰਕੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਨੂੰ ਸੌਂਪੀ ਜਾ ਚੁੱਕੀ ਹੈ। ਇਸ ਰਿਪੋਰਟ ਤਹਿਤ ਨੁਕਸਾਨੇ ਗਏ ਘਰਾਂ ਦੀਆਂ ਇਮਾਰਤਾਂ ਦੀ ਗਿਣਤੀ ਤਕਰੀਬਨ 124 ਹੈ, ਜਿਸ ਵਿਚੋਂ 50 ਫੀਸਦੀ ਘਰਾਂ ਦੀਆਂ ਇਮਾਰਤਾਂ ਪੂਰੀ ਤਰ੍ਹਾਂ ਢਹਿ ਢੇਰੀ ਹੋ ਗਈਆਂ ਹਨ ਜਦੋਂਕਿ ਬਾਕੀ 50 ਫੀਸਦੀ ਇਮਾਰਤਾਂ ਵਿਚੋਂ ਕਿਸੇ ਦੀਆਂ ਛੱਤਾਂ, ਕਿਸੇ ਦੀਆਂ ਕੰਧਾਂ ਤੇ ਫਰਸ਼ ਆਦਿ ਨੂੰ ਨੁਕਸਾਨ ਪੁੱਜਾ ਹੈ। ਇਸ ਰਿਪੋਰਟ ਮੁਤਾਬਕ ਨੁਕਸਾਨੀਆਂ ਗਈਆਂ ਇਮਾਰਤਾਂ ਦੀਆਂ ਤਿੰਨ ਸ਼੍ਰੇਣੀਆਂ ਬਣਾਈਆਂ ਗਈਆਂ ਹਨ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਨੇ ਕਿਹਾ ਹੈ ਕਿ ਸ਼੍ਰੋਮਣੀ ਕਮੇਟੀ ਵੱਲੋਂ ਛੇਤੀ ਹੀ ਮਦਦ ਮੁਹੱਈਆ ਕੀਤੀ ਜਾਵੇਗੀ। ਇਹ ਮਦਦ ਇਸੇ ਹਫ਼ਤੇ ਦੌਰਾਨ ਹੀ ਪੁੱਜਦੀ ਕੀਤੀ ਜਾਵੇਗੀ। ਛੇਤੀ ਹੀ ਰਾਸ਼ਨ, ਗਰਮ ਕੱਪੜੇ ਤੇ ਬਿਸਤਰੇ ਨਾਲ ਲੱਦੇ ਟਰੱਕ ਵੀ ਸ੍ਰੀ ਨਗਰ ਭੇਜੇ ਜਾ ਰਹੇ ਹਨ, ਜੋ ਉਥੇ ਲੋਕਾਂ ਨੂੰ ਵੰਡੇ ਜਾਣਗੇ।

ਕਮੇਟੀ ਮੁਤਾਬਕ ਮੁੜ ਵਸੇਬੇ ਲਈ ਇਹ ਮਦਦ ਸਿਰਫ ਸਿੱਖ ਭਾਈਚਾਰੇ ਨੂੰ ਹੀ ਮੁਹੱਈਆ ਕੀਤੀ ਜਾਵੇਗੀ ਜਦੋਂਕਿ ਰਾਸ਼ਨ, ਗਰਮ ਕੱਪੜੇ ਤੇ ਗਰਮ ਬਿਸਤਰਿਆਂ ਬਾਰੇ ਮਦਦ ਬਿਨਾਂ ਕਿਸੇ ਭੇਦਭਾਵ ਦੇ ਹਰ ਵਿਅਕਤੀ ਨੂੰ ਦਿੱਤੀ ਜਾ ਰਹੀ ਹੈ। ਵੇਰਵਿਆਂ ਅਨੁਸਾਰ ਕਮੇਟੀ ਵੱਲੋਂ ਕੀਤੀ ਗਈ ਸਿਫਾਰਸ਼ ਤਹਿਤ ਸਿਰਫ ਉਨ੍ਹਾਂ ਸਿੱਖ ਪੀੜਤ ਪਰਿਵਾਰਾਂ ਨੂੰ ਮੁੜ ਵਸੇਬੇ ਲਈ ਮਦਦ ਦਿੱਤੀ ਜਾਵੇਗੀ, ਜਿਨ੍ਹਾਂ ਦੇ ਘਰਾਂ ਦੀਆਂ ਇਮਾਰਤਾਂ ਨੂੰ ਨੁਕਸਾਨ ਪੁੱਜਾ ਹੈ ਜਦ ਕਿ ਕਾਰੋਬਾਰ ਦੇ ਨੁਕਸਾਨ ਦੀ ਪੂਰਤੀ ਲਈ ਮਦਦ ਦਿੱਤੇ ਜਾਣ ਦੀ ਕੋਈ ਸੰਭਾਵਨਾ ਨਹੀਂ ਹੈ।

ਕਮੇਟੀ ਦੇ ਤਰਜਮਾਨ ਦਿਲਜੀਤ ਸਿੰਘ ਬੇਦੀ ਨੇ ਦੱਸਿਆ ਕਿ ਆਖਿਆ ਕਿ ਹੜ੍ਹਾਂ ਕਾਰਨ ਪ੍ਰਭਾਵਤ ਹੋਏ ਸਿੱਖਾਂ ਦੀ ਮਦਦ ਲਈ ਵਿਸ਼ੇਸ਼ ਆਰਥਿਕ ਮਦਦ ਲੈਣ ਵਾਸਤੇ ਸ਼੍ਰੋਮਣੀ ਕਮੇਟੀ ਛੇਤੀ ਹੀ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨਾਲ ਮੁਲਾਕਾਤ ਕਰੇਗੀ। ਸ਼੍ਰੋਮਣੀ ਕਮੇਟੀ ਦੀ ਟੀਮ ਦੇ ਸਰਵੇਖਣ ਮੁਤਾਬਕ ਜਵਾਹਰ ਨਗਰ ਵਿਚ 48 ਘਰਾਂ ਦਾ, ਤੁਲਸੀ ਬਾਗ ਦੇ ਚਾਰ, ਸੁਥਰਾਸ਼ਾਹੀ ਦੇ 14, ਬਾਲ ਗਾਰਡਨ ਦੇ 10, ਅਲੂਚਾ ਬਾਗ ਦੇ 15, ਬਿਬਨਾ ਇਕ, ਗੋਗਜੀ ਬਾਗ ਛੇ, ਮਗਰਮਲ ਬਾਗ ਤਿੰਨ, ਮਹਿਜੂਰ ਨਗਰ ਵਿਚ ਨੌਂ ਇਮਾਰਤਾਂ ਦਾ ਨੁਕਸਾਨ ਹੋਇਆ ਹੈ। ਗੁਰਦੁਆਰਾ ਸ਼ਹੀਦ ਬੁੰਗਾ ਵਿਖੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਲਗਾਤਾਰ ਰਾਹਤ ਕਾਰਜ ਜਾਰੀ ਹਨ ਤੇ ਪਹਿਲਾਂ ਵਾਂਗ ਲੰਗਰ ਦਾ ਪ੍ਰਵਾਹ ਨਿਰੰਤਰ ਚਲ ਰਿਹਾ ਹੈ।

### ਇਕ ਹਫਤੇ ਦੇ ਅੰਦਰ ਮਦਦ ਪੁੱਜਦੀ ਕਰਨ ਦਾ ਭਰੋਸਾ




## ਵਾਦੀ ਦੇ ਲੋਕ ਮਦਦ ਲਈ ਸਿੱਖ ਸੰਸਥਾਵਾਂ ਦੇ ਸ਼ੁਕਰਗੁਜ਼ਾਰ

**ਸ੍ਰੀਨਗਰ:** ਕਸ਼ਮੀਰ ਦੇ ਹੜ੍ਹ ਪ੍ਰਭਾਵਿਤ ਇਲਾਕਿਆਂ ਵਿਚ ਪੀੜਤਾਂ ਨੂੰ ਮਦਦ ਦੇਣ ਦੇ ਮਾਮਲੇ ਵਿਚ ਸਿੱਖ ਸੰਸਥਾਵਾਂ ਨੇ ਅਹਿਮ ਰੋਲ ਨਿਭਾਇਆ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸਮੇਤ ਇਹ ਸਿੱਖ ਸੰਸਥਾਵਾਂ ਪੀੜਤਾਂ ਲਈ ਵੱਡੇ ਮਦਦਗਾਰ ਵਜੋਂ ਉਭਰੀਆਂ ਹਨ ਜਿਸ ਨਾਲ ਭਾਈਚਾਰੇ ਦਾ ਮਾਣ ਵਧਿਆ ਹੈ। ਕਸ਼ਮੀਰ ਵਾਦੀ ਵਿਚ ਸੱਤ ਸਤੰਬਰ ਦੀ ਰਾਤ ਨੂੰ ਅਚਨਚੇਤੀ ਹੜ੍ਹ ਆ ਗਿਆ ਸੀ ਜਿਸ ਨਾਲ ਵੱਡੇ ਪੱਧਰ 'ਤੇ ਮਾਲੀ ਨੁਕਸਾਨ ਹੋਇਆ ਸੀ।

ਇਸ ਮੌਕੇ ਸਿੱਖ ਸੰਸਥਾਵਾਂ ਨੇ ਬਿਨਾਂ ਕਿਸੇ ਭੇਦਭਾਵ ਤੋਂ ਰਾਸ਼ਨ, ਗਰਮ ਕੱਪੜੇ, ਕੰਬਲ ਤੇ ਬਿਸਤਰੇ ਆਦਿ ਵੰਡੇ ਜਦਕਿ ਮੈਡੀਕਲ ਕੈਂਪ ਲਾ ਕੇ ਮੁਫ਼ਤ ਦਵਾਈਆਂ ਵੰਡੀਆਂ ਤੇ ਲੋਕਾਂ ਦਾ ਇਲਾਜ ਕੀਤਾ। ਹੜ੍ਹ ਦੌਰਾਨ ਲੋਕਾਂ ਨੂੰ ਗੁਰਦੁਆਰਿਆਂ ਵਿਚ ਠਹਿਰਾਇਆ ਗਿਆ। ਇਸ ਮਾਮਲੇ ਵਿਚ ਸ਼੍ਰੋਮਣੀ ਕਮੇਟੀ, ਦਿੱਲੀ ਕਮੇਟੀ, ਸਰਬੱਤ ਦਾ ਭਲਾ ਟਰਸਟ, ਸਿੱਖ ਸਟੂਡੈਂਟਸ ਫੈਡਰੇਸ਼ਨ ਮਹਿਤਾ ਤੇ ਹੋਰ ਸਵੈਸੇਵੀ ਜਥੇਬੰਦੀਆਂ ਨੇ ਅਹਿਮ ਯੋਗਦਾਨ ਪਾਇਆ ਹੈ ਜਿਨ੍ਹਾਂ ਵਿਚੋਂ ਸਭ ਤੋਂ ਅੱਗੇ ਸ਼੍ਰੋਮਣੀ ਕਮੇਟੀ ਹੈ।

ਸ਼੍ਰੋਮਣੀ ਕਮੇਟੀ ਵੱਲੋਂ ਨੌਂ ਸਤੰਬਰ ਨੂੰ ਬਡਗਾਮ ਸਥਿਤ ਗੁਰਦੁਆਰਾ ਸ਼ਹੀਦ ਬੁੰਗਾ ਵਿਖੇ ਰਾਹਤ ਕੈਂਪ ਸਥਾਪਤ ਕਰ ਦਿੱਤਾ ਗਿਆ ਸੀ ਤੇ ਰਾਹਤ ਸਮੱਗਰੀ ਵੰਡਣ ਲਈ ਤਕਰੀਬਨ 20 ਕਰਮਚਾਰੀ ਤਾਇਨਾਤ ਕਰ ਦਿੱਤੇ ਸਨ। ਸ੍ਰੀ ਗੁਰੂ ਰਾਮਦਾਸ ਮੈਡੀਕਲ ਕਾਲਜ ਦੇ ਡਾਕਟਰਾਂ ਦੀ ਟੀਮ ਵੀ ਪੱਕੇ ਤੌਰ 'ਤੇ ਤਾਇਨਾਤ ਕਰ ਦਿੱਤੀ ਗਈ ਸੀ। ਵੇਰਵਿਆਂ ਅਨੁਸਾਰ ਸ਼੍ਰੋਮਣੀ ਕਮੇਟੀ ਹੁਣ ਤੱਕ 800 ਟਨ ਤੋਂ ਵਧੇਰੇ ਰਾਹਤ ਸਮੱਗਰੀ ਵੰਡ ਚੁੱਕੀ ਹੈ। ਸਿੱਖ ਸੰਸਥਾਵਾਂ ਦੇ ਇਸ ਸਹਿਯੋਗ ਤੋਂ ਕਸ਼ਮੀਰ ਵਾਦੀ ਦੇ ਮੁਸਲਿਮ ਭਾਈਚਾਰੇ ਸਮੇਤ ਹਰ ਧਰਮ ਦੇ ਲੋਕ ਸੰਤੁਸ਼ਟ ਹਨ। ਸਿੱਖ ਸੰਸਥਾਵਾਂ ਤੋਂ ਮਿਲ ਰਹੀ ਮਦਦ ਦੀ ਭਰਵੀਂ ਸ਼ਲਾਘਾ ਕੀਤੀ ਜਾ ਰਹੀ ਹੈ। ਦੱਸਣਯੋਗ ਹੈ ਕਿ ਮੁਸਲਿਮ ਭਾਈਚਾਰੇ ਦੇ ਆਗੂ ਜਿਨ੍ਹਾਂ ਵਿਚ ਯਾਸਿਨ ਮਲਿਕ, ਸਈਅਦ ਅਲੀ ਸ਼ਾਹ ਗਿਲਾਨੀ, ਮਹਿਲਾ ਕਮਿਸ਼ਨ ਦੀ ਚੇਅਰਪਰਸਨ ਸ਼ਮੀਮਾ ਫਿਰਦੋਸ ਤੇ ਹੋਰ ਕਈ ਆਗੂ ਸ਼ਾਮਲ ਹਨ, ਸਿੱਖ ਸੰਸਥਾਵਾਂ ਕੋਲੋਂ ਮਦਦ ਪ੍ਰਾਪਤ ਕਰ ਚੁੱਕੇ ਹਨ। ਇਨ੍ਹਾਂ ਆਗੂਆਂ ਨੇ ਇਸ ਕਾਰਜ ਲਈ ਸਿੱਖ ਸੰਸਥਾਵਾਂ ਦੀ ਭਰਵੀਂ ਸ਼ਲਾਘਾ ਵੀ ਕੀਤੀ ਹੈ।

## ਅਨੰਤ ਨਾਗ ਵਾਲਾ ਗੁਰਦੁਆਰਾ ਸਹੀ ਸਲਾਮਤ

**ਮਟਨ (ਅਨੰਤ ਨਾਗ):** ਜੰਮੂ ਕਸ਼ਮੀਰ ਵਿਚ ਆਏ ਹੜ੍ਹ ਕਾਰਨ ਪ੍ਰਭਾਵਤ ਹੋਏ ਜ਼ਿਲ੍ਹਾ ਅਨੰਤ ਨਾਗ ਦੇ ਕਸਬਾ ਮਟਨ ਸਥਿਤ ਗੁਰੂ ਨਾਨਕ ਨਾਲ ਸਬੰਧਤ ਗੁਰਦੁਆਰਾ ਪਾਤਸ਼ਾਹੀ ਪਹਿਲੀ ਪੂਰੀ ਤਰ੍ਹਾਂ ਸੁਰੱਖਿਅਤ ਹੈ। ਗੁਰਦੁਆਰੇ ਵਿਚ ਮਹਾਰਾਜਾ ਰਣਜੀਤ ਸਿੰਘ ਦੇ ਵੇਲੇ ਦੇ ਹੱਥ ਲਿਖਤ ਪੁਰਾਤਨ ਸਰੂਪ ਵੀ ਠੀਕ-ਠਾਕ ਹਨ।

ਸੂਬੇ ਵਿਚ ਆਏ ਹੜ੍ਹ ਕਾਰਨ ਸ੍ਰੀਨਗਰ ਸਥਿਤ ਲਗਭਗ 18 ਗੁਰਦੁਆਰਿਆਂ ਵਿਚੋਂ 15 ਹੜ੍ਹ ਦੀ ਮਾਰ ਵਿਚ ਆ ਗਏ ਸਨ। ਇਨ੍ਹਾਂ ਵਿਚੋਂ ਕੁਝ ਦੀਆਂ ਇਮਾਰਤਾ ਨੂੰ ਵੀ ਨੁਕਸਾਨ ਪੁੱਜਿਆ ਹੈ। ਪੰਦਰਾਂ ਗੁਰਦੁਆਰਿਆਂ ਵਿਚ 8 ਅਕਤੂਬਰ ਨੂੰ ਮਰਿਆਦਾ ਬਹਾਲ ਕੀਤੀ ਗਈ ਹੈ ਜਦੋਂਕਿ ਗੁਰਦੁਆਰਾ ਛੇਵੀਂ ਪਾਤਸ਼ਾਹੀ, ਗੁਰਦੁਆਰਾ ਬੜਗਾਮ ਅਤੇ ਗੁਰਦੁਆਰਾ ਰੰਘਰੇਟਾ ਹੜ੍ਹਾਂ ਦੌਰਾਨ ਸੁਰੱਖਿਆ ਰਹੇ ਹਨ। ਇਨ੍ਹਾਂ ਗੁਰਦੁਆਰਿਆਂ ਨੇ ਹੀ ਹੜ੍ਹ ਪ੍ਰਭਾਵਿਤ ਲੋਕਾਂ ਨੂੰ ਆਸਰਾ ਦਿੱਤਾ। ਹੜ੍ਹ ਦੌਰਾਨ ਪ੍ਰਭਾਵਿਤ ਹੋਏ ਲੋਕਾਂ ਨੇ ਨਾ ਸਿਰਫ਼ ਇਨ੍ਹਾਂ ਗੁਰਦੁਆਰਿਆਂ ਵਿਚ ਸ਼ਰਨ ਲਈ ਸਗੋਂ ਇਥੋਂ ਲੰਗਰ ਤੇ ਰਾਹਤ ਸਮੱਗਰੀ ਵੀ ਮੁਹਈਆ ਕੀਤੀ ਗਈ ਹੈ।

ਮਟਨ ਸਥਿਤ ਗੁਰਦੁਆਰਾ ਗੁਰੂ ਨਾਨਕ, ਸ਼ਹਿਰ ਨਾਲੋਂ ਉਚੀ ਥਾਂ 'ਤੇ ਹੈ। ਹੜ੍ਹ ਦੌਰਾਨ ਇਸ ਇਲਾਕੇ ਵਿਚ ਵੀ ਪਾਣੀ ਆ ਗਿਆ ਸੀ। ਅਨੰਤ ਨਾਗ ਸ਼ਹਿਰ ਵਿਚ 10 ਤੋਂ 12 ਫੁੱਟ ਪਾਣੀ ਰਿਹਾ ਹੈ। ਕਸਬਾ ਮਟਨ ਵਿਚ ਵੀ ਕੁਝ ਥਾਵਾਂ 'ਤੇ ਪਾਣੀ ਨੇ ਮਾਰ ਕੀਤੀ ਹੈ। ਇਤਿਹਾਸ ਮੁਤਾਬਕ ਗੁਰੂ ਨਾਨਕ ਦੇਵ ਜੀ ਜਦੋਂ ਮਟਨ ਵਿਖੇ ਗਏ ਤਾਂ ਉਨ੍ਹਾਂ ਹਿੰਦੂ ਵਿਦਵਾਨ ਪੰਡਿਤ ਬ੍ਰਹਮ ਦਾਸ ਨੂੰ ਗਿਆਨ ਬਖ਼ਸ਼ਿਆ ਸੀ। ਇਸ ਗਿਆਨ ਦੀ ਪ੍ਰਾਪਤੀ ਤੋਂ ਬਾਅਦ ਉਸ ਦਾ ਪਰਿਵਾਰ ਸਿੱਖ ਭਗਤ ਹੋ ਗਿਆ ਸੀ। ਉਸ ਦੇ ਪੜਪੋਤੇ ਪੰਡਿਤ ਕ੍ਰਿਪਾ ਰਾਮ ਨੇ ਦਸਵੇਂ ਗੁਰੂ ਦੀ ਨਿਗਰਾਨੀ ਹੇਠ ਜੰਗ ਲੜੀ ਅਤੇ ਸ਼ਹੀਦੀ ਪ੍ਰਾਪਤ ਕੀਤੀ ਸੀ।

ਸਿੱਖ ਵਿਦਵਾਨ ਗਿਆਨੀ ਰਜਿੰਦਰ ਸਿੰਘ ਨੇ ਦੱਸਿਆ ਕਿ ਸਿੱਖ ਰਾਜ ਵੇਲੇ 1819 ਵਿਚ ਮਹਾਰਾਜਾ ਰਣਜੀਤ ਸਿੰਘ ਨੇ ਇਹ ਹੱਥ ਲਿਖਤ ਅੱਠ ਸਰੂਪ ਮਟਨ ਭੇਜੇ ਸਨ। ਉਸ ਵੇਲੇ ਗੁਰਦੁਆਰੇ ਦੇ ਸਰੋਵਰ ਦੇ ਆਲੇ ਦੁਆਲੇ ਅੱਠ ਬੁੰਗੇ ਸਨ ਜਿਥੇ ਇਨ੍ਹਾਂ ਪੁਰਾਤਨ ਸਰੂਪਾਂ ਦਾ ਪ੍ਰਕਾਸ਼ ਕੀਤਾ ਜਾਂਦਾ ਸੀ। ਇਨ੍ਹਾਂ ਪੁਰਾਤਨ ਸਰੂਪਾਂ ਵਾਸਤੇ ਕਾਗਜ਼ ਦੀ ਥਾਂ ਦਰੱਖਤ ਦੀ ਛਿੱਲ ਦੀ ਵਰਤੋਂ ਕੀਤੀ ਗਈ ਹੈ ਅਤੇ ਇਹ ਸਗਲੀ ਬੀੜਾਂ ਦੇ ਰੂਪ ਵਿਚ ਹਨ। ਇਸ ਵੇਲੇ ਇੱਥੇ ਪੰਜ ਸਰੂਪ ਸੰਭਾਲੇ ਹੋਏ ਹਨ ਅਤੇ ਇਨ੍ਹਾਂ ਵਿਚੋਂ ਇੱਕ ਪੁਰਾਤਨ ਸਰੂਪ ਸ੍ਰੀਨਗਰ ਤੇ ਇੱਕ ਸਰੂਪ ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਵਿਖੇ ਭੇਜਿਆ ਗਿਆ ਸੀ ਜਦੋਂਕਿ ਇੱਕ ਸਰੂਪ ਬਾਰੇ ਭੰਬਲਭੂਸਾ ਹੈ। ਉਨ੍ਹਾਂ ਦੱਸਿਆ ਕਿ 1905 ਵਿਚ ਡੋਗਰਾ ਰਾਜ ਵੇਲੇ ਡੋਗਰਾ ਪ੍ਰਤਾਪ ਸਿੰਘ ਨੇ ਧੋਖੇ ਨਾਲ ਗੁਰਦੁਆਰੇ ਦੀ ਥਾਂ 'ਤੇ ਕਬਜ਼ਾ ਕਰ ਲਿਆ ਸੀ ਜਿਸ ਨੂੰ ਛੁਡਾਉਣ ਲਈ ਅੱਜ ਵੀ ਯਤਨ ਜਾਰੀ ਹਨ। ਹੁਣ ਇਸ ਵੇਲੇ ਤਿੰਨ ਕਮਰਿਆਂ ਨੂੰ ਇਕੱਠੇ ਕਰ ਕੇ ਗੁਰਦੁਆਰੇ ਦਾ ਰੂਪ ਦਿੱਤਾ ਗਿਆ ਹੈ। ਪ੍ਰਬੰਧਕਾਂ ਨੇ ਮੰਗ ਕੀਤੀ ਹੈ ਕਿ ਇਸ ਗੁਰਧਾਮ ਦੀ ਥਾਂ 'ਤੇ ਕੀਤੇ ਹੋਏ ਕਬਜ਼ੇ ਨੂੰ ਛੁਡਵਾਇਆ ਜਾਵੇ।

## ਕੇਂਦਰੀ ਮਦਦ ਵਿਚ ਦੇਰੀ ਕਾਰਨ ਲੋਕ ਨਿਰਾਸ਼

**ਸ੍ਰੀਨਗਰ:** ਵਾਦੀ ਵਿਚ ਆਏ ਹੜ੍ਹਾਂ ਕਾਰਨ ਹੋਈ ਤਬਾਹੀ ਪਿੱਛੋਂ ਹੁਣ ਲੋਕਾਂ ਨੂੰ ਮੁੜ ਬਸੇਵੇ ਲਈ ਮਦਦ ਦਾ ਇੰਤਜ਼ਾਰ ਹੈ। ਸਥਿਤੀ ਅਜਿਹੀ ਬਣ ਗਈ ਹੈ ਕਿ ਕੇਂਦਰ ਵੱਲੋਂ ਮਦਦ ਬਾਰੇ ਲੋਕਾਂ ਨੂੰ ਘੱਟ ਹੀ ਉਮੀਦ ਹੈ। ਜੰਮੂ-ਕਸ਼ਮੀਰ ਮਹਿਲਾ ਕਮਿਸ਼ਨ ਦੀ ਮੁਖੀ (ਚੇਅਰਪਰਸਨ) ਐਡਵੋਕੇਟ ਬੇਗਮ ਸ਼ਮੀਮ ਫਿਰਦੌਸ ਨੇ ਕੇਂਦਰੀ ਮਦਦ ਬਾਰੇ ਰੋਸ ਦਾ ਪ੍ਰਗਟਾਵਾ ਕਰਦਿਆਂ ਦੋਸ਼ ਲਾਇਆ ਹੈ ਕਿ ਕੇਂਦਰ ਨੇ ਸੂਬੇ ਨਾਲ ਮਤਰੇਈ ਮਾਂ ਵਾਲਾ ਵਤੀਰਾ ਕੀਤਾ ਤੇ ਰਾਹਤ ਦਾ ਸਿਰਫ ਐਲਾਨ ਕੀਤਾ ਪਰ ਪੀੜਤ ਲੋਕਾਂ ਤੱਕ ਅਜੇ ਵੀ ਰਾਹਤ ਸਮੱਗਰੀ ਨਹੀਂ ਪੁੱਜੀ ਹੈ।

ਸ਼੍ਰੋਮਣੀ ਕਮੇਟੀ ਦੀ ਟੀਮ ਵੱਲੋਂ ਕੀਤੀ ਗਈ ਮੁਲਾਕਾਤ ਦੌਰਾਨ ਐਡਵੋਕੇਟ ਫਿਰਦੌਸ ਨੇ ਕਿਹਾ ਕਿ ਝਾਰਖੰਡ ਵਿਚ ਜਦੋਂ ਕੁਦਰਤੀ ਆਫ਼ਤ ਆਈ ਸੀ ਤਾਂ ਸਿਰਫ਼ ਪੰਜਾਂ ਦਿਨਾਂ ਵਿਚ ਹੀ ਪੀੜਤਾਂ ਕੋਲ ਰਾਹਤ ਸਮੱਗਰੀ ਪੁੱਜ ਗਈ ਸੀ ਪਰ ਜੰਮੂ-ਕਸ਼ਮੀਰ ਵਿਚ ਅਜਿਹਾ ਅਜੇ ਤੱਕ ਨਹੀਂ ਹੋਇਆ। ਉਨ੍ਹਾਂ ਆਖਿਆ ਕਿ ਕੇਂਦਰ ਵੱਲੋਂ ਸਿਰਫ਼ ਪੀੜਤ ਲੋਕਾਂ ਲਈ ਬਚਾਅ ਮੁਹਿੰਮ ਵਿਚ ਹੀ ਸਹਿਯੋਗ ਦਿੱਤਾ ਗਿਆ ਹੈ। ਫੌਜ ਵੱਲੋਂ ਹੜ੍ਹ ਪ੍ਰਭਾਵਿਤ ਇਲਾਕਿਆਂ ਵਿਚੋਂ ਲੋਕਾਂ ਨੂੰ ਸੁਰੱਖਿਅਤ ਬਾਹਰ ਕੱਢਿਆ ਗਿਆ ਤੇ ਹਵਾਈ ਮਾਰਗ ਰਾਹੀਂ ਰਾਹਤ ਸਮੱਗਰੀ ਸੁੱਟੀ ਗਈ।

ਉਨ੍ਹਾਂ ਕਿਹਾ ਕਿ ਹਵਾਈ ਮਾਰਗ ਰਾਹੀਂ ਰਾਹਤ ਸਮੱਗਰੀ ਸੁੱਟਣ ਸਮੇਂ ਅੱਧੇ ਨਾਲੋਂ ਜ਼ਿਆਦਾ ਰਾਹਤ ਸਮੱਗਰੀ ਬੇਕਾਰ ਚਲੀ ਗਈ। ਹੁਣ ਜਦੋਂ ਬੇਘਰ ਹੋਏ ਲੋਕਾਂ ਲਈ ਆਰਜ਼ੀ ਤੇ ਸਥਾਈ ਪ੍ਰਬੰਧਾਂ ਦੀ ਲੋੜ ਹੈ ਤਾਂ ਕੇਂਦਰ ਸਰਕਾਰ ਵੱਲੋਂ ਮਦਦ ਲਈ ਕੋਈ ਹੁੰਗਾਰਾ ਨਹੀਂ ਮਿਲ ਰਿਹਾ। ਹੁਣ ਹੋਰ ਤਾਂ ਹੋਰ ਹੁਣ ਲੋਕ ਕੇਂਦਰ ਕੋਲੋਂ ਮਦਦ ਲੈਣਾ ਵੀ ਨਹੀਂ ਚਾਹੁੰਦੇ ਹਨ। ਜੇਕਰ ਸਰਕਾਰ ਦਾ ਇਹੀ ਵਤੀਰਾ ਰਿਹਾ ਤਾਂ ਲੋਕ ਇਸ ਪ੍ਰਤੀ ਆਪਣੇ ਪੱਧਰ 'ਤੇ ਹੀ ਅਗਲਾ ਰੁਖ ਅਖ਼ਤਿਆਰ ਕਰਨਗੇ।

ਸ਼੍ਰੋਮਣੀ ਕਮੇਟੀ ਵੱਲੋਂ ਪੀੜਤ ਲੋਕਾਂ ਦੀ ਕੀਤੀ ਜਾ ਰਹੀ ਮਦਦ ਦੀ ਸ਼ਲਾਘਾ ਕਰਦਿਆਂ ਉਨ੍ਹਾਂ ਸਿੱਖ ਸੰਸਥਾ ਕੋਲ ਮੰਗ ਰੱਖੀ ਹੈ ਕਿ ਮੁਸਲਿਮ ਭਾਈਚਾਰੇ ਦੇ ਪੀੜਤ ਲੋਕਾਂ ਖਾਸ ਕਰਕੇ ਬੀਬੀਆਂ ਲਈ ਗਰਮ ਕੱਪੜੇ, ਗਰਮ ਬਿਸਤਰੇ ਤੇ ਰਾਸ਼ਨ ਭੇਜਿਆ ਜਾਵੇ।

## ਹੇਮਕੁੰਟ ਸਾਹਿਬ ਵਿਚ ਇਸ ਵਾਰ ਵੀ ਦਿੱਸਿਆ ਕੁਦਰਤੀ ਤਬਾਹੀ ਦਾ ਸਹਿਮ

**ਚੰਡੀਗੜ੍ਹ:** ਪਿਛਲੇ ਸਾਲ ਉਤਰਾਖੰਡ ਵਿਚ ਆਈ ਤਬਾਹੀ ਕਾਰਨ ਇਸ ਵਾਰ ਬਹੁਤ ਘੱਟ ਯਾਤਰੀਆਂ ਨੇ ਹੇਮਕੁੰਟ ਸਾਹਿਬ ਦੀ ਯਾਤਰਾ ਕੀਤੀ। ਪਿਛਲੇ ਸਾਲਾਂ ਰੋਜ਼ਾਨਾ 250 ਤੋਂ 300 ਸ਼ਰਧਾਲੂ ਉਥੇ ਪੁੱਜਦੇ ਰਹੇ ਹਨ ਪਰ ਇਸ ਵਾਰ ਇਹ ਗਿਣਤੀ ਘੱਟ ਕੇ 80 ਤੋਂ 90 ਰਹਿ ਗਈ ਸੀ। ਹੁਣ ਠੰਢ ਵਧਣ ਕਾਰਨ ਇਸ ਯਾਤਰਾ 'ਤੇ 10 ਅਕਤੂਬਰ ਤੋਂ ਰੋਕ ਲਗਾ ਦਿੱਤੀ ਗਈ ਹੈ ਤੇ ਅਗਲੇ ਸਾਲ ਜੂਨ ਮਹੀਨੇ ਵਿਚ ਇਹ ਯਾਤਰਾ ਫਿਰ ਸ਼ੁਰੂ ਹੋ ਜਾਵੇਗੀ। ਯਾਤਰਾ ਦੇ ਆਖਰੀ ਦਿਨਾਂ ਵਿਚ ਭਾਵੇਂ ਸ਼ਰਧਾਲੂਆਂ ਦੀ ਗਿਣਤੀ ਵਿਚ ਕਾਫੀ ਵਾਧਾ ਹੋਇਆ ਸੀ ਪਰ ਇਹ ਪਿਛਲੇ ਸਾਲਾਂ ਦੇ ਮੁਕਾਬਲੇ ਕਾਫੀ ਘੱਟ ਰਹੀ।

ਗੁਰਦੁਆਰਾ ਗੋਬਿੰਦਘਾਟ ਦੇ ਪ੍ਰਬੰਧਕਾਂ ਮੁਤਾਬਕ ਪਿਛਲੇ ਸਾਲ ਦੀ ਤਰਾਸਦੀ ਕਾਰਨ ਅੱਜ ਵੀ ਲੋਕਾਂ ਅੰਦਰ ਖ਼ੌਫ਼ ਹੈ। ਇਸ ਤੋਂ ਇਲਾਵਾ ਜੰਮੂ ਵਿਚ ਹੜ੍ਹਾਂ ਕਾਰਨ ਹੋਈ ਤਬਾਹੀ ਨੇ ਲੋਕਾਂ ਨੂੰ ਹੋਰ ਵੀ ਭੈ-ਭੀਤ ਕਰ ਦਿੱਤਾ। ਕਈ ਸ਼ਰਧਾਲੂਆਂ ਨੇ ਦੱਸਿਆ ਕਿ ਕਿ ਪ੍ਰਸ਼ਾਸਨ ਨੇ ਗੋਬਿੰਦ ਘਾਟ ਤੋਂ ਗੋਬਿੰਦ ਧਾਮ ਤੇ ਗੋਬਿੰਦ ਧਾਮ ਤੋਂ ਉਪਰ ਗੁਰਦੁਆਰਾ ਹੇਮਕੁੰਟ ਸਾਹਿਬ ਤੱਕ ਰਸਤਿਆਂ ਨੂੰ ਸੀਮਿੰਟ ਨਾਲ ਪੱਕਾ ਕਰਨ ਦਾ ਕੰਮ ਸ਼ੁਰੂ ਕੀਤਾ ਹੋਇਆ ਹੈ। ਇਥੇ ਕਈ ਸਾਲਾਂ ਤੋਂ ਲੱਕੜ ਦੇ ਪੁਲ ਲੱਗੇ ਹੋਏ ਸਨ।

ਇਸ ਵਾਰ ਲੋਹੇ ਦੇ ਪੁਲ ਲਗਾ ਦਿੱਤੇ ਗਏ ਹਨ। ਇਸ ਸਮੇਂ ਗੁਰਦੁਆਰਾ ਗੋਬਿੰਦ ਧਾਮ ਤੋਂ ਗੁਰਦੁਆਰਾ ਹੇਮਕੁੰਟ ਸਾਹਿਬ ਤੱਕ 85 ਫ਼ੀਸਦੀ ਰਸਤੇ ਪੱਕੇ ਕੀਤੇ ਜਾ ਚੁੱਕੇ ਹਨ। ਇਥੇ ਦਰਸ਼ਨਾਂ ਲਈ ਆਏ ਸ਼ਰਧਾਲੂਆਂ ਨੇ ਕਿਹਾ ਕਿ ਜੇਕਰ ਸਰਕਾਰ ਕਾਰ ਸੇਵਾ ਵਾਲੇ ਬਾਬਿਆਂ ਨੂੰ ਕਾਰ ਸੇਵਾ ਕਰਨ ਤੇ ਲੰਗਰ ਲਗਾਉਣ ਦੀ ਇਜਾਜ਼ਤ ਦੇ ਦੇਵੇ ਤਾਂ ਸਰਕਾਰ ਲਈ ਕੰਮ ਹੋਰ ਸੌਖਾ ਹੋ ਸਕਦਾ ਹੈ। ਪਿਛਲੇ ਸਾਲ ਗੁਰਦੁਆਰਾ ਗੋਬਿੰਦਘਾਟ ਸਾਹਿਬ ਦੀ ਇਮਾਰਤ ਦਾ ਕੋਈ ਪੰਜ ਕਰੋੜ ਦਾ ਨੁਕਸਾਨ ਹੋਇਆ। ਹੇਮਕੁੰਟ ਸਹਿਬ ਪ੍ਰਬੰਧਕੀ ਟਰੱਸਟ ਦੇ ਵਾਈਸ ਚੇਅਰਮੈਨ ਨਰਿੰਦਰਜੀਤ ਸਿੰਘ ਬਿੰਦਰਾ ਨੇ ਦੱਸਿਆ ਕਿ ਹੁਣ ਸ਼ਰਧਾਲੂਆਂ ਲਈ ਟਰਾਲੀ ਸਿਸਟਮ ਸ਼ੁਰੂ ਕਰਨ ਦਾ ਫ਼ੈਸਲਾ ਕੀਤਾ ਗਿਆ ਹੈ। ਇਸ ਸਾਲ ਤਕਰੀਬਨ 1 ਲੱਖ 40 ਹਜ਼ਾਰ ਸ਼ਰਧਾਲੂ ਹੇਮਕੁੰਟ ਸਾਹਿਬ ਆਏ ਹਨ ਜਦਕਿ ਤਰਾਸਦੀ ਤੋਂ ਪਹਿਲਾਂ 5 ਤੋਂ 6 ਲੱਖ ਸ਼ਰਧਾਲੂ ਆਉਂਦੇ ਸਨ।

## ਚੌਟਾਲਾ ਪਰਿਵਾਰ ਨਾਲ ਸਾਡੀ ਪੁਰਾਣੀ ਸਾਂਝ: ਸੁਖਬੀਰ ਬਾਦਲ

**ਕਰਨਾਲ:** ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਅਕਾਲੀ ਦਲ ਤੇ ਇਨੈਲੋ ਦੇ ਰਿਸ਼ਤਿਆਂ ਬਾਰੇ ਕਿਹਾ ਕਿ ਸਿਰ ਕੱਟ ਸਕਦੇ ਹਨ, ਪਰ ਅਕਾਲੀ ਦਲ ਬਾਦਲ ਤੇ ਇਨੈਲੋ ਅੱਡ ਨਹੀਂ ਹੋ ਸਕਦੇ। ਚੌਟਾਲਾ ਪਰਿਵਾਰ ਨਾਲ ਉਨ੍ਹਾਂ ਦੀ ਪੁਰਾਣੀ ਸਾਂਝ ਹੈ ਤੇ ਇਹ ਸਾਂਝ ਕਦੇ ਵੀ ਟੁੱਟ ਨਹੀਂ ਸਕਦੀ। ਹਰਿਆਣਾ ਦੇ ਸਿੱਖ ਕਾਂਗਰਸ ਦੇ ਆਗੂ ਰਹੇ ਭਜਨ ਲਾਲ ਤੇ ਬੰਸੀ ਲਾਲ ਦੀਆਂ ਸਿੱਖ ਵਿਰੋਧੀ ਨੀਤੀਆਂ ਤੋਂ ਵੀ ਜਾਣੂ ਹਨ। ਭੁਪਿੰਦਰ ਸਿੰਘ ਹੁੱਡਾ ਨੇ ਇਨੈਲੋ ਪ੍ਰਮੁੱਖ ਓਮ ਪ੍ਰਕਾਸ਼ ਚੌਟਾਲਾ ਨੂੰ ਝੂਠੇ ਮਾਮਲੇ ਹੇਠ ਜੇਲ੍ਹ ਭਿਜਵਾਇਆ ਹੈ। ਕਾਂਗਰਸ ਸ਼ਾਇਦ ਇਹ ਨਹੀਂ ਜਾਣਦੀ ਕਿ ਅਕਾਲੀ ਦਲ ਬਾਦਲ ਤੇ ਇਨੈਲੋ ਨੂੰ ਦਬਾਉਣ ਦੀ ਕੋਸ਼ਿਸ਼ ਕੀਤੀ ਗਈ ਤਾਂ ਇਹ ਦੋਵੇਂ ਦਲ ਹੋਰ ਵੀ ਮਜ਼ਬੂਤ ਹੋ ਕੇ ਖੜ੍ਹੇ ਹੋਣਗੇ। ਉਨ੍ਹਾਂ ਦਾਅਵਾ ਕੀਤਾ ਕਿ ਹਰਿਆਣਾ ਅੰਦਰ ਇਨੈਲੋ ਆਪਣੇ ਦਮ 'ਤੇ ਬਹੁਮਤ ਪ੍ਰਾਪਤ ਕਰਕੇ ਸਰਕਾਰ ਬਣਾਏਗੀ ਜਿਸ ਨੂੰ ਘਟੋ-ਘਟ 60 ਸੀਟਾਂ 'ਤੇ ਜਿੱਤ ਹਾਸਲ ਹੋਵੇਗੀ।

## ਭਾਰਤੀ ਮਹਿਲਾ ਪੁਲਿਸ ਇੰਸਪੈਕਟਰ ਨੂੰ ਯੂ.ਐਨ. ਪੁਰਸਕਾਰ

**ਸੰਯੁਕਤ ਰਾਸ਼ਟਰ:** ਸੰਯੁਕਤ ਰਾਸ਼ਟਰ ਦੀ ਪੁਲਿਸ ਡਿਵੀਜ਼ਨ ਨੇ ਭਾਰਤੀ ਮਹਿਲਾ ਪੁਲਿਸ ਇੰਸਪੈਕਟਰ ਸ਼ਕਤੀ ਦੇਵੀ ਨੂੰ ਸ਼ਾਨਾਮੱਤੇ ਕੌਮਾਂਤਰੀ ਮਹਿਲਾ ਸ਼ਾਂਤੀ ਪੁਰਸਕਾਰ ਲਈ ਚੁਣਿਆ ਹੈ। ਇਸ ਮਹਿਲਾ ਪੁਲਿਸ ਇੰਸਪੈਕਟਰ ਨੇ ਅਫਗਾਨਿਸਤਾਨ ਵਿਚ ਯੂ.ਐਨ. ਮਿਸ਼ਨ ਦੌਰਾਨ ਆਪਣੀ ਡਿਊਟੀ ਦੌਰਾਨ 'ਬਾ-ਕਮਾਲ ਕੰਮ' ਕੀਤਾ ਹੈ। ਇਹ ਔਰਤਾਂ ਵਿਰੁੱਧ ਹੁੰਦੀ ਹਿੰਸਾ ਤੇ ਜਿਨਸੀ ਸੋਸ਼ਣ ਪੀੜਤਾਂ ਦੀ ਮਦਦ ਵੀ ਕਰਦੀ ਰਹੀ ਹੈ।

ਜੰਮੂ-ਕਸ਼ਮੀਰ ਪੁਲਿਸ ਦੀ ਇੰਸਪੈਕਟਰ ਸ਼ਕਤੀ ਦੇਵੀ ਜੋ ਇਸ ਵੇਲੇ ਸੰਯੁਕਤ ਰਾਸ਼ਟਰ ਸਹਾਇਤਾ ਮਿਸ਼ਨ ਤਹਿਤ ਅਫਗਾਨਿਸਤਾਨ ਵਿਚ ਤਾਇਨਾਤ ਹੈ, ਨੂੰ ਕੌਮਾਂਤਰੀ ਮਹਿਲਾ ਪੁਲਿਸ ਅਮਨ ਪੁਰਸਕਾਰ 2014 ਲਈ ਚੁਣਿਆ ਗਿਆ ਹੈ।

ਯੂ.ਐਨ. ਪੁਲਿਸ ਡਵੀਜ਼ਨ ਵੱਲੋਂ ਭੇਜੇ ਸੁਨੇਹੇ ਵਿਚ ਕਿਹਾ ਗਿਆ ਹੈ ਕਿ ਸ਼ਕਤੀ ਦੇਵੀ ਨੇ ਅਫਗਾਨਿਸਤਾਨ 'ਚ ਕਈ ਹਿੱਸਿਆਂ ਵਿਚ ਵਿਮੈਨ ਪੁਲਿਸ ਕੌਂਸਲਾਂ ਕਾਇਮ ਕੀਤੀਆਂ।

# ਗੁਰੂ ਕੀ ਨਗਰੀ ਨੂੰ ਟ੍ਰੈਫਿਕ ਜਾਮ ਤੋਂ ਨਿਜਾਤ ਦੀ ਪੇਸ਼ਕਸ਼

**ਅੰਮ੍ਰਿਤਸਰ:** ਜਾਪਾਨ ਦੀ ਇਕ ਕੰਪਨੀ ਜ਼ੀਰੋ-ਸਮ-ਆਈ.ਟੀ.ਐਸ. ਨੇ ਗੁਰੂ ਨਗਰੀ ਨੂੰ ਟ੍ਰੈਫਿਕ ਜਾਮ ਤੇ ਭੀੜ-ਭੜੱਕੇ ਦੀ ਸਮੱਸਿਆ ਤੋਂ ਨਿਜਾਤ ਦਿਵਾਉਣ ਦੀ ਇੱਛਾ ਪ੍ਰਗਟਾਈ ਹੈ। ਇਹ ਕੰਪਨੀ ਪਹਿਲਾਂ ਗੁਜਰਾਤ ਦੇ ਅਹਿਮਦਾਬਾਦ ਵਿਚ ਇੰਟੈਲੀਜੈਂਟ ਟਰਾਂਸਪੋਰਟੇਸ਼ਨ ਸਿਸਟਮ ਲਾ ਚੁੱਕੀ ਹੈ ਤੇ ਹੁਣ ਅੰਮ੍ਰਿਤਸਰ ਵਿਚ ਵੀ ਪਰਖ ਤੌਰ 'ਤੇ ਇਸ ਦੀ ਸ਼ੁਰੂਆਤ ਕਰਨਾ ਚਾਹੁੰਦੀ ਹੈ। ਸੜਕਾਂ ਦੀ ਜ਼ਿਆਦਾ ਤੋੜ-ਭੰਨ ਕੀਤੇ ਬਿਨਾਂ ਇਸ ਸਿਸਟਮ ਰਾਹੀਂ ਕੈਮਰਿਆਂ ਵਾਲੇ ਸੈਂਸਰ ਦੇ ਆਧਾਰ 'ਤੇ ਟ੍ਰੈਫਿਕ ਦੀ ਜਾਣਕਾਰੀ ਇਕੱਠੀ ਕਰਕੇ ਕੰਟਰੋਲ ਰੂਮ ਵਿਚ ਭੇਜੀ ਜਾਏਗੀ ਜਿਸ ਨੂੰ ਸ਼ਹਿਰ ਵਿਚ ਅਜਿਹੇ ਸੰਦੇਸ਼ ਦੇਣ ਲਈ ਲੱਗੇ ਸਾਈਨ ਬੋਰਡਾਂ 'ਤੇ ਦਰਸਾਇਆ ਜਾਵੇਗਾ।

ਵੀ.ਐਮ.ਐਸ. ਨਾਂ ਤੋਂ ਪ੍ਰਚੱਲਿਤ ਇਨ੍ਹਾਂ ਬੋਰਡਾਂ ਨੂੰ ਸ਼ਹਿਰ ਵਿਚ ਭੀੜ-ਭਾੜ ਤੇ ਟ੍ਰੈਫਿਕ ਜਾਮ ਵਾਲੇ ਅਹਿਮ ਥਾਵਾਂ 'ਤੇ ਲਾਇਆ ਜਾਵੇਗਾ ਤਾਂ ਜੋ ਟ੍ਰੈਫਿਕ ਦੇ ਆਧਾਰ 'ਤੇ ਲੋਕ ਦੂਜੇ ਰੂਟ ਜਾਂ ਉਥੇ ਰੁਕਣ ਦਾ ਫ਼ੈਸਲਾ ਆਪਣੇ ਸਮੇਂ ਮੁਤਾਬਕ ਲੈ ਸਕਣ। ਅਜਿਹੀ ਤਕਨੀਕ ਦੀ ਇਕ ਮਿਸਾਲ ਦਿੱਲੀ ਦੇ ਪਾਲਿਕਾ ਬਾਜ਼ਾਰ 'ਚ ਐਸ.ਡੀ.ਐਮ.ਸੀ. ਦੀ ਪਾਰਕਿੰਗ ਵਾਂਗ ਦਿੱਤੀ ਜਾ ਸਕਦੀ ਹੈ ਜਿਸ ਵਿਚ ਕੁਲ ਪਾਰਕਿੰਗ ਕੀਤੀਆਂ ਗੱਡੀਆਂ ਤੇ ਹੋਰ ਗੱਡੀਆਂ ਲਈ ਖਾਲੀ ਥਾਂ ਦਾ ਵੇਰਵਾ ਸ਼ੁਰੂ ਵਿਚ ਹੀ ਲੱਗੇ ਬੋਰਡ 'ਤੇ ਨਜ਼ਰ ਆ ਜਾਂਦਾ ਹੈ ਤਾਂ ਜੋ ਲੋਕਾਂ ਨੂੰ ਅੰਦਰ ਜਾ ਕੇ ਪਾਰਕਿੰਗ ਨਾ ਹੋਣ ਦੀ ਸੂਰਤ ਵਿਚ ਖੱਜਲ ਖਰਾਬੀ ਦਾ ਸਾਹਮਣਾ ਨਾ ਕਰਨਾ ਪਵੇ।



### *ਕੰਪਨੀ ਆਪਣੇ ਖਰਚੇ 'ਤੇ ਲਾਏਗੀ ਪ੍ਰੋਜੈਕਟ*

ਇਸ ਤਕਨੀਕ ਲਈ ਕੰਪਨੀ ਸਥਾਨਕ ਸਰਕਾਰ ਤੋਂ ਕੁਝ ਵੀ ਨਿਵੇਸ਼ ਦੀ ਮੰਗ ਨਹੀਂ ਕਰ ਰਹੀ। ਪ੍ਰੋਜੈਕਟ ਨੂੰ ਸ਼ੁਰੂ ਤੋਂ ਲੈ ਕੇ ਲਾਗੂ ਕਰਨ ਤੇ ਅੱਗੇ ਤੋਰਨ ਦਾ ਸਭ ਖਰਚਾ ਕੰਪਨੀ ਵੱਲੋਂ ਦਿੱਤਾ ਜਾਵੇਗਾ। ਕੰਪਨੀ ਦੀ ਆਮਦਨ ਦਾ ਜ਼ਰੀਆ ਬੋਰਡਾਂ ਦੇ ਅੱਧੇ ਹਿੱਸੇ 'ਤੇ ਪ੍ਰਚਾਰਿਤ ਇਸ਼ਤਿਹਾਰ ਹੋਣਗੇ। ਗੁਜਰਾਤ ਦੇ ਅਹਿਮਦਾਬਾਦ ਵਿਚ ਚਾਰ ਬੋਰਡਾਂ ਤੇ 14 ਕੈਮਰਿਆਂ ਸਮੇਤ ਪ੍ਰੋਜੈਕਟ ਨੂੰ ਚਾਲੂ ਕਰਨ ਦੀ ਕੁਲ ਲਾਗਤ ਕੰਪਨੀ ਨੂੰ ਕਰੀਬ ਇਕ ਲੱਖ ਅਮਰੀਕੀ ਡਾਲਰ ਤੇ ਚਾਲੂ ਕਰਨ ਵਿਚ ਤਕਰੀਬਨ 18 ਮਹੀਨਿਆਂ ਦਾ ਸਮਾਂ ਲੱਗਾ ਸੀ।

ਜ਼ੀਰੋ ਸਮ ਆਈ.ਟੀ.ਐਸ. ਦੇ ਮੈਨੇਜਿੰਗ ਡਾਇਰੈਕਟਰ ਚਿਕਾਰਾ ਕੀਕੁਚੀ ਦਾ ਕਹਿਣਾ ਹੈ ਕਿ ਹੁਣ ਉਹ ਆਪਣਾ ਪਸਾਰ ਉੱਤਰੀ ਭਾਰਤ ਵੱਲ ਕਰਨਾ ਚਾਹੁੰਦੇ ਹਨ ਤੇ ਸ਼ੁਰੂਆਤੀ ਤੌਰ 'ਤੇ ਉਨ੍ਹਾਂ ਦੀ ਯੋਜਨਾ ਅੰਮ੍ਰਿਤਸਰ, ਚੰਡੀਗੜ੍ਹ ਤੇ ਦਿੱਲੀ ਵਿਚ ਇਹ ਤਕਨੀਕ ਲਾਗੂ ਕਰਨ ਦੀ ਹੈ।

ਵਰਣਨਯੋਗ ਹੈ ਕਿ 2010 ਵਿਚ ਕਾਮਨਵੈਲਥ ਖੇਡਾਂ ਦੌਰਾਨ ਦਿੱਲੀ ਨੇ ਪਹਿਲਾਂ ਅਜਿਹਾ ਸਿਸਟਮ ਲਾਗੂ ਕਰਨ ਦਾ ਐਲਾਨ ਕੀਤਾ ਸੀ ਪਰ ਕੁਝ ਕਾਰਨਾਂ ਕਾਰਨ ਅਜਿਹਾ ਉਸ ਵੇਲੇ ਸੰਭਵ ਨਹੀਂ ਹੋ ਸਕਿਆ। ਅੰਮ੍ਰਿਤਸਰ ਸ਼ਹਿਰ ਦੀਆਂ ਤੰਗ ਸੜਕਾਂ, ਟ੍ਰੈਫਿਕ ਨੇਮਾਂ ਨੂੰ ਅਣਗੌਲਿਆਂ ਕਰਦੇ ਲੋਕ ਤੇ ਥਾਂ-ਥਾਂ ਲੱਗੇ ਜਾਮ ਇਨ੍ਹਾਂ ਸਭ ਸਮੱਸਿਆਵਾਂ ਦਾ ਇਸ ਸਿਸਟਮ ਰਾਹੀਂ ਢੁਕਵਾਂ ਜਵਾਬ ਦਿੱਤਾ ਜਾ ਸਕਦਾ ਹੈ, ਅਜਿਹਾ ਕੰਪਨੀ ਦਾ ਮੰਨਣਾ ਹੈ।

ਹਾਲਾਂਕਿ ਅੰਮ੍ਰਿਤਸਰ ਦੇ ਏ.ਡੀ.ਸੀ.ਪੀ. ਟ੍ਰੈਫਿਕ ਧਰੁਮਨ ਸਿਮਬਲੇ ਨੇ ਸ਼ਹਿਰ ਦੀਆਂ ਟ੍ਰੈਫਿਕ ਸਮੱਸਿਆਵਾਂ ਬਾਰੇ ਕਿਹਾ ਕਿ ਸ਼ਹਿਰ ਦੀ ਪੁਰਾਣੀ ਬਣਤਰ, ਤੰਗ ਸੜਕਾਂ ਤੇ ਲੋਕਾਂ ਦਾ ਨੇਮਾਂ ਦਾ ਪਾਲਣ ਨਾ ਕਰਨਾ ਹੀ ਟ੍ਰੈਫਿਕ ਦੀ ਸਮੱਸਿਆ ਦਾ ਬੁਨਿਆਦੀ ਕਾਰਨ ਹੈ।

## *ਹਾਈਕੋਰਟ ਨੇ ਕੁਦਰਤੀ ਆਫਤਾਂ ਬਾਰੇ ਕੇਂਦਰੀ ਫੰਡਾਂ ਦਾ ਹਿਸਾਬ ਮੰਗਿਆ*

**ਚੰਡੀਗੜ੍ਹ:** ਪੰਜਾਬ ਤੇ ਹਰਿਆਣਾ ਹਾਈਕੋਰਟ ਨੇ ਸਥਾਨਕ ਸਰਕਾਰ ਵਿਭਾਗ ਦੇ ਸਕੱਤਰ ਤੇ ਵਿੱਤ ਸਕੱਤਰ ਨੂੰ 3 ਹਫ਼ਤਿਆਂ ਵਿਚ ਕੇਂਦਰ ਸਰਕਾਰ ਤੋਂ ਸਾਲ 2013-14 ਤੇ 2014-15 ਲਈ ਕੁਦਰਤੀ ਆਫ਼ਤ ਰਾਹਤ ਫ਼ੰਡ ਲਈ ਆਏ 300 ਕਰੋੜ ਰੁਪਏ ਦਾ ਖ਼ਰਚ ਬਿਊਰਾ ਹਲਫ਼ਨਾਮੇ ਸਮੇਤ ਪੇਸ਼ ਕਰਨ ਬਾਰੇ ਕਿਹਾ ਹੈ। ਅਦਾਲਤ ਨੇ ਇਹ ਹੁਕਮ ਪੰਜਾਬ ਦੇ ਸਮੁੱਚੇ ਸ਼ਹਿਰਾਂ ਵਿਚ ਫਾਇਰ ਬ੍ਰਿਗੇਡ ਗੱਡੀਆਂ ਵਸੋਂ ਅਨੁਸਾਰ ਪੂਰੀਆਂ ਕਰਵਾਉਣ ਨੂੰ ਲੈ ਕੇ ਵਿਰੋਧੀ ਧਿਰ ਦੇ ਆਗੂ ਸੁਨੀਲ ਜਾਖੜ ਵੱਲੋਂ ਪਾਈ ਪਟੀਸ਼ਨ 'ਤੇ ਸੁਣਵਾਈ ਕਰਦਿਆਂ ਸੁਣਾਇਆ ਹੈ।

ਮਿਲੀ ਜਾਣਕਾਰੀ ਅਨੁਸਾਰ ਪੰਜਾਬ ਦੇ ਜ਼ਿਆਦਾਤਰ ਸ਼ਹਿਰਾਂ ਕਈ ਸਾਲਾਂ ਤੋਂ ਫਾਇਰ ਬ੍ਰਿਗੇਡ ਗੱਡੀਆਂ ਨਾ ਹੋਣ ਕਾਰਨ ਵਿਰੋਧੀ ਧਿਰ ਦੇ ਆਗੂ ਸੁਨੀਲ ਜਾਖੜ ਨੇ ਹਾਈਕੋਰਟ ਵਿਚ ਪਟੀਸ਼ਨ ਦਾਇਰ ਕੀਤੀ ਸੀ ਜਿਸ ਵਿਚ ਪੰਜ ਮਈ 2014 ਨੂੰ ਸਥਾਨਕ ਸਰਕਾਰਾਂ ਵਿਭਾਗ ਦੇ ਸਕੱਤਰ ਨੇ ਹਾਈਕੋਰਟ ਵਿਚ ਐਫੀਡੇਵਿਟ ਦੇ ਕੇ ਦੱਸਿਆ ਸੀ ਕਿ ਸਰਕਾਰ ਤੋਂ ਸੂਬੇ ਦੇ ਸ਼ਹਿਰਾਂ ਵਿਚ ਫਾਇਰ ਬ੍ਰਿਗੇਡ ਗੱਡੀਆਂ ਉਪਲਬਧ ਕਰਵਾਉਣ ਲਈ 43 ਕਰੋੜ ਰੁਪਏ ਮੰਗੇ ਗਏ ਹਨ ਪਰ ਪੰਜ ਮਹੀਨੇ ਬੀਤਣ ਬਾਅਦ ਸਰਕਾਰ ਕੁਝ ਵੀ ਨਹੀਂ ਕਰ ਸਕੀ। ਹੁਣ ਤਰੀਕ 'ਤੇ ਜਾਖੜ ਦੇ ਵਕੀਲ ਵੱਲੋਂ ਕੋਰਟ ਦੇ ਧਿਆਨ ਵਿਚ ਸਾਰਾ ਮਸਲਾ ਲਿਆਂਦਾ ਗਿਆ ਤੇ ਕਿਹਾ ਕਿ ਕੁਦਰਤੀ ਆਫ਼ਤਾਂ ਨਾਲ ਨਿਪਟਣ ਲਈ ਆਇਆ ਪੈਸਾ ਹੋਰ ਕੰਮਾਂ 'ਤੇ ਖ਼ਰਚਿਆ ਗਿਆ ਹੈ। ਜਿਸ 'ਤੇ ਸੁਣਵਾਈ ਕਰਦਿਆਂ ਮਾਨਯੋਗ ਜੱਜ ਨੇ 3 ਹਫ਼ਤਿਆਂ ਵਿਚ ਇਸ ਬਾਰੇ ਪੇਸ਼ ਹੋ ਕੇ ਸਾਰਾ ਬਿਊਰਾ ਦੇਣ ਦੇ ਆਦੇਸ਼ ਸਰਕਾਰ ਨੂੰ ਕੀਤੇ ਹਨ। ਉਧਰ ਸੁਨੀਲ ਜਾਖੜ ਨੇ ਕਿਹਾ ਕਿ ਸਰਕਾਰ ਉਂਜ ਤਾਂ ਸੋਚ ਨਹੀਂ ਰਹੀ ਹੈ ਪਰ ਉਹ ਮਾਨਯੋਗ ਉੱਚ ਅਦਾਲਤ ਰਾਹੀਂ ਸੂਬੇ ਦੇ ਸ਼ਹਿਰਾਂ ਵਿਚ ਫਾਇਰ ਬ੍ਰਿਗੇਡ ਗੱਡੀਆਂ ਉਪਲਬਧ ਕਰਵਾਉਣਗੇ।

# ਪੰਜਾਬ 'ਚ ਫਰਜ਼ੀ ਪੈਨਸ਼ਨਰਾਂ ਦੀਆਂ ਹੇੜ੍ਹਾਂ

**ਚੰਡੀਗੜ੍ਹ:** ਪੰਜਾਬ ਵਿਚ 70 ਹਜ਼ਾਰ ਤੋਂ ਵਧੇਰੇ ਪੈਨਸ਼ਨਰ ਜਾਅਲੀ ਹਨ ਪਰ ਸੱਚਾਈ ਸਾਹਮਣੇ ਆਉਣ ਤੋਂ ਬਾਅਦ ਵੀ ਅਜਿਹੇ ਲੋਕਾਂ ਨੂੰ ਅਦਾਇਗੀਆਂ ਜਾਰੀ ਹਨ। ਇਹ ਸ਼ੱਕੀ ਪੈਨਸ਼ਨਰ ਸਮਾਜਿਕ ਸੁਰੱਖਿਆ ਵਿਭਾਗ ਵੱਲੋਂ ਜਾਅਲੀ ਪੈਨਸ਼ਨਰਾਂ ਦੀ ਪਛਾਣ ਲਈ ਪਿਛਲੇ ਵਰ੍ਹੇ ਸ਼ੁਰੂ ਕੀਤੇ ਸਰਵੇਖਣ ਦੇ ਪਹਿਲੇ ਪੜਾਅ ਦੌਰਾਨ ਸਾਹਮਣੇ ਆਏ ਸਨ। ਪੰਜਾਬ ਵਿਚ ਇਸ ਵੇਲੇ ਸਾਢੇ 19 ਲੱਖ ਪੈਨਸ਼ਨਰ ਸਮਾਜਿਕ ਸੁਰੱਖਿਆ ਵਿਭਾਗ ਕੋਲ ਦਰਜ ਹਨ।

ਸਰਕਾਰੀ ਰਿਕਾਰਡ ਮੁਤਾਬਕ ਇਨ੍ਹਾਂ ਪੈਨਸ਼ਨਰਾਂ ਨੂੰ ਹਰ ਮਹੀਨੇ ਤਕਰੀਬਨ 49 ਕਰੋੜ ਰੁਪਏ ਬੁਢਾਪਾ ਪੈਨਸ਼ਨ, ਵਿਧਵਾ ਪੈਨਸ਼ਨ, ਅੰਗਹੀਣ ਵਿਅਕਤੀ ਪੈਨਸ਼ਨ ਤੇ ਅਨਾਥ (ਆਸ਼ਰਿਤ) ਪੈਨਸ਼ਨ ਦੇ ਰੂਪ ਵਿਚ ਦਿੱਤੀ ਜਾ ਰਹੀ ਹੈ ਪਰ ਇਨ੍ਹਾਂ ਪੈਨਸ਼ਨਰਾਂ ਦੀ ਪਛਾਣ ਦਾ ਅਮਲ ਕੱਛੂਕੁੰਮੇ ਦੀ ਤੋਰ ਚੱਲ ਰਿਹਾ ਹੈ। ਅਸਲ ਵਿਚ ਪਿਛਲੇ ਵਰ੍ਹੇ ਜਦੋਂ ਜਾਅਲੀ ਪੈਨਸ਼ਨਰਾਂ ਦਾ ਮਸਲਾ ਅਖਬਾਰੀ ਸੁਰਖੀਆਂ ਵਿਚ ਆਉਣਾ ਸ਼ੁਰੂ ਹੋਇਆ ਤਾਂ ਸਮਾਜਿਕ ਸੁਰੱਖਿਆ ਵਿਭਾਗ ਦੇ ਨਿਰਦੇਸ਼ਾਂ 'ਤੇ ਜ਼ਿਲ੍ਹਿਆਂ ਵਿਚ ਬੀ.ਐਲ.ਓ. ਤੇ ਆਂਗਨਵਾੜੀ ਵਰਕਰਾਂ ਵੱਲੋਂ ਸਰਵੇਖਣ ਸ਼ੁਰੂ ਕੀਤਾ ਗਿਆ।

ਸਰਵੇਖਣ ਨੂੰ ਦੋ ਪੜਾਵਾਂ ਵਿਚ ਵੰਡਿਆ ਗਿਆ, ਜਦੋਂ ਪਹਿਲੇ ਪੜਾਅ ਦਾ ਸਰਵੇਖਣ ਜਾਰੀ ਸੀ, ਉਸ ਵੇਲੇ 70 ਹਜ਼ਾਰ ਤੋਂ ਵੱਧ ਸ਼ੱਕੀ ਪੈਨਸ਼ਨਰ ਮਿਲਣ ਦਾ ਖੁਲਾਸਾ ਹੋਇਆ ਸੀ। ਪਹਿਲੇ ਪੜਾਅ ਵਿਚ ਸ਼ੱਕੀ ਪੈਨਸ਼ਨਰਾਂ ਦੀ ਪਛਾਣ ਕੀਤੀ ਜਾਣੀ ਸੀ, ਜਿਸ ਤੋਂ ਬਾਅਦ ਸ਼ੱਕੀ ਵਿਅਕਤੀਆਂ ਦੇ ਨਾਂ ਗ੍ਰਾਮ ਸਭਾਵਾਂ ਨੂੰ ਭੇਜੇ ਜਾਣੇ ਸਨ, ਜਿਨ੍ਹਾਂ ਵੱਲੋਂ ਅਜਿਹੇ ਸ਼ੱਕੀਆਂ ਦੇ ਪੈਨਸ਼ਨਰ ਹੋਣ ਜਾਂ ਨਾ ਹੋਣ ਬਾਰੇ ਪੁਸ਼ਟੀ ਹੋਣੀ ਸੀ।

ਵਿਭਾਗ ਦੀ ਯੋਜਨਾ ਸੀ ਕਿ ਜਿਹੜੇ ਵਿਅਕਤੀ ਜਾਅਲੀ ਪੈਨਸ਼ਨਰ ਪਾਏ ਜਾਣਗੇ, ਉਨ੍ਹਾਂ ਤੋਂ ਸਰਕਾਰ ਪੈਨਸ਼ਨਾਂ ਵਜੋਂ ਦਿੱਤੀ ਗਈ ਰਕਮ ਵਾਪਸ ਲਵੇਗੀ। ਸੂਤਰਾਂ ਅਨੁਸਾਰ ਇਸ ਮਸਲੇ 'ਤੇ ਅਦਾਲਤ ਨੇ ਵੀ ਸਰਕਾਰ ਤੋਂ ਜਵਾਬ ਮੰਗਿਆ ਸੀ, ਜਿਸ ਵਿਚ ਸਰਕਾਰ ਨੇ ਅਦਾਲਤ ਨੂੰ ਨਕਲੀ ਪੈਨਸ਼ਨਰਾਂ ਤੇ ਉਨ੍ਹਾਂ ਤੋਂ ਕੀਤੀ ਰਿਕਵਰੀ ਦੀ ਜਾਣਕਾਰੀ ਦੇਣੀ ਸੀ ਪਰ ਸਾਲ ਤੋਂ ਵਧੇਰੇ ਸਮਾਂ ਬੀਤ ਜਾਣ ਦੇ ਬਾਵਜੂਦ ਸਰਵੇਖਣ ਦਾ ਕੰਮ ਪੂਰਾ ਨਹੀਂ ਹੋ ਸਕਿਆ। ਪਤਾ ਲੱਗਾ ਹੈ ਕਿ ਸਰਕਾਰ ਨੇ ਇਸ ਬਾਰੇ ਸਰਵੇਖਣ ਪੂਰਾ ਕਰਕੇ ਜਵਾਬ ਦਾਇਰ ਕਰਨ ਵਾਸਤੇ ਅਦਾਲਤ ਤੋਂ ਛੇ ਮਹੀਨਿਆਂ ਦਾ ਹੋਰ ਸਮਾਂ ਮੰਗਿਆ ਹੈ।

ਦੂਜੇ ਪਾਸੇ ਸਾਢੇ 19 ਲੱਖ ਪੈਨਸ਼ਨਰਾਂ ਨੂੰ ਘਰ-ਘਰ ਜਾ ਕੇ ਬਾਇਓਮੀਟ੍ਰਿਕ ਢੰਗ ਨਾਲ ਪੈਨਸ਼ਨ ਦੇਣ ਦਾ ਪ੍ਰਾਜੈਕਟ ਵੀ ਠੰਢੇ ਬਸਤੇ ਵਿਚ ਹੈ। ਇਹ ਪ੍ਰਾਜੈਕਟ ਪੰਜਾਬ ਵਿਚ ਕੁਝ ਥਾਈਂ ਪ੍ਰਯੋਗ ਵਜੋਂ ਸ਼ੁਰੂ ਕੀਤਾ ਗਿਆ ਸੀ, ਜਿਸ ਤਹਿਤ ਮੌਕੇ 'ਤੇ ਵਿਅਕਤੀ ਦੀਆਂ ਉਂਗਲਾਂ ਤੇ ਅੰਗੂਠਿਆਂ ਦੇ ਨਿਸ਼ਾਨ ਲਏ ਜਾਂਦੇ ਹਨ ਤੇ ਜੇਕਰ ਉਹ ਪੈਨਸ਼ਨ ਬਾਇਓਮੀਟ੍ਰਿਕ ਮਸ਼ੀਨ ਵਿਚ ਪਹਿਲਾਂ ਤੋਂ ਮੌਜੂਦ ਵਿਅਕਤੀ ਦੇ ਨਿਸ਼ਾਨਾਂ ਨਾਲ ਮੇਲ ਖਾਂਦੇ ਹਨ ਤਾਂ ਪੈਨਸ਼ਨ ਦੀ ਅਦਾਇਗੀ ਕਰ ਦਿੱਤੀ ਜਾਂਦੀ ਹੈ, ਪਰ ਇਹ ਪ੍ਰਾਜੈਕਟ ਪੂਰੀ ਤਰ੍ਹਾਂ ਅਸਫ਼ਲ ਸਾਬਤ ਹੋ ਰਿਹਾ ਹੈ।

ਇਸ ਬਾਰੇ ਸਮਾਜਿਕ ਸੁਰੱਖਿਆ ਵਿਭਾਗ ਦੇ ਡਾਇਰੈਕਟਰ ਮੈਡਮ ਅਲਕਨੰਦਾ ਦਿਆਲ ਨੇ ਕਿਹਾ ਕਿ ਬਹੁਤੇ ਪੈਨਸ਼ਨਰ ਅਜਿਹੇ ਹਨ, ਜਿਹੜੇ ਕਿ ਮਿਹਨਤ ਮਜ਼ਦੂਰੀ ਕਰਦੇ ਹਨ, ਇਸ ਲਈ ਹਰ ਵਾਰ ਉਨ੍ਹਾਂ ਦੇ ਹੱਥਾਂ ਦੇ ਨਿਸ਼ਾਨ ਵੱਖ-ਵੱਖ ਆਉਂਦੇ ਹਨ, ਇਸ ਲਈ ਪ੍ਰਾਜੈਕਟ ਵਿਚ ਸਮੱਸਿਆ ਪੇਸ਼ ਆ ਰਹੀ ਹੈ ਤੇ ਇਸ ਪ੍ਰਕ੍ਰਿਆ ਵਿਚ ਹੋਰ ਦਿੱਕਤਾਂ ਵੀ ਹਨ।


# Are You Tired Of All Treatments?
## Try Homeopathic Natural Medicines (HNM)

**Gurdip Singh Sandhu**
Homeopathic Practitioner/Consultant
DHMS-Gold Medalist, BAMS, MDEh.- India
**1188 E Santa Clara St., San Jose, CA 95116**

**Well Experienced as:**
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577

**Homeopathic natural medicines supply**


*Gurdip Singh Sandhu*

**EX Member:**
*The California Homeopathic Society*
National Center For Homeopathy- USA

**Ph:(408) 687-1899**
**(408) 729-6691**
**Fax:(408)292-6200**

Email: Homeomdicine@yahoo.com
Website: www.Homeopathyatoz.com

***Toll Free: 1-877-OK-HOMEO (1-877-654-6636)***


# ਪੰਜਾਬ ਮਨੁੱਖੀ ਅਧਿਕਾਰ ਕਮਿਸ਼ਨ ਵਿਚ ਭਰਤੀ ਉਤੇ ਉਠੇ ਸਵਾਲ

**ਚੰਡੀਗੜ੍ਹ:** ਪੰਜਾਬ ਸਰਕਾਰ ਵੱਲੋਂ ਰਾਜ ਮਨੁੱਖੀ ਅਧਿਕਾਰ ਕਮਿਸ਼ਨ ਵਿਚ ਸਟਾਫ਼ ਦੀ ਭਰਤੀ ਹਿੱਤ ਹਾਈਕੋਰਟ ਦੇ ਹੁਕਮਾਂ 'ਤੇ ਤਿਆਰ ਕੀਤਾ ਗਿਆ ਨਿਯਮਾਂ ਦਾ ਖਰੜਾ ਅਦਾਲਤ ਵਿਚ ਪੇਸ਼ ਤਾਂ ਕੀਤਾ ਗਿਆ ਪਰ ਇਸ ਨੂੰ ਹਾਈਕੋਰਟ ਦੀ ਪ੍ਰਵਾਨਗੀ ਨਹੀਂ ਮਿਲ ਸਕੀ।

ਇਹ ਕੇਸ ਐਡਵੋਕੇਟ ਦਿਨੇਸ਼ ਚੱਢਾ ਵੱਲੋਂ ਦਾਇਰ ਇਕ ਜਨਹਿੱਤ ਪਟੀਸ਼ਨ 'ਤੇ ਚੱਲ ਰਿਹਾ ਹੈ। ਇਸ ਮਾਮਲੇ ਵਿਚ ਕਮਿਸ਼ਨ ਵਿਚ ਇਸ ਵੇਲੇ ਠੇਕਾ ਅਧਾਰਤ ਤੇ ਆਊਟ ਸੋਰਸਿੰਗ ਰਾਹੀਂ ਕੰਮ ਕਰਦੇ 46 ਮੁਲਾਜ਼ਮ ਵੀ ਧਿਰ ਬਣੇ ਹੋਏ ਹਨ, ਜਿਨ੍ਹਾਂ ਵੱਲੋਂ ਪੇਸ਼ ਹੋਏ ਵਕੀਲ ਹਰੀ ਚੰਦ ਅਰੋੜਾ ਨੇ ਸਰਕਾਰ ਦੇ ਖਰੜੇ ਉੱਤੇ ਸੁਆਲ ਖੜ੍ਹੇ ਕਰਦਿਆਂ ਦਾਅਵਾ ਕੀਤਾ ਕਿ ਸਰਕਾਰ ਕਹਿ ਰਹੀ ਹੈ ਕਿ ਕਮਿਸ਼ਨ ਵਿਚ ਮੁਲਾਜ਼ਮਾਂ ਦੀ ਭਰਤੀ ਤੇ ਨਿਯੁਕਤੀ ਉਹ ਖ਼ੁਦ ਕਰੇਗੀ ਜੋ ਕਿ ਮਨੁੱਖੀ ਅਧਿਕਾਰ ਐਕਟ 1993 ਦੀ ਧਾਰਾ 27 ਦੀ ਉਲੰਘਣਾ ਹੈ। ਇਸ ਕੇਸ 'ਤੇ ਅਗਲੀ ਸੁਣਵਾਈ ਹੁਣ ਅਗਲੇ ਸਾਲ ਨੌਂ ਜਨਵਰੀ ਨੂੰ ਹੋਵੇਗੀ।




# ਬ੍ਰਿਟਿਸ਼ ਕੋਲੰਬੀਆ ਵੱਲੋਂ ਪੰਜਾਬ ਨਾਲ ਵੱਡੀ ਭਾਈਵਾਲੀ ਦਾ ਭਰੋਸਾ

## ਖੇਤਬਾੜੀ ਤੇ ਊਰਜਾ ਖੇਤਰ 'ਚ ਤਕਨੀਕੀ ਵਟਾਂਦਰੇ ਦੀ ਪੇਸ਼ਕਸ਼



**ਚੰਡੀਗੜ੍ਹ:** ਬ੍ਰਿਟਿਸ਼ ਕੋਲੰਬੀਆ, ਕੈਨੇਡਾ ਦੀ ਪ੍ਰੀਮੀਅਰ ਕ੍ਰਿਸਟੀ ਕਲਾਰਕ ਨੇ ਸਿੱਖਿਆ, ਐਗਰੋ ਫੂਡ ਪ੍ਰੋਸੈਸਿੰਗ ਤੇ ਸੂਰਜੀ ਊਰਜਾ ਦੇ ਖੇਤਰ ਵਿਚ ਪੰਜਾਬ ਨਾਲ ਭਾਈਵਾਲੀ ਕਰਨ ਦੀ ਇੱਛਾ ਪ੍ਰਗਟ ਕੀਤੀ ਹੈ। ਸ੍ਰੀਮਤੀ ਕਲਾਰਕ ਦੀ ਅਗਵਾਈ ਵਿਚ ਬ੍ਰਿਟਿਸ਼ ਕੋਲੰਬੀਆ ਦੇ ਇਕ ਵਫ਼ਦ ਨੇ ਪੰਜਾਬ ਦੇ ਉਪ ਮੁੱਖ ਮੰਤਰੀ ਸੁਖਬੀਰ ਬਾਦਲ ਨਾਲ ਮੁਲਾਕਾਤ ਕੀਤੀ ਤੇ ਵਣਜ ਤੇ ਵਪਾਰ ਦੇ ਖੇਤਰ ਵਿਚ ਪੰਜਾਬ ਸਮੇਤ ਸਮੁੱਚੇ ਭਾਰਤ ਨਾਲ ਭਾਈਵਾਲੀ ਕਰਨ ਤੋਂ ਇਲਾਵਾ ਖੇਤਬਾੜੀ ਤੇ ਊਰਜਾ ਖੇਤਰ ਵਿਚ ਤਕਨੀਕੀ ਵਟਾਂਦਰੇ ਦੀ ਪੇਸ਼ਕਸ਼ ਕੀਤੀ।

ਸ੍ਰੀਮਤੀ ਕਲਾਰਕ ਨੇ ਕਿਹਾ ਕਿ ਪੰਜਾਬ ਹੀ ਇਕਲੌਤਾ ਅਜਿਹਾ ਭਾਰਤੀ ਸੂਬਾ ਹੈ ਜਿਥੇ ਕੈਨੇਡਾ ਵੱਲੋਂ ਵਪਾਰ ਦਫ਼ਤਰ ਸਥਾਪਤ ਕੀਤਾ ਗਿਆ ਹੈ। ਉਨ੍ਹਾਂ ਵਿਸ਼ਵਾਸ ਦਿਵਾਇਆ ਕਿ ਬ੍ਰਿਟਿਸ਼ ਕੋਲੰਬੀਆ ਤੇ ਪੰਜਾਬ ਦਰਮਿਆਨ ਵਪਾਰ ਨੂੰ ਹੋਰ ਮਜ਼ਬੂਤ ਕੀਤਾ ਜਾਵੇਗਾ। ਉਪ ਮੁੱਖ ਮੰਤਰੀ ਨੇ ਬ੍ਰਿਟਿਸ਼ ਕੋਲੰਬੀਆ ਦੀ ਪ੍ਰੀਮੀਅਰ ਨੂੰ ਦੱਸਿਆ ਕਿ ਪੰਜਾਬ ਕੋਲ ਸਭ ਤੋਂ ਵੱਡਾ ਨਹਿਰੀ ਢਾਂਚਾ ਹੈ ਜਿਸਦੀ ਵਰਤੋਂ ਪਣ ਬਿਜਲੀ ਬਣਾਉਣ ਲਈ ਕੀਤੀ ਜਾ ਸਕਦੀ ਹੈ ਤੇ ਸੂਬੇ ਵੱਲੋਂ ਕਈ ਥਾਵਾਂ 'ਤੇ ਛੋਟੇ ਪਣ ਬਿਜਲੀ ਪ੍ਰਾਜੈਕਟ ਲਗਾਏ ਗਏ ਹਨ। ਪੰਜਾਬ ਨੂੰ ਨਿਵੇਸ਼ ਲਈ ਬਿਹਤਰ ਸਥਾਨ ਬਣਾਉਣ ਲਈ ਸਰਕਾਰ ਨੇ ਢੁਕਵੀਆਂ ਵਪਾਰ ਨੀਤੀਆਂ ਲਾਗੂ ਕਰਨ ਤੋਂ ਇਲਾਵਾ ਕਈ ਵੱਡੇ ਕਦਮ ਪੁੱਟੇ ਹਨ। ਸ. ਬਾਦਲ ਨੇ ਕਿਹਾ ਕਿ ਸਿੰਗਲ ਵਿੰਡੋ ਪ੍ਰਣਾਲੀ ਲਾਗੂ ਕਰਦਿਆਂ ਪੰਜਾਬ ਸਰਕਾਰ ਵੱਲੋਂ ਇਨਵੈਸਟਮੈਂਟ ਪ੍ਰਮੋਸ਼ਨ ਬਿਊਰੋ ਸਥਾਪਤ ਕੀਤਾ ਗਿਆ ਹੈ ਜਿਸ ਨਾਲ ਹੁਣ ਨਿਵੇਸ਼ਕ ਨੂੰ ਥੋੜ੍ਹੇ ਸਮੇਂ ਵਿਚ ਸਾਰੀਆਂ ਪ੍ਰਵਾਨਗੀਆਂ ਸਿਰਫ਼ ਇਕ ਅਰਜ਼ੀ ਦਾਇਰ ਕਰਨ 'ਤੇ ਹੀ ਮਿਲ ਜਾਂਦੀਆਂ ਹਨ। ਪੰਜਾਬ ਇਨਵੈਸਟਮੈਂਟ ਪ੍ਰਮੋਸ਼ਨ ਬਿਊਰੋ ਦੇ ਗਠਨ ਤੋਂ ਬਾਅਦ 90 ਪ੍ਰਾਜੈਕਟਾਂ ਨੂੰ ਪ੍ਰਵਾਨਗੀ ਮਿਲ ਚੁੱਕੀ ਹੈ।

ਸੂਬੇ ਬ੍ਰਿਟਿਸ਼ ਕੋਲੰਬੀਆ ਤੇ ਪੰਜਾਬ ਨੇ ਸਿੱਖਿਆ ਪ੍ਰਣਾਲੀ ਨੂੰ ਬਿਹਤਰ ਬਣਾਉਣ ਲਈ ਅਧਿਆਪਕਾਂ ਤੇ ਵਿਦਿਆਰਥੀਆਂ ਦਾ ਆਪਸੀ ਵਟਾਂਦਰਾ ਪ੍ਰੋਗਰਾਮ ਸ਼ੁਰੂ ਕਰਨ ਦਾ ਫੈਸਲਾ ਕੀਤਾ ਹੈ। ਇਹ ਸਹਿਮਤੀ ਸੂਬਾ ਦੇ ਸਿੱਖਿਆ ਮੰਤਰੀ ਡਾ. ਦਲਜੀਤ ਸਿੰਘ ਚੀਮਾ ਤੇ ਬ੍ਰਿਟਿਸ਼ ਕੋਲੰਬੀਆ ਦੇ ਉਚੇਰੀ ਸਿੱਖਿਆ ਮੰਤਰੀ ਅਮਰੀਕ ਸਿੰਘ ਵਿਰਕ ਵਿਚਾਲੇ ਮੀਟਿੰਗ ਦੌਰਾਨ ਪ੍ਰਗਟਾਈ ਗਈ।

ਦੋਵਾਂ ਸੂਬਿਆਂ ਦੀਆਂ ਸਰਕਾਰਾਂ ਨੇ ਫੈਸਲਾ ਕੀਤਾ ਕਿ ਅਧਿਆਪਕਾਂ ਨੂੰ ਸਮੇਂ ਦਾ ਹਾਣੀ ਬਣਾਉਣ ਲਈ ਆਪਸੀ ਵਟਾਂਦਰਾ ਪ੍ਰੋਗਰਾਮ ਸ਼ੁਰੂ ਕੀਤਾ ਜਾਵੇ। ਦੋਵਾਂ ਸੂਬਿਆਂ ਨੇ 11ਵੀਂ ਤੇ 12ਵੀਂ ਦੇ ਵਿਦਿਆਰਥੀਆਂ ਦਾ ਆਪਸੀ ਵਟਾਂਦਰਾ ਪ੍ਰੋਗਰਾਮ ਸ਼ੁਰੂ ਕਰਨ ਦੀ ਲੋੜ ਨੂੰ ਸਮਝਦਿਆਂ ਵਿਦਿਆਰਥੀਆਂ ਦੇ ਸਿੱਖਿਆ ਟੂਰ ਪ੍ਰੋਗਰਾਮ ਸ਼ੁਰੂ ਕੀਤੇ ਜਾਣ 'ਤੇ ਸਹਿਮਤੀ ਪ੍ਰਗਟਾਈ ਹੈ।

## ... ਤੇ ਡਰੱਗ ਤਸਕਰੀ ਦਾ ਮੁੱਦਾ ਵਿਸਰ ਗਿਆ

ਪੰਜਾਬ ਤੇ ਬ੍ਰਿਟਿਸ਼ ਕੋਲੰਬੀਆ ਨੇ ਭਾਵੇਂ ਕਈ ਅਹਿਮ ਮੁੱਦਿਆਂ 'ਤੇ ਚਰਚਾ ਕੀਤੀ ਪਰ ਡਰੱਗ ਮਾਫੀਆ ਦੀਆਂ ਆਪਸ ਵਿਚ ਤਾਰਾਂ ਜੁੜਨ ਬਾਰੇ ਕੋਈ ਗੱਲ ਸਾਂਝੀ ਨਹੀਂ ਹੋਈ। ਦੱਸਣਯੋਗ ਹੈ ਕਿ ਪੰਜਾਬ ਪੁਲਿਸ ਪਿਛਲੇ ਸਮੇਂ ਤੋਂ ਵੱਡੇ ਦਾਅਵੇ ਕਰਦੀ ਆ ਰਹੀ ਹੈ ਕਿ ਪੰਜਾਬ ਦੇ ਡਰੱਗ ਮਾਫੀਆ ਦੀਆਂ ਤਾਰਾਂ ਕੈਨੇਡਾ ਦੇ ਮਾਫੀਏ ਨਾਲ ਜੁੜੀਆਂ ਹਨ।

ਬ੍ਰਿਟਿਸ਼ ਕੋਲੰਬੀਆ ਦੀ ਰਾਜਧਾਨੀ ਵੈਨਕੂਵਰ ਕੈਨੇਡਾ ਨੂੰ ਪੰਜਾਬੀ ਡਰੱਗ ਮਾਫੀਆ ਦਾ ਗੜ੍ਹ ਮੰਨਿਆ ਜਾਂਦਾ ਹੈ ਤੇ ਇਥੇ ਪੰਜਾਬੀ ਮੂਲ ਦੇ ਗੈਂਗ ਅਕਸਰ ਇਕ-ਦੂਜੇ 'ਤੇ ਹਮਲੇ ਕਰਦੇ ਰਹਿੰਦੇ ਹਨ ਜਿਸ ਕਾਰਨ ਬੀਤੇ ਦੋ ਦਹਾਕਿਆਂ ਵਿਚ 40 ਤੋਂ ਵੱਧ ਪੰਜਾਬੀ ਨੌਜਵਾਨ ਮਾਰੇ ਜਾ ਚੁਕੇ ਹਨ।ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਤੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨਾਲ ਹੋਈਆਂ ਮੀਟਿੰਗਾਂ ਦੌਰਾਨ ਪੰਜਾਬ ਤੇ ਕੈਨੇਡਾ ਖਾਸ ਕਰਕੇ ਬੀਸੀ ਨਾਲ ਸਬੰਧਤ ਡਰੱਗ ਮਾਫੀਆ ਦੀਆਂ ਆਪਸ ਵਿਚ ਤਾਰਾਂ ਜੁੜਨ ਬਾਰੇ ਕੋਈ ਗੱਲ ਸਾਂਝੀ ਨਹੀਂ ਕੀਤੀ।

ਪੁਲਿਸ ਇਹ ਵੀ ਦਾਅਵਾ ਕਰ ਚੁੱਕੀ ਹੈ ਕਿ ਕੈਨੇਡਾ ਤੋਂ ਹਵਾਲਾ ਕਾਰੋਬਾਰ ਦਾ ਪੈਸਾ ਪੰਜਾਬ ਪਹੁੰਚ ਰਿਹਾ ਹੈ। ਇਹ ਰਕਮ ਤਕਰੀਬਨ ਪੰਜ ਹਜ਼ਾਰ ਕਰੋੜ ਰੁਪਏ ਦੇ ਨੇੜੇ-ਤੇੜੇ ਦੱਸੀ ਜਾ ਰਹੀ ਹੈ। ਬ੍ਰਿਟਿਸ਼ ਕੋਲੰਬੀਆ, ਕੈਨੇਡਾ ਦੀ ਪ੍ਰੀਮੀਅਰ ਕ੍ਰਿਸਟੀ ਕਲਾਰਕ ਦੋ ਦਿਨ ਚੰਡੀਗੜ੍ਹ ਵਿਚ ਰਹੀ ਤੇ ਪੰਜਾਬ ਸਰਕਾਰ ਨਾਲ ਕਈ ਮੁੱਦਿਆਂ 'ਤੇ ਚਰਚਾ ਕੀਤਾ ਪਰ ਡਰੱਗ ਤਸਕਰੀ ਦਾ ਮੁੱਦਾ ਵਿਸਾਰ ਦਿੱਤਾ ਗਿਆ। ਕ੍ਰਿਸਟੀ ਕਲਾਰਕ ਦਾ ਕਹਿਣਾ ਹੈ ਕਿ ਡਰੱਗ ਦਾ ਮੁੱਦੇ ਉਨ੍ਹਾਂ ਦੇ ਏਜੰਡੇ ਵਿਚ ਨਹੀਂ ਸੀ ਤੇ ਅੱਗੇ ਤੋਂ ਖਿਆਲ ਰੱਖਿਆ ਜਾਵੇਗਾ।

## ਕ੍ਰਿਸਟੀ ਕਲਾਰਕ ਵੱਲੋਂ ਮੋਦੀ ਦਾ ਗੁਣਗਾਨ

**ਚੰਡੀਗੜ੍ਹ:** ਬ੍ਰਿਟਿਸ਼ ਕੋਲੰਬੀਆ (ਕੈਨੇਡਾ) ਦੀ ਪ੍ਰੀਮੀਅਰ ਕ੍ਰਿਸਟੀ ਕਲਾਰਕ ਨੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦਾ ਗੁਣਗਾਨ ਕਰਦਿਆਂ ਕਿਹਾ ਕਿ ਉਨ੍ਹਾਂ ਵੱਲੋਂ ਕੌਮਾਂਤਰੀ ਪੱਧਰ 'ਤੇ ਵਪਾਰਕ ਸਾਂਝ ਬਣਾਉਣ ਲਈ ਅਫਸਰਸ਼ਾਹੀਤੰਤਰ ਰਹਿਤ ਸਿਸਟਮ ਸ਼ੁਰੂ ਕਰਨ ਦੇ ਦਿੱਤੇ ਸੰਕੇਤਾਂ ਤੋਂ ਆਸ ਬੱਝੀ ਹੈ ਕਿ ਕੈਨੇਡਾ ਤੇ ਭਾਰਤ ਦੇ ਵਪਾਰਕ ਸਬੰਧ ਹੋਰ ਮਜ਼ਬੂਤ ਤੇ ਵਿਆਪਕ ਹੋਣਗੇ। ਬ੍ਰਿਟਿਸ਼ ਕੋਲੰਬੀਆ ਵਿਚਲੇ ਤੇਲ ਦੇ ਵੱਡੇ ਪ੍ਰਾਜੈਕਟ ਵਿਚ ਭਾਰਤ ਸਰਕਾਰ ਵੱਲੋਂ ਚਾਰ ਬਿਲੀਅਨ ਡਾਲਰ ਨਿਵੇਸ਼ ਕਰਨ ਦੀ ਪਹਿਲਕਦਮੀ ਇਸ ਮੁਹਿੰਮ ਵਿਚ ਇਕ ਵੱਡਾ ਕਦਮ ਹੈ।

ਬ੍ਰਿਟਿਸ਼ ਕੋਲੰਬੀਆ ਨੇ ਵਪਾਰਕ ਖੇਤਰ ਵਿਚ ਬੰਗਲੌਰ, ਮੁੰਬਈ ਤੇ ਚੰਡੀਗੜ੍ਹ ਵਿਚ ਨਵੀਆਂ ਸਾਂਝਾ ਕਾਇਮ ਕਰਨ ਲਈ ਵੱਡੇ ਟੀਚੇ ਮਿਥੇ ਹਨ। ਬ੍ਰਿਟਿਸ਼ ਕੋਲੰਬੀਆ ਦੀ ਕੌਮਾਂਤਰੀ ਸਿੱਖਿਆ ਨੀਤੀ ਦਾ ਭਾਰਤ ਇਕ ਅਹਿਮ ਹਿੱਸਾ ਹੈ। ਇਸ ਸੂਬੇ ਵਿਚ ਸਾਲ 2016 ਤੱਕ ਸਿੱਖਿਆ ਦੇ ਖੇਤਰ ਵਿਚ ਕੌਮਾਂਤਰੀ ਵਿਦਿਆਰਥੀਆਂ ਦੀ ਗਿਣਤੀ ਵਿਚ 50 ਫੀਸਦੀ ਵਾਧਾ ਕਰਨ ਦਾ ਟੀਚਾ ਮਿਥਿਆ ਗਿਆ ਹੈ। ਸਾਲ 2012-13 ਦੌਰਾਨ ਭਾਰਤ ਤੋਂ 4600 ਵਿਦਿਆਰਥੀ ਬ੍ਰਿਟਿਸ਼ ਕੋਲੰਬੀਆ ਪੜ੍ਹਨ ਆਏ ਸਨ।

## ਖੋਜ ਦੇ ਖੇਤਰ 'ਚ ਪੰਜਾਬ ਯੂਨੀਵਰਸਿਟੀ ਫਾਡੀ

**ਚੰਡੀਗੜ੍ਹ:** ਸਾਲ 2014-15 ਦੀ ਵਿਸ਼ਵ ਰੈਂਕਿੰਗ ਵਿਚ ਦੂਜਾ ਸਥਾਨ ਲੈਣ ਵਿਚ ਸਫ਼ਲ ਰਹੀ ਹੈ ਪੰਜਾਬ ਯੂਨੀਵਰਸਿਟੀ ਖੋਜ ਖੇਤਰ ਵਿਚ ਫਾਡੀ ਰਹੀ ਹੈ। ਦੇਸ਼ ਦੀਆਂ ਦੂਜੀਆਂ ਕਈ ਸੰਸਥਾਵਾਂ ਇਸ ਖੇਤਰ ਵਿਚ ਅੱਗੇ ਨਿਕਲ ਗਈਆਂ ਹਨ। ਲੰਡਨ ਥਾਮਸਨ ਰਾਇਟਰਜ਼ ਵੱਲੋਂ ਕਰਵਾਏ ਸਰਵੇਖਣ ਵਿਚ ਟਾਈਮਜ਼ ਹਾਇਰ ਐਜੂਕੇਸ਼ਨ ਏਸ਼ੀਆ ਯੂਨੀਵਰਸਿਟੀ ਰੈਂਕਿੰਗ ਵਿਚ ਪੰਜਾਬ ਯੂਨੀਵਰਸਿਟੀ ਨੂੰ ਖੋਜ ਵਿਚੋਂ ਸਿਰਫ 10.5 ਅੰਕ ਮਿਲੇ ਹਨ। ਪਿਛਲੇ ਸਾਲ ਦੀ ਰੈਂਕਿੰਗ ਵੇਲੇ ਪੰਜਾਬ ਯੂਨੀਵਰਸਿਟੀ ਨੂੰ ਖੋਜ ਦੇ ਖੇਤਰ ਵਿਚ 24 ਅੰਕ ਮਿਲੇ ਸਨ ਜੋ ਕਿ ਇਸ ਸਾਲ ਨਾਲੋਂ ਕਰੀਬ 14 ਵੱਧ ਸਨ। ਕੁਲ ਮਿਲਾ ਕੇ ਪੰਜਾਬੀ ਯੂਨੀਵਰਸਿਟੀ ਭਾਵੇਂ ਆਈ.ਆਈ.ਟੀ. ਮੁੰਬਈ ਤੇ ਰੁੜਕੀ ਤੋਂ ਮੂਹਰੇ ਰਹੀ ਹੈ ਪਰ ਖੋਜ ਦੇ ਖੇਤਰ 'ਚ ਬੁਰੀ ਤਰ੍ਹਾਂ ਪਛੜ ਕੇ ਰਹਿ ਗਈ ਹੈ।

ਪੰਜਾਬ ਯੂਨੀਵਰਸਿਟੀ ਦੇ ਉਪ ਕੁਲਪਤੀ ਪ੍ਰੋ. ਅਰੁਣ ਕੁਮਾਰ ਗਰੋਵਰ ਨੇ ਅਹੁਦੇ ਦਾ ਚਾਰਜ ਸੰਭਾਲਦਿਆਂ ਹੀ ਅਦਾਰੇ ਨੂੰ ਖੋਜ ਦੇ ਖੇਤਰ ਵਿਚ ਸਿਖਰ 'ਤੇ ਲਿਜਾਣ ਦਾ ਸੁਪਨਾ ਲਿਆ ਸੀ। ਉਨ੍ਹਾਂ ਵੱਲੋਂ ਵੱਡੇ ਐਲਾਨ ਵੀ ਕੀਤੇ ਗਏ ਤੇ ਇਸ ਵਾਸਤੇ ਕਈ ਕਾਨਫਰੰਸਾਂ ਵੀ ਕਰਾਈਆਂ ਹਨ।

ਪੰਜਾਬ ਯੂਨੀਵਰਸਿਟੀ ਦੇ ਉਪ ਕੁਲਪਤੀ ਪ੍ਰੋ. ਅਰੁਣ ਕੁਮਾਰ ਗਰੋਵਰ ਦਾ ਕਹਿਣਾ ਹੈ ਕਿ ਮੁਕਾਬਲੇ ਵਿਚ ਹਰ ਸਾਲ ਨਵੇਂ ਅਦਾਰੇ ਸ਼ਾਮਲ ਹੁੰਦੇ ਹਨ। ਇਨ੍ਹਾਂ ਵਿਚੋਂ ਕਈਆਂ ਦੀ ਖੋਜ ਵਿਚ ਰੁਚੀ ਆਮ ਨਾਲੋਂ ਵਧੇਰੇ ਹੁੰਦੀ ਹੈ। ਉਨ੍ਹਾਂ ਕਿਹਾ ਕਿ ਯੂਨੀਵਰਸਿਟੀ ਖੋਜ ਖੇਤਰ ਵਿਚ ਬੁਲੰਦੀਆਂ ਵੱਲ ਜਾਣ ਲਈ ਯਤਨਸ਼ੀਲ ਹੈ।

# ਡਿਪਟੀ ਕਮਿਸ਼ਨਰਾਂ ਨੇ ਰੈਡ ਕਰਾਸ ਫੰਡਾਂ ਨੂੰ ਲਾਇਆ ਰਗੜਾ

**ਬਠਿੰਡਾ:** ਪੰਜਾਬ ਵਿਚ ਡਿਪਟੀ ਕਮਿਸ਼ਨਰਾਂ ਨੇ ਰੈੱਡ ਕਰਾਸ ਦੇ ਫੰਡਾਂ ਨਾਲ ਇਨੋਵਾ ਗੱਡੀਆਂ ਖਰੀਦੀਆਂ ਹਨ। ਅਜਿਹਾ ਕਰਨਾ ਹਾਈ ਕੋਰਟ ਦੇ ਹੁਕਮਾਂ ਦੀ ਉਲੰਘਣਾ ਅਤੇ ਗ਼ਰੀਬਾਂ ਲਈ ਰੱਖੇ ਪੈਸੇ ਦੀ ਦੁਰਵਰਤੋਂ ਹੈ। ਪਹਿਲਾਂ ਡਿਪਟੀ ਕਮਿਸ਼ਨਰਾਂ ਵੱਲੋਂ ਆਪਣੇ ਕੈਂਪ ਦਫ਼ਤਰਾਂ 'ਤੇ ਸਾਰਾ ਖਰਚਾ ਰੈੱਡ ਕਰਾਸ ਫੰਡਾਂ 'ਚੋਂ ਕੀਤਾ ਜਾਂਦਾ ਸੀ ਜਿਸ 'ਤੇ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਸਾਲ 2007-08 ਵਿਚ ਰੋਕ ਲਗਾ ਦਿੱਤੀ ਸੀ। ਹੁਣ ਡਿਪਟੀ ਕਮਿਸ਼ਨਰ ਰੈੱਡ ਕਰਾਸ ਫੰਡ 'ਚੋਂ ਕਾਰਾਂ ਖਰੀਦ ਕੇ ਚਲਾ ਰਹੇ ਹਨ।

ਰੈੱਡ ਕਰਾਸ ਮਾਨਸਾ ਵੱਲੋਂ 2012 ਦੇ ਅਖੀਰ ਵਿਚ ਨਵੀਂ ਇਨੋਵਾ ਗੱਡੀ 11.75 ਲੱਖ ਰੁਪਏ ਵਿਚ ਖਰੀਦੀ ਗਈ ਸੀ ਜਿਸ ਮਗਰੋਂ ਇਹ ਡਿਪਟੀ ਕਮਿਸ਼ਨਰ ਮਾਨਸਾ ਨੇ ਲੈ ਲਈ। ਇਸ ਗੱਡੀ (ਨੰਬਰ ਪੀ.ਬੀ. 31 ਜੇ. 2021) ਨੂੰ ਡਿਪਟੀ ਕਮਿਸ਼ਨਰ ਵਰਤ ਰਹੇ ਹਨ। ਡਿਪਟੀ ਕਮਿਸ਼ਨਰ ਪ੍ਰਵੀਨ ਕੁਮਾਰ ਥਿੰਦ ਦਾ ਕਹਿਣਾ ਸੀ ਕਿ ਉਨ੍ਹਾਂ ਤੋਂ ਪਹਿਲਾਂ ਹੀ ਇਹ ਗੱਡੀ ਖਰੀਦੀ ਗਈ ਸੀ। ਰੈੱਡ ਕਰਾਸ ਸੁਸਾਇਟੀ ਦੇ ਸਕੱਤਰ ਅਸ਼ਵਨੀ ਕੁਮਾਰ ਨੇ ਦੱਸਿਆ ਕਿ ਇਨੋਵਾ ਗੱਡੀ ਵਿਚ ਤੇਲ ਡਿਪਟੀ ਕਮਿਸ਼ਨਰ ਦਫ਼ਤਰ ਵੱਲੋਂ ਹੀ ਪੁਆਇਆ ਜਾਂਦਾ ਹੈ। ਰੈੱਡ ਕਰਾਸ ਕੋਲ ਹੋਰ ਕੋਈ ਵੀ ਗੱਡੀ ਜਾਂ ਐਂਬੂਲੈਂਸ ਨਹੀਂ ਹੈ।

ਜ਼ਿਲ੍ਹਾ ਹੁਸ਼ਿਆਰਪੁਰ ਦੀ ਹਸਪਤਾਲ ਭਲਾਈ ਸੈਕਸ਼ਨ ਦੀ ਚੇਅਰਪਰਸਨ ਜੋ ਡੀ.ਸੀ. ਦੀ ਪਤਨੀ ਹੈ, ਰੈੱਡ ਕਰਾਸ ਦੀ ਨਵੀਂ ਇਨੋਵਾ ਗੱਡੀ (ਪੀ.ਬੀ. 07 ਏ.ਜੇ. 0900) ਵਰਤ ਰਹੇ ਹਨ। ਰੈਡ ਕਰਾਸ ਵੱਲੋਂ 2013-14 'ਚ 12.07 ਲੱਖ ਰੁਪਏ ਲਾ ਕੇ ਇਹ ਗੱਡੀ ਖਰੀਦ ਕੇ ਦਿੱਤੀ ਗਈ ਸੀ। ਡਿਪਟੀ ਕਮਿਸ਼ਨਰ ਪਟਿਆਲਾ ਵੀ ਰੈੱਡ ਕਰਾਸ ਦੀ ਨਵੀਂ ਇਨੋਵਾ ਗੱਡੀ ਵਰਤ ਰਹੇ ਹਨ। ਰੈੱਡ ਕਰਾਸ ਫੰਡਾਂ 'ਚੋਂ ਇਹ ਇਨੋਵਾ ਗੱਡੀ (ਨੰਬਰ ਪੀ.ਬੀ. 11 ਵੀ. 0002) 2011-12 ਵਿਚ ਖਰੀਦੀ ਗਈ ਸੀ ਜਿਸ ਦੇ ਬੀਮੇ 'ਤੇ ਰੈੱਡ ਕਰਾਸ ਨੇ 45,781 ਰੁਪਏ ਖਰਚੇ ਹਨ। ਜ਼ਿਲ੍ਹਾ ਰੈੱਡ ਕਰਾਸ ਸੁਸਾਇਟੀ ਦਾ ਪ੍ਰਧਾਨ ਵੀ ਆਪਣੇ ਅਹੁਦੇ ਦੇ ਆਧਾਰ 'ਤੇ ਡਿਪਟੀ ਕਮਿਸ਼ਨਰ ਹੁੰਦਾ ਹੈ ਤੇ ਇਸ ਪ੍ਰਧਾਨਗੀ ਦੀ ਆੜ ਵਿਚ ਉਹ ਰੈੱਡ ਕਰਾਸ ਦੇ ਫੰਡਾਂ ਨੂੰ ਹਰ ਤਰ੍ਹਾਂ ਵਰਤ ਲੈਂਦੇ ਹਨ।

ਜਦੋਂ ਫਾਜ਼ਿਲਕਾ ਜ਼ਿਲ੍ਹਾ ਬਣਿਆ ਤਾਂ ਉਸ ਮਗਰੋਂ ਰੈੱਡ ਕਰਾਸ ਨੇ ਆਪਣੇ ਫੰਡਾਂ 'ਚੋਂ ਡਿਪਟੀ ਕਮਿਸ਼ਨਰ ਲਈ ਨਵੀਂ ਐੱਸ ਐਕਸ 4 ਗੱਡੀ ਖਰੀਦ ਕੇ ਦਿੱਤੀ। ਉਸ ਮਗਰੋਂ ਸਰਕਾਰ ਨੇ ਡੀ.ਸੀ. ਨੂੰ ਨਵੀਂ ਇਨੋਵਾ ਗੱਡੀ ਦੇ ਦਿੱਤੀ, ਪਰ ਅੱਜ ਵੀ ਰੈੱਡ ਕਰਾਸ ਵਾਲੀ ਗੱਡੀ ਡਿਪਟੀ ਕਮਿਸ਼ਨਰ ਕੋਲ ਹੀ ਹੈ। ਡਿਪਟੀ ਕਮਿਸ਼ਨਰ ਕਪੂਰਥਲਾ ਵੱਲੋਂ ਰੈੱਡ ਕਰਾਸ ਦੇ ਫੰਡਾਂ 'ਚੋਂ 16 ਜੂਨ 2011 ਨੂੰ ਇਨੋਵਾ ਗੱਡੀ (ਨੰਬਰ ਪੀ.ਬੀ. 09 ਐਨ. 0010) ਖਰੀਦੀ ਗਈ ਹੈ। ਇਹ ਗੱਡੀ ਰੈਡ ਕਰਾਸ ਦੀ ਚੇਅਰਪਰਸਨ, ਸਕੱਤਰ ਤੇ ਸਟਾਫ਼ ਵੱਲੋਂ ਵਰਤੀ ਜਾਂਦੀ ਹੈ ਪਰ ਅਸਲ ਵਿਚ ਇਸ ਨੂੰ ਡਿਪਟੀ ਕਮਿਸ਼ਨਰ ਹੀ ਜ਼ਿਆਦਾ ਸਮਾਂ ਵਰਤ ਰਹੇ ਹਨ। ਫ਼ਿਰੋਜ਼ਪੁਰ ਦੇ ਡਿਪਟੀ ਕਮਿਸ਼ਨਰ ਲਈ ਰੈੱਡ ਕਰਾਸ ਨੇ ਦਸੰਬਰ 2011 'ਚ ਇਨੋਵਾ ਗੱਡੀ (ਪੀ.ਬੀ. 05 ਵੀ. 2627) ਖਰੀਦ ਕੇ ਦਿੱਤੀ ਸੀ।

ਗੈਰ-ਸਰਕਾਰੀ ਸੰਗਠਨ 'ਰਿਸਰਜੈਂਸ ਇੰਡੀਆ' ਦੀ ਜਨਹਿਤ ਪਟੀਸ਼ਨ 'ਤੇ ਹਾਈ ਕੋਰਟ ਵੱਲੋਂ ਰੈੱਡ ਕਰਾਸ ਦੇ ਫੰਡਾਂ ਦੀ ਜਾਂਚ ਲਈ 2009 ਵਿਚ ਦੋ ਮੈਂਬਰੀ ਜੁਡੀਸ਼ਲ ਕਮੇਟੀ ਬਣਾਈ ਸੀ ਜਿਸ ਦੀ ਪੜਤਾਲ ਮਗਰੋਂ ਪੰਜਾਬ ਸਰਕਾਰ ਨੂੰ ਦੁਰਵਰਤੋਂ ਵਾਲਾ ਸਾਰਾ ਪੈਸਾ ਰੈੱਡ ਕਰਾਸ ਨੂੰ ਵਾਪਸ ਕਰਨਾ ਪਿਆ ਸੀ। ਹੁਣ ਕੁਝ ਡਿਪਟੀ ਕਮਿਸ਼ਨਰਾਂ ਨੇ ਮੁੜ ਰੈੱਡ ਕਰਾਸ ਸੁਸਾਇਟੀ ਦੇ ਫੰਡ ਗੱਡੀਆਂ ਦੀ ਖਰੀਦ ਲਈ ਵਰਤਣੇ ਸ਼ੁਰੂ ਕਰ ਦਿੱਤੇ ਹਨ। 'ਰਿਸਰਜੈਂਸ ਇੰਡੀਆ' ਦੇ ਜਨਰਲ ਸਕੱਤਰ ਹੇਮੰਤ ਗੋਸਵਾਮੀ ਨੇ ਕਿਹਾ ਕਿ ਡਿਪਟੀ ਕਮਿਸ਼ਨਰ ਰੈਡ ਕਰਾਸ ਦੇ ਕੰਮਾਂ ਤੋਂ ਬਿਨਾਂ ਹੋਰ ਕਿਸੇ ਮਕਸਦ ਲਈ ਗੱਡੀ ਦੀ ਵਰਤੋਂ ਨਹੀਂ ਕਰ ਸਕਦੇ। ਜਿਨ੍ਹਾਂ ਡਿਪਟੀ ਕਮਿਸ਼ਨਰਾਂ ਨੇ ਅਜਿਹਾ ਕੀਤਾ ਹੈ, ਉਨ੍ਹਾਂ ਖਿਲਾਫ਼ ਉਹ ਹਾਈ ਕੋਰਟ ਕੋਲ ਮੁੜ ਪਹੁੰਚ ਕਰਨਗੇ।

# ਆਖਰੀ ਸਾਹਾਂ ਉਤੇ ਆ ਗਈ ਹੈ ਪੀ.ਆਰ.ਟੀ.ਸੀ.

**ਬਠਿੰਡਾ:** ਪੰਜਾਬ ਸਰਕਾਰ ਤੋਂ ਕੋਈ ਮਾਲੀ ਮਦਦ ਨਾ ਮਿਲਣ ਕਾਰਨ ਘਾਟੇ ਵਿਚ ਚੱਲ ਰਹੀ ਪੀ.ਆਰ.ਟੀ.ਸੀ. ਨੇ ਹੁਣ ਆਪਣੀਆਂ ਸੰਪਤੀਆਂ ਵੇਚ ਕੇ ਕੰਮ ਚੱਲਦਾ ਰੱਖਣ ਦਾ ਮਨ ਬਣਾ ਲਿਆ ਹੈ। ਮੁਢਲੇ ਪੜਾਅ 'ਤੇ ਪੀ.ਆਰ.ਟੀ.ਸੀ. ਨੇ ਪੰਜ ਅਜਿਹੀਆਂ ਸੰਪਤੀਆਂ ਦੀ ਸ਼ਨਾਖ਼ਤ ਕੀਤੀ ਹੈ ਜਿਨ੍ਹਾਂ ਵਿਚੋਂ ਤਕਰੀਬਨ 250 ਕਰੋੜ ਰੁਪਏ ਦੀ ਕਮਾਈ ਹੋਣ ਦਾ ਅਨੁਮਾਨ ਹੈ। ਪੀ.ਆਰ.ਟੀ.ਸੀ. ਦੇ ਸੰਕਟ ਦਾ ਅੰਦਾਜ਼ਾ ਇਸ ਗੱਲ ਤੋਂ ਲਾਇਆ ਜਾ ਸਕਦਾ ਹੈ ਕਿ ਮੁਲਾਜ਼ਮਾਂ ਨੂੰ ਸਤੰਬਰ ਮਹੀਨੇ ਦੀ ਤਨਖਾਹ ਹਾਲੇ ਤੱਕ ਨਹੀਂ ਦਿੱਤੀ ਜਾ ਸਕੀ ਹੈ।

ਮਿਲੇ ਵੇਰਵਿਆਂ ਮੁਤਾਬਕ ਪੀ.ਆਰ.ਟੀ.ਸੀ. ਹੁਣ ਪਟਿਆਲਾ ਸਥਿਤ ਮੁੱਖ ਦਫ਼ਤਰ ਦੀ 8.45 ਏਕੜ ਜ਼ਮੀਨ ਵੇਚੇਗਾ ਜਿਸ ਤੋਂ ਤਕਰੀਬਨ 100 ਕਰੋੜ ਰੁਪਏ ਮਿਲਣ ਦਾ ਅਨੁਮਾਨ ਹੈ।

ਮੁੱਖ ਦਫ਼ਤਰ ਦੇ ਨਾਲ ਪਈ 3.75 ਏਕੜ ਜਗ੍ਹਾ ਪਹਿਲਾਂ ਹੀ ਪੀ.ਆਰ.ਟੀ.ਸੀ. ਨੇ ਪਟਿਆਲਾ ਵਿਕਾਸ ਅਥਾਰਟੀ ਨੂੰ ਤਬਦੀਲ ਕਰ ਦਿੱਤੀ ਸੀ। ਬਦਲੇ ਵਿਚ ਵਿਕਾਸ ਅਥਾਰਟੀ ਨੇ 20 ਕਰੋੜ ਰੁਪਏ ਐਡਵਾਂਸ ਦੇ ਦਿੱਤੇ ਸਨ। ਕਾਰਪੋਰੇਸ਼ਨ ਨੇ ਹੁਣ ਮੁੱਖ ਦਫ਼ਤਰ ਵਾਲੀ ਜਗ੍ਹਾ ਵੇਚਣ ਦਾ ਫੈਸਲਾ ਕੀਤਾ ਹੈ ਤੇ ਮੁੱਖ ਦਫ਼ਤਰ ਨੂੰ ਬੱਸ ਅੱਡੇ ਵਿਚ ਸ਼ਿਫਟ ਕਰਨ ਦੀ ਵਿਚਾਰ ਬਣਾਈ ਜਾ ਰਹੀ ਹੈ। ਇਵੇਂ ਹੀ ਪਟਿਆਲਾ ਵਿਕਾਸ ਅਥਾਰਟੀ ਨੂੰ ਕਾਰਪੋਰੇਸ਼ਨ ਨੇ ਪਹਿਲਾਂ ਹੀ ਸਰਹਿੰਦੀ ਗੇਟ ਵਾਲੀ ਵਰਕਸ਼ਾਪ ਵਾਲੀ 1.62 ਏਕੜ ਜ਼ਮੀਨ ਤਬਦੀਲ ਕੀਤੀ ਹੋਈ ਹੈ।

ਵਿਕਾਸ ਅਥਾਰਟੀ ਤਿੰਨ ਦਫ਼ਾ ਨਿਲਾਮੀ ਕਰਨ ਦੀ ਕੋਸ਼ਿਸ਼ ਕਰ ਚੁੱਕਾ ਹੈ ਪਰ ਇਹ ਵਪਾਰਕ ਸੰਪਤੀ ਵਿਕ ਨਹੀਂ ਰਹੀ ਹੈ। ਪਟਿਆਲਾ-ਚੰਡੀਗੜ੍ਹ ਮੁੱਖ ਸੜਕ 'ਤੇ ਕਾਰਪੋਰੇਸ਼ਨ ਦੀ ਤਕਰੀਬਨ 88 ਵਿੱਘੇ ਜ਼ਮੀਨ ਹੈ ਜਿਥੇ ਨਵਾਂ ਬੱਸ ਅੱਡਾ ਬਣਾਏ ਜਾਣ ਦੀ ਤਜਵੀਜ਼ ਸੀ ਪਰ ਹੁਣ ਨਵਾਂ ਅੱਡਾ ਬਣਾਉਣ ਦਾ ਖਿਆਲ ਤਿਆਗ ਦਿੱਤਾ ਗਿਆ ਹੈ। ਇਹ 88 ਵਿੱਘੇ ਜ਼ਮੀਨ ਵੀ ਨਿਲਾਮ ਕੀਤੀ ਜਾਵੇਗੀ ਜਿਸ ਤੋਂ 100 ਕਰੋੜ ਦੀ ਆਮਦਨ ਹੋਣ ਦਾ ਅਨੁਮਾਨ ਲਾਇਆ ਜਾ ਰਿਹਾ ਹੈ। ਬਠਿੰਡਾ ਦੇ ਮੌਜੂਦਾ ਬੱਸ ਅੱਡੇ ਨੂੰ ਸਮੇਤ ਵਰਕਸ਼ਾਪ ਵੇਚਣ ਲਈ ਸ਼ਨਾਖ਼ਤ ਕੀਤੀ ਗਈ ਹੈ। ਨਗਰ ਸੁਧਾਰ ਟਰੱਸਟ ਬਠਿੰਡਾ ਵੱਲੋਂ ਬਾਈਪਾਸ 'ਤੇ ਬੀਬੀ ਵਾਲਾ ਚੌਕ ਲਾਗੇ ਨਵਾਂ ਬੱਸ ਅੱਡਾ ਬਣਾਇਆ ਜਾ ਰਿਹਾ ਹੈ। ਜਦੋਂ ਬੱਸ ਅੱਡਾ ਸ਼ਿਫਟ ਹੋ ਗਿਆ ਤਾਂ ਪੁਰਾਣਾ ਬੱਸ ਅੱਡਾ ਵੇਚ ਦਿੱਤਾ ਜਾਵੇਗਾ। ਇਥੇ ਬੱਸ ਅੱਡੇ ਤੇ ਵਰਕਸ਼ਾਪ ਦੀ ਤਕਰੀਬਨ 10.56 ਏਕੜ ਜਗ੍ਹਾ ਹੈ।

ਕਾਰਪੋਰੇਸ਼ਨ ਨੇ ਬਠਿੰਡਾ ਦੇ ਬੱਸ ਅੱਡੇ ਨੂੰ ਗਿਰਵੀ ਰੱਖ ਕੇ ਬੈਂਕ ਕਰਜ਼ਾ ਵੀ ਚੁੱਕਿਆ ਹੋਇਆ ਹੈ। ਇਸੇ ਤਰ੍ਹਾਂ ਫਗਵਾੜਾ ਦੇ ਬੱਸ ਅੱਡੇ ਦੇ ਨਾਲ ਮੁੱਖ ਸੜਕ 'ਤੇ ਕਾਰਪੋਰੇਸ਼ਨ ਦੀ 818 ਗਜ਼ ਜਗ੍ਹਾ ਹੈ ਜਿਸ ਨੂੰ ਵੇਚਣ ਵਾਸਤੇ ਜਲੰਧਰ ਵਿਕਾਸ ਅਥਾਰਟੀ ਨਾਲ ਗੱਲਬਾਤ ਤੋਰੀ ਗਈ ਹੈ। ਪੀ.ਆਰ.ਟੀ.ਸੀ. ਵੱਲੋਂ ਮੁਢਲੇ ਪੜਾਅ 'ਤੇ ਇਨ੍ਹਾਂ ਸੰਪਤੀਆਂ ਨੂੰ ਵੇਚਿਆ ਜਾਣਾ ਹੈ ਤੇ ਨਾਲ ਹੀ ਕਾਰਪੋਰੇਸ਼ਨ ਹੋਰ ਸੰਪਤੀਆਂ ਵੀ ਭਾਲ ਰਹੀ ਹੈ ਤਾਂ ਜੋ ਮਾਲੀ ਸੰਕਟ ਵਿਚੋਂ ਨਿਕਲਿਆ ਜਾ ਸਕੇ।

ਪੀ.ਆਰ.ਟੀ.ਸੀ. ਦੇ ਮੈਨੇਜਿੰਗ ਡਾਇਰੈਕਟਰ ਰਾਜੀਵ ਪ੍ਰਾਸ਼ਰ ਨੇ ਸਿਰਫ਼ ਇਨਾ ਹੀ ਆਖਿਆ ਕਿ ਮੁਲਾਜ਼ਮਾਂ ਦੇ ਬਕਾਏ ਕਲੀਅਰ ਕਰਨ ਲਈ ਕੁਝ ਸੰਪਤੀਆਂ ਦੀ ਸ਼ਨਾਖ਼ਤ ਕੀਤੀ ਗਈ ਹੈ। ਸਰਕਾਰੀ ਸੂਤਰਾਂ ਦਾ ਕਹਿਣਾ ਹੈ ਕਿ ਪੰਜਾਬ ਤੇ ਹਰਿਆਣਾ ਹਾਈ ਕੋਰਟ ਦੇ ਹੁਕਮਾਂ ਦੀ ਪਾਲਣਾ ਲਈ ਕਾਰਪੋਰੇਸ਼ਨ ਹਰ ਤਰ੍ਹਾਂ ਦਾ ਕਦਮ ਚੁੱਕ ਰਹੀ ਹੈ। ਇਸੇ ਤਹਿਤ ਪੰਜਾਬ ਸਰਕਾਰ ਨੇ ਵੀ ਹਰ ਮਹੀਨੇ ਕਾਰਪੋਰੇਸ਼ਨ ਨੂੰ ਮਾਲੀ ਮਦਦ ਦੇਣ ਦਾ ਭਰੋਸਾ ਦਿੱਤਾ ਹੈ।

## ਬੈਂਕਾਂ ਨੇ ਕਰਜ਼ਾ ਦੇਣ ਤੋਂ ਕੀਤੀ ਨਾਂਹ

ਪਿਛਲੇ ਸਮੇਂ ਤੋਂ ਤਾਂ ਕਾਰਪੋਰੇਸ਼ਨ ਨੂੰ ਕੋਈ ਬੈਂਕ ਕਰਜ਼ਾ ਦੇਣ ਲਈ ਵੀ ਤਿਆਰ ਨਹੀਂ ਹੈ। ਕਾਰਪੋਰੇਸ਼ਨ ਵੱਲ ਸਟੇਟ ਬੈਂਕ ਆਫ ਪਟਿਆਲਾ ਦਾ 50 ਕਰੋੜ ਰੁਪਏ ਦਾ ਕਰਜ਼ਾ ਹਾਲੇ ਖੜ੍ਹਾ ਹੈ। ਕਾਰਪੋਰੇਸ਼ਨ ਨੇ ਫਰੀਦਕੋਟ ਤੇ ਰਾਮਾ ਮੰਡੀ ਦਾ ਨਵਾਂ ਬੱਸ ਅੱਡਾ ਬਣਾਏ ਜਾਣ ਦੀ ਤਜਵੀਜ਼ ਬਣਾਈ ਹੋਈ ਹੈ। ਪਤਾ ਲੱਗਾ ਹੈ ਕਿ ਫਰੀਦਕੋਟ ਦੇ ਬੱਸ ਅੱਡੇ ਲਈ ਪੰਜ ਕਰੋੜ ਤੇ ਰਾਮਾ ਮੰਡੀ ਦੇ ਬੱਸ ਅੱਡੇ ਵਾਸਤੇ ਇਕ ਕਰੋੜ ਰੁਪਏ ਦਾ ਕਰਜ਼ਾ ਚੁੱਕਣ ਦੀ ਤਿਆਰੀ ਕੀਤੀ ਜਾ ਰਹੀ ਹੈ। ਮਾਲੀ ਸੰਕਟ 'ਤੇ ਝਾਤ ਮਾਰੀਏ ਤਾਂ ਪੀ.ਆਰ.ਟੀ.ਸੀ. ਦੇ 1933 ਰੈਗੂਲਰ ਮੁਲਾਜ਼ਮ ਹਨ ਜਿਨ੍ਹਾਂ ਦੀ ਤਨਖ਼ਾਹ ਦਾ ਬਜਟ ਤਕਰੀਬਨ ਛੇ ਕਰੋੜ ਰੁਪਏ ਪ੍ਰਤੀ ਮਹੀਨਾ ਬਣਦਾ ਹੈ। ਇਹ ਤਨਖ਼ਾਹ ਦੇਣੀ ਮੁਸ਼ਕਲ ਹੋ ਗਈ ਹੈ। ਡਰਾਈਵਰਾਂ ਕੰਡਕਟਰਾਂ ਦੇ ਓਵਰ ਟਾਈਮ ਦੇ ਤਕਰੀਬਨ ਤਿੰਨ ਕਰੋੜ ਦੇ ਬਕਾਏ ਪੰਜ ਸਾਲ ਤੋਂ ਅਟਕੇ ਹੋਏ ਹਨ। ਮੁਲਾਜ਼ਮਾਂ ਦੇ ਹਰ ਤਰ੍ਹਾਂ ਦੇ ਬਕਾਏ ਤੇ ਸੇਵਾ ਮੁਕਤ ਮੁਲਾਜ਼ਮਾਂ ਦੇ ਬਕਾਇਆਂ ਸਮੇਤ ਤਕਰੀਬਨ 150 ਕਰੋੜ ਰੁਪਏ ਦੀਆਂ ਦੇਣਦਾਰੀਆਂ ਹਨ ਜਿਨ੍ਹਾਂ ਵਾਸਤੇ ਹੁਣ ਜ਼ਮੀਨ ਵੇਚੀ ਜਾਣੀ ਹੈ। ਤਕਰੀਬਨ ਛੇ ਕਰੋੜ ਰੁਪਏ ਕਈ ਫਰਮਾਂ ਦੇ ਖੜ੍ਹੇ ਹਨ।

# ਭਾਰਤ ਤੇ ਪਾਕਿਸਤਾਨ ਦੇ ਨਾਂ ਰਿਹਾ ਨੋਬੇਲ ਸ਼ਾਂਤੀ ਪੁਰਸਕਾਰ

## ਇਨਾਮ ਲਈ ਭਾਰਤ ਦੇ ਸਤਿਆਰਥੀ ਤੇ ਪਾਕਿਸਤਾਨ ਦੀ ਮਲਾਲਾ ਦੀ ਚੋਣ





**ਓਸਲੋ:** ਭਾਰਤ ਦੇ ਕੈਲਾਸ਼ ਸਤਿਆਰਥੀ ਤੇ ਪਾਕਿਸਤਾਨ ਦੀ ਕੁੜੀ ਮਲਾਲਾ ਯੂਸਫਜ਼ਈ ਨੂੰ ਬੱਚਿਆਂ ਦੇ ਹੱਕਾਂ ਲਈ ਕੰਮ ਕਰਨ ਲਈ 2014 ਦੇ ਨੋਬੇਲ ਅਮਨ ਪੁਰਸਕਾਰ ਲਈ ਚੁਣਿਆ ਗਿਆ ਹੈ। ਭਾਰਤ ਵਿਚ ਐਨ.ਜੀ.ਓ. ਚਲਾਉਂਦੇ 60 ਸਾਲਾ ਸਤਿਆਰਥੀ ਬੱਚਿਆਂ ਨੂੰ ਬਾਲ ਮਜ਼ਦੂਰੀ ਤੇ ਤਸਕਰੀ ਤੋਂ ਬਚਾਉਣ ਲਈ ਕੰਮ ਕਰਦੇ ਹਨ ਤੇ 17 ਸਾਲਾ ਮਲਾਲਾ ਤਾਲਿਬਾਨ ਦੇ ਵਿਰੋਧ ਦੇ ਬਾਵਜੂਦ ਪਾਕਿਸਤਾਨ ਵਿਚ ਲੜਕੀਆਂ ਦੇ ਸਿੱਖਿਆ ਅਧਿਕਾਰ ਦੀ ਪੈਰਵੀ ਕਰਦੀ ਰਹੀ ਹੈ। ਇਸੇ ਕਰ ਕੇ ਤਾਲਿਬਾਨ ਨੇ ਉਸ ਨੂੰ ਗੋਲੀਆਂ ਨਾਲ ਵਿੰਨ੍ਹ ਦਿੱਤਾ ਸੀ।

ਨੋਬੇਲ ਅਮਨ ਪੁਰਸਕਾਰ ਕਮੇਟੀ ਮੁਤਾਬਕ ਕੈਲਾਸ਼ ਸਤਿਆਰਥੀ ਤੇ ਮਲਾਲਾ ਯੂਸਫ਼ਜ਼ਈ ਬੱਚਿਆਂ ਤੇ ਕਿਸ਼ੋਰਾਂ ਦਾ ਦਮਨ ਹੋਣੋਂ ਰੋਕਣ ਤੇ ਸਾਰੇ ਬੱਚਿਆਂ ਵਿਚ ਸਿੱਖਿਆ ਦੇ ਅਧਿਕਾਰ ਲਈ ਸੰਘਰਸ਼ ਕਰ ਰਹੇ ਹਨ। ਕਮੇਟੀ ਮੁਤਾਬਕ 'ਬਚਪਨ ਬਚਾਓ ਅੰਦੋਲਨ' ਨਾਂ ਦੀ ਐਨ.ਜੀ.ਓ. ਚਲਾ ਰਹੇ ਸਤਿਆਰਥੀ ਨੇ ਮਹਾਤਮਾ ਗਾਂਧੀ ਦੀ ਪ੍ਰੰਪਰਾ ਜਾਰੀ ਰੱਖੀ ਹੈ ਤੇ ਉਹ ਅਮਨਪੂਰਵਕ ਪ੍ਰਦਰਸ਼ਨਾਂ ਦੀ ਅਗਵਾਈ ਕਰਦੇ ਰਹੇ ਹਨ। ਉਨ੍ਹਾਂ ਦਾ ਸਾਰਾ ਧਿਆਨ ਵਿੱਤੀ ਲਾਭਾਂ ਲਈ ਬੱਚਿਆਂ ਦਾ ਸ਼ੋਸ਼ਣ ਕੀਤੇ ਜਾਣ ਦੇ ਗੰਭੀਰ ਵਰਤਾਰੇ ਨੂੰ ਰੋਕਣ ਵਾਲਾ ਰਿਹਾ ਹੈ। ਕਮੇਟੀ ਨੇ ਕਿਹਾ ਕਿ ਜਿਊਰੀ ਇਸ ਮਹੱਤਵਪੂਰਨ ਪਹਿਲੂ ਦਾ ਬਹੁਤ ਸਤਿਕਾਰ ਕਰਦੀ ਹੈ ਕਿ ਇਕ ਹਿੰਦੂ ਤੇ ਇਕ ਮੁਸਲਮਾਨ, ਇਕ ਭਾਰਤੀ ਤੇ ਇਕ ਪਾਕਿਸਤਾਨੀ, ਨੂੰ ਇੰਤਹਾਪਸੰਦੀ ਵਿਰੁੱਧ ਅਤੇ ਸਿੱਖਿਆ ਦੇ ਖੇਤਰ ਵਿਚ ਕੰਮ ਕਰਨ ਬਦਲੇ ਇਸ ਪੁਰਸਕਾਰ ਲਈ ਚੁਣ ਰਹੀ ਹੈ।

ਅਮਨ ਪੁਰਸਕਾਰ ਦੇ ਇਸ ਵਰਗ ਲਈ ਪਿਛਲੇ ਸਾਲ ਵੀ ਮਲਾਲਾ ਨਾਮਜ਼ਦ ਹੋਈ ਸੀ। ਉਸ ਨੇ ਤਾਲਿਬਾਨ ਦੇ ਹਮਲੇ ਮਗਰੋਂ ਵੀ ਅਥਾਹ ਹੌਸਲੇ ਦਾ ਮੁਜ਼ਾਹਰਾ ਕਰਦਿਆਂ ਬੱਚਿਆਂ, ਖਾਸ ਕਰ ਕੇ ਲੜਕੀਆਂ ਦੇ ਸਿੱਖਿਆ ਦੇ ਹੱਕ ਵਿਚ ਆਪਣੀ ਮੁਹਿੰਮ ਜਾਰੀ ਰੱਖਣ ਦਾ ਅਹਿਦ ਲਿਆ ਸੀ, ਜੋ ਪਾਕਿਸਤਾਨ ਜਿਹੇ ਮੁਲਕ ਵਿਚ ਔਖਾ ਕੰਮ ਹੈ।

ਮਲਾਲਾ ਨੋਬੇਲ ਪੁਰਸਕਾਰ ਲੈਣ ਵਾਲੀ ਸਭ ਤੋਂ ਛੋਟੀ ਉਮਰ ਦੀ ਹਸਤੀ ਹੈ। ਮਦਰ ਟੈਰੇਸਾ ਮਗਰੋਂ ਅਮਨ ਪੁਰਸਕਾਰ ਲੈਣ ਵਾਲੇ ਦੂਜੇ ਭਾਰਤੀ ਸਤਿਆਰਥੀ ਤੇ ਮਲਾਲਾ, ਹੁਣ ਉਨ੍ਹਾਂ ਚੋਣਵੀਆਂ ਕੌਮਾਂਤਰੀ ਹਸਤੀਆਂ ਵਿਚ ਸ਼ੁਮਾਰ ਹੋ ਗਏ ਹਨ, ਜੋ ਅਮਨ ਤੇ ਹੋਰ ਖੇਤਰਾਂ ਵਿਚ ਕਦਰਾਂ-ਕੀਮਤਾਂ ਦੀ ਬਹਾਲੀ ਲਈ ਲਾਮਿਸਾਲ ਕੰਮ ਕਰ ਰਹੇ ਹਨ।

ਕੈਲਾਸ਼ ਸਤਿਆਰਥੀ ਦਾ ਕਹਿਣਾ ਹੈ ਕਿ ਇਹ ਪ੍ਰਾਪਤੀ ਮੁਲਕ ਦੇ ਲੋਕਾਂ ਦੇ ਨਾਂ ਸਮਰਪਿਤ ਕਰਦੇ ਹਨ। ਉਨ੍ਹਾਂ ਅਹਿਦ ਲਿਆ ਕਿ ਉਹ ਬੱਚਿਆਂ ਦਾ ਸੋਸ਼ਣ ਰੋਕ ਕੇ ਉਨ੍ਹਾਂ ਦੀ ਭਲਾਈ ਯਕੀਨੀ ਬਣਾਉਣ ਦਾ ਕਾਰਜ ਹੁਣ ਨਵੀਂ ਊਰਜਾ ਨਾਲ ਜਾਰੀ ਰੱਖਣਗੇ। ਉਨ੍ਹਾਂ ਨੇ ਪੁਰਸਕਾਰ ਕਮੇਟੀ ਦਾ ਧੰਨਵਾਦ ਕੀਤਾ ਜਿਸ ਨੇ ਲੱਖਾਂ ਬੱਚਿਆਂ ਦੀ ਹਾਲਤ ਵੱਲ ਧਿਆਨ ਦਿੱਤਾ। ਇਸ ਨਾਲ ਬਾਲ ਸ਼ੋਸ਼ਣ ਰੋਕਣ ਵਿਚ ਮਦਦ ਮਿਲੇਗੀ।

ਨੋਬੇਲ ਅਮਨ ਪੁਰਸਕਾਰ ਮਿਲਣ ਪਿੱਛੋਂ ਮਲਾਲਾ ਯੂਸਫਜ਼ਈ ਨੇ ਆਸ ਪ੍ਰਗਟਾਈ ਕਿ ਇਸ ਨਾਲ ਕੁੜੀਆਂ ਸਿੱਖਿਅਤ ਕਰਨ ਦੇ ਉਸ ਦੇ ਮਿਸ਼ਨ ਨੂੰ ਹੋਰ ਸਹਾਇਤਾ ਮਿਲੇਗੀ। ਮਲਾਲਾ ਦੇ ਚਚੇਰੇ ਭਰਾ ਮਹਿਮੂਦ-ਉਲ-ਹਸਨ ਨੇ ਦੱਸਿਆ ਕਿ ਉਹ ਆਪਣੀ ਖੁਸ਼ੀ ਸ਼ਬਦਾਂ ਵਿਚ ਬਿਆਨ ਨਹੀਂ ਕਰ ਸਕਦੇ। ਉਨ੍ਹਾਂ ਮਲਾਲਾ, ਉਸ ਦੇ ਅੱਬੂ ਤੇ ਅੰਮੀ ਨਾਲ ਗੱਲ ਕੀਤੀ ਹੈ, ਸਾਰੇ ਬਹੁਤ ਖੁਸ਼ ਹਨ। ਮਲਾਲਾ ਦਾ ਕਹਿਣਾ ਹੈ ਕਿ ਅੱਲ੍ਹਾ ਦੀ ਮਿਹਰ ਸਦਕਾ ਹੀ ਉਸ ਨੂੰ ਇਹ ਪੁਰਸਕਾਰ ਮਿਲਿਆ ਹੈ। ਹੁਣ ਉਹ ਆਪਣੇ ਮਿਸ਼ਨ ਦੀ ਪੂਰਤੀ ਵਾਸਤੇ ਬਿਹਤਰ ਕੰਮ ਕਰ ਸਕੇਗੀ।

## ਓਬਾਮਾ ਦੂਰ-ਅੰਦੇਸ਼ੀ ਤੋਂ ਕੰਮ ਲੈਣ: ਟੋਨੀ ਕੋਇਲੋ

**ਫਰਿਜ਼ਨੋ (ਬਿਊਰੋ):** ਕਾਂਗਰਸਮੈਨ ਜਿਮ ਕੋਸਟਾ ਵੱਲੋਂ ਪੁਰਾਣੇ ਡੈਮੋਕਰੈਟਿਕ ਆਗੂ ਟੋਨੀ ਕਾਇਲੋ ਨਾਲ ਅੱਜ ਦੀ ਅਮਰੀਕਨ ਰਾਜਨੀਤੀ ਦੇ ਸਬੰਧ ਵਿਚ ਵਿਚਾਰ ਜਾਣਨ ਲਈ ਇੱਕ ਵਿਸ਼ੇਸ਼ ਮੀਟਿੰਗ ਸੰਨੀ ਸਾਈਡ ਕੰਟਰੀ ਕਲੱਬ ਵਿਚ ਕੀਤੀ ਗਈ।

ਇਸ ਮੌਕੇ ਬੋਲਦਿਆਂ ਟੋਨੀ ਕਾਇਲੋ ਨੇ ਕਿਹਾ ਕਿ ਇਹ ਕੋਈ ਪਹਿਲਾ ਮੌਕਾ ਨਹੀਂ ਕਿ ਅਮਰੀਕਨ ਕਾਂਗਰਸ ਅਤੇ ਅਮਰੀਕੀ ਬਰਾਕ ਓਬਾਮਾ ਨੂੰ ਵੀ ਉਨ੍ਹਾਂ ਵਰਗੀ ਪਹੁੰਚ ਅਪਨਾ ਕੇ ਅਮਰੀਕਨ ਲੋਕਾਂ ਦੀ ਭਲਾਈ ਲਈ ਦੂਰ-ਅੰਦੇਸ਼ੀ ਤੋਂ ਕੰਮ ਲੈਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਜਿਨ੍ਹਾਂ ਹਲਾਤ ਵਿਚ ਅਮਰੀਕਾ ਅੱਜ ਗੁਜ਼ਰ ਰਿਹਾ ਹੈ, ਇਹ ਕੋਈ ਪਹਿਲਾ ਮੌਕਾ ਨਹੀਂ ਹੈ, ਤੁਸੀਂ ਵੇਖੋਗੇ ਕਿ ਆਉਣ ਵਾਲੇ ਸਮੇਂ ਵਿਚ ਅਮਰੀਕਾ ਪਹਿਲਾਂ ਨਾਲੋਂ ਵੀ ਮਜ਼ਬੂਤ ਹੋ ਕੇ ਉਭਰੇਗਾ।

ਕਾਂਗਰਸਮੈਨ ਜਿਮ ਕੋਸਟਾ ਨੇ ਕਿਹਾ ਕਿ



ਰਾਸ਼ਟਰਪਤੀ ਆਹਮੋ-ਸਾਹਮਣੇ ਹਨ ਅਤੇ ਗੌਰਮਿੰਟ ਸ਼ੱਟ-ਡਾਊਨ ਵਰਗੀਆਂ ਨੌਬਤਾਂ ਆ ਰਹੀਆਂ ਹਨ। ਉਨ੍ਹਾਂ ਕਿਹਾ ਕਿ ਪ੍ਰੈਜ਼ੀਡੈਂਟ ਰੇਗਨ ਸਮੇਂ ਵੀ ਇਹ ਸਭ ਕੁਝ ਹੁੰਦਾ ਰਿਹਾ ਹੈ, ਪਰ ਉਹ ਹਰ ਸੈਨੇਟਰ ਨੂੰ ਨਿੱਜੀ ਤੌਰ 'ਤੇ ਮਿਲ ਕੇ ਸਹਿਮਤ ਕਰ ਲੈਂਦੇ ਸਨ। ਉਨ੍ਹਾਂ ਕਿਹਾ ਕਿ ਪ੍ਰਧਾਨ ਟੋਨੀ ਕਾਇਲੋ ਅਮਰੀਕੀ ਰਾਜਨੀਤੀ ਦੇ ਲੋਹ-ਪੁਰਸ਼ ਹਨ ਅਤੇ ਉਨ੍ਹਾਂ ਨੂੰ ਬਹੁਤ ਸਾਰੇ ਅਮਰੀਕੀ ਰਾਸ਼ਟਰਪਤੀਆਂ ਦੇ ਨੇੜੇ ਹੋ ਕੇ ਕੰਮ ਕਰਨ ਦਾ ਸੁਭਾਗ ਪ੍ਰਾਪਤ ਹੈ। ਇਹ ਮੀਟਿੰਗ ਹੈਰੀ ਗਿੱਲ, ਅਵਤਾਰ ਗਿੱਲ ਅਤੇ ਪਾਲ ਸਹੋਤਾ ਦੇ ਸਹਿਯੋਗ ਨਾਲ ਰੱਖੀ ਗਈ ਸੀ।

## ਕੈਲਾਸ਼ ਸਤਿਆਰਥੀ ਪੰਜਵੇਂ ਨੋਬੇਲ ਭਾਰਤੀ

**ਨਵੀਂ ਦਿੱਲੀ:** ਕੈਲਾਸ਼ ਸਤਿਆਰਥੀ 5ਵੇਂ ਅਜਿਹੇ ਭਾਰਤੀ ਨਾਗਰਿਕ ਬਣ ਗਏ ਹਨ ਜਿਨ੍ਹਾਂ ਨੂੰ ਨੋਬੇਲ ਪੁਰਸਕਾਰ ਮਿਲਿਆ ਹੈ। ਉਨ੍ਹਾਂ ਤੋਂ ਪਹਿਲਾਂ ਰਬਿੰਦਰਨਾਥ ਟੈਗੋਰ, ਸੀਵੀ ਰਾਮਨ, ਮਦਰ ਟਰੇਸਾ ਤੇ ਅਮਰਿਤਆ ਸੇਨ ਨੂੰ ਨੋਬੇਲ ਪੁਰਸਕਾਰ ਮਿਲ ਚੁੱਕਾ ਹੈ। ਸਭ ਤੋਂ ਪਹਿਲਾਂ ਟੈਗੋਰ ਨੂੰ 1913 ਵਿਚ ਸਾਹਿਤ ਲਈ ਇਹ ਪੁਰਸਕਾਰ ਮਿਲਿਆ ਸੀ। ਰਾਮਨ ਨੂੰ 1930, ਮਦਰ ਟਰੇਸਾ ਨੂੰ 1979 ਤੇ ਸੇਨ ਨੂੰ 1998 ਵਿਚ ਇਹ ਪੁਰਸਕਾਰ ਹਾਸਲ ਹੋਇਆ। ਇਨ੍ਹਾਂ ਤੋਂ ਇਲਾਵਾ ਜਿਹੜੇ ਵਿਅਕਤੀ ਭਾਰਤ ਵਿਚ ਜਨਮੇ ਪਰ ਬਾਅਦ ਵਿਚ ਹੋਰ ਦੇਸ਼ ਦੇ ਨਾਗਰਿਕ ਬਣ ਗਏ, ਉਨ੍ਹਾਂ ਵਿਚ ਰੋਨਾਲਡ ਰੌਸ (ਬ੍ਰਿਟੇਨ), ਰੁਡਿਆਰਡ ਕਿਪਲਿੰਗ (ਬ੍ਰਿਟੇਨ), ਹਰਗੋਬਿੰਦ ਖੁਰਾਣਾ (ਅਮਰੀਕਾ), ਅਬਦੁੱਲ ਸਲਾਮ (ਪਾਕਿਸਤਾਨ), ਸੁਬਰਾਮਨੀਅਨ ਚੰਦਰਸ਼ੇਖਰ (ਅਮਰੀਕਾ), ਵੀ.ਐਸ. ਨਈਪਾਲ (ਬ੍ਰਿਟੇਨ), ਮੁਹੰਮਦ ਯੂਨਿਸ (ਬੰਗਲਾਦੇਸ਼), ਵੈਂਕਟਰਮਨ ਰਾਮਕ੍ਰਿਸ਼ਨਨ (ਬ੍ਰਿਟੇਨ ਤੇ ਅਮਰੀਕਾ) ਸ਼ਾਮਲ ਹਨ।

## 84 ਦੇ ਪੀੜਤਾਂ ਨਾਲ ਡਟ ਕੇ ਖੜ੍ਹੇ ਹਨ ਸਤਿਆਰਥੀ

**ਨਵੀਂ ਦਿੱਲੀ:** ਕੈਲਾਸ਼ ਸਤਿਆਰਥੀ 1984 ਸਿੱਖ ਵਿਰੋਧੀ ਦੰਗਿਆਂ ਦੇ ਦੋਸ਼ੀਆਂ ਨੂੰ ਸਜ਼ਾ ਦਿਵਾਉਣ ਵਿਚ ਸ਼ਾਮਲ ਹਨ। ਕੈਲਾਸ਼ ਸਤਿਆਰਥੀ ਤੇ ਉਨ੍ਹਾਂ ਦੇ ਬਚਪਨ ਬਚਾਓ ਅੰਦਲੋਨ ਨੇ ਹਮੇਸ਼ਾ ਤੋਂ ਹੀ 1984 ਦੰਗਾ ਪੀੜਤਾਂ ਦੇ ਦੋਸ਼ੀਆਂ ਨੂੰ ਸਜ਼ਾ ਦਿਵਾਉਣ ਤੇ ਦੰਗਾ ਪੀੜਤਾਂ ਦੀ ਹਮਾਇਤ ਕੀਤੀ। ਉਨ੍ਹਾਂ ਨੇ 1984 ਦੰਗਿਆਂ ਦੀ 28ਵੀਂ ਵਰੇਗੰਢ 'ਤੇ ਇੰਡੀਆ ਗੇਟ 'ਤੇ ਕੱਢੇ ਗਏ ਮੋਮਬੱਤੀ ਮਾਰਚ ਵਿਚ ਸ਼ਿਰਕਤ ਕੀਤੀ ਸੀ ਤੇ '84 ਦੰਗਿਆਂ ਦੀ 29ਵੀਂ ਵਰੇਗੰਢ 'ਤੇ 'ਫਾਰਗੋਟਨ ਸੀਟੀਜ਼ਨ' ਦੇ ਨਾਮ ਨਾਲ ਲਗਾਈ ਗਈ ਫੋਟੋ ਪ੍ਰਦਰਸ਼ਨੀ ਵਿਚ ਵੀ ਸ਼ਾਮਲ ਹੋਏ ਸਨ। ਇਸ ਤੋਂ ਇਲਾਵਾ 1984 ਦੰਗਿਆਂ ਦੇ ਮਾਮਲੇ ਵਿਚ ਸਿੱਖਾਂ ਵੱਲੋਂ ਕੇਸ ਲੜਨ ਵਾਲੇ ਵਕੀਲ ਐਚ.ਐਸ. ਫੂਲਕਾ ਪਿਛਲੇ 10 ਸਾਲਾਂ ਤੋਂ ਕੈਲਾਸ਼ ਸਥਿਆਰਤੀ ਦੇ ਸੰਗਠਨ ਬਚਪਨ ਬਚਾਓ ਅੰਦੋਲਨ ਲਈ ਅਦਾਲਤਾਂ ਵਿਚ ਕੇਸ ਲੜ ਰਹੇ ਹਨ।

## ਪਾਕਿ ਤਾਲਿਬਾਨ ਨੇ ਕੀਤੀ ਮਲਾਲਾ ਦੀ ਨਿੰਦਾ

**ਇਸਲਾਮਾਬਾਦ:** ਤਹਿਰੀਕ-ਏ-ਤਾਲਿਬਾਨ ਪਾਕਿਸਤਾਨ (ਟੀ. ਟੀ. ਪੀ.) ਦੀ ਉਪ-ਸ਼ਾਖਾ ਜਮਾਤ ਉਲ-ਅਹਰ ਨੇ ਮਲਾਲਾ ਯੂਸਫਜ਼ਈ ਨੂੰ 'ਕਾਫ਼ਰਾਂ ਦਾ ਏਜੰਟ' ਦੱਸਦਿਆਂ ਹੋਇਆਂ ਉਨ੍ਹਾਂ ਨੂੰ ਸ਼ਾਂਤੀ ਨੋਬਲ ਪੁਰਸਕਾਰ ਨਾਲ ਸਨਮਾਨਤ ਕੀਤੇ ਜਾਣ ਦੀ ਨਿੰਦਾ ਕੀਤੀ ਹੈ। ਮਿਲੀ ਜਾਣਕਾਰੀ ਅਨੁਸਾਰ ਜਮਾਤ ਉਲ-ਅਹਰ ਦੇ ਬੁਲਾਰੇ ਅਹਿਸਾਨੁੱਲਾ ਅਹਿਸਾਨ ਤੇ ਹੋਰ ਮੈਂਬਰਾਂ ਨੇ ਟਵਿੱਟਰ 'ਤੇ ਮਲਾਲਾ ਬਾਰੇ ਟਿੱਪਣੀਆਂ ਕੀਤੀਆਂ ਤੇ ਕਿਹਾ ਕਿ ਉਹ ਇਸਲਾਮ ਦੀ ਅਗਵਾਈ ਨਹੀਂ ਕਰਦੀ। ਮਲਾਲਾ ਨੂੰ ਭਾਰਤੀ ਬਾਲ ਅਧਿਕਾਰ ਕਾਰਕੁਨ ਕੈਲਾਸ਼ ਸਤਿਆਰਥੀ ਨਾਲ ਸਾਂਝੇ ਤੌਰ 'ਤੇ ਨੋਬਲ ਪੁਰਸਕਾਰ ਦਿੱਤੇ ਜਾਣ ਲਈ ਚੁਣਿਆ ਗਿਆ ਹੈ।

## ਸਿੱਖ ਕੌਂਸਲ ਆਫ ਸੈਂਟਰਲ ਕੈਲੀਫੋਰਨੀਆ ਵੱਲੋਂ ਧਾਰਮਿਕ ਕਵੀ ਦਰਬਾਰ 7 ਨਵੰਬਰ ਨੂੰ

**ਫਰਿਜ਼ਨੋ:** ਸਿੱਖ ਕੌਂਸਲ ਆਫ ਸੈਂਟਰਲ ਕੈਲੀਫੋਰਨੀਆ ਵੱਲੋਂ ਗੁਰੂ ਨਾਨਕ ਦੇਵ ਜੀ ਦੇ ਆਗਮਨ ਪੂਰਬ ਨੂੰ ਸਮਰਪਿਤ 3 ਰੋਜ਼ਾ ਸਮਾਗਮ ਗੁਰਦੁਆਰਾ ਸਿੰਘ ਸਭਾ ਫਰਿਜ਼ਨੋ ਵਿਖੇ ਹੋਵੇਗਾ।

ਜਾਣਕਾਰੀ ਅਨੁਸਾਰ 7 ਨਵੰਬਰ ਸਵੇਰੇ 11 ਵਜੇ ਸ੍ਰੀ ਅਖੰਡ ਪਾਠ ਸਾਹਿਬ ਅਰੰਭ ਹੋਣਗੇ। ਉਪਰੰਤ 12 ਵਜੇ ਤੋਂ ਧਾਰਮਿਕ ਕਵੀ ਦਰਬਾਰ ਸ਼ੁਰੂ ਹੋਵੇਗਾ। ਵਿਦਵਾਨ ਤੇ ਕਵੀ ਜਨ ਕਵਿਤਾਵਾਂ ਰਾਹੀਂ ਗੁਰੂ ਨਾਨਕ ਆਗਮਨ ਪੂਰਬ ਦੀਆਂ ਰੌਣਕਾਂ ਵਧਾਉਣਗੇ। ਪੰਜਾਬੀ ਮਾਂ ਬੋਲੀ ਦੇ ਆਧੁਨਿਕ ਵਿਕਾਸ, ਸਾਹਿਤਕ ਲਾਇਬ੍ਰੇਰੀਆਂ ਦੇ ਯੋਗ ਸੰਚਾਲਨ ਤੇ ਅਨਮੋਲ ਸਾਹਿਤਕ ਪੁਸਤਕਾਂ ਦੀ ਸੇਵਾ ਸੰਭਾਲ ਬਾਰੇ ਵਿਚਾਰ ਪੇਸ਼ ਕੀਤੇ ਜਾਣਗੇ।

8 ਨਵੰਬਰ ਨੂੰ ਕਰਮਨ ਸਿਟੀ ਵਿਚ ਪੰਜਾਬੀ ਕਲਚਰ, ਇਤਿਹਾਸ ਅਤੇ ਸਿੱਖ ਧਰਮ ਐਜੂਕੇਸ਼ਨ ਪ੍ਰੋਗਰਾਮ ਅਤੇ ਸਿੱਖ ਅਵੇਅਰਨੈਸ ਮੰਥ ਨਵੰਬਰ ਬਾਰੇ ਸਕੂਲਾਂ ਦੇ ਉਚ ਅਧਿਕਾਰੀਆਂ ਨਾਲ ਵਿਚਾਰ ਗੋਸ਼ਟੀਆਂ ਕੀਤੀਆਂ ਜਾਣਗੀਆਂ। 9 ਨਵੰਬਰ ਨੂੰ ਗੁਰੂ ਘਰ ਵਿਖੇ ਅਖੰਡ ਪਾਠ ਦੇ ਭੋਗ ਪਾਏ ਜਾਣਗੇ ਅਤੇ ਕੀਰਤਨ ਪਰਵਾਹ ਚੱਲੇਗਾ।

ਹੋਰ ਜਾਣਕਾਰੀ ਲਈ ਲਛਮਣ ਸਿੰਘ ਰਠੌਰ (209-248-8416) ਜਾਂ ਅਮਰੀਕ ਸਿੰਘ ਵਿਰਕ (559-304-1207) ਨਾਲ ਸੰਪਰਕ ਕੀਤਾ ਜਾ ਸਕਦਾ ਹੈ।


ਗਲੋਬਲ ਮਲਟੀ ਸਰਵਿਸਿਜ਼, ਲੈਥਰੋਪ

ਪਿਛਲੇ 9 ਸਾਲਾਂ ਤੋਂ ਤੁਹਾਡੀ ਸੇਵਾ ਵਿਚ

ਟਰੱਕਾਂ ਵਾਲੇ ਵੀਰਾਂ ਦੀਆਂ ਮੁਸ਼ਕਿਲਾਂ ਦਾ ਹੱਲ ਇੱਕੋ ਛੱਤ ਥੱਲੇ

SAME DAY ਲਾਇਸੰਸ ਪਲੇਟ ਲੈਣ ਵਾਸਤੇ ਸਾਨੂੰ ਸੰਪਰਕ ਕਰੋ ।

ਹੁਣ ਅਸੀਂ DPF Cleaning ਅਤੇ Baking ਵੀ ਕਰਦੇ ਹਾਂ।

STOCKTON ਵਿੱਚ ਪੰਜਾਬੀ ਭਰਾਂਵਾਂ ਦੀ ਇੱਕੋ ਇੱਕ ALIGNMENT SHOP
• 3 Axle Alignment $199
• Trailer Alignment $150

Special Price for Truck Wash Grand Opening

• 8 Drive Tires For $3300 Kelly KDA

• Two Steer Tire Michelin $1150 Including Balancing (22.5 LP)

ਗਲੋਬਲ ਮਲਟੀ ਸਰਵਿਸਿਜ਼ ਦੀ ਨਵੀਂ ਲੋਕੇਸ਼ਨ STOCKTON ਵਿਚ HIGHWAY 4 ਦੇ ਬਿਲਕੁਲ ਨਜ਼ਦੀਕ
1950 E Miner Ave.
Stockton, CA 95205

Ph: 209.547.9210
FAX: 209.547.9211
www.gfbontime.com, raj@gfbontime.com

REPAIR SHOP

ਟਰੱਕ ਤੇ ਟਰੇਲਰ ਦੇ ਹਰ ਤਰ੍ਹਾਂ ਦੇ ਟਾਇਰਾਂ ਤੋਂ ਇਲਾਵਾ Oil Change, Brakes, Engine Work, Tune Up, Transmission & Clutch ਆਦਿ ਦੀ ਮੁਰੰਮਤ ਅਤੇ Truck Alignment ਦਾ ਕੰਮ ਤਸੱਲੀਬਖਸ਼ ਢੰਗ ਨਾਲ ਕੀਤਾ ਜਾਂਦਾ ਹੈ। 50 ਟਰੱਕਾਂ ਦੀ ਖੁੱਲ੍ਹੀ-ਡੁੱਲ੍ਹੀ ਪਾਰਕਿੰਗ ਦੇ ਨਾਲ, ਟਰੱਕ-ਟਰੇਲਰ Wash ਕਰਨ ਦਾ ਵੀ ਵਧੀਆ ਪ੍ਰਬੰਧ ਹੈ।

TEL: 209.547.9210
FAX: 209.547.9211

REGISTRATION SERVICES

ਟਰੱਕਿੰਗ ਨਾਲ ਸਬੰਧਤ ਹਰ ਤਰ੍ਹਾਂ ਦੇ ਪਰਮਿਟ ਜਿਵੇਂ IFTA, CA#, MCP, 2290, ICC, BOC III, NM & Kentucky Permit, DOT Fuel Tax, Corporation Filling ਅਤੇ ਟਰੱਕਾਂ ਦੀਆਂ ਲਾਇਸੈਂਸ ਪਲੇਟਾਂ Same Day Service ਵੀ ਦਿੰਦੇ ਹਾਂ। ਤੁਸੀਂ ਸਾਡੇ ਕੋਲੋਂ ਪਲੇਟਾਂ ਲੈ ਕੇ ਆਪਣਾ ਕੰਮ ਤੁਰੰਤ ਸ਼ੁਰੂ ਕਰ ਸਕਦੇ ਹੋ। ਅਸੀਂ DOT Compliance, DOT Audit ਵਿਚ ਵੀ ਟਰੱਕਿੰਗ ਕੰਪਨੀਆਂ ਦੀ ਮਦਦ ਕਰਦੇ ਹਾਂ।

TEL: 209.982.9996
FAX: 209.982.9997

ਪੰਜਾਬ ਟਾਈਮਜ਼

ਸਨਿਚਰਵਾਰ, 18 ਅਕਤੂਬਰ 2014

## ਬਾਦਲਾਂ ਦੀ ਬੇਵਸੀ

ਪਿੱਛੇ ਜਿਹੇ ਹੋਈਆਂ ਲੋਕ ਸਭਾ ਚੋਣਾਂ ਵਿਚ ਜਦੋਂ ਸ਼੍ਰੋਮਣੀ ਅਕਾਲੀ ਦਲ ਅਤੇ ਇਸ ਦੇ ਲੀਡਰਾਂ ਨੂੰ ਵੋਟਾਂ ਇਕੱਠੀਆਂ ਕਰਨੀਆਂ ਔਖੀਆਂ ਹੋ ਰਹੀਆਂ ਸਨ, ਤਾਂ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਆਪਣੇ ਭਾਸ਼ਣਾਂ ਵਿਚ ਇਕ ਗੱਲ ਹੋਰ ਜੋੜ ਲਈ ਸੀ। ਉਨ੍ਹਾਂ ਕਹਿਣਾ ਸ਼ੁਰੂ ਕਰ ਦਿੱਤਾ ਸੀ ਕਿ ਪੰਜਾਬ ਵਿਚ ਅਕਾਲੀ ਦਲ-ਭਾਜਪਾ ਗਠਜੋੜ ਦੀ ਸਰਕਾਰ ਤਾਂ ਹੈ ਹੀ, ਜੇ ਕੇਂਦਰ ਵਿਚ ਭਾਜਪਾ ਦੀ ਅਗਵਾਈ ਹੇਠ ਨਰੇਂਦਰ ਮੋਦੀ ਦੀ ਸਰਕਾਰ ਬਣ ਜਾਵੇ, ਤਾਂ ਵਾਰੇ-ਨਿਆਰੇ ਹੋ ਜਾਣਗੇ, ਵਿਕਾਸ ਦੇ ਕਪਾਟ ਖੁੱਲ੍ਹ ਜਾਣਗੇ। ਫਿਰ ਕੇਂਦਰ ਦੀ ਗੱਦੀ ਉਤੇ ਸ੍ਰੀ ਮੋਦੀ ਬਿਰਾਜਮਾਨ ਵੀ ਹੋ ਗਏ, ਪਰ ਅਜੇ ਤੱਕ ਉਹ ਗੱਲ ਨਹੀਂ ਬਣੀ ਜਿਸ ਦਾ ਵਾਅਦਾ ਸ. ਬਾਦਲ ਨੇ ਲੋਕਾਂ ਨਾਲ ਕੀਤਾ ਸੀ। ਉਂਜ ਤਾਂ ਸਾਰੇ ਹੀ ਲੀਡਰ ਵੋਟਾਂ ਲੈਣ ਤੋਂ ਬਾਅਦ ਆਵਾਮ ਦਾ ਹਾਲ-ਚਾਲ ਘੱਟ ਹੀ ਪੁੱਛਦੇ ਹਨ, ਪਰ ਐਤਕੀ ਸ. ਬਾਦਲ ਲਈ ਬੜੀ ਨਮੋਸ਼ੀ ਵਾਲੇ ਹਾਲਾਤ ਬਣੇ ਹਨ। ਕੇਂਦਰ ਵਿਚ ਸਰਕਾਰ ਬਣਨ ਤੋਂ ਬਾਅਦ ਇਕ ਤਾਂ ਹੁਣ ਤੱਕ ਘੁੱਟੀ-ਵੱਟੀ ਬੈਠੀ ਪੰਜਾਬ ਭਾਜਪਾ ਨੇ ਖੰਭ ਖਿਲਾਰਨੇ ਸ਼ੁਰੂ ਕਰ ਦਿੱਤੇ; ਦੂਜੇ, ਕੇਂਦਰੀ ਵਜ਼ਾਰਤ ਵਿਚ ਆਪਣੀ ਨੂੰਹ ਹਰਸਿਮਰਤ ਕੌਰ ਬਾਦਲ ਲਈ ਮੰਤਰਾਲਾ ਲੈਣ ਤੋਂ ਇਲਾਵਾ ਉਹ ਕੇਂਦਰ ਤੋਂ ਕੁਝ ਖਾਸ ਹਾਸਲ ਨਹੀਂ ਕਰ ਸਕੇ। ਹੁਣ ਤਾਂ ਸਗੋਂ ਅਕਾਲੀ-ਭਾਜਪਾ ਭਾਈਵਾਲੀ ਬਾਰੇ ਹੀ ਸਵਾਲ ਉਠ ਖੜ੍ਹੇ ਹੋਏ ਹਨ। ਹਰਿਆਣਾ ਦੀਆਂ ਵਿਧਾਨ ਸਭਾ ਚੋਣਾਂ ਨੇ ਦੋਹਾਂ ਪਾਰਟੀਆਂ ਵਿਚਕਾਰ ਦਰਾੜ ਹੋਰ ਡੂੰਘੀ ਕਰ ਦਿੱਤੀ ਹੈ। ਹਰਿਆਣਾ ਵਿਚ ਸ. ਬਾਦਲ ਐਂਡ ਪਾਰਟੀ ਨੇ ਇੰਡੀਅਨ ਨੈਸ਼ਨਲ ਲੋਕ ਦਲ (ਇਨੈਲੋ) ਦਾ ਸਮਰਥਨ ਹੀ ਨਹੀਂ ਕੀਤਾ, ਧੂੰਆਂ-ਧਾਰ ਪ੍ਰਚਾਰ ਵੀ ਕੀਤਾ ਅਤੇ ਹਰਿਆਣਾ ਵਿਚ ਚੋਣਾਂ ਦੇ ਪਿੜ ਵਿਚ ਇਨੈਲੋ ਤੇ ਭਾਜਪਾ ਆਹਮੋ-ਸਾਹਮਣੇ ਹਨ।

ਅਸਲ ਵਿਚ ਸ. ਬਾਦਲ ਦੀ ਅਗਲੀ ਨੀਤੀ/ਰਣਨੀਤੀ ਦਾ ਸਾਰਾ ਦਾਰੋਮਦਾਰ ਹੁਣ ਹਰਿਆਣਾ ਚੋਣਾਂ ਦੇ ਨਤੀਜਿਆਂ ਉਤੇ ਹੈ। ਸਭ ਸਿਆਸੀ ਮਾਹਿਰ ਕਹਿ ਰਹੇ ਹਨ ਕਿ ਹਰਿਆਣਾ ਵਿਚ ਕਿਸੇ ਵੀ ਪਾਰਟੀ ਨੂੰ ਬਹੁਮਤ ਨਹੀਂ ਮਿਲਣੀ, ਸੂਬੇ ਵਿਚ ਗਠਜੋੜ ਸਰਕਾਰ ਹੀ ਬਣਨੀ ਹੈ। ਸ. ਬਾਦਲ ਨੂੰ ਉਮੀਦ ਹੈ ਕਿ ਇਹ ਗਠਜੋੜ ਭਾਜਪਾ ਅਤੇ ਇੰਡੀਅਨ ਨੈਸ਼ਨਲ ਲੋਕ ਦਲ ਦਾ ਹੀ ਹੋਵੇਗਾ ਅਤੇ ਇਸ ਗਠਜੋੜ ਦੀ ਵਿਚੋਲਗੀ ਲਈ ਉਹ ਤਿਆਰੀ ਕੱਸੀ ਬੈਠੇ ਹਨ। ਇਸੇ ਵਿਚੋਲਗੀ ਵਿਚੋਂ ਹੀ ਉਨ੍ਹਾਂ ਨੂੰ ਪੰਜਾਬ ਵਿਚ ਆਪਣੀ ਸਰਦਾਰੀ ਮੁੜ ਕਾਇਮ ਹੋਣ ਦੀਆਂ ਆਸਾਂ ਹਨ; ਨਹੀਂ ਤਾਂ ਹੁਣ ਹਾਲ ਇਹ ਹੈ ਕਿ ਭਾਜਪਾ ਦੀ ਪੰਜਾਬ ਇਕਾਈ ਵਾਲੇ ਆਗੂ ਬਾਦਲਾਂ ਲਈ ਨਿੱਤ ਨਵੀਂ ਔਕੜ ਖੜ੍ਹੀ ਕਰ ਰਹੇ ਹਨ। ਭਾਜਪਾ ਦੀ ਕੇਂਦਰੀ ਲੀਡਰਸ਼ਿਪ ਨੇ ਜਿਸ ਤਰ੍ਹਾਂ ਦਾ ਤੋੜ-ਵਿਛੋੜਾ ਮਹਾਰਾਸ਼ਟਰ ਵਿਚ ਸ਼ਿਵ ਸੈਨਾ ਨਾਲ ਕੀਤਾ ਹੈ, ਉਸ ਤਰ੍ਹਾਂ ਦੇ ਹਾਲਾਤ ਤਾਂ ਭਾਵੇਂ ਪੰਜਾਬ ਵਿਚ ਨਹੀਂ ਹਨ, ਪਰ ਜਿਸ ਤਰ੍ਹਾਂ ਭਾਜਪਾ ਅਤੇ ਇਸ ਦੀ ਸਰਪ੍ਰਸਤ ਜਥੇਬੰਦੀ ਆਰ.ਐਸ.ਐਸ. ਨੂੰ ਮਹਾਰਾਸ਼ਟਰ ਵਿਚ ਲੱਗਦਾ ਹੈ ਕਿ ਭਾਜਪਾ ਉਥੇ ਇਕੱਲੀ ਪੈਂਠ ਬਣਾ ਸਕਦੀ ਹੈ, ਇਸੇ ਤਰ੍ਹਾਂ ਪੰਜਾਬ ਵਿਚ ਵੀ ਭਾਜਪਾ ਅਤੇ ਆਰ.ਐਸ.ਐਸ. ਨੇ ਨਵੀਂ ਰਣਨੀਤੀ ਉਲੀਕੀ ਹੋਈ ਹੈ। ਇਸ ਰਣਨੀਤੀ ਤਹਿਤ ਹੀ ਆਰ.ਐਸ.ਐਸ. ਨਾਲ ਡੂੰਘੀ ਤਰ੍ਹਾਂ ਜੁੜੇ ਪੰਜਾਬ ਦੇ ਲੀਡਰ ਤਰੁਣ ਚੁਘ ਨੂੰ ਭਾਜਪਾ ਦੀ ਕੇਂਦਰੀ ਲੀਡਰਸ਼ਿਪ ਵਿਚ ਅਹੁਦਾ ਬਖਸ਼ਿਆ ਗਿਆ ਹੈ। ਉਂਜ ਵੀ ਇਹ ਸਾਫ ਹੋ ਗਿਆ ਹੈ ਕਿ ਪੰਜਾਬ ਹੁਣ ਆਰ.ਐਸ.ਐਸ. ਦੇ ਏਜੰਡੇ ਉਤੇ ਆ ਚੁੱਕਾ ਹੈ। ਇਸੇ ਕਰ ਕੇ ਆਰ.ਐਸ.ਐਸ. ਦੇ ਲੀਡਰ ਪੰਜਾਬ ਦਾ ਗੇੜੇ 'ਤੇ ਗੇੜਾ ਲਾ ਰਹੇ ਹਨ ਅਤੇ ਸਮੁੱਚੇ ਸੂਬੇ ਵਿਚ ਆਪਣੀਆਂ ਸਰਗਰਮੀਆਂ ਲਗਾਤਾਰ ਵਧਾ ਰਹੇ ਹਨ।

ਅਜਿਹੇ ਹਾਲਾਤ ਵਿਚ ਇਕ ਗੱਲ ਹੋਰ ਵੀ ਸਪਸ਼ਟ ਹੈ ਕਿ ਹੁਣ ਤੱਕ ਜਿੰਨਾ 'ਤਾਲਮੇਲ' ਸ. ਬਾਦਲ ਨੇ ਭਾਜਪਾ ਆਗੂਆਂ ਨਾਲ ਬਿਠਾਈ ਰੱਖਿਆ ਹੈ, ਉਹ ਸ਼੍ਰੋਮਣੀ ਅਕਾਲੀ ਦੇ ਪ੍ਰਧਾਨ ਅਤੇ ਸ. ਬਾਦਲ ਦੇ ਫਰਜ਼ੰਦ ਸੁਖਬੀਰ ਸਿੰਘ ਬਾਦਲ ਦੇ ਵੱਸ ਦਾ ਰੋਗ ਨਹੀਂ ਹੈ ਅਤੇ ਪਿਛਲੇ ਸਾਲਾਂ ਦੌਰਾਨ ਅਕਾਲੀ ਦਲ ਨਾਲ ਭਾਈਵਾਲੀ ਪਾ ਕੇ ਭਾਜਪਾ ਨੇ ਪੰਜਾਬ ਵਿਚ ਜੋ ਪਾਸਾਰ ਕੀਤਾ ਹੈ, ਉਹ ਆਉਣ ਵਾਲੇ ਦਿਨਾਂ ਵਿਚ ਅਕਾਲੀ ਦਲ ਅਤੇ ਬਾਦਲਾਂ ਲਈ ਵੰਗਾਰ ਬਣ ਕੇ ਸਾਹਮਣੇ ਆਉਣ ਵਾਲਾ ਹੈ। ਇਸ ਮਾਮਲੇ 'ਤੇ ਭਾਜਪਾ ਦਾ ਏਜੰਡਾ ਐਨ ਸਪਸ਼ਟ ਹੈ ਅਤੇ ਇਸ ਏਜੰਡੇ ਦੀ ਰੂਪ-ਰੇਖਾ ਹੁਣ ਆਰ.ਐਸ.ਐਸ. ਹੀ ਤਿਆਰ ਕਰ ਰਹੀ ਹੈ। ਕੱਲ੍ਹ ਤੱਕ ਆਰ.ਐਸ.ਐਸ. ਨੂੰ ਆਪਣੇ ਏਜੰਡੇ ਬਾਰੇ ਪ੍ਰਚਾਰ ਅਤੇ ਪ੍ਰਸਾਰ ਲੁਕ ਕੇ ਕਰਨਾ ਪੈ ਰਿਹਾ ਸੀ, ਪਰ ਹੁਣ ਜਦੋਂ ਕੇਂਦਰ ਵਿਚ ਮੋਦੀ ਸਰਕਾਰ ਬਣ ਚੁੱਕੀ ਹੈ ਤਾਂ ਇਸ ਦੇ ਰਾਹ ਦੇ ਸਭ ਰੋੜੇ ਇਕ ਲਿਹਾਜ਼ ਨਾਲ ਦੂਰ ਹੋ ਗਏ ਹਨ। ਉਂਜ ਵੀ ਆਰ.ਐਸ.ਐਸ. ਦਾ ਰਾਹ ਡੱਕਣ ਵਾਲੀਆਂ ਤਾਕਤਾਂ ਕੋਲ ਹੁਣ ਕੋਈ ਖਾਸ ਤਾਕਤ ਵੀ ਨਹੀਂ ਹੈ। ਕਾਂਗਰਸ ਦਾ ਕਾਰੋਬਾਰ ਉਂਜ ਵੀ ਠੰਢਾ ਹੈ। ਇਸ ਲਈ ਆਰ.ਐਸ.ਐਸ. ਲਈ ਫਿਲਹਾਲ ਮੈਦਾਨ ਖਾਲੀ ਹੈ। ਹੁਣ ਤਾਂ ਸਗੋਂ ਇਹ ਘੋਖ ਕਰਨੀ ਬਾਕੀ ਹੈ ਕਿ ਪੰਜਾਬ ਦੇ ਏਜੰਡੇ ਵਿਚ ਆਰ.ਐਸ.ਐਸ. ਨੂੰ ਹੁਣ ਬਾਦਲਾਂ ਅਤੇ ਅਕਾਲੀ ਦਲ ਦੀ ਕਿੰਨੀ ਕੁ ਲੋੜ ਹੈ। ਇਸ ਲੋੜ ਦੇ ਹਿਸਾਬ ਨਾਲ ਹੀ ਪੰਜਾਬ ਵਿਚ ਆਰ.ਐਸ.ਐਸ. ਦੀਆਂ ਨੀਤੀਆਂ-ਰਣਨੀਤੀਆਂ ਤੈਅ ਹੋਣੀਆਂ ਹਨ। ਇਸ ਸੂਰਤ ਵਿਚ ਜੇ ਪੰਜਾਬ ਵਿਚ ਕੋਈ ਹੋਰ ਧਿਰ ਪੰਜਾਬ ਦੇ ਨਕਸ਼ੇ ਉਤੇ ਆਉਂਦੀ ਹੈ, ਜਿਸ ਤਰ੍ਹਾਂ ਲੋਕ ਸਭਾ ਚੋਣਾਂ ਦੌਰਾਨ ਆਮ ਆਦਮੀ ਪਾਰਟੀ (ਆਪ) ਨਮੂਦਾਰ ਹੋ ਗਈ ਸੀ, ਤਾਂ ਅੱਜ ਦੀ ਘੜੀ ਨੂੰ ਅਕਾਲੀ ਦਲ ਨੂੰ ਖੋਰਾ ਲੱਗਣ ਦੀ ਘੜੀ ਮੰਨਿਆ ਜਾਣਾ ਚਾਹੀਦਾ ਹੈ। 'ਆਪ' ਦੀ ਚੜ੍ਹਤ ਨੇ ਉਦੋਂ ਇਹ ਦਰਸਾ ਦਿੱਤਾ ਸੀ ਕਿ ਪੰਜਾਬ ਦੇ ਲੋਕ ਜਦੋਂ ਵੀ ਉਠਦੇ ਹਨ ਤਾਂ ਇਸ ਤਰ੍ਹਾਂ ਹੀ ਉਠਦੇ ਹਨ। ਫਿਰ ਅਕਾਲੀ ਦਲ, ਕਾਂਗਰਸ ਜਾਂ ਭਾਜਪਾ/ ਆਰ.ਐਸ.ਐਸ. ਦੀ ਕਿਸੇ ਨੀਤੀ-ਰਣਨੀਤੀ ਦੀ ਕੋਈ ਵੱਟੀ ਨਹੀਂ ਰਹਿੰਦੀ। ਇਸ ਲਿਹਾਜ਼ ਨਾਲ ਆਉਣ ਵਾਲਾ ਸਮਾਂ ਪੰਜਾਬ ਵਿਚ ਤਬਦੀਲੀ ਦਾ ਬੁੱਲਾ ਆਪਣੇ ਨਾਲ ਲੈ ਕੇ ਆਵੇਗਾ। ਇਹੀ ਸਮਾਂ ਅਸਲ ਵਿਚ ਪੰਜਾਬ ਦੇ ਧੀਆਂ-ਪੁੱਤਾਂ ਲਈ ਪਰਖ ਦਾ ਸਮਾਂ ਹੈ। ਇਸ ਸਮੇਂ ਦੀਆਂ ਸਰਗਰਮੀਆਂ ਦੇ ਨਾਲ-ਨਾਲ ਜੇ ਸੰਜੀਦਗੀ ਵੀ ਰਲ ਗਈ ਤਾਂ ਸੋਨੇ ਉਤੇ ਸੁਹਾਗੇ ਵਾਲੀ ਕਹਾਵਤ ਪੰਜਾਬ ਨੂੰ ਨਵੇਂ ਰਾਹਾਂ ਉਤੇ ਤੋਰੇਗੀ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### ਝੋਟੇ ਮੂਹਰੇ ਬੀਨ?

ਕਲਮਾਂ ਵਾਲੇ ਕੁਪੱਤ ਨੇ ਰੋਜ਼ ਕਰਦੇ, ਹਾਕਮ ਟੋਲਾ ਨਾ ਟੱਸ ਤੋਂ ਮੱਸ ਹੁੰਦਾ।
ਫੋਕੇ ਫਾਇਰ ਫਿਟਕਾਰਾਂ ਨੂੰ ਸਮਝਦੇ ਨੇ, ਤਾਣਾ-ਬਾਣਾ ਨਾ ਇਨ੍ਹਾਂ ਤੋਂ ਕੱਸ ਹੁੰਦਾ।
ਐਸੀ ਢੀਠ ਮੱਕਾਰਾਂ ਨੇ ਲੁੱਟ ਪਾਈ, ਹਾਲ ਚਿੰਤਕਾਂ ਪਾਸੋਂ ਨਾ ਦੱਸ ਹੁੰਦਾ।
ਸੂਬਾ ਰੰਗਲਾ, ਕੰਗਲਾ ਬਣ ਗਿਆ ਏ, ਪੂਰਾ ਹਾਲੇ ਨਾ 'ਰਾਜ' ਦਾ ਝੱਸ ਹੁੰਦਾ।
ਹੋਣ ਅਸਰ ਕੀ ਮਾਰੀਆ ਬੋਲੀਆਂ ਦਾ, ਸਿੱਲ ਵਾਂਗ ਦਿਲ ਹੋਏ ਨੇ ਖੋਟਿਆਂ ਦੇ।
ਦੱਸੇ ਦੁੱਖੜੇ ਦਿਲਾਂ ਦੇ ਇੰਜ ਜਾਣੋ, ਮੂਹਰੇ ਬੀਨ ਵਜਾਈ ਐ ਝੋਟਿਆਂ ਦੇ!

# ਜੰਗਬਾਜ਼ ਸਿਆਸਤ 'ਚ ਪਿਸਦੇ ਲੋਕ

## ਹਿੰਦ-ਪਾਕਿ ਰਿਸ਼ਤਿਆਂ 'ਚ ਜ਼ਹਿਰ ਘੋਲ ਰਹੇ ਨੇ ਹੁਕਮਰਾਨ

ਬੂਟਾ ਸਿੰਘ
ਫੋਨ: 91-94634-74342

ਹਿੰਦੁਸਤਾਨ ਅਤੇ ਪਾਕਿਸਤਾਨ ਦੀ ਸਰਹੱਦ ਤੋਂ ਇਕ ਵਾਰ ਫਿਰ ਫੌਜੀ ਟਕਰਾਵਾਂ, ਦੁਵੱਲੀ ਗੋਲਾਬਾਰੀ ਅਤੇ ਜਾਨੀ ਤੇ ਮਾਲੀ ਤਬਾਹੀ ਦੀਆਂ ਮਨਹੂਸ ਖਬਰਾਂ ਆ ਰਹੀਆਂ ਹਨ। ਹੁਣ ਤਕ ਦੋਵੇਂ ਪਾਸੇ 30 ਦੇ ਕਰੀਬ ਆਮ ਸ਼ਹਿਰੀ ਹਲਾਕ ਅਤੇ 60 ਦੇ ਕਰੀਬ ਜ਼ਖ਼ਮੀ ਹੋ ਚੁੱਕੇ ਹਨ। 'ਅਮਨ ਤੇ ਜਮਹੂਰੀਅਤ ਲਈ ਪਾਕਿਸਤਾਨ-ਹਿੰਦੁਸਤਾਨ ਲੋਕ ਮੰਚ' ਦੇ ਹਿੰਦੁਸਤਾਨੀ ਚੈਪਟਰ ਦੀ ਰਿਪੋਰਟ ਮੁਤਾਬਿਕ "ਲੰਘੇ ਇਕ ਹਫ਼ਤੇ 'ਚ ਪਾਕਿਸਤਾਨ ਨੇ 22 ਹਿੰਦੁਸਤਾਨੀ ਕਿਸ਼ਤੀਆਂ ਫੜ ਲਈਆਂ ਹਨ ਅਤੇ 125 ਹਿੰਦੁਸਤਾਨੀ ਮਛੇਰਿਆਂ ਨੂੰ ਗ੍ਰਿਫ਼ਤਾਰ ਕੀਤਾ ਹੈ। ਹਿੰਦੁਸਤਾਨੀ ਅਥਾਰਟੀ ਨੇ ਵੀ ਛੇ ਪਾਕਿਸਤਾਨੀ ਮਛੇਰੇ ਬੰਦੀ ਬਣਾਏ ਅਤੇ ਇਕ ਕਿਸ਼ਤੀ ਕਬਜ਼ੇ 'ਚ ਲਈ ਹੈ। ਇਸ ਤੋਂ ਸਾਬਤ ਹੁੰਦਾ ਹੈ ਕਿ ਸਰਹੱਦ ਉਪਰਲਾ ਤਣਾਓ ਦੋਵਾਂ ਮੁਲਕਾਂ ਦੇ ਮਛੇਰਿਆਂ ਦੀ ਜ਼ਿੰਦਗੀ ਉਪਰ ਸਿੱਧੇ ਤੌਰ 'ਤੇ ਅਸਰ-ਅੰਦਾਜ਼ ਹੋ ਰਿਹਾ ਹੈ। ਦੋਵਾਂ ਮੁਲਕਾਂ ਦਰਮਿਆਨ ਵਧ ਰਿਹਾ ਤਣਾਓ ਹਿੰਦੁਸਤਾਨ ਅਤੇ ਪਾਕਿਸਤਾਨ ਦੇ ਆਮ ਸ਼ਹਿਰੀਆਂ ਦੀਆਂ ਜ਼ਿੰਦਗੀਆਂ ਉਪਰ ਅਸਰ ਪਾ ਰਿਹਾ ਹੈ।"

ਇਸ ਵਰ੍ਹੇ ਅਗਸਤ ਮਹੀਨੇ ਵਿਚ ਵੀ ਜੰਮੂ ਖੇਤਰ ਵਿਚ ਸਰਹੱਦ ਉਪਰ ਗੋਲੀਬੰਦੀ ਦੀਆਂ ਉਲੰਘਣਾਵਾਂ ਹੋਈਆਂ ਸਨ। ਕੁਝ ਆਮ ਸ਼ਹਿਰੀ ਮਾਰੇ ਗਏ ਸਨ ਅਤੇ 2000 ਪੇਂਡੂਆਂ ਨੂੰ ਘਰ-ਬਾਰ ਛੱਡਣੇ ਪਏ ਸਨ। ਫਿਰ ਦੋਵਾਂ ਫੌਜਾਂ ਦੀ ਫਲੈਗ ਮੀਟਿੰਗ ਤੋਂ ਬਾਅਦ ਅਮਨ-ਅਮਾਨ ਹੋ ਗਿਆ ਸੀ ਜੋ ਇਕ ਮਹੀਨੇ ਬਾਅਦ ਮੁੜ ਭੰਗ ਹੋ ਗਿਆ। ਮੋਦੀ ਹਕੂਮਤ ਦਾ ਦਾਅਵਾ ਹੈ ਕਿ ਪਹਿਲੀ ਅਕਤੂਬਰ ਨੂੰ ਪਾਕਿਸਤਾਨੀ ਰੇਂਜਰਾਂ ਵਲੋਂ ਗੋਲੀਬੰਦੀ ਦੀ ਉਲੰਘਣਾ ਕੀਤੀ ਗਈ ਜਦਕਿ ਪਾਕਿਸਤਾਨ ਹਕੂਮਤ ਦਾ ਦਾਅਵਾ ਹੈ ਕਿ 5 ਅਕਤੂਬਰ ਨੂੰ ਹਿੰਦੁਸਤਾਨੀ ਫੌਜ ਨੇ ਕੰਟਰੋਲ ਰੇਖਾ ਦੀ ਉਲੰਘਣਾ ਕਰ ਕੇ ਗੋਲੀਬੰਦੀ ਤੋੜੀ। ਦਰਅਸਲ ਇਸ ਵਕਤ ਕ੍ਰਿਸ਼ਨਾ ਘਾਟੀ ਖੇਤਰ ਤੋਂ ਲੈ ਕੇ ਬੀ.ਜੀ. ਖੇਤਰ ਤਕ ਸਮੁੱਚੀ ਕੰਟਰੋਲ ਰੇਖਾ ਫੌਜੀ ਟਕਰਾਵਾਂ ਦੇ ਸਾਏ ਹੇਠ ਹੈ ਜਿਥੇ ਪਾਕਿਸਤਾਨੀ ਤੇ ਹਿੰਦੁਸਤਾਨੀ, ਦੋਵੇਂ ਪਾਸਿਓਂ ਗੋਲਾਬਾਰੀ ਕੀਤੀ ਜਾ ਰਹੀ ਹੈ। ਇਸ ਤੋਂ ਸਹਿਮ ਕੇ ਹਜ਼ਾਰਾਂ ਪੇਂਡੂ ਘਰ ਛੱਡਣ ਲਈ ਮਜਬੂਰ ਹੋ ਗਏ ਹਨ। ਕਾਰਪੋਰੇਟ ਮੀਡੀਆ ਦੀ ਰੁਚੀ ਹਾਲਤ ਦੀ ਸਹੀ ਤਸਵੀਰ ਪੇਸ਼ ਕਰਨ ਦੀ ਬਜਾਏ ਵਪਾਰਕ ਖ਼ੁਦਗਰਜ਼ੀ ਵਿਚੋਂ ਹਾਲਤ ਨੂੰ ਹੋਰ ਵਿਗਾੜਨ ਵਿਚ ਹੈ। ਇਸੇ ਲਈ ਮੀਡੀਆ ਹਕੂਮਤ ਦੀ ਕੌਮੀ ਜਨੂੰਨ ਭੜਕਾਊ ਬਿਆਨਬਾਜ਼ੀ ਨੂੰ ਦੁਹਰਾਉਣ ਤਕ ਮਹਿਦੂਦ ਹੈ। ਦਰਅਸਲ ਦੋਵੇਂ ਹਕੂਮਤਾਂ ਇਹ ਸਾਬਤ ਕਰਨ ਲਈ ਅੱਡੀ ਚੋਟੀ ਦਾ ਜ਼ੋਰ ਲਾ ਰਹੀਆਂ ਹਨ ਕਿ ਉਸ ਦਾ ਸ਼ਰੀਕ ਮੁਲਕ ਉਸ ਨੂੰ ਕਮਜ਼ੋਰ ਸਮਝ ਕੇ ਸਬਰ ਦਾ ਇਮਤਿਹਾਨ ਨਾ ਲਵੇ। ਉਨ੍ਹਾਂ ਦੀਆਂ ਫੌਜਾਂ ਹਰ ਕਾਰਵਾਈ ਦਾ ਠੋਕ ਕੇ ਜਵਾਬ ਦੇਣ ਲਈ ਤਿਆਰ-ਬਰ-ਤਿਆਰ ਹਨ। ਦੋਵਾਂ ਹਕੂਮਤਾਂ ਦੇ ਹਮਲਾਵਰ ਤੇਵਰਾਂ ਤੋਂ ਉਨ੍ਹਾਂ ਦੇ ਜੰਗਬਾਜ਼ ਮਨਸ਼ੇ ਵਾਰ-ਵਾਰ ਸਾਹਮਣੇ ਆ ਰਹੇ ਹਨ।

ਇਹ ਟਕਰਾਅ ਗੰਭੀਰ ਚਿੰਤਾ ਦਾ ਮਾਮਲਾ ਮਹਿਜ਼ ਇਸ ਕਾਰਨ ਨਹੀਂ ਕਿ ਸਰਹੱਦ ਦੇ ਦੋਵੇਂ ਪਾਸੇ ਜਾਨੀ ਤੇ ਮਾਲੀ ਨੁਕਸਾਨ ਹੋ ਰਿਹਾ ਹੈ; ਮਸਲੇ ਦੀ ਜ਼ਿਆਦਾ ਨਜ਼ਾਕਤ ਇਸ ਕਾਰਨ ਹੈ ਕਿ ਦੋਵਾਂ ਪਾਸਿਆਂ ਦੇ ਹੁਕਮਰਾਨਾਂ ਦੀ ਜੰਗਬਾਜ਼ ਸਿਆਸਤ ਕਾਰਨ ਇਹ ਟਕਰਾਅ ਕਿਸੇ ਵਕਤ ਵੀ ਇਸ ਖ਼ਿੱਤੇ ਦੇ ਅਮਨ-ਅਮਾਨ ਨੂੰ ਲਾਂਬੂ ਲਾ ਕੇ ਅਤੇ ਮੁਕੰਮਲ ਜੰਗ ਬਣ ਕੇ ਦੋਵਾਂ ਮੁਲਕਾਂ ਅੰਦਰ ਵੱਡੀ ਜਾਨੀ ਤੇ ਮਾਲੀ ਤਬਾਹੀ ਦਾ ਕਾਰਨ ਬਣ ਸਕਦੇ ਹਨ। ਐਨ ਉਸੇ ਤਰ੍ਹਾਂ ਜਿਵੇਂ ਲੰਘੇ 67 ਸਾਲਾਂ ਵਿਚ ਦੋਵਾਂ ਮੁਲਕਾਂ ਦਰਮਿਆਨ ਲੜੀਆਂ ਗਈਆਂ ਚਾਰ ਜੰਗਾਂ (1947, 1965, 1971 ਅਤੇ 1999) ਵਿਚ ਵਾਪਰ ਚੁੱਕਾ ਹੈ। ਇਨ੍ਹਾਂ ਚਾਰ ਜੰਗਾਂ ਦਰਮਿਆਨ ਬੇਸ਼ੁਮਾਰ ਜਾਨੀ ਤੇ ਮਾਲੀ ਨੁਕਸਾਨ ਦੇ ਬਾਵਜੂਦ ਕੰਟਰੋਲ ਰੇਖਾ ਨਾਲ ਜੁੜੀਆਂ ਦਾਅਵੇਦਾਰੀਆਂ ਦਾ ਕਲੇਸ਼ ਉਥੇ ਦਾ ਉਥੇ ਖੜ੍ਹਾ ਹੈ।

ਕੌੜੀ ਹਕੀਕਤ ਇਹ ਹੈ ਕਿ ਸਰਹੱਦ ਦੇ ਦੋਵਾਂ ਪਾਸਿਆਂ ਦੇ ਹੁਕਮਰਾਨਾਂ ਨੂੰ ਆਪਸੀ ਅਮਨ-ਚੈਨ ਗਵਾਰਾ ਨਹੀਂ ਹੈ। ਉਹ ਸਰਹੱਦੀ ਝਗੜਿਆਂ ਨੂੰ ਤੂਲ ਦੇਣ ਲਈ ਹਮੇਸ਼ਾ ਬਹਾਨੇ ਭਾਲਦੇ ਰਹਿੰਦੇ ਹਨ। ਇਹ ਹੁਕਮਰਾਨ ਤੁਛ ਮਸਲਿਆਂ ਦੇ ਹੱਲ ਲਈ ਗੱਲਬਾਤ ਦਾ ਰਾਹ ਅਖਤਿਆਰ ਕਰਨ ਦੀ ਬਜਾਏ ਜੰਗਬਾਜ਼ ਰਾਹ ਅਖਤਿਆਰ ਕਰ ਕੇ ਹੁਣ ਤਾਈਂ ਆਪੋ ਆਪਣੇ ਮੁਲਕ ਦੇ ਵਸੀਲਿਆਂ ਅਤੇ ਬੇਸ਼ੁਮਾਰ ਫੌਜੀਆਂ ਦੀਆਂ ਜਾਨਾਂ ਦੀ ਬਲੀ ਦਿੰਦੇ ਆਏ ਹਨ। ਹੁਕਮਰਾਨ ਆਪਣੇ ਸੌੜੇ ਸਵਾਰਥਾਂ ਕਾਰਨ ਸਰਹੱਦ ਉਪਰ ਸੇਹ ਦਾ ਤੱਕਲਾ ਹਮੇਸ਼ਾ ਗੱਡ ਕੇ ਰੱਖਦੇ ਹਨ, ਤੇ ਇਨ੍ਹਾਂ ਮਸਲਿਆਂ ਨੂੰ ਆਧਾਰ ਬਣਾ ਕੇ ਭੜਕਾਹਟ ਦਾ ਮਾਹੌਲ ਪੈਦਾ ਕਰਦੇ ਹਨ ਅਤੇ ਫਿਰ ਇਸ ਮਾਹੌਲ ਦੀ ਸਿਆਸੀ ਖੱਟੀ ਖੱਟਣ ਲਈ ਗੁਆਂਢੀ ਮੁਲਕ ਦੀਆਂ ਕਾਰਵਾਈਆਂ ਦਾ ਮੂੰਹ-ਤੋੜ ਜਵਾਬ ਦੇਣ ਦੀ ਸ਼ਰਾਰਤੀ ਬਿਆਨਬਾਜ਼ੀ ਜ਼ਰੀਏ ਕੌਮੀ ਹੰਕਾਰ ਤੇ ਜਨੂੰਨ ਭੜਕਾ ਕੇ ਮਾਹੌਲ ਨੂੰ ਹੋਰ ਬਦਤਰ ਬਣਾਉਂਦੇ ਹਨ। ਅਜਿਹੇ ਬੇਯਕੀਨੀ ਵਾਲੇ ਮਾਹੌਲ ਨੂੰ ਉਹ ਆਪੋ ਆਪਣੇ ਮੁਲਕ ਦੇ ਆਵਾਮ ਦੀ ਤਵੱਜੋਂ ਉਨ੍ਹਾਂ ਦੇ ਅਸਲ ਮਸਲਿਆਂ ਤੋਂ ਭਟਕਾਉਣ ਲਈ ਵਰਤਦੇ ਹਨ। 1999 ਵਿਚ ਲੜੀ ਗਈ ਕਾਰਗਿਲ ਦੀ ਜੰਗ ਇਸ ਦੀ ਉਘੜਵੀਂ ਮਿਸਾਲ ਹੈ ਜਿਸ ਨੇ ਹਿੰਦੁਸਤਾਨ ਦੇ ਖਜ਼ਾਨੇ ਵਿਚੋਂ 3200 ਕਰੋੜ ਰੁਪਏ ਫੌਜੀ ਕਾਰਵਾਈ ਲਈ ਸਿੱਧੇ ਤੌਰ 'ਤੇ ਚਟਮ ਕਰ ਲਏ ਸਨ। ਸਿਆਚਿਨ ਗਲੇਸ਼ੀਅਰ, ਕਾਰਗਿਲ-ਦਰਾਸ-ਬਟਾਲਿਕ ਦੀਆਂ ਬਰਫ਼ੀਲੀਆਂ ਚੋਟੀਆਂ ਉਪਰ ਆਪਣੀ ਫ਼ੌਜੀ ਹੋਂਦ ਬਣਾਈ ਰੱਖਣ ਦੇ ਵੀ ਦੁੱਗਣੇ-ਤਿੱਗਣੇ ਅਸਿੱਧੇ ਫੌਜੀ ਖ਼ਰਚੇ ਇਸ ਤੋਂ ਵੱਖਰੇ ਹਨ। ਅਜਿਹੇ ਕੌਮੀ ਜਨੂੰਨ ਦੇ ਮਾਹੌਲ ਵਿਚ ਲੋਕ ਇਹ ਭੁੱਲ ਜਾਂਦੇ ਹਨ ਕਿ ਕਿਵੇਂ ਇਨ੍ਹਾਂ ਹੀ ਹੁਕਮਰਾਨਾਂ ਨੇ ਉਨ੍ਹਾਂ ਦੇ ਆਪੋ ਆਪਣੇ ਮੁਲਕ ਉਪਰ ਬੇਰਹਿਮ ਲੁੱਟਮਾਰ ਦਾ ਨਿਜ਼ਾਮ ਥੋਪ ਕੇ ਅਤੇ ਬਹੁ-ਗਿਣਤੀ ਆਵਾਮ ਨੂੰ ਚੰਗੀ ਜ਼ਿੰਦਗੀ ਜਿਉਣ ਦੇ ਮੂਲ ਮਨੁੱਖ ਹਕੂਕ ਤੋਂ ਵਾਂਝੇ ਕਰ ਕੇ ਉਨ੍ਹਾਂ ਦੇ ਮੁਲਕਾਂ ਨੂੰ ਸਾਖਿਆਤ ਜਹੰਨਮ ਬਣਾ ਰੱਖਿਆ ਹੈ। ਇੰਞ ਕੁਰਾਹੇ ਪਾਏ ਆਵਾਮ ਨੂੰ ਆਪਣੀ ਦੁਰਦਸ਼ਾ ਲਈ ਜ਼ਿੰਮੇਵਾਰ ਘੋਰ ਭ੍ਰਿਸ਼ਟਾਚਾਰੀ, ਜ਼ਾਲਮ ਅਤੇ ਨਿਹਾਇਤ ਬਦਕਾਰ ਹੁਕਮਰਾਨ ਵੀ ਮਹਾਂ ਦੇਸ਼ ਭਗਤ ਨਜ਼ਰ ਆਉਣ ਲੱਗ ਜਾਂਦੇ ਹਨ।

ਇਹ ਜ਼ਿਕਰ ਕਰਨਾ ਕੁਥਾਂ ਨਹੀਂ ਹੋਵੇਗਾ ਕਿ ਹਿੰਦੁਸਤਾਨ-ਪਾਕਿਸਤਾਨ ਦਰਮਿਆਨ ਦੁਵੱਲੇ ਰਿਸ਼ਤਿਆਂ ਦਾ ਖਾਸ ਪਿਛੋਕੜ ਹੈ। ਦੁਵੱਲੀ ਕੁੜੱਤਣ ਦੀਆਂ ਜੜ੍ਹਾਂ 1947 ਵਿਚ ਹੋਈ ਮੁਲਕ ਦੀ ਤ੍ਰਾਸਦਿਕ ਵੰਡ ਅਤੇ ਵੱਖਰਾ ਪਾਕਿਸਤਾਨ ਹੋਂਦ ਵਿਚ ਆਉਣ ਦੇ ਇਤਿਹਾਸ 'ਚ ਮੌਜੂਦ ਹਨ। ਇਸ ਵੰਡ ਨੂੰ ਹਕੀਕਤ ਵਜੋਂ ਤਸਲੀਮ ਕਰ ਲੈਣ ਅਤੇ ਅਗਾਂਹ ਲਈ ਦੋਵਾਂ ਮੁਲਕਾਂ ਦਰਮਿਆਨ ਰਿਸ਼ਤੇ ਸੁਖਾਵੇਂ ਤੇ ਨਿੱਘੇ ਬਣਾਉਣ ਲਈ ਸੱਚੇ ਦਿਲੋਂ ਯਤਨ ਕਰਨ ਦੀ ਥਾਂ ਦਿੱਲੀ ਅਤੇ ਇਸਲਾਮਾਬਾਦ ਦੇ ਹੁਕਮਰਾਨ ਕੰਟਰੋਲ ਰੇਖਾ ਨੂੰ ਗੁਆਂਢੀ ਮੁਲਕ ਵੱਲ ਧੱਕ ਕੇ, ਤੇ ਇੰਞ ਇਕ-ਦੂਜੇ ਦਾ ਹੋਰ ਇਲਾਕਾ ਹੜੱਪ ਕੇ ਆਪਣੇ ਵਿਚ ਰਲਾਉਣ ਦੇ ਪਸਾਰਵਾਦ ਉਪਰ ਬਜ਼ਿੱਦ ਹਨ।

ਹਾਲੀਆ ਫੌਜੀ ਟਕਰਾਅ ਦੇ ਪਿਛੋਕੜ ਵਿਚ ਜਿਥੇ ਦਾਅਵੇਦਾਰੀਆਂ ਅਤੇ ਜਵਾਬੀ ਦਾਅਵੇਦਾਰੀਆਂ ਦੀ ਲੰਮੀ ਤਫ਼ਸੀਲ ਮੌਜੂਦ ਹੈ, ਉਥੇ ਇਸ ਦੀ ਇਕ ਖਾਸ ਵਜ੍ਹਾ ਵੀ ਹੈ। ਪਾਕਿਸਤਾਨ ਨਾਲ ਮੁਸਲਿਮ ਸਵਾਲ ਜੁੜਿਆ ਹੋਣ ਕਾਰਨ ਇਸ ਵੱਲ ਆਮ ਤੌਰ 'ਤੇ ਹਿੰਦੁਸਤਾਨੀ ਹਾਕਮ ਜਮਾਤ, ਖਾਸ ਕਰ ਕੇ ਹਿੰਦੂਤਵੀ ਕੈਂਪ ਦਾ ਰੁਖ ਵਧੇਰੇ ਹੀ ਹਮਲਾਵਰ ਹੈ। ਜਦੋਂ ਪਿਛਲੇ ਸਾਲ ਹਿੰਦੁਸਤਾਨ ਫੌਜ ਨੇ ਦਾਅਵਾ ਕੀਤਾ ਕਿ ਜੰਮੂ ਦੇ ਪੁਣਛ ਖੇਤਰ ਵਿਚ ਦੋ ਹਿੰਦੁਸਤਾਨੀ ਫੌਜੀਆਂ ਨੂੰ ਪਾਕਿਸਤਾਨੀ ਫੌਜ ਵਲੋਂ ਮਾਰ ਦਿੱਤਾ ਗਿਆ ਹੈ (ਅਤੇ ਇਕ ਫੌਜੀ ਦਾ ਸਿਰ ਵੱਢ ਦੇਣ ਦੀ ਖ਼ਬਰ ਨਸ਼ਰ ਕੀਤੀ ਗਈ) ਤਾਂ ਭਾਜਪਾ ਆਗੂਆਂ ਨੇ ਪਾਕਿਸਤਾਨ ਦੇ ਖ਼ਿਲਾਫ਼ ਮੁਜ਼ਾਹਰੇ ਕਰਨ ਤਕ ਸੀਮਤ ਨਾ ਰਹਿ ਕੇ ਪਾਕਿਸਤਾਨ ਦਾ ਝੰਡਾ ਸਾੜਨ ਦੀ ਭੜਕਾਊ ਤੇ ਹੋਛੀ ਕਾਰਵਾਈ ਕੀਤੀ। ਪਾਕਿਸਤਾਨ ਨੇ ਇਸ ਦਾ ਖੰਡਨ ਕਰਦਿਆਂ ਨਿਰਪੱਖ ਜਾਂਚ ਕਰਾਏ ਜਾਣ ਦੀ ਮੰਗ ਕੀਤੀ। ਇਨ੍ਹਾਂ ਕਤਲਾਂ ਪਿੱਛੇ ਹਿੰਦੁਸਤਾਨੀ ਖ਼ੁਫ਼ੀਆ ਏਜੰਸੀ 'ਰਾਅ' ਦਾ ਹੱਥ ਹੋਣ ਦੀ ਚਰਚਾ ਵੀ ਹੁੰਦੀ ਰਹੀ। ਐਪਰ ਹਿੰਦੂਤਵੀ ਤਾਂ ਵਧੇਰੇ ਭੜਕਾਊ ਬਿਆਨਬਾਜ਼ੀ ਰਾਹੀਂ ਇਹ ਸਾਬਤ ਕਰਨਾ ਚਾਹੁੰਦੇ ਸਨ ਕਿ ਕਾਂਗਰਸੀ ਆਗੂਆਂ ਦੇ ਪਾਕਿਸਤਾਨ ਪ੍ਰਤੀ ਨਰਮ ਗੋਸ਼ੇ ਦੇ ਉਲਟ ਉਨ੍ਹਾਂ ਵਿਚ ਗੁਆਂਢੀ ਮੁਲਕ ਨਾਲ ਸਖਤੀ ਨਾਲ ਨਜਿੱਠ ਕੇ 'ਕੌਮੀ' ਹਿੱਤਾਂ ਦੀ ਰਾਖੀ ਕਰਨ ਦਾ ਦਮ ਹੈ। ਇਸੇ ਲਈ ਉਹ ਮੋਦੀ ਦੀ ਤਾਜਪੋਸ਼ੀ (ਮਈ 2014) ਉਪਰ ਨਵਾਜ਼ ਸ਼ਰੀਫ਼ ਨੂੰ ਸੱਦਾ ਦੇਣ ਦੀ ਕੂਟਨੀਤੀ ਛੱਡ ਕੇ ਛੇਤੀ ਹੀ ਆਪਣੇ ਅਸਲ ਜੰਗ ਭੜਕਾਊ ਰੰਗ 'ਚ ਸਾਹਮਣੇ ਆ ਗਏ।

ਚੋਣਾਂ ਤੋਂ ਪਹਿਲਾਂ ਹੀ ਜਾਗਰੂਕ ਚਿੰਤਕਾਂ ਨੂੰ ਅੰਦੇਸ਼ਾ ਸੀ ਕਿ ਮੋਦੀ ਗੁੱਟ ਦੇ ਸੱਤਾਧਾਰੀ ਹੋਣ ਦੀ ਸੂਰਤ ਵਿਚ ਗੁਆਂਢੀ ਮੁਲਕ ਨਾਲ ਰਿਸ਼ਤਿਆਂ 'ਚ ਕੁੜੱਤਣ ਅਤੇ ਤਲਖ਼ੀ ਵਿਚ ਇਜ਼ਾਫ਼ਾ ਹੋਵੇਗਾ। ਲਿਹਾਜ਼ਾ, ਹਿੰਦੂਤਵੀ ਤਾਕਤਾਂ ਦੇ ਸੱਤਾਧਾਰੀ ਹੋ ਜਾਣ ਨਾਲ ਦੋਵਾਂ ਮੁਲਕਾਂ ਦੇ ਰਿਸ਼ਤਿਆਂ ਵਿਚ ਕੁੜੱਤਣ ਵਧਣ ਦੇ ਆਸਾਰ ਬਣ ਗਏ। ਉਧਰ, ਪਾਕਿਸਤਾਨੀ ਹੁਕਮਰਾਨਾਂ ਨੂੰ ਵੀ ਉਨ੍ਹਾਂ ਦੀਆਂ ਮੁਜਰਮਾਨਾ ਭੜਕਾਊ ਕਾਰਵਾਈਆਂ ਲਈ ਬਰੀ ਨਹੀਂ ਕੀਤਾ ਜਾ ਸਕਦਾ, ਪਰ ਹਿੰਦੁਸਤਾਨੀ ਸਟੇਟ ਦੇ ਪਸਾਰਵਾਦੀ ਮਨਸੂਬਿਆਂ ਦੀ ਮਾਹੌਲ ਨੂੰ ਵਿਗਾੜਨ 'ਚ ਸਦਾ ਹੀ ਭੂਮਿਕਾ ਰਹੀ ਹੈ। ਇਹ ਵੀ ਚੇਤੇ ਰੱਖਣਾ ਹੋਵੇਗਾ ਕਿ ਸੱਤਾਧਾਰੀ ਹੁੰਦੇ ਸਾਰ ਮੋਦੀ ਹਕੂਮਤ ਵਲੋਂ ਪਾਕਿਸਤਾਨ ਨਾਲ ਰਿਸ਼ਤੇ ਸੁਖਾਵੇਂ ਬਣਾਉਣ ਦੀ ਕਵਾਇਦ ਮਹਿਜ਼ ਇਹ ਪ੍ਰਭਾਵ ਦੇਣ ਲਈ ਸੀ ਕਿ 'ਅਸੀਂ ਤਾਂ ਗੱਲਬਾਤ ਜ਼ਰੀਏ ਮਸਲੇ ਹੱਲ ਕਰਨ ਦੇ ਹੱਕ 'ਚ ਹਾਂ, ਇਹ ਪਾਕਿਸਤਾਨ ਹੀ ਹੈ ਜੋ ਕੰਟਰੋਲ ਰੇਖਾ ਦਾ ਉਲੰਘਣ ਕਰਨ ਦੀ ਹਮੇਸ਼ਾ ਪਹਿਲ ਕਰਦਾ ਹੈ।' ਇਸ ਵਕਤ ਦੋਵੇਂ ਹਕੂਮਤਾਂ ਦਾ ਸੁਲ੍ਹਾ-ਸਫਾਈ ਅਤੇ ਅਮਨ ਦੀ ਢੌਂਗੀ ਖ਼ਾਹਸ਼ਮੰਦੀ ਦਾ ਭਾਂਡਾ ਚੌਰਾਹੇ ਵਿਚ ਭੱਜ ਚੁੱਕਾ ਹੈ।

ਦੋਵਾਂ ਮੁਲਕਾਂ ਦਰਮਿਆਨ ਅਜਿਹਾ ਟਕਰਾਅ ਜਾਂ ਜੰਗ- ਨਾ ਲੋਕਾਂ ਦੇ ਹਿੱਤ ਵਿਚ ਹੈ ਅਤੇ ਨਾ ਹੀ ਦੋਵਾਂ ਮੁਲਕਾਂ ਦੇ ਆਰਥਿਕ ਹਾਲਾਤ ਦੇ ਹਿੱਤ ਵਿਚ। ਨਾ ਹੀ ਇਨ੍ਹਾਂ ਦੀ ਦੁਵੱਲੇ ਰਿਸ਼ਤਿਆਂ ਦੀ ਕੁੜੱਤਣ ਨੂੰ ਘਟਾ ਕੇ ਇਨ੍ਹਾਂ ਨੂੰ ਸੁਖਾਵੇਂ ਬਣਾਉਣ 'ਚ ਕੋਈ ਭੂਮਿਕਾ ਹੈ। ਦੋਵਾਂ ਮੁਲਕਾਂ ਦੇ ਅਮਨਪਸੰਦ ਆਵਾਮ ਕਦਾਚਿਤ ਜੰਗ ਨਹੀਂ ਚਾਹੁੰਦੇ। ਉਹ ਹਮੇਸ਼ਾ ਅਮਨ-ਚੈਨ ਦੀ ਜ਼ਿੰਦਗੀ ਚਾਹੁੰਦੇ ਹਨ। ਜੇ ਫਿਰ ਵੀ ਹੁਕਮਰਾਨ ਜੰਗਾਂ ਭੜਕਾਉਣ, ਛੇੜਨ ਅਤੇ ਲੜਨ ਲਈ ਬਜ਼ਿੱਦ ਹਨ ਤਾਂ ਇਸ ਪਿੱਛੇ ਉਨ੍ਹਾਂ ਦੀਆਂ ਹੋਰ ਡੂੰਘੀਆਂ ਗਿਣਤੀਆਂ-ਮਿਣਤੀਆਂ ਅਤੇ ਖ਼ੁਦਗਰਜ਼ੀਆਂ ਕੰਮ ਕਰਦੀਆਂ ਹਨ ਜੋ ਉਨ੍ਹਾਂ ਦਾਅਵਿਆਂ ਤੋਂ ਐਨ ਉਲਟ ਹਨ ਜਿਨ੍ਹਾਂ ਨੂੰ ਦੋਵੇਂ ਪਾਸਿਆਂ ਦੇ ਹੁਕਮਰਾਨ ਆਪਣੀ ਜੰਗੀ ਪਹਿਲ ਜਾਂ ਮੋੜਵੀਆਂ ਕਾਰਵਾਈਆਂ ਨੂੰ ਜਾਇਜ਼ ਠਹਿਰਾਉਣ ਲਈ ਵਰਤਦੇ ਆ ਰਹੇ ਹਨ। ਨਿਸ਼ਚੇ ਹੀ ਜੰਮੂ-ਕਸ਼ਮੀਰ ਸਮੇਤ ਅਹਿਮ ਹਿੰਦੁਸਤਾਨੀ ਸੂਬਿਆਂ ਅੰਦਰ ਚੋਣਾਂ ਕਾਰਨ ਅਤੇ ਪਾਕਿਸਤਾਨ ਘਰੋਗੀ ਗੜਬੜ ਦਾ ਸ਼ਿਕਾਰ ਹੋਣ ਕਾਰਨ ਦੋਵਾਂ ਹਕੂਮਤਾਂ ਵਲੋਂ 'ਸਰਹੱਦੀ ਕੌਮਵਾਦ' ਦਾ ਸਹਾਰਾ ਲਿਆ ਜਾ ਰਿਹਾ ਹੈ। ਕਹਾਵਤ ਹੈ ਕਿ ਜੰਗ ਵਿਚ ਪਹਿਲੀ ਬਲੀ ਸੱਚ ਦੀ ਦਿੱਤੀ ਜਾਂਦੀ ਹੈ। ਹਿੰਦੁਸਤਾਨ ਹੋਵੇ ਜਾਂ ਪਾਕਿਸਤਾਨ ਜਿਹੜਾ ਸਟੇਟ ਆਪਣੀ ਹੋਂਦ ਦੇ ਸਾਢੇ ਛੇ ਦਹਾਕਿਆਂ ਵਿਚ ਆਪਣੀਆਂ ਫ਼ੌਜੀ ਤੇ ਨੀਮ-ਫ਼ੌਜੀ ਤਾਕਤਾਂ ਦਾ ਵੱਡਾ ਹਿੱਸਾ ਆਪਣੇ ਹੀ ਅਵਾਮ ਦੇ ਸੱਥਰ ਵਿਛਾਉਣ ਲਈ ਅਣਐਲਾਨੀ ਜੰਗ ਵਿਚ ਝੋਕ ਰਿਹਾ ਹੋਵੇ, ਉਸ ਤੋਂ ਇਹ ਉਮੀਦ ਬਿਲਕੁਲ ਨਹੀਂ ਕੀਤੀ ਜਾ ਸਕਦੀ ਕਿ ਉਹ ਸੱਚ 'ਤੇ ਪਹਿਰਾ ਦੇਵੇਗਾ ਅਤੇ ਗੁਆਂਢੀ ਮੁਲਕਾਂ ਨਾਲ ਝਗੜਿਆਂ ਦੇ ਹੱਲ ਲਈ ਗੱਲਬਾਤ ਦਾ ਦਿਆਨਤਦਾਰ ਤੇ ਸਹੀ ਢੰਗ ਅਖਤਿਆਰ ਕਰੇਗਾ। ਸਿਰਫ਼ ਦੋਵਾਂ ਮੁਲਕਾਂ ਦੇ ਆਵਾਮ ਦੀ ਜਾਗਰੂਕਤਾ ਹੀ ਹੁਕਮਰਾਨਾਂ ਦੇ ਖ਼ੂਨੀ ਇਰਾਦਿਆਂ ਨੂੰ ਨਾਕਾਮ ਬਣਾ ਸਕਦੀ ਹੈ।

*ਸਰਹੱਦ ਦੇ ਦੋਵਾਂ ਪਾਸਿਆਂ ਦੇ ਹੁਕਮਰਾਨਾਂ ਨੂੰ ਅਮਨ-ਚੈਨ ਗਵਾਰਾ ਨਹੀਂ। ਉਹ ਸਰਹੱਦੀ ਝਗੜਿਆਂ ਨੂੰ ਤੂਲ ਦੇਣ ਲਈ ਬਹਾਨੇ ਭਾਲਦੇ ਹਨ। ਇਹ ਹੁਕਮਰਾਨ ਤੁਛ ਮਸਲਿਆਂ ਦੇ ਹੱਲ ਲਈ ਗੱਲਬਾਤ ਦਾ ਰਾਹ ਅਖਤਿਆਰ ਕਰਨ ਦੀ ਬਜਾਏ ਜੰਗ ਦਾ ਰਾਹ ਅਖਤਿਆਰ ਕਰ ਕੇ ਆਪੋ ਆਪਣੇ ਮੁਲਕ ਦੇ ਵਸੀਲਿਆਂ ਅਤੇ ਬੇਸ਼ੁਮਾਰ ਫ਼ੌਜੀਆਂ ਦੀਆਂ ਜਾਨਾਂ ਦੀ ਬਲੀ ਦਿੰਦੇ ਆਏ ਹਨ।*

# ਜਮਹੂਰੀਅਤ ਦੇ ਥੰਮ੍ਹਾਂ ਦਾ ਗੈਰ-ਜਮਹੂਰੀ ਵਤੀਰਾ

## ਕਿਸ ਤਰ੍ਹਾਂ ਖੁੱਲ੍ਹਿਆ ਕਾਲੇ ਕਾਨੂੰਨ (ਪੰਜਾਬ ਸਰਕਾਰੀ ਤੇ ਨਿੱਜੀ ਸੰਪਤੀ ਨੁਕਸਾਨ ਰੋਕੂ ਕਾਨੂੰਨ-2014) ਦਾ ਰਾਹ!

ਜਤਿੰਦਰ ਸਿੰਘ
ਫੋਨ: 91-97795-30032

ਪੰਜਾਬ ਸਰਕਾਰ ਵਲੋਂ ਪਾਸ ਕੀਤੇ 'ਪੰਜਾਬ (ਸਰਕਾਰੀ ਤੇ ਨਿੱਜੀ ਸੰਪਤੀ ਦਾ ਨੁਕਸਾਨ ਰੋਕੂ) ਕਾਨੂੰਨ-2014' ਦੀ ਬਣਤਰ ਨੂੰ ਸਮਝਣ ਲਈ ਜਮਹੂਰੀਅਤ ਦੇ ਚਾਰ ਅਹਿਮ ਥੰਮ੍ਹਾਂ ਵਿਚੋਂ ਇਕ ਮੰਨੀ ਜਾਂਦੀ ਨਿਆਂ ਪਾਲਿਕਾ ਦੀ ਧਰਨਿਆਂ, ਮੁਜ਼ਾਹਰਿਆਂ ਪ੍ਰਤੀ ਸੋਚ ਨੂੰ ਸਮਝਣਾ ਜ਼ਰੂਰੀ ਹੈ। ਅਦਾਲਤਾਂ ਨੇ ਇਸ ਕਾਨੂੰਨ ਨੂੰ ਅਮਲੀ ਜਾਮਾ ਪਹਿਨਾਉਣ 'ਚ ਅਹਿਮ ਭੂਮਿਕਾ ਨਿਭਾਈ ਹੈ। ਉਨ੍ਹਾਂ ਦੇ ਫੈਸਲਿਆਂ ਨੇ ਸਰਕਾਰਾਂ ਲਈ ਹੱਲਾਸ਼ੇਰੀ ਦਾ ਕੰਮ ਕੀਤਾ। ਅਰਿਜਿਤ ਪਸਾਇਤ, ਲੋਕੇਸ਼ਵਰ ਸਿੰਘ ਤੇ ਪੀ. ਸੱਤਸ਼ਿਵਮ ਵਾਲੇ ਸੁਪਰੀਮ ਕੋਰਟ ਦੇ ਬੈਂਚ ਨੇ 2007 ਵਿਚ ਆਪੇ ਕਾਰਵਾਈ ਸ਼ੁਰੂ ਕਰਦਿਆਂ ਕਿਹਾ ਕਿ ਅਦਾਲਤ 'ਬੰਦ, ਧਰਨਿਆਂ ਤੇ ਹੜਤਾਲਾਂ ਆਦਿ ਦੌਰਾਨ ਹੁੰਦੇ ਸਰਕਾਰੀ ਤੇ ਨਿੱਜੀ ਸੰਪਤੀ ਦੇ ਵਿਆਪਕ ਨੁਕਸਾਨ ਨੂੰ ਗੰਭੀਰਤਾ ਨਾਲ ਲੈਂਦੀ ਹੈ।' ਇਨ੍ਹਾਂ ਹਾਲਾਤ ਨਾਲ ਨਜਿੱਠਣ ਬਾਰੇ ਸੁਝਾਅ ਦੇਣ ਲਈ ਸਾਬਕਾ ਜੱਜ ਕੇ.ਟੀ. ਥੋਮਸ ਤੇ ਉਘੇ ਵਕੀਲ ਫਾਲੀ ਐਸ. ਨਰੀਮਨ ਦੀ ਪ੍ਰਧਾਨਗੀ ਹੇਠ ਦੋ ਕਮੇਟੀਆਂ ਬਣਾਈਆਂ ਗਈਆਂ। ਯਾਦ ਰਹੇ ਕਿ 2007 ਵਿਚ ਰਾਜਸਥਾਨ ਦੇ ਗੁੱਜਰ ਭਾਈਚਾਰੇ ਨੇ ਅਨੁਸੂਚਿਤ ਜਨਜਾਤੀ ਦੀ ਸੂਚੀ 'ਚ ਸ਼ਾਮਿਲ ਹੋਣ ਲਈ ਅੰਦੋਲਨ ਸ਼ੁਰੂ ਕੀਤਾ ਸੀ। ਰਾਜ ਸਰਕਾਰ 'ਤੇ ਦਬਾਓ ਪਾਉਣ ਦੇ ਇਰਾਦੇ ਨਾਲ ਕਈ ਦਿਨ ਦਿੱਲੀ ਨੂੰ ਜਾਂਦੀਆਂ ਮੁੱਖ ਸੜਕਾਂ ਜਾਮ ਕਰ ਦਿੱਤੀਆਂ ਸਨ। ਕਈ ਜਗ੍ਹਾ ਸੰਪਤੀ ਦਾ ਨੁਕਸਾਨ ਵੀ ਹੋਇਆ ਸੀ।

**ਸਾਜ਼ਿਸ਼ੀ ਆਮ-ਸਹਿਮਤੀ ਅਤੇ ਕਮੇਟੀਆਂ:** ਦਹਾਕੇ ਤੋਂ ਸਰਕਾਰਾਂ ਜਾਂ ਅਦਾਲਤਾਂ ਦੁਆਰਾ ਬਣਾਈਆਂ ਕਮੇਟੀਆਂ ਤੇ ਅਨੇਕਾਂ ਕਾਨੂੰਨੀ 'ਮਾਹਿਰਾਂ' ਵਲੋਂ ਸੁਰੱਖਿਆ ਏਜੰਸੀਆਂ ਤੇ ਪੁਲਿਸ ਨੂੰ ਜਾਂਚ ਦੀ ਮੌਜੂਦਾ ਵਿਧੀ 'ਚ ਰਿਆਇਤ ਦੇਣ ਸਬੰਧੀ ਸਹਿਮਤੀ ਬਣਾਈ ਜਾ ਰਹੀ ਹੈ। ਕਾਰਨ ਦੱਸਿਆ ਜਾ ਰਿਹਾ ਹੈ ਕਿ ਅਪਰਾਧੀ ਚੁਸਤ-ਚਲਾਕ ਹੋ ਗਏ ਹਨ, ਉਹ ਜਾਂ ਤਾਂ ਅਪਰਾਧ ਵਿਚ ਸਿੱਧੇ ਤੌਰ 'ਤੇ ਸ਼ਾਮਿਲ ਨਹੀਂ ਹੁੰਦੇ, ਜਾਂ ਫਿਰ ਆਪਣੇ ਖਿਲਾਫ ਸਿੱਧੇ ਸਬੂਤ ਖ਼ਤਮ ਕਰ ਦਿੰਦੇ ਹਨ। ਉਨ੍ਹਾਂ ਨੂੰ ਸਿੱਧੇ ਸਬੂਤਾਂ ਤਹਿਤ ਗ੍ਰਿਫਤਾਰ ਕਰਨਾ ਤੇ ਸਜ਼ਾ ਦਿਵਾਉਣਾ ਮੁਸ਼ਕਿਲ ਹੋ ਗਿਆ ਹੈ। 'ਖੂੰਖਾਰ' ਅਪਰਾਧੀ, ਸਬੂਤਾਂ ਦੀ ਘਾਟ ਕਾਰਨ ਕੇਸਾਂ ਵਿਚੋਂ ਬਰੀ ਹੋ ਰਹੇ ਹਨ। ਇਨ੍ਹਾਂ 'ਦਿੱਕਤਾਂ' ਨੂੰ 'ਦੇਸ਼-ਧ੍ਰੋਹ', 'ਮਾਓਵਾਦ' ਤੇ 'ਅਤਿਵਾਦ' ਜਿਹੇ 'ਗੰਭੀਰ' ਕੇਸਾਂ ਵਿਚੋਂ ਦੋਸ਼ੀਆਂ ਦੇ ਬਰੀ ਹੋ ਜਾਣ ਦੇ ਮੁੱਖ ਕਾਰਨ ਵਜੋਂ ਪ੍ਰਚਾਰਿਆ ਜਾ ਰਿਹਾ ਹੈ।

ਪੁਲਿਸ ਦੇ ਕੰਮਾਂ ਵਿਚ ਹੋਏ ਅਥਾਹ ਵਾਧੇ ਨੂੰ ਦੂਜੇ ਅਤੇ ਇਸ ਦੇ ਸਿਆਸੀਕਰਨ ਦੇ ਵਧ ਰਹੇ ਰੁਝਾਨ ਨੂੰ ਤੀਜੇ ਕਾਰਨ ਵਜੋਂ ਪਰੋਸਿਆ ਜਾ ਰਿਹਾ ਹੈ। ਇਨ੍ਹਾਂ ਬੋਝਾਂ ਕਾਰਨ ਪੁਲਿਸ ਦੇ ਕੰਮ-ਕਾਜ 'ਤੇ ਮਾਰੂ ਅਸਰ ਪੈ ਰਿਹਾ ਹੈ। ਇਹ ਬੋਝ ਪੁਲਿਸ ਹਿਰਾਸਤ ਵਿਚ 'ਅਪਰਾਧੀਆਂ' ਉਤੇ ਸਰੀਰਕ ਤੇ ਮਾਨਸਿਕ ਤਸ਼ੱਦਦ ਦੇ ਕਾਰਨਾਂ ਵਜੋਂ ਪ੍ਰਚਾਰੇ ਜਾ ਰਹੇ ਹਨ। ਪੁਲਿਸ ਕਰਮੀ ਜਾਂਚ ਛੇਤੀ ਮੁਕੰਮਲ ਕਰਨ ਦੇ ਬੋਝ ਹੇਠ ਅਜਿਹਾ ਵਰਤਾਰਾ ਕਰਦੇ ਹਨ। 'ਅਪਰਾਧੀਆਂ' ਦੀ ਕੁੱਟ-ਮਾਰ ਰਾਹੀਂ ਮਿਲੀ ਜਾਣਕਾਰੀ ਹੀ ਕੇਸ ਦਾ ਆਧਾਰ ਬਣ ਜਾਂਦੀ ਹੈ। ਪੁਲਿਸ ਦੀ ਲੋਕ-ਦੋਖੀ ਮਾਨਸਿਕਤਾ ਤੇ ਨਾਲਾਇਕੀ ਦੇ ਇਨ੍ਹਾਂ ਦਿਲਚਸਪ ਕਾਰਨਾਂ ਦਾ ਹੱਲ ਵੀ ਬੜਾ ਦਿਲਚਸਪ ਕੱਢਿਆ ਗਿਆ ਹੈ। ਵਿਆਪਕ ਪੁਲਿਸ ਸੁਧਾਰਾਂ ਦੀ ਮੰਗ ਨੂੰ ਅਣਗੌਲਿਆਂ ਕਰ ਕੇ ਪੁਲਿਸ ਕਰਮੀਆਂ ਦੀ ਮਾੜੀ ਜਾਂਚ ਦੁਆਰਾ ਇਕੱਠੇ ਕੀਤੇ ਸਬੂਤਾਂ ਨੂੰ ਹੀ ਪੂਰਨ ਮੰਨ ਲੈਣਾ ਦਾ ਸੁਝਾਅ ਦਿੱਤਾ ਜਾ ਰਿਹਾ ਹੈ; ਮਤਲਬ, ਪੁਲਿਸ ਤੋਂ ਨਿਰਪੱਖ ਤੇ ਸੁਚੱਜੀ ਜਾਂਚ ਦੀ ਆਸ ਛੱਡ ਦੇਣੀ ਚਾਹੀਦੀ ਹੈ। ਜੋ ਸਬੂਤ ਮਿਲਣ, ਉਨ੍ਹਾਂ ਨਾਲ ਹੀ ਬੁੱਤਾ ਸਾਰ ਲੈਣ ਚਾਹੀਦਾ ਹੈ। ਥੋਮਸ ਕਮੇਟੀ ਇਸ ਸੋਚ ਦੀ ਧਾਰਨੀ ਹੈ। ਉਸ ਦੀ ਸਮਝ ਮੁਤਾਬਿਕ 'ਜਥੇਬੰਦੀਆਂ ਦੇ ਆਗੂ ਮੁੱਖ ਤੌਰ 'ਤੇ ਦੋਸ਼ੀ ਹਨ ਤੇ ਉਨ੍ਹਾਂ ਉਤੇ ਕਾਨੂੰਨੀ ਕਾਰਵਾਈ ਹੋਣੀ ਚਾਹੀਦੀ ਹੈ', ਪਰ 'ਆਗੂ ਆਪ ਪਿੱਛੇ ਰਹਿ ਕੇ ਸਾਧਾਰਨ ਤੇ ਸਥਾਨਕ ਮੈਂਬਰਾਂ ਨੂੰ ਭੜਕਾ ਕੇ ਉਨ੍ਹਾਂ ਤੋਂ ਭੰਨ-ਤੋੜ ਦੀਆਂ ਘਟਨਾਵਾਂ ਕਰਵਾਉਂਦੇ ਹਨ। ਜੇ ਇਨ੍ਹਾਂ ਆਗੂਆਂ ਨੂੰ ਫੜ ਕੇ ਮੁਕੱਦਮੇ ਨਹੀਂ ਚਲਾਏ ਗਏ, ਤਾਂ ਇਹ ਵਾਰਦਾਤਾਂ ਰੋਕੀਆਂ ਨਹੀਂ ਜਾ ਸਕਦੀਆਂ।'

ਕਮੇਟੀ ਦਾ ਮੰਨਣਾ ਹੈ ਕਿ ਮੌਜੂਦਾ ਹਾਲਾਤ ਵਿਚ "ਆਗੂਆਂ ਦੁਆਰਾ ਅਪਰਾਧ (ਭੰਨ-ਤੋੜ ਕਰਨ) ਲਈ 'ਉਕਸਾਉਣ' ਦਾ ਸਿੱਧਾ ਸਬੂਤ ਮਿਲਣਾ ਮੁਸ਼ਕਿਲ ਹੈ।" ਹੱਲ ਵਜੋਂ ਧਰਨਿਆਂ ਦੀ ਵੀਡੀਓਗ੍ਰਾਫੀ ਕਰਨਾ ਤੇ ਅਦਾਲਤ ਵਿਚ ਸਬੂਤ ਦੇ ਤੌਰ 'ਤੇ ਪੇਸ਼ ਕਰਨ ਦਾ ਸੁਝਾਅ ਦਿੱਤਾ ਗਿਆ। ਕਾਨੂੰਨ ਦੀ ਧਾਰਾ 10 ਨੇ ਇਸ ਸਬੂਤ ਨੂੰ ਯੋਗ ਮੰਨਦੇ ਹੋਏ ਬਾਕੀ ਸਬੂਤਾਂ ਦੀ ਜ਼ਰੂਰਤ ਨੂੰ ਨਕਾਰ ਦਿੱਤਾ ਹੈ।

**ਦੋਸ਼ ਸਿੱਧ ਹੋਣ ਤੱਕ ਨਿਰਦੋਸ਼ ਹੋਣ ਦੀ ਧਾਰਨਾ ਨੂੰ ਪੁੱਠਾ ਗੇੜਾ:** ਇਸ ਧਾਰਨਾ ਤਹਿਤ ਦੋਸ਼ੀ ਅਦਾਲਤ ਵਿਚ ਮੁਜਰਿਮ ਸਿੱਧ ਹੋਣ ਤੱਕ ਨਿਰਦੋਸ਼ ਮੰਨਿਆ ਜਾਵੇਗਾ। ਮੁਜਰਿਮ ਸਿੱਧ ਕਰਨ ਲਈ ਪੁਲਿਸ ਨੂੰ ਅਦਾਲਤ ਵਿਚ 'ਪੁਖਤਾ' (ਵਾਜਿਬ ਸ਼ੱਕ ਦੇ ਦਾਇਰੇ ਤੋਂ ਪਰ੍ਹੇ) ਸਬੂਤ ਪੇਸ਼ ਕਰਨੇ ਪੈਣਗੇ। 'ਮਾਹਿਰਾਂ' ਦੀ ਰਾਇ ਮੁਤਾਬਿਕ ਕਾਨੂੰਨ ਦੀ ਇਹ ਧਾਰਨਾ ਮੌਜੂਦਾ ਸਮੇਂ ਦੇ ਅਨੁਸਾਰੀ ਨਹੀਂ ਹੈ। ਇਹ ਧਾਰਨਾ ਦੋਸ਼ੀ ਦਾ ਪੱਖ ਲੋੜ ਨਾਲੋਂ ਵੱਧ ਪੂਰਦੀ ਹੈ। ਸੋ, ਪੁਲਿਸ ਵਲੋਂ ਪੇਸ਼ ਕੀਤੇ ਕੁਝ ਸਬੂਤਾਂ ਦੇ ਆਧਾਰ 'ਤੇ ਅਦਾਲਤ ਨੂੰ ਦੋਸ਼ੀ ਨੂੰ ਅਪਰਾਧੀ ਮੰਨ ਲੈਣਾ ਚਾਹੀਦਾ ਹੈ। ਇਸ ਤੋਂ ਬਾਅਦ ਆਪਣੇ-ਆਪ ਨੂੰ ਨਿਰਦੋਸ਼ ਸਿੱਧ ਕਰਨ ਦੀ ਜ਼ਿੰਮੇਵਾਰੀ ਦੋਸ਼ੀ ਦੀ ਹੋਣੀ ਚਾਹੀਦੀ ਹੈ। ਥੋਮਸ ਕਮੇਟੀ ਅਨੁਸਾਰ 'ਪੁਲਿਸ ਉਹ ਸਬੂਤ ਇਕੱਠੇ ਕਰੇ ਜਿਸ ਨਾਲ ਇਹ ਸਿੱਧ ਹੋਵੇ ਕਿ ਦੋਸ਼ੀ ਉਸ ਜਥੇਬੰਦੀ ਦੇ ਆਗੂ ਹਨ ਜਿਸ ਨੇ ਸਿੱਧੀ (ਨੁਕਸਾਨਯੋਗ) ਕਾਰਵਾਈ ਕਰਨ ਲਈ ਕਿਹਾ ਹੈ ਤੇ ਜਿਸ ਦੇ ਸਿੱਟੇ ਵਜੋਂ ਜਨਤਕ ਸੰਪਤੀ ਦਾ ਨੁਕਸਾਨ ਹੋਇਆ ਹੈ। ਅਦਾਲਤ ਨੂੰ ਅਜਿਹੇ ਦੋਸ਼ੀਆਂ ਨੂੰ ਨੁਕਸਾਨ ਯੋਗ ਕਾਰਵਾਈ ਕਰਨ ਲਈ ਉਕਸਾਉਣ ਦਾ ਅਪਰਾਧੀ ਮੰਨਣਾ ਚਾਹੀਦਾ ਹੈ। ਮੁਕੱਦਮੇ ਦੇ ਇਸ ਪੜਾਅ ਤੋਂ ਬਾਅਦ ਦੋਸ਼ੀ ਸਜ਼ਾ ਤੋਂ ਬਚਣ ਲਈ ਇਹ ਸਿੱਧ ਕਰੇ ਕਿ ਉਸ ਦਾ ਜਥੇਬੰਦੀ ਵਲੋਂ ਕੀਤੀ ਨੁਕਸਾਨਯੋਗ ਕਾਰਵਾਈ ਨਾਲ ਕੋਈ ਸਬੰਧ ਨਹੀਂ ਹੈ। ਉਸ ਨੇ ਤਾਂ ਸਗੋਂ ਨੁਕਸਾਨ ਰੋਕਣ ਲਈ ਹਰ ਸੰਭਵ ਯਤਨ ਕੀਤੇ ਸਨ।' ਇਸ ਤਰ੍ਹਾਂ ਪੁਲਿਸ ਕਰਮੀਆਂ ਨੂੰ ਠੋਸ ਸਬੂਤ ਇਕੱਠੇ ਕਰਨ ਦੀ ਖੇਚਲ ਤੋਂ ਬਰੀ ਕਰਨ ਦਾ ਨੁਸਖ਼ਾ ਲੱਭ ਲਿਆ ਹੈ।

**ਅਦਾਲਤਾਂ ਤੇ ਨੁਕਸਾਨ ਦਾ ਜਮਾਤੀ, ਸ਼ਹਿਰੀ ਤੇ ਜਾਤੀਵਾਦੀ ਚਿਹਰਾ:** ਅਨੁਸੂਚਿਤ ਜਾਤਾਂ ਸਬੰਧੀ ਕੌਮੀ ਕਮਿਸ਼ਨ ਵਲੋਂ ਬਣਾਈ ਕਮੇਟੀ ਦੀ ਰਿਪੋਰਟ 'ਨਿਆਂ ਪਾਲਿਕਾ ਵਿਚ ਰਿਜ਼ਰਵੇਸ਼ਨ' ਅਦਾਲਤਾਂ ਦਾ ਜਾਤੀ ਤੇ ਜਮਾਤੀ ਵਿਸ਼ਲੇਸ਼ਣ ਕਰਦੇ ਹੋਏ ਕਹਿੰਦੀ ਹੈ ਕਿ 'ਬਦਕਿਸਮਤੀ ਨਾਲ ਹਾਈ ਕੋਰਟਾਂ ਦੇ ਜੱਜ ਉਨ੍ਹਾਂ ਤਬਕਿਆਂ 'ਚੋਂ ਆਉਂਦੇ ਹਨ ਜਿਹੜੇ ਸਦੀਆਂ ਤੋਂ ਚਲੇ ਆ ਰਹੇ ਸਮਾਜਕ ਪੱਖਪਾਤ ਵਿਚ ਯਕੀਨ ਰੱਖਦੇ ਹਨ। ਇਨ੍ਹਾਂ ਸਮਾਜਕ ਰੋਕਾਂ ਤੋਂ ਗ੍ਰਸਤ ਮਾਨਸਿਕਤਾ ਤੇ ਜਮਾਤੀ ਹਿੱਤਾਂ ਦੀ ਪੂਰਤੀ ਉਨ੍ਹਾਂ ਜੱਜਾਂ ਨੂੰ ਬੌਧਿਕ ਇਮਾਨਦਾਰੀ ਤੇ ਦਿਆਨਤਦਾਰੀ ਨਾਲ ਫੈਸਲੇ ਲੈਣ ਤੋਂ ਰੋਕਦੇ ਹਨ।'

ਇਸੇ ਕਾਰਨ ਵਜੋਂ ਅਦਾਲਤਾਂ ਨੇ ਧਰਨਿਆਂ, ਰੈਲੀਆਂ ਆਦਿ ਨੂੰ ਹਿਕਾਰਤ ਦੀ ਨਿਗ੍ਹਾ ਨਾਲ ਦੇਖਿਆ ਹੈ। ਅਰਿਜਿਤ ਪਸਾਇਤ ਵਾਲੇ ਬੈਂਚ ਨੇ ਗੁੱਜਰਾਂ ਦੇ ਅਨੁਸੂਚਿਤ ਜਨਜਾਤੀ ਦਾ ਦਰਜਾ ਹਾਸਲ ਕਰਨ ਦੇ ਅੰਦੋਲਨ ਨੂੰ "ਕੌਮੀ ਸ਼ਰਮਿੰਦਗੀ" ਦਾ ਖ਼ਿਤਾਬ ਦਿੱਤਾ, ਕਿਉਂਕਿ "ਲੋਕਾਂ ਦੀ ਹੇੜ ਜਨਤਕ ਤੇ ਨਿੱਜੀ ਸੰਪਤੀ ਦਾ ਨੁਕਸਾਨ ਕਰ ਰਹੀ ਸੀ।" ਇਸ ਅੰਦੋਲਨ ਦੌਰਾਨ ਹਰਿਆਣਾ, ਰਾਜਸਥਾਨ ਤੇ ਉਤਰ ਪ੍ਰਦੇਸ਼ ਵਿਚ ਹਿੰਸਾ ਦੀਆਂ ਕਈ ਘਟਨਾਵਾਂ ਵਾਪਰੀਆਂ ਸਨ। ਕਈ ਦਿਨ ਚੱਲੀ ਘੇਰਾਬੰਦੀ ਨੇ ਦਿੱਲੀ ਦੀ ਤੇਜ਼ ਰਫਤਾਰ ਜ਼ਿੰਦਗੀ ਨੂੰ ਬਰੇਕਾਂ ਲੱਗਾ ਦਿੱਤੀਆਂ ਸਨ। ਇਨ੍ਹਾਂ ਵਿਚ ਸੁਪਰੀਮ ਕੋਰਟ ਦੇ ਜੱਜ ਵੀ ਸ਼ਾਮਿਲ ਸਨ।

ਇਨ੍ਹਾਂ ਧਰਨਿਆਂ ਤੇ ਰੈਲੀਆਂ ਬਾਰੇ ਇਹ ਸੋਚ ਬਣਾਉਣ 'ਚ ਨਿੱਜੀ ਸਵਾਰਥ ਅਹਿਮ ਹਨ। ਜੱਜਾਂ ਦੀ ਬਹੁ-ਗਿਣਤੀ ਸ਼ਹਿਰੀ ਖੇਤਰਾਂ ਵਿਚੋਂ, ਅੰਗਰੇਜ਼ੀ ਸਕੂਲਾਂ ਦੀ ਸਿੱਖਿਆ ਪ੍ਰਾਪਤ, 'ਉੱਚ-ਜਾਤੀ' ਤੇ ਮੱਧ-ਵਰਗ ਜਾਂ ਅਮੀਰ ਵਰਗਾਂ ਨਾਲ ਸਬੰਧਤ ਹੈ। ਇਨ੍ਹਾਂ ਤਬਕਿਆਂ ਦੀ ਆਮ ਸਮਝ ਪਿੰਡ ਵਾਸੀਆਂ ਨੂੰ ਅਕਲ ਵਿਹੂਣੇ ਚਿਤਵਦੀ ਹੈ। ਇਸ ਆਮ ਸਮਝ ਅਤੇ ਸ਼ਹਿਰੀ ਜ਼ਿੰਦਗੀ ਦੀ ਰਵਾਨੀ ਵਿਚ ਪਏ ਅੜਿੱਕੇ ਦਾ ਸੁਮੇਲ ਪੇਂਡੂ ਮੱਧ ਤੇ ਨਿਮਨ ਜਾਤਾਂ ਦੇ ਸੰਘਰਸ਼ਾਂ ਨੂੰ ਖੂੰਖ਼ਾਰ ਵਿਰੋਧੀ ਵਜੋਂ ਪੇਸ਼ ਕਰਦਾ ਹੈ।

> *ਹਾਈ ਕੋਰਟ ਨੇ 2012 ਵਿਚ ਨੁਕਸਾਨ ਕਰਨ ਵਾਲਿਆਂ ਅਤੇ ਉਨ੍ਹਾਂ ਦੇ ਪ੍ਰਬੰਧਕਾਂ ਤੋਂ ਮੁਆਵਜ਼ਾ ਵਸੂਲਣ ਦੇ ਨਿਰਦੇਸ਼ ਦਿੱਤੇ। ਸਾਬਕਾ ਜੱਜ ਸੀ.ਆਰ. ਗੋਇਲ ਨੂੰ 24 ਤੋਂ 26 ਮਈ 2009 ਤੱਕ ਹੋਏ ਨੁਕਸਾਨ ਦਾ ਅੰਦਾਜ਼ਾ ਲਾਉਣ ਲਈ ਨਿਯੁਕਤ ਕੀਤਾ ਗਿਆ। ਸਵਾਲ ਹੈ ਕਿ ਹਿੰਦੂਤਵਵਾਦੀ ਤੱਤਾਂ ਵਲੋਂ ਕੀਤੀ ਭੰਨ-ਤੋੜ ਤੇ ਘੱਟ-ਗਿਣਤੀਆਂ ਖ਼ਿਲਾਫ ਹਮਲਿਆਂ ਵਿਚ ਹੁੰਦਾ ਜਾਨੀ ਤੇ ਮਾਲੀ ਨੁਕਸਾਨ "ਕੌਮੀ ਸ਼ਰਮਿੰਦਗੀ" ਦਾ ਸਬੱਬ ਕਿਉਂ ਨਹੀਂ ਬਣਦਾ?*

ਪੰਜਾਬ ਦੇ ਪ੍ਰਸੰਗ ਵਿਚ ਹਾਈ ਕੋਰਟ ਦੇ ਮਈ 2009 ਵਿਚ ਹੋਈਆਂ ਭੰਨ-ਤੋੜ ਦੀਆਂ ਘਟਨਾਵਾਂ ਪ੍ਰਤੀ ਰਵੱਈਏ ਨੂੰ ਘੋਖਿਆ ਜਾ ਸਕਦਾ ਹੈ। ਆਸਟਰੀਆ ਦੇਸ਼ ਦੇ ਵਿਆਨਾ ਸ਼ਹਿਰ ਵਿਚ ਡੇਰਾ ਸੱਚ ਖੰਡ ਦੇ ਸਰਪ੍ਰਸਤ ਸੰਤ ਨਿਰੰਜਨ ਦਾਸ ਤੇ ਸੰਤ ਰਾਮਾਨੰਦ ਉਤੇ ਹੋਏ ਹਮਲੇ ਵਿਚ ਸੰਤ ਰਾਮਾਨੰਦ ਦੀ ਮੌਤ ਹੋ ਗਈ। ਇਸ ਘਟਨਾ ਨੇ ਪੰਜਾਬ ਵਿਚ ਰਹਿੰਦੇ ਸ਼ਰਧਾਲੂਆਂ ਵਿਚ ਕਾਫੀ ਰੋਸ ਤੇ ਗੁੱਸਾ ਪੈਦਾ ਕੀਤਾ। ਸ਼ਰਧਾਲੂਆਂ 'ਚ ਵੱਡੀ ਸੰਖਿਆ ਦਲਿਤ ਤਬਕਾ ਹੈ। ਪੰਜਾਬ, ਖਾਸ ਕਰ ਕੇ ਦੁਆਬੇ ਨਾਲ ਸਬੰਧਤ ਕਈ ਸ਼ਹਿਰਾਂ ਵਿਚ ਭੜਕੀ ਭੀੜ ਵਲੋਂ ਹਿੰਸਾ ਤੇ ਭੰਨ-ਤੋੜ ਦੀਆਂ ਘਟਨਾਵਾਂ ਵਾਪਰੀਆਂ। ਭੰਨ-ਤੋੜ ਕਰਨ ਵਾਲਿਆਂ ਖ਼ਿਲਾਫ ਯੋਗ ਕਾਰਵਾਈ ਨਾ ਹੁੰਦੀ ਦੇਖ 'ਜਨਰਲ ਸਮਾਜ ਮੰਚ' ਨੇ ਦਸੰਬਰ 2011 ਵਿਚ ਪੰਜਾਬ ਤੇ ਹਰਿਆਣਾ ਹਾਈ ਕੋਰਟ ਵਿਚ ਜਨ ਹਿੱਤ ਪਟੀਸ਼ਨ ਦਾਇਰ ਕਰ ਦਿੱਤੀ।

ਹਾਈ ਕੋਰਟ ਨੇ 2012 ਵਿਚ ਨੁਕਸਾਨ ਕਰਨ ਵਾਲਿਆਂ ਅਤੇ ਉਨ੍ਹਾਂ ਦੇ ਪ੍ਰਬੰਧਕਾਂ ਤੋਂ ਮੁਆਵਜ਼ਾ ਵਸੂਲਣ ਦੇ ਨਿਰਦੇਸ਼ ਦਿੱਤੇ ਸਨ। ਪੰਜਾਬ ਸਰਕਾਰ ਵਲੋਂ ਇਨ੍ਹਾਂ ਹੁਕਮਾਂ 'ਤੇ ਫੁੱਲ ਚੜ੍ਹਾਉਂਦਿਆਂ ਕੇਰਲਾ ਹਾਈ ਕੋਰਟ ਦੇ ਸਾਬਕਾ ਜੱਜ ਵੀ.ਕੇ. ਬਾਲੀ ਦੀ ਅਗਵਾਈ ਵਿਚ ਕਮਿਸ਼ਨ ਬਣਾ ਦਿੱਤਾ। ਪੰਜਾਬ ਦੇ ਸਾਬਕਾ ਜੱਜ ਸੀ.ਆਰ. ਗੋਇਲ ਨੂੰ 24 ਤੋਂ 26 ਮਈ 2009 ਤੱਕ ਹੋਏ ਨੁਕਸਾਨ ਦਾ ਅੰਦਾਜ਼ਾ ਲਾਉਣ ਲਈ ਨਿਯੁਕਤ ਕੀਤਾ ਗਿਆ। ਸਵਾਲ ਹੈ ਕਿ ਹਿੰਦੂਤਵਵਾਦੀ ਤੱਤਾਂ ਵਲੋਂ ਕੀਤੀ ਭੰਨ-ਤੋੜ ਤੇ ਘੱਟ-ਗਿਣਤੀਆਂ ਖਿਲਾਫ ਹਮਲਿਆਂ ਵਿਚ ਹੁੰਦਾ ਜਾਨੀ ਤੇ ਮਾਲੀ ਨੁਕਸਾਨ "ਕੌਮੀ ਸ਼ਰਮਿੰਦਗੀ" ਦਾ ਸਬੱਬ ਕਿਉਂ ਨਹੀਂ ਬਣਦਾ?

**ਮੁੱਢਲੇ ਹਕੂਕ ਤੇ ਨਾਗਰਿਕ ਆਜ਼ਾਦੀਆਂ ਦਾ ਟਕਰਾਅ:** ਭਾਰਤੀ ਸੰਵਿਧਾਨ ਵਿਚਲੇ ਮੁੱਢਲੇ ਹਕੂਕ ਵਿਅਕਤੀਗਤ ਆਜ਼ਾਦੀ ਦੇ ਹਾਮੀ ਹਨ। ਵੱਖ-ਵੱਖ ਸਮੂਹਾਂ ਨੂੰ ਸਿੱਖਿਆ, ਸਭਿਆਚਾਰ ਤੇ ਧਾਰਮਿਕ ਮਾਮਲਿਆਂ ਵਿਚ ਕੁਝ ਅਧਿਕਾਰ ਦਿੱਤੇ ਗਏ ਹਨ। ਸਮਾਜ ਅਨੇਕਾਂ ਵਾਰ ਉਸ ਦੌਰ ਵਿਚੋਂ ਲੰਘਦਾ ਹੈ ਜਦੋਂ ਇੱਕ ਤਬਕੇ ਦੇ ਮੁੱਢਲੇ ਹਕੂਕ ਤੇ ਨਾਗਰਿਕ ਆਜ਼ਾਦੀਆਂ ਦੂਜੇ ਤਬਕੇ ਨਾਲ ਟਕਰਾਉਂਦੀਆਂ ਹਨ। ਉਸ ਹਾਲਤ ਵਿਚ ਕਿਸ ਦਾ ਪੱਖ ਪੂਰਿਆ ਜਾਣਾ ਚਾਹੀਦਾ ਹੈ? ਇਸ ਪੇਚੀਦਗੀ ਨੂੰ ਸਮਝਣ ਲਈ ਸਮੇਂ, ਸਥਾਨ ਤੇ ਕਾਰਨਾਂ ਦੇ ਪ੍ਰਸੰਗ ਘੋਖਣੇ ਜ਼ਰੂਰੀ ਹਨ।

ਪਰਖ ਦਾ ਪੈਮਾਨਾ ਮਾਣ-ਮੱਤੀ ਜ਼ਿੰਦਗੀ ਜਿਉਣ ਦਾ ਤਰੱਦਦ ਬਣਾਇਆ ਜਾਣਾ ਚਾਹੀਦਾ ਹੈ। ਮਸਲਨ- ਜਾਤੀ, ਧਰਮ, ਲਿੰਗ ਆਦਿ ਦੇ ਭੇਦ ਤੋਂ ਉਪਰ ਉਠ ਕੇ ਜਿਉਣ ਵਾਲੇ ਮਨੁੱਖ ਨਾ ਕੇਵਲ ਆਪਣੀ ਨਿੱਜੀ ਜ਼ਿੰਦਗੀ ਬਲਕਿ ਸਮੁੱਚੇ ਸਮਾਜ ਵਿਚ ਜਮਹੂਰੀ ਕਦਰਾਂ-ਕੀਮਤਾਂ ਫੈਲਾਉਣ ਦਾ ਕਾਰਜ ਕਰਦੇ ਹਨ। ਸਮੂਹਾਂ ਦਾ ਅਜਿਹੇ ਕਾਰਜਾਂ ਨੂੰ ਰੋਕਣਾ ਸੰਵਿਧਾਨਕ ਤੇ ਮਨੁੱਖੀ ਹਕੂਕ ਦੀ ਉਲੰਘਣਾ ਤੁੱਲ ਹਨ ਜਿਸ ਦਾ ਵਿਰੋਧ ਕਰਨਾ ਬਣਦਾ ਹੈ। ਅੰਤਰ-ਜਾਤੀ ਤੇ ਅੰਤਰ-ਧਰਮੀ ਵਿਆਹ ਰੋਕਣ, ਔਰਤਾਂ ਖ਼ਿਲਾਫ ਫਤਵੇ ਜਾਰੀ ਕਰਨ ਜਿਹੇ ਫੈਸਲਿਆਂ ਨਾਲ ਸਮਾਜ 'ਚ ਜਮਹੂਰੀ ਕਦਰਾਂ-ਕੀਮਤਾਂ ਦਾ ਵਿਸਥਾਰ ਨਹੀਂ ਹੋ ਸਕਦਾ।

ਦੂਜੇ ਪਾਸੇ ਜਦੋਂ ਸਮੂਹ, ਸੁਚੱਜੀ ਜ਼ਿੰਦਗੀ ਜਿਉਣ ਲਈ ਸਰਕਾਰਾਂ ਨਾਲ ਆਢਾ ਲਾਉਂਦਾ ਹੈ ਤਾਂ ਉਸ ਦਾ ਪੱਖ ਪੂਰਨਾ ਬਣਦਾ ਹੈ। ਭਾਰਤ ਲੰਮੇ ਸਮੇਂ ਤੋਂ ਅਜਿਹੇ ਸੰਘਰਸ਼ਾਂ ਦਾ ਅਖਾੜਾ ਬਣਿਆ ਹੋਇਆ ਹੈ। ਢਹਿ-ਢੇਰੀ ਹੋਏ ਸਰਕਾਰੀ ਤੰਤਰ ਨੂੰ ਮੁੱਦਿਆਂ ਦੀ ਗੰਭੀਰਤਾ ਸਮਝਾਉਣ ਲਈ ਮੁੱਖ ਮਾਰਗਾਂ ਤੇ ਰੇਲ ਪਟੜੀਆਂ 'ਤੇ ਜਾਮ ਲਗਾਏ ਜਾ ਰਹੇ ਹਨ। ਤਾਜ਼ੀਆਂ ਮਿਸਾਲਾਂ ਵਜੋਂ ਪਿਛਲੇ ਦਿਨੀਂ ਅਮਲੋਹ ਪਿੰਡ ਦੇ ਵਾਸੀਆਂ ਵਲੋਂ ਕੁੰਭੜ੍ਹਾ ਪਿੰਡ ਵਿਚ ਗੁਰਦੁਆਰੇ ਨੇੜੇ ਲੱਗਣ ਜਾ ਰਹੇ ਸ਼ਰਾਬ ਦੇ ਕਾਰਖਾਨੇ ਵਿਰੁਧ ਅਮਲੋਹ-ਖੰਨਾ ਮਾਰਗ ਜਾਮ ਕਰ ਦਿੱਤਾ ਗਿਆ। ਲੋਕਾਂ ਦਾ ਕਹਿਣਾ ਹੈ ਕਿ 'ਕਾਰਖਾਨਾ ਲੱਗਣ ਦੀ ਜਗ੍ਹਾ ਸੌ ਮੀਟਰ ਦੂਰ ਵੀ ਨਹੀਂ ਹੈ। ਕਾਨੂੰਨ ਮੁਤਾਬਿਕ ਕਿਸੇ ਧਾਰਮਿਕ ਸਥਾਨ ਦੇ ਨੇੜੇ ਸ਼ਰਾਬ ਦਾ ਠੇਕਾ ਵੀ ਨਹੀਂ ਖੋਲ੍ਹਿਆ ਜਾ ਸਕਦਾ, ਕਾਰਖਾਨਾ ਤਾਂ ਦੂਰ ਦੀ ਗੱਲ ਹੈ।'

ਦਿਲਚਸਪ ਤੱਥ ਇਹ ਵੀ ਹੈ ਕਿ ਜ਼ਮੀਨ ਹੇਠਲੇ ਪਾਣੀ ਬਾਰੇ ਬਣੀ ਕੇਂਦਰੀ ਅਥਾਰਟੀ ਨੇ ਜ਼ਮੀਨ ਹੇਠਲੇ ਪਾਣੀ ਦੀ ਜ਼ਿਆਦਾ ਵਰਤੋਂ ਕਾਰਨ ਇਸ ਖਿੱਤੇ 'ਚ ਸਿੰਜਾਈ ਲਈ ਟਿਊਬਵੈਲ ਲਗਾਉਣ ਤੱਕ ਦੀ ਮਨਾਹੀ ਕੀਤੀ ਹੋਈ ਹੈ; ਜਦ ਕਿ ਸ਼ਰਾਬ ਦੀ ਫੈਕਟਰੀ ਨੇ 13 ਤੋਂ 21 ਲੱਖ ਲੀਟਰ ਪਾਣੀ ਰੋਜ਼ ਵਰਤਣਾ ਹੈ।

ਬਨੂੜ ਨੇੜੇ ਪਿੰਡ ਕਰਾਲਾ ਦੇ ਵਾਸੀਆਂ ਨੇ 17 ਸਤੰਬਰ ਨੂੰ ਜ਼ੀਰਕਪੁਰ ਜਾਂਦੇ ਕੌਮੀ ਮਾਰਗ ਉਤੇ ਘੰਟਾ ਭਰ ਜਾਮ ਲਈ ਰੱਖਿਆ ਤਾਂ ਕਿ ਪ੍ਰਸ਼ਾਸਨ ਦੀਆਂ ਅੱਖਾਂ ਖੁੱਲ੍ਹ ਸਕਣ। ਸਰਕਾਰੀ ਟਿਊਬਵੈਲ ਦੀ ਮੋਟਰ ਸੜਨ ਕਾਰਨ ਹਫਤੇ ਤੋਂ ਜਲ ਸਪਲਾਈ ਠੱਪ ਸੀ ਅਤੇ ਹਫਤਾ ਭਰ ਜੇ.ਈ., ਐਸ.ਡੀ.ਓ. ਤੇ ਹੋਰ ਅਧਿਕਾਰੀਆਂ ਨੂੰ ਮਿਲਣ ਦੇ ਬਾਵਜੂਦ ਲਾਰਿਆਂ ਦੀ ਪੰਡ ਹੀ ਝੋਲੀ ਪਈ ਸੀ। ਸਿੱਟੇ ਵਜੋਂ ਸੜਕੀ ਆਵਾਜਾਈ ਠੱਪ ਹੋ ਗਈ। ਵਾਹਨਾਂ ਦੀਆਂ ਕਈ ਕਿਲੋਮੀਟਰ ਲੰਮੀਆਂ ਕਤਾਰਾਂ ਲੱਗ ਗਈਆਂ। ਰਾਹਗੀਰ ਘੰਟਿਆਂਬੱਧੀ ਖੱਜਲ ਹੋਏ। ਰਾਹਗੀਰਾਂ ਦੇ ਨਿਰਵਿਘਨ ਸਫਰ ਕਰਨ ਦੀ ਨਾਗਰਿਕ ਆਜ਼ਾਦੀ ਨੂੰ ਖੋਰਾ ਲੱਗਿਆ। ਸ਼ਾਇਦ ਇਸੇ ਮਕਸਦ ਨਾਲ ਸੜਕਾਂ ਨੂੰ ਘੇਰਿਆ ਗਿਆ ਸੀ। ਆਮ ਜਨ-ਜੀਵਨ 'ਚ ਵਿਘਨ ਪਾਉਣ ਦਾ ਟੀਚਾ ਮਿੱਥਿਆ ਗਿਆ ਸੀ। ਕੱਲ੍ਹ ਦੇ 'ਸਾਊ' ਨਾਗਰਿਕ ਅੱਜ 'ਸ਼ਰਾਰਤੀ ਤੱਤ' ਬਣ ਗਏ; ਕਿਸੇ ਸ਼ੌਕ ਵੱਸ ਨਹੀਂ ਤੇ ਨਾ ਹੀ ਉਨ੍ਹਾਂ ਅੰਦਰਲਾ ਮਾੜਾ ਬੰਦਾ ਜਾਗ ਪਿਆ ਹੈ। ਦਰਅਸਲ, ਗੂੜ੍ਹੀ ਨੀਂਦ ਸੁੱਤੇ ਪ੍ਰਸ਼ਾਸਨ ਨੂੰ ਹਰਕਤ 'ਚ ਲਿਆਉਣ ਦਾ ਇਹੀ ਰਾਹ ਬਚਿਆ ਹੈ। ਅਜਿਹੀ ਹਾਲਾਤ ਵਿਚ ਲੋਕਾਂ ਦੇ ਹਕੂਕ ਦੀ ਉਲੰਘਣਾ ਮੁੱਖ ਬਣ ਜਾਣੀ ਚਾਹੀਦੀ ਹੈ। ਅਦਾਲਤਾਂ ਨੇ ਅਜਿਹੇ ਮੌਕੇ ਵਸਤਾਂ ਤੇ ਵਿਅਕਤੀਆਂ ਦੇ ਗਤੀਮਾਨ ਰਹਿਣ ਨੂੰ ਮੁੱਖਤਾ ਦਿੱਤੀ ਹੈ। ਉਨ੍ਹਾਂ ਅਨੁਸਾਰ ਸੜਕਾਂ 'ਤੇ ਆਵਾਜਾਈ ਨਿਰ-ਵਿਘਨ ਜਾਰੀ ਰਹਿਣੀ ਚਾਹੀਦੀ ਹੈ। ਸਮੂਹਾਂ ਦੇ ਹਕੂਕ ਦੀ ਜਗ੍ਹਾ ਵਿਅਕਤੀਗਤ ਆਜ਼ਾਦੀ ਦਾ ਪੱਖ ਪੂਰਿਆ ਹੈ। ਇਸ ਸਮਝ ਨੇ ਧਰਨਿਆਂ, ਰੈਲੀਆਂ ਨੂੰ ਖਿੰਡਾਉਣ ਲਈ ਪੁਲਿਸ ਨੂੰ ਬੇਫਿਕਰ ਤਾਕਤ ਵਰਤਣ ਦਾ ਹੌਸਲਾ ਦਿੱਤਾ ਹੈ।

# ਵੰਡ-ਪਾਊ ਸਿਆਸਤ ਦੇ ਅਰਥ

ਪ੍ਰਫੁੱਲ ਬਿਦਵਈ

ਤਿੰਨ ਅਕਤੂਬਰ ਨੂੰ ਭਾਰਤ ਵਿਚ ਹਿੰਦੂਤਵ ਇਕ ਹੋਰ ਲਾਲ ਲਕੀਰ ਪਾਰ ਕਰ ਗਿਆ ਜਦੋਂ ਸਰਕਾਰੀ ਮਾਲਕੀ ਵਾਲੇ ਦੂਰਦਰਸ਼ਨ ਨੇ ਰਾਸ਼ਟਰੀ ਸੋਇਮ ਸੇਵਕ ਸੰਘ (ਆਰ. ਐਸ. ਐਸ.) ਦੇ ਮੁਖੀ ਵੱਲੋਂ ਵਿਜੇ ਦਸਮੀ ਮੌਕੇ ਕੀਤੇ ਗਏ ਸੰਬੋਧਨ ਦਾ ਸਿੱਧਾ ਪ੍ਰਸਾਰਨ ਕੀਤਾ। ਇਤਿਹਾਸ ਵਿਚ ਅਜਿਹਾ ਪਹਿਲੀ ਵਾਰ ਹੋਇਆ।

ਸੂਚਨਾ ਮੰਤਰੀ ਪ੍ਰਕਾਸ਼ ਜਾਵੜੇਕਰ ਨੇ ਕਿਹਾ ਕਿ ਉਨ੍ਹਾਂ ਦੇ ਮੰਤਰਾਲੇ ਨੇ ਇਸ ਸਬੰਧੀ ਕੋਈ ਨਿਰਦੇਸ਼ ਨਹੀਂ ਸਨ ਦਿੱਤੇ। ਅਸਲ ਵਿਚ ਪ੍ਰਸਾਰ ਭਾਰਤੀ ਜਿਸ ਤਹਿਤ ਦੂਰਦਰਸ਼ਨ ਅਤੇ ਆਲ ਇੰਡੀਆ ਰੇਡੀਓ ਕੰਮ ਕਰਦੇ ਹਨ, ਵਾਂਗ ਇਹ ਦੋਵੇਂ ਵੀ ਨਾਮਨਿਹਾਦ ਤੌਰ 'ਤੇ ਖ਼ੁਦਮੁਖ਼ਤਾਰ ਅਦਾਰੇ ਹਨ। ਇਨ੍ਹਾਂ ਦੇ ਮੁਖੀਆਂ ਦੀ ਨਿਯੁਕਤੀ ਸਿੱਧੀ ਸਰਕਾਰ ਵੱਲੋਂ ਹੁੰਦੀ ਹੈ ਅਤੇ ਉਹ ਸਰਕਾਰ ਨੂੰ ਜਵਾਬਦੇਹ ਹੁੰਦੇ ਹਨ।

ਉਂਜ, ਸਭ ਤੋਂ ਅਹਿਮ ਗੱਲ ਇਹ ਹੈ ਕਿ ਮੋਦੀ ਸਰਕਾਰ ਅਜਿਹੇ ਸੰਗਠਨ ਨੂੰ ਪ੍ਰਚਾਰ ਮੁਹੱਈਆ ਕਰਾਉਣ ਦੀ ਦੋਸ਼ੀ ਹੈ ਜੋ ਸੱਜੇ ਪੱਖੀ ਸੰਕੀਰਨਤਾਵਾਦੀ ਏਜੰਡੇ ਨੂੰ ਅੱਗੇ ਵਧਾਉਂਦਾ ਹੈ ਅਤੇ ਅਕਸਰ ਨਫਰਤ ਪੈਦਾ ਕਰਨ ਵਾਲੇ ਭੜਕਾਊ ਬਿਆਨ ਦਿੰਦਾ ਰਹਿੰਦਾ ਹੈ। ਇਹ ਨੰਗੇ-ਚਿੱਟੇ ਰੂਪ ਵਿਚ ਹਿੰਦੂਤਵੀ ਬਹੁ-ਗਿਣਤੀਵਾਦ ਦਾ ਮੁਜ਼ਾਹਰਾ ਹੈ।

ਆਰ. ਐਸ. ਐਸ. ਕੋਈ 'ਸਭਿਆਚਾਰਕ' ਸੰਗਠਨ ਨਹੀਂ ਹੈ ਜਿਵੇਂ ਦਾਅਵਾ ਕੀਤਾ ਜਾਂਦਾ ਹੈ। ਇਹ ਬਾਕਾਇਦਾ ਸਿਆਸੀ ਸੰਗਠਨ ਹੈ ਅਤੇ ਕਿਸੇ ਗੁਪਤ ਸਮਾਜ ਵਰਗੇ ਆਪਣੇ ਢਾਂਚੇ ਕਾਰਨ ਇਹ ਕਿਸੇ ਹੱਦ ਤੱਕ ਮਿਲੀਸ਼ੀਆ ਵਾਲਾ ਸਰੂਪ ਰੱਖਦਾ ਹੈ। ਇਸ ਦੇ ਆਗੂ ਕਦੇ ਵੀ ਚੁਣੇ ਨਹੀਂ ਜਾਂਦੇ, ਸਗੋਂ ਸਦਾ ਨਾਮਜ਼ਦ ਕੀਤੇ ਜਾਂਦੇ ਹਨ। ਇਹ ਭਾਜਪਾ ਅਤੇ ਸੰਘ ਪਰਿਵਾਰ ਵਿਚਲੀਆਂ ਹੋਰ ਇਕਾਈਆਂ ਦਾ ਵਿਚਾਰਧਾਰਕ ਮਾਂ-ਪਿਉ, ਸਿਆਸੀ ਉਸਤਾਦ ਅਤੇ ਜਥੇਬੰਦਕ ਚੌਕੀਦਾਰ ਹੈ।


ਫਰਵਰੀ 1948 ਵਿਚ ਹਿੰਦੂਤਵ ਤੋਂ ਪ੍ਰੇਰਿਤ ਇਕ ਕਾਰਕੁਨ ਵੱਲੋਂ ਮਹਾਤਮਾ ਗਾਂਧੀ ਦੀ ਕਤਲ ਕਰ ਦਿੱਤੇ ਜਾਣ ਤੋਂ ਬਾਅਦ ਆਰ. ਐਸ. ਐਸ. ਉਤੇ ਪਾਬੰਦੀ ਲਾ ਦਿੱਤੀ ਗਈ ਸੀ। ਇਹ ਪਾਬੰਦੀ ਜੁਲਾਈ 1949 ਵਿਚ ਇਸ ਸ਼ਰਤ 'ਤੇ ਹੀ ਹਟਾਈ ਗਈ ਸੀ ਕਿ ਸੰਘ ਲਿਖਤੀ ਸੰਵਿਧਾਨ ਨੂੰ ਅਪਨਾਏਗਾ ਜਿਸ ਵਿਚ ਹੋਰ ਗੱਲਾਂ ਤੋਂ ਇਲਾਵਾ ਇਹ ਜ਼ਿਕਰ ਹੋਵੇਗਾ ਕਿ ਸੰਘ ਭਗਵੇਂ ਝੰਡੇ ਨੂੰ ਨਹੀਂ, ਸਗੋਂ ਭਾਰਤੀ ਤਿਰੰਗੇ ਨੂੰ ਸਨਮਾਨ ਦੇਵੇਗਾ ਅਤੇ ਖੁੱਲ੍ਹੇ, ਸ਼ਾਂਤੀਪੂਰਨ ਅਤੇ ਪਾਰਟੀ ਸਿਆਸਤ ਤੋਂ ਮੁਕਤ ਸੰਗਠਨ ਵਜੋਂ ਕੰਮ ਕਰਨ ਦਾ ਵਚਨ ਦੇਵੇਗਾ, ਪਰ ਸੰਘ ਨੇ ਫਿਰਕੂ ਹਿੰਸਾ ਨੂੰ ਭੜਕਾ ਕੇ ਅਤੇ ਰਾਜਨੀਤੀ ਵਿਚ ਸ਼ਮੂਲੀਅਤ ਕਰ ਕੇ ਇਨ੍ਹਾਂ ਸ਼ਰਤਾਂ ਦੀ ਪੂਰੀ ਤਰ੍ਹਾਂ ਉਲੰਘਣਾ ਕੀਤੀ ਹੈ। ਇਸ ਨੇ ਪਹਿਲਾਂ ਜਨਸੰਘ ਅਤੇ ਫਿਰ ਭਾਜਪਾ ਨੂੰ ਜਨਮ ਦਿੱਤਾ। ਹਾਲ ਹੀ ਦੌਰਾਨ ਇਸ ਨੇ ਭਾਜਪਾ ਦੇ ਅਹਿਮ ਜਥੇਬੰਦਕ ਸਕੱਤਰਾਂ ਦੀਆਂ ਨਿਯੁਕਤੀਆਂ ਤੋਂ ਇਲਾਵਾ ਨਰੇਂਦਰ ਮੋਦੀ ਦੀ ਪ੍ਰਧਾਨ ਮੰਤਰੀ ਦੇ ਅਹੁਦੇ ਦੇ ਉਮੀਦਵਾਰ ਵਜੋਂ ਨਾਮਜ਼ਦਗੀ ਅਤੇ ਅਮਿਤ ਸ਼ਾਹ ਦੀ ਪਾਰਟੀ ਪ੍ਰਧਾਨ ਵਜੋਂ ਨਿਯੁਕਤੀ ਵੀ ਕੀਤੀ ਹੈ। ਇਸ ਨੇ ਭਾਜਪਾ 'ਤੇ ਆਪਣੀ ਪਕੜ ਹੋਰ ਮਜ਼ਬੂਤ ਕਰ ਲਈ ਹੈ।

ਆਰ. ਐਸ. ਐਸ. ਤੇ ਭਾਜਪਾ ਨੇ ਆਪਸ ਵਿਚ ਅਜਿਹਾ ਕਰੀਬੀ, ਪਰ ਗ਼ੈਰ-ਬਰਾਬਰੀ ਵਾਲਾ ਰਿਸ਼ਤਾ ਬਣਾ ਲਿਆ ਹੈ ਜਿਸ ਨਾਲ ਪਰਿਵਾਰ ਨੂੰ ਮਜ਼ਬੂਤੀ ਮਿਲੀ ਹੈ। ਸੰਵਿਧਾਨਕ ਮਾਹਿਰ ਏ.ਜੀ. ਨੂਰਾਨੀ ਨੇ ਵੀ ਕਿਹਾ ਹੈ ਕਿ 'ਜਾਂ ਤਾਂ ਸੰਘ ਪਰਿਵਾਰ ਨੂੰ ਸੀਮਤ ਕਰਨਾ ਅਤੇ ਹਰਾਉਣਾ ਪਵੇਗਾ' ਨਹੀਂ ਤਾਂ 'ਭਾਰਤੀ ਧਰਮ ਨਿਰਪੱਖਤਾ ਜੋ ਪਹਿਲਾਂ ਹੀ ਨਿਤਾਣੀ ਹੋ ਚੁੱਕੀ ਹੈ, ਨੂੰ ਤਿਆਗ ਦਿੱਤਾ ਜਾਵੇਗਾ ਅਤੇ ਨਾਲ ਹੀ ਜਮਹੂਰੀਅਤ ਨੂੰ ਵੀ।'

ਦੋ ਗੱਲਾਂ ਸੰਘ ਪਰਿਵਾਰ ਨੂੰ ਬੇਹੱਦ ਘਾਤਕ ਬਣਾਉਂਦੀਆਂ ਹਨ। ਪਹਿਲੀ ਇਸ ਵੱਲੋਂ ਇਹ ਜ਼ੋਰ ਦਿੱਤਾ ਜਾਣਾ ਕਿ ਭਾਰਤ ਸਦਾ ਤੋਂ ਸ਼ੁੱਧ ਹਿੰਦੂ ਸਮਾਜ ਰਿਹਾ ਹੈ ਅਤੇ ਪਰ 'ਬੇਗਾਨੇ' ਧਰਮਾਂ ਨਾਲ ਸਬੰਧਤ 'ਵਿਦੇਸ਼ੀਆਂ' ਵੱਲੋਂ ਇਸ ਨੂੰ ਆਪਣੇ ਅਧੀਨ ਕਰ ਲਿਆ ਗਿਆ ਅਤੇ ਦੂਜੀ ਇਹ ਕਿ ਧਰਮ ਨਿਰਪੱਖ ਭਾਰਤ ਨੂੰ ਜ਼ਰੂਰੀ ਤੌਰ 'ਤੇ ਹਿੰਦੂ ਰਾਸ਼ਟਰ ਬਣਨਾ ਚਾਹੀਦਾ ਹੈ।

# ਕੁਰਸੀ, ਕਾਨੂੰਨ ਅਤੇ ਕਪਟ ਨੀਤੀ

ਲਿਖਤੁਮ



ਤਰਲੋਚਨ ਸਿੰਘ ਦੁਪਾਲਪੁਰ
ਫੋਨ: 408-915-1268

ਕੁਰਸੀ ਮੇਜ਼ ਤੋਂ ਹੁੰਦੀ ਏ ਭਾਵੇਂ ਛੋਟੀ
ਟੌਹਰ ਮੇਜ਼ ਤੋਂ ਬਹੁਤਾ ਰਖਾਏ ਕੁਰਸੀ।
ਬੰਦਾ ਬੰਦੇ ਨੂੰ ਬੰਦਾ ਈ ਨਹੀਂ ਨਜ਼ਰ ਆਉਂਦਾ
ਏਥੋਂ ਤੀਕਰਾਂ ਨਾ ਚੜ੍ਹਾਏ ਕੁਰਸੀ।
ਕੁਰਸੀ ਵਾਸਤੇ ਸਾਰਾ ਜਹਾਨ ਤੜਫੇ
ਭਾਲੂ ਵਾਂਗਰਾਂ ਨਾਚ ਨਚਾਏ ਕੁਰਸੀ।
ਇਹਦੇ ਅਹੁਦੇ ਦੀ ਕੀਮਤ ਉਹੀ ਜਾਣਦਾ ਏ
ਜਿਹਦੇ ਥੱਲਿਉਂ ਇਹ ਖਿਸਕ ਜਾਏ ਕੁਰਸੀ।
ਲੱਥੇ ਕੁਰਸੀਉਂ ਕਿਸੇ ਵਜ਼ੀਰ ਤਾਂਈਂ
ਪੁੱਛੋ ਹਾਲ ਕੀ? ਆਖੂਗਾ ਹਾਏ ਕੁਰਸੀ!

ਉਘੇ ਸ਼ਾਇਰ ਚਮਨ ਹਰਿਗੋਬਿੰਦਪੁਰੀ ਦੀ ਲਿਖੀ ਹੋਈ ਇਹ 'ਕੁਰਸੀ ਉਪਮਾ' ਭਾਰਤੀ ਰਾਜਨੀਤੀ ਦੇ ਪਿੜ ਦਾ ਹੂ-ਬ-ਹੂ ਨਕਸ਼ਾ ਖਿੱਚਦੀ ਹੈ। ਕੋਈ ਸਿਆਸਤਦਾਨ ਜਦੋਂ ਮੰਜ਼ਿਲਾਂ ਮਾਰਦਾ ਹੋਇਆ ਕੁਰਸੀ ਗ੍ਰਹਿਣ ਕਰਨ ਦੇ ਨੇੜੇ ਜਾ ਢੁੱਕਦਾ ਹੈ, ਤਾਂ ਪੂਰੀ ਟਾਈ-ਸ਼ਾਈ ਲਾ ਕੇ, ਬੀਬਾ ਰਾਣਾ ਜਿਹਾ ਬਣਦਿਆਂ ਸਹੁੰ ਚੁੱਕਦਾ ਹੈ- 'ਮੈਂ ਭਾਰਤ ਕੇ ਸੰਵਿਧਾਨ ਪ੍ਰਤੀ ਸੱਚੀ ਨਿਸ਼ਠਾ ਕੇ ਸਾਥ ਸ਼ਪਥ ਲੇਤਾ ਹੂੰ...!' ਜਦ ਕਿ ਅਸਲ ਵਿਚ ਉਹ ਵੋਟਾਂ ਲੈਣ ਦੀ ਹੋੜ ਵਿਚ ਸੰਵਿਧਾਨ ਪ੍ਰਤੀ ਨਿਸ਼ਠਾ ਨੂੰ ਪੈਰਾਂ ਹੇਠ ਰੋਲ ਕੇ ਹੀ ਕੁਰਸੀ ਲੈਣ ਜੋਗਾ ਹੋਇਆ ਹੁੰਦਾ ਹੈ। ਰਾਜ ਦਰਬਾਰ ਦੇ ਗਲਿਆਰਿਆਂ ਵਿਚ ਹੁੰਦੇ ਇਹ ਸਾਦਾ ਪਰ ਪ੍ਰਭਾਵਸ਼ਾਲੀ ਸਹੁੰ ਚੁੱਕ ਸਮਾਗਮ ਕਾਨੂੰਨ ਦੀ ਖਾਨਾਪੂਰਤੀ ਹੀ ਬਣ ਕੇ ਰਹਿ ਜਾਂਦੇ ਹਨ। ਹੋਣਾ ਤਾਂ ਆਖਰ ਉਹੀ ਹੁੰਦਾ ਹੈ ਜੋ ਕੁਰਸੀ ਮੱਲਣ ਵਾਲੇ ਲੀਡਰ ਦੇ ਢਿੱਡ ਵਿਚ ਹੋਵੇ। ਸੰਵਿਧਾਨ ਦੀਆਂ ਧਾਰਾਵਾਂ ਦੇ ਅਰਥ ਵੀ ਫਿਰ ਕੁਰਸੀ 'ਤੇ ਬੈਠੇ ਆਗੂ ਦੀ ਮਨਸ਼ਾ ਅਨੁਸਾਰ ਹੀ ਹੁੰਦੇ ਹਨ।

ਹਰ ਤਰ੍ਹਾਂ ਦੇ ਪਾਪੜ ਵੇਲ ਕੇ ਮੱਲੀ ਕੁਰਸੀ 'ਤੇ ਬਹਿ ਕੇ ਕਾਨੂੰਨਘਾੜੇ ਜਾਂ ਕਾਨੂੰਨ ਦੇ ਰਾਖੇ ਬਣਨ ਵਾਲੇ ਸ੍ਰੀਮਾਨ ਅਕਸਰ ਆਮ ਲੋਕਾਂ ਨੂੰ ਡਰਾਉਣ ਲਈ ਉਪਦੇਸ਼ ਵਜੋਂ ਕਿਹਾ ਕਰਦੇ ਨੇ ਕਿ ਕਾਨੂੰਨ ਦੇ ਹੱਥ ਬਹੁਤ ਲੰਬੇ ਹੁੰਦੇ ਹਨ; ਲੇਕਿਨ ਇਹੀ ਫਰਮਾਨ ਕਰਨ ਵਾਲਿਆਂ ਦੇ ਸਾਹਮਣੇ ਜੇ ਕਾਨੂੰਨ ਨੂੰ ਬੌਣਾ ਜਾਂ ਲੂਲਾ-ਲੰਗੜਾ ਬਣਿਆ ਦੇਖਣਾ ਹੋਵੇ, ਤਾਂ ਮਚੇ ਹੋਏ ਚੋਣ ਦੰਗਲ ਵੇਲੇ ਦਾ ਨਜ਼ਾਰਾ ਦੇਖ ਲੈਣਾ ਚਾਹੀਦਾ ਹੈ।

ਹੁਣੇ-ਹੁਣੇ ਹੋਈਆਂ ਲੋਕ ਸਭਾ ਚੋਣਾਂ ਦੌਰਾਨ ਹਲਕਾ ਬਠਿੰਡਾ ਜਿਥੇ ਵਿਧਾਨਕਾਰ ਤੇ ਖ਼ਜ਼ਾਨਾ ਮੰਤਰੀ ਰਹਿ ਚੁੱਕੇ ਮਨਪ੍ਰੀਤ ਸਿੰਘ ਨੂੰ ਆਪਣੇ ਨਾਂ ਪਿੱਛੇ 'ਬਾਦਲ' ਉਪ-ਨਾਮ ਵਰਤਣ ਦੀ ਇਜਾਜ਼ਤ ਨਹੀਂ ਸੀ ਦਿੱਤੀ ਗਈ, ਬੇਸ਼ੱਕ ਸੰਵਿਧਾਨ ਨੇ ਉਸ ਨੂੰ ਪਾਸਪੋਰਟ ਦੇਣ ਲੱਗਿਆ, ਉਹਦਾ ਨਾਂ ਮਨਪ੍ਰੀਤ ਸਿੰਘ ਬਾਦਲ ਹੀ ਸਵੀਕਾਰਿਆ, ਪਰ ਕੁਰਸੀ 'ਤੇ ਬੈਠੇ ਤਤਕਾਲੀ ਕਾਨੂੰਨ ਦੇ ਰਾਖਿਆਂ ਵੱਲੋਂ ਆਏ ਹੁਕਮਾਂ ਨੂੰ ਸਿਰਮੌਰ ਮੰਨਦਿਆਂ ਡਿਪਟੀ ਕਮਿਸ਼ਨਰ ਨੇ ਸੰਵਿਧਾਨ ਦੀ ਇਕ ਨਾ ਸੁਣੀ। ਸਿਰਫ਼ ਤੇ ਸਿਰਫ 'ਉਪਰੋਂ ਆਏ' ਹੁਕਮਾਂ ਅਨੁਸਾਰ ਕਿਸੇ ਅਣਜਾਣ ਜਿਹੇ ਬੰਦੇ ਨੂੰ ਲਿਸ਼ਕਾ-ਪੁਸ਼ਕਾ ਕੇ 'ਮਨਪ੍ਰੀਤ ਸਿੰਘ ਬਾਦਲ' ਬਣਾ ਦਿੱਤਾ। ਉਹਦੇ ਉਤੇ ਮਿਹਰਾਂ ਦਾ ਹੋਰ ਮੀਂਹ ਵਰ੍ਹਾਉਂਦਿਆਂ ਉਹਨੂੰ 'ਪਤੰਗ ਦੀ ਡੋਰ' ਵੀ ਫੜਾ ਦਿੱਤੀ ਗਈ।



ਭਾਰਤੀ ਸੰਵਿਧਾਨ ਦੀ ਕੋਈ ਧਾਰਾ ਭਲਾ ਇਹ ਵੀ ਕਹਿੰਦੀ ਹੈ ਕਿ ਜਿਸ ਪ੍ਰਾਂਤ ਵਿਚ ਕੇਂਦਰੀ ਸਰਕਾਰ 'ਤੇ ਕਾਬਜ਼ ਸਿਆਸੀ ਪਾਰਟੀ ਦਾ ਹੀ ਰਾਜ ਭਾਗ ਹੋਵੇ, ਉਸੇ ਸੂਬੇ ਦਾ ਸਰਬ ਪੱਖੀ ਵਿਕਾਸ ਵਧੀਆ ਹੁੰਦਾ ਹੈ? ਕਾਨੂੰਨ ਬਾਰੇ ਚੱਲਵੀਂ ਜਿਹੀ ਜਾਣਕਾਰੀ ਰੱਖਣ ਵਾਲਾ ਕੋਈ ਵੀ ਬੰਦਾ ਇਸ ਸਵਾਲ ਦਾ ਜਵਾਬ ਨਾਂਹ ਵਿਚ ਹੀ ਦੇਵੇਗਾ, ਪਰ ਨਹੀਂ ਜੀ! ਇਹ ਗੱਲ ਕਿਸੇ ਐਰੇ-ਗੈਰੇ ਨੇ ਨਹੀਂ, ਸਗੋਂ ਭਾਰਤ ਦੇ ਪ੍ਰਧਾਨ ਮੰਤਰੀ ਨੇ ਕਹੀ ਹੈ। ਉਹ ਵੀ ਲੁਕ-ਛਿਪ ਕੇ ਨਹੀਂ, ਸਗੋਂ ਹਰਿਆਣੇ ਦੇ ਚੋਣ ਪ੍ਰਚਾਰ ਦੌਰਾਨ... ਉਨ੍ਹਾਂ ਹਰਿਆਣਵੀ ਲੋਕਾਂ ਨੂੰ ਸੱਦਾ ਦਿੱਤਾ ਕਿ ਜੇ ਉਹ ਵਿਕਾਸ ਚਾਹੁੰਦੇ ਨੇ ਤਾਂ ਆਪਣੇ ਪ੍ਰਾਂਤ ਵਿਚ 'ਕਮਲ ਫੁੱਲ' ਵਾਲੀ ਸਰਕਾਰ ਹੀ ਬਣਾਉਣ।

ਉਹੀ ਹਰਿਆਣਾ ਜਿਸ ਨੇ ਟਪੂਸੀਆਂ ਮਾਰ-ਮਾਰ ਕੇ ਦਲ-ਬਦਲੀਆਂ ਕਰਨ ਵਾਲੇ ਚੁਫੇਰਗੜ੍ਹੀਏ ਸਿਆਸਤਦਾਨਾਂ ਲਈ 'ਸਤਿਕਾਰਤ' ਮੁਹਾਵਰਾ 'ਆਇਆ ਰਾਮ ਗਇਆ ਰਾਮ' ਘੜਿਆ ਸੀ, ਉਸੇ ਹਰਿਆਣਾ ਵਿਚ ਇਨ੍ਹੀਂ ਦਿਨੀਂ ਕੁਰਸੀ ਯੁੱਧ ਦਾ ਘਮਾਸਾਨ ਮਚਿਆ ਹੋਇਆ ਹੈ। ਸਾਬਕਾ ਮੁੱਖ ਮੰਤਰੀ ਓਮ ਪ੍ਰਕਾਸ਼ ਚੌਟਾਲਾ ਅਧਿਆਪਕ ਭਰਤੀ ਘੁਟਾਲੇ ਦੇ ਦੋਸ਼ ਵਿਚ ਦਸ ਸਾਲ ਜੇਲ੍ਹ ਭੁਗਤ ਰਹੇ ਸਨ। ਜੇਲ੍ਹ ਵਿਚ ਬੈਠਿਆਂ ਉਨ੍ਹਾਂ ਹਰਿਆਣੇ ਦੀ ਚੀਫ ਮਨਿਸਟਰ ਵਾਲੀ ਕੁਰਸੀ ਹਥਿਆਉਣ ਲਈ ਜੁਗਤਿ ਬਣਾਈ। ਉਨ੍ਹਾਂ ਕਾਨੂੰਨ ਦੇ ਰਾਖਿਆ ਅੱਗੇ ਜਾ ਕੇ ਲੱਕ ਦੀ ਹੱਡੀ ਦਾ ਇਲਾਜ ਕਰਾਉਣ ਦੀ ਆਗਿਆ ਮੰਗੀ। ਸਾਬਕਾ ਕਾਨੂੰਨਘਾੜਾ ਰਿਹਾ ਹੋਣ ਕਾਰਨ ਹਰ ਤਰ੍ਹਾਂ ਦੀਆਂ ਡਾਕਟਰੀ ਸਹੂਲਤਾਂ ਤਾਂ ਉਸ ਨੂੰ ਜੇਲ੍ਹ ਵਿਚ ਹੀ ਮੁਯੱਸਰ ਹੀ ਸਨ, ਪਰ ਉਹ 'ਹਰਿਆਣਾ ਪ੍ਰੇਮੀ' ਹੋਣ ਨਾਤੇ ਆਪਣਾ ਇਲਾਜ ਵੀ ਹਰਿਆਣੇ ਵਿਚ ਹੀ ਕਰਵਾਉਣਾ ਚਾਹੁੰਦੇ ਸਨ।

ਇਜਾਜ਼ਤ ਮਿਲਦਿਆਂ ਸਾਰ ਜਨਾਬ ਜੀ ਹਸਪਤਾਲ ਵਾਲਿਆਂ ਨਾਲ ਗੰਢ-ਤੁੱਪ ਕਰ ਕੇ ਸਿੱਧੇ ਚੋਣ ਰੈਲੀਆਂ ਵਿਚ ਜਾ ਗਰਜਣ ਲੱਗੇ। ਕਿਸੇ ਗੁਨਾਹ ਕਾਰਨ ਜੇਲ੍ਹੋਂ ਰਿਹਾਅ ਹੋ ਕੇ ਆਇਆ ਕੋਈ ਆਮ ਪੇਂਡੂ ਨਮੋਸ਼ੀ ਦਾ ਮਾਰਿਆ ਮਹੀਨਾ-ਮਹੀਨਾ ਅੰਦਰੋਂ ਨਹੀਂ ਨਿਕਲਦਾ, ਪਰ ਸਦਕੇ ਜਾਈਏ ਇਸ ਹਰਿਆਣਵੀ ਆਗੂ ਦੇ... ਜੇਲ੍ਹ ਵਿਚੋਂ ਝੂਠ ਬੋਲ ਕੇ ਆਇਆ ਹੋਇਆ, ਸਿਰ 'ਤੇ ਰੱਖੀ ਹਰੀ ਪੱਗ ਦਾ ਸ਼ਮ੍ਹਲਾ ਇਉਂ ਲਿਸ਼ਕਾਉਂਦਾ ਫਿਰਦੈ, ਜਿਵੇਂ ਛੁੱਟੀ ਆਇਆ ਫੌਜੀ ਸਹੁਰੀਂ ਘੁੰਮਦਾ ਹੁੰਦਾ ਹੈ। ਅਦਾਲਤ ਦੇ ਹੁਕਮ ਪਿਛੋਂ ਹੁਣ ਉਹ ਭਾਵੇਂ ਫਿਰ ਜੇਲ੍ਹ ਅੰਦਰ ਪੁੱਜ ਗਿਆ ਹੈ, ਪਰ ਸ੍ਰੀ ਚੌਟਾਲਾ ਨੇ ਇਕ ਵਾਰ ਤਾਂ ਅਦਾਲਤਾਂ ਦੇ ਅੱਖੀਂ ਘੱਟਾ ਪਾ ਕੇ ਅਤੇ ਆਪਣੀ ਪਾਰਟੀ ਦਾ ਚੋਣ ਪ੍ਰਚਾਰ ਕਰ ਕੇ ਇਹ ਦੱਸ ਦਿੱਤਾ ਹੈ ਕਿ ਕੜੇ-ਕਾਨੂੰਨ ਦੇ ਹੱਥ, ਕਦੇ-ਕਦੇ ਕਾਨੂੰਨ ਦੇ ਰਖਵਾਲੇ ਬਣਨ ਵਾਲਿਆਂ ਦੇ ਹੱਥਾਂ ਨਾਲੋਂ ਜ਼ਿਆਦਾ ਲੰਮੇ ਨਹੀਂ ਹੁੰਦੇ।

ਸ੍ਰੀ ਚੌਟਾਲਾ ਨੂੰ ਮੁੱਖ ਮੰਤਰੀ ਬਣਾਉਣ ਦਾ ਨਿਸ਼ਾਨਾ ਮਿੱਥ ਕੇ ਉਸ ਦੀ ਪਾਰਟੀ ਇਨੈਲੋ ਦੀ ਮਦਦ ਕਰਨ ਵਾਸਤੇ ਉਥੇ ਜਾ ਪਹੁੰਚੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ। ਖਾਸ ਕਰ ਕੇ ਦੋ ਨੁਕਤਿਆਂ 'ਤੇ ਵਿਚਾਰ ਕਰੀਏ ਕਿ ਕੀ ਉਨ੍ਹਾਂ ਵੱਲੋਂ ਚੌਟਾਲਿਆਂ ਦੀ ਮਦਦ ਕਰਨੀ ਜਾਇਜ਼ ਹੈ? ਪਹਿਲਾ ਨੁਕਤਾ ਇਹ ਕਿ ਹਰਿਆਣੇ ਵਿਚ ਆਪਣਾ ਤਸੱਲਤ ਜਮਾਉਣ ਲਈ ਮਰਹੂਮ ਦੇਵੀ ਲਾਲ ਦੇ ਵੇਲੇ ਤੋਂ ਹੀ ਇਹ ਟੱਬਰ ਪੰਜਾਬ ਦੇ ਪਾਣੀ ਲੁੱਟਣ ਦੀਆਂ ਸਕੀਮਾਂ ਘੜਦਾ ਆ ਰਿਹਾ ਹੈ; ਕੀ ਸ੍ਰੀ ਬਾਦਲ ਉਥੇ ਪੰਜਾਬ ਦੇ ਕੁਦਰਤੀ ਸੋਮਿਆਂ ਨੂੰ ਲੁੱਟਣ ਵਾਲੇ ਹੱਥਾਂ ਨੂੰ ਮਜ਼ਬੂਤ ਬਣਾਉਣ ਲਈ ਦਿਨ-ਰਾਤ ਇਕ ਕਰ ਰਹੇ ਨੇ? ਦੂਜਾ ਨੁਕਤਾ, ਸ੍ਰੀ ਬਾਦਲ ਨਹੀਂ ਜਾਣਦੇ ਕਿ ਉਹ ਕਾਨੂੰਨੀ ਪ੍ਰਕਿਰਿਆ ਤੋਂ ਬਾਅਦ ਅਦਾਲਤ ਵੱਲੋਂ ਦੋਸ਼ੀ ਐਲਾਨੇ ਗਏ ਸਜ਼ਾ-ਯਾਫਤਾ ਮੁਜਰਿਮ ਦੀ ਪੁਸ਼ਤ-ਪਨਾਹੀ ਕਰ ਰਹੇ ਹਨ?

ਅਦਾਲਤ ਨੇ ਸ੍ਰੀ ਚੌਟਾਲਾ ਨੂੰ ਰਿਸ਼ਵਤ ਖਾਣ ਦਾ ਗੁਨਾਹਗਾਰ ਮੰਨਿਆ ਹੈ। ਰਿਸ਼ਵਤ ਖਾਣੀ ਵੀ ਇਕ ਤਰ੍ਹਾਂ ਦੀ ਚੋਰੀ ਹੈ। ਕੀ ਸ੍ਰੀ ਬਾਦਲ ਨੂੰ ਇਹ ਯਾਦ ਨਹੀਂ ਕਰਾਇਆ ਜਾਣਾ ਚਾਹੀਦਾ ਕਿ ਉਨ੍ਹਾਂ ਨੂੰ ਸ੍ਰੀ ਅਕਾਲ ਤਖਤ ਸਾਹਿਬ ਦੇ ਉਸ ਅਸਥਾਨ ਤੋਂ 'ਫ਼ਖ਼ਰ-ਏ-ਕੌਮ' ਦਾ ਖਿਤਾਬ ਮਿਲਿਆ ਹੋਇਆ ਜਿਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਆਵਾਜ਼ ਗੂੰਜਦੀ ਹੈ-

ਚੋਰ ਕੀ ਹਾਮਾ ਭਰੇ ਨ ਕੋਇ॥

ਗੁਰਬਾਣੀ ਦੇ ਇਸ ਕਥਨ ਦੀ ਰੌਸ਼ਨੀ ਵਿਚ ਕੀ ਸ੍ਰੀ ਬਾਦਲ ਫਖ਼ਰ-ਏ-ਕੌਮ ਵਾਲੇ ਸਨਮਾਨ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਅਕਸ ਨੂੰ ਢਾਹ ਨਹੀਂ ਲਾ ਰਹੇ? ਉਨ੍ਹਾਂ ਦੀ ਆਪਣੀ ਪਾਰਟੀ, ਅਕਾਲੀ ਦਲ ਦੇ ਕੁਝ ਆਗੂਆਂ ਉਤੇ ਜਦੋਂ ਨਸ਼ਾ ਤਸਕਰੀ ਦੇ ਦੋਸ਼ ਲੱਗੇ, ਤਦ ਉਨ੍ਹਾਂ ਇਹ ਸਪਸ਼ਟੀਕਰਨ ਦਿੱਤਾ ਸੀ ਕਿ 'ਦੋਸ਼ ਲਾਉਣ' ਨਾਲ ਹੀ ਕੋਈ ਗੁਨਾਹਗਾਰ ਨਹੀਂ ਬਣ ਜਾਂਦਾ; ਜਦ ਤੱਕ ਦੋਸ਼ ਸਿੱਧ ਨਾ ਹੋ ਜਾਣ ਅਤੇ ਅਦਾਲਤ ਉਸ ਨੂੰ ਸਜ਼ਾ ਨਹੀਂ ਦੇ ਦਿੰਦੀ। ਹੁਣ ਓਮ ਪ੍ਰਕਾਸ਼ ਚੌਟਾਲਾ ਨੂੰ ਅਦਾਲਤ ਵਲੋਂ ਸਜ਼ਾ ਸੁਣਾਏ ਜਾਣ ਤੋਂ ਬਾਅਦ, ਕੀ ਸ੍ਰੀ ਬਾਦਲ ਉਸ ਨੂੰ ਹਾਲੇ ਵੀ ਨਿਰਦੋਸ਼ ਮੰਨ ਰਹੇ ਹਨ? ਕੀ ਉਹ ਅਜਿਹਾ ਕਰ ਕੇ ਉਸ ਭਾਰਤੀ ਸੰਵਿਧਾਨ ਦੀ ਤੌਹੀਨ ਨਹੀਂ ਕਰ ਰਹੇ ਜਿਸ ਦੀ ਸਹੁੰ ਚੁੱਕ ਕੇ ਉਹ ਮੁੱਖ ਮੰਤਰੀ ਬਣੇ ਹਨ?

ਕੌਣ ਨਹੀਂ ਜਾਣਦਾ ਕਿ ਅਕਾਲੀ ਦਲ ਦੀ ਚੌਟਾਲਿਆਂ ਦੀ ਸਿਆਸੀ ਪਾਰਟੀ ਇਨੈਲੋ ਨਾਲ ਕੋਈ ਨੀਤੀਗਤ ਸਾਂਝ ਕਤੱਈ ਨਹੀਂ ਹੈ। ਇਹ ਤਾਂ ਦੋ ਧਨਾਢ ਖਾਨਦਾਨਾਂ ਦੀ ਨਿੱਜੀ ਯਾਰੀ ਹੈ। ਨਿੱਜੀ ਮੁਫਾਦ ਦੀ ਪੂਰਤੀ ਖਾਤਰ ਸ੍ਰੀ ਬਾਦਲ ਕਾਨੂੰਨੀ ਨੁਕਤਿਆਂ ਤੋਂ ਵੀ ਘੇਸਲ ਮਾਰ ਰਹੇ ਹਨ। ਹੋਰ ਤਾਂ ਹੋਰ, ਉਨ੍ਹਾਂ ਭਾਜਪਾ ਨਾਲ ਆਪਣੇ 'ਪਤੀ-ਪਤਨੀ' ਵਾਲੇ ਰਿਸ਼ਤੇ ਨੂੰ ਵੀ ਅਣਡਿੱਠ ਕਰ ਦਿੱਤਾ ਹੋਇਆ ਹੈ।

ਕਾਨੂੰਨ, ਕੁਰਸੀ ਅਤੇ ਕਾਣੀ ਸਿਆਸਤ ਦਾ ਇਕ ਹੋਰ ਕਮਾਲ ਦੇਖੋ... ਜੂਨ 1984 ਤੋਂ ਅਕਾਸ਼ਵਾਣੀ ਦੇ ਜਲੰਧਰ ਕੇਂਦਰ ਰਾਹੀਂ ਸ੍ਰੀ ਦਰਬਾਰ ਸਾਹਿਬ ਦਾ ਕੀਰਤਨ ਸਵੇਰੇ-ਸ਼ਾਮ ਬ੍ਰਾਡਕਾਸਟ ਹੁੰਦਾ ਆ ਰਿਹਾ ਹੈ। ਸਵੇਰੇ ਚਾਰ ਤੋਂ ਛੇ ਵਜੇ ਤੱਕ ਅਤੇ ਸ਼ਾਮੀਂ ਸਾਢੇ ਚਾਰ ਤੋਂ ਸਾਢੇ ਪੰਜ ਤੱਕ ਹੋਣ ਵਾਲੇ ਇਸ ਰਿਲੇਅ ਪ੍ਰੋਗਰਾਮ ਵਿਚ ਪਿਛਲੇ ਤੀਹਾਂ ਸਾਲਾਂ ਵਿਚ ਕਦੇ ਨਾਗਾ ਨਹੀਂ ਸੀ ਪਿਆ। ਜੇ ਕੋਈ ਮੈਚ ਵਗੈਰਾ ਜਾਂ ਕੋਈ ਹੋਰ ਜ਼ਰੂਰੀ ਪ੍ਰੋਗਰਾਮ ਚੱਲ ਰਿਹਾ ਹੁੰਦਾ ਸੀ, ਤਾਂ ਜਲੰਧਰ ਸਟੇਸ਼ਨ ਵਾਲੇ ਉਸ ਪ੍ਰੋਗਰਾਮ ਨੂੰ ਕਿਸੇ ਦੂਜੀ ਫ੍ਰੀਕੁਐਂਸੀ ਤੋਂ ਰਿਲੇਅ ਕਰਨਾ ਸ਼ੁਰੂ ਕਰ ਦਿੰਦੇ ਸਨ; ਪਰ ਸ੍ਰੀ ਦਰਬਾਰ ਸਾਹਿਬ ਦੇ ਰਿਲੇਅ ਵਿਚ ਵਿਘਨ ਨਹੀਂ ਸੀ ਪਾਉਂਦੇ। ਹੁਣ ਸ੍ਰੀ ਮੋਦੀ ਦੇ ਰਾਜ ਵਿਚ ਪਹਿਲੀ ਵਾਰ ਸ਼ਾਮ ਦਾ ਕੀਰਤਨ ਰਿਲੇਅ ਰੋਕਿਆ ਗਿਆ। ਕਾਰਨ? ਕਿਉਂਕਿ ਪ੍ਰਧਾਨ ਮੰਤਰੀ ਸ੍ਰੀ ਮੋਦੀ ਨਰੇਂਦਰ ਮੋਦੀ ਦਾ ਭਾਸ਼ਨ ਚੱਲ ਰਿਹਾ ਸੀ, ਇਸ ਲਈ ਇਲਾਹੀ ਬਾਣੀ ਦਾ ਕੀਰਤਨ ਰਿਲੇਅ ਰੋਕ ਲਿਆ ਗਿਆ।

ਲੋਕ ਸਭਾ ਚੋਣਾਂ ਵੇਲੇ ਪ੍ਰਚਾਰ ਦੌਰਾਨ ਪੰਜਾਬ ਵਾਸੀਆਂ ਨੂੰ 'ਮੋਦੀ ਦਾ ਰਾਜ ਲਿਆਉ, ਪੰਜਾਬ ਵਿਚ ਲਹਿਰਾਂ-ਬਹਿਰਾਂ ਹੋ ਜਾਣਗੀਆਂ' ਦੀਆਂ ਟਾਹਰਾਂ ਦੇਣ ਵਾਲੇ, ਉਕਤ ਅਵੱਗਿਆ ਵਿਰੁਧ ਕੁਸਕੇ ਤੱਕ ਨਹੀਂ! ਰਾਜ ਭਵਨ ਦੇ ਸੀਲ ਕਬੂਤਰਾਂ ਨੇ ਤਾਂ ਬੋਲਣਾ ਹੀ ਕੀ ਸੀ, ਨਿੱਕੀ-ਨਿੱਕੀ ਗੱਲ ਉਤੇ 'ਧਾਰਮਿਕ ਜਜ਼ਬਾਤ ਨੂੰ ਠੇਸ' ਲੱਗਣ ਦਾ ਤੂਫਾਨ ਖੜ੍ਹਾ ਕਰਨ ਵਾਲਾ ਕੋਈ 'ਜਥਾ' ਵੀ ਨਹੀਂ ਕੂਇਆ!

# ਇਸਰਾਈਲ ਤੇ ਫਲਸਤੀਨ ਦੇ ਟਕਰਾਓ ਬਾਰੇ ਚਰਚਾ

ਸੈਮੀਨਾਰ ਰਿਪੋਰਟ

**ਪਟਿਆਲਾ:** ਪੰਜਾਬੀ ਯੂਨੀਵਰਸਿਟੀ ਪਟਿਆਲਾ ਨਾਲ ਸਬੰਧਤ ਯੂਨੀਵਰਸਿਟੀ ਕਾਲਜ, ਘਨੌਰ ਵਿਖੇ ਪੁਲੀਟੀਕਲ ਸਾਇੰਸ ਸੁਸਾਇਟੀ ਵੱਲੋਂ ਡਾ. ਤੇਗਿੰਦਰ ਦੀ ਪਹਿਲ-ਕਦਮੀ ਨਾਲ 'ਇਸਰਾਈਲ ਅਤੇ ਫਲਸਤੀਨ ਟਕਰਾਓ' ਵਿਸ਼ੇ ਉਤੇ ਸੈਮੀਨਾਰ ਕਰਵਾਇਆ ਗਿਆ। ਇਸ ਸੈਮੀਨਾਰ ਦੌਰਾਨ ਇਹ ਗੱਲ ਉਭਰ ਕੇ ਸਾਹਮਣੇ ਆਈ ਕਿ ਧਰਮ, ਜਾਤ, ਇਲਾਕੇ ਦੇ ਨਾਂ 'ਤੇ ਦੇਸ਼ ਬਣਾਉਣ ਜਾਂ ਕੌਮੀ ਘਰ ਬਣਾਉਣ ਦੇ ਸੁਪਨੇ ਵੱਡੀਆਂ ਤ੍ਰਾਸਦੀਆਂ ਨੂੰ ਜਨਮ ਦਿੰਦੇ ਹਨ। ਜੇ ਅਸੀਂ ਇਤਿਹਾਸ ਉਤੇ ਨਜ਼ਰ ਮਾਰੀਏ ਤਾਂ ਇਸ ਸੰਕਲਪ 'ਤੇ ਬਣੀਆਂ ਨੇਸ਼ਨ ਸਟੇਟਸ ਜਾਂ ਦੇਸ਼ਾਂ ਦਾ ਇਤਿਹਾਸ ਮਾਣ ਕਰਨ ਵਾਲਾ ਨਹੀਂ ਹੈ। ਸੋ, ਸਾਨੂੰ 21ਵੀਂ ਸਦੀ ਵਿਚ ਕੌਮੀ ਘਰਾਂ ਦੇ ਸੰਕਲਪ ਨੂੰ ਮੁੜ ਵਿਚਾਰਨ ਦੀ ਲੋੜ ਹੈ।

ਇਸ ਸੈਮੀਨਾਰ ਦੌਰਾਨ ਅੱਠ ਵਿਦਿਆਰਥੀਆਂ ਨੇ ਪੇਪਰ ਪੜ੍ਹੇ ਜਿਸ ਵਿਚ ਉਨ੍ਹਾਂ ਇਸ ਮਸਲੇ ਨੂੰ ਵੱਖ-ਵੱਖ ਦ੍ਰਿਸ਼ਟੀਕੋਣਾਂ ਤੋਂ ਸਮਝਣ ਦਾ ਯਤਨ ਕੀਤਾ। ਨਿਰਮਲ ਸਿੰਘ ਨੇ ਯਹੂਦੀਆਂ ਦੇ 1000 ਬੀ.ਸੀ. ਤੋਂ 1948 ਤੱਕ ਦੇ ਇਤਿਹਾਸ 'ਤੇ ਚਾਨਣਾ ਪਾਇਆ ਅਤੇ ਦੱਸਿਆ ਕਿ ਕਿਵੇਂ ਸਮੇਂ ਦੀਆਂ ਸਰਕਾਰਾਂ ਨੇ ਉਨ੍ਹਾਂ ਦੇ ਪਵਿੱਤਰ ਮੰਦਰ ਯੋਰੋਸ਼ਲਮ ਨੂੰ ਸਾੜਿਆ, ਉਨ੍ਹਾਂ ਨੂੰ ਆਪਣੀ ਭੂਮੀ ਛੱਡਣ ਲਈ ਮਜਬੂਰ ਕੀਤਾ ਤੇ ਵੱਖ-ਵੱਖ ਜ਼ੁਲਮ ਸਹਿੰਦੇ ਹੋਏ ਅਖੀਰ ਨੂੰ ਉਨ੍ਹਾਂ 1948 ਵਿਚ ਆਪਣਾ ਕੌਮੀ ਘਰ ਬਣਾਇਆ। ਦੂਜਾ ਪੇਪਰ ਸੰਦੀਪ ਕੁਮਾਰ ਨੇ ਪੜ੍ਹਿਆ ਜੋ ਐਲੇਨ ਪੈਪੇ ਦੀ ਕਿਤਾਬ 'ਐਥਨਿਕ ਕਲਿੰਜਿੰਗ ਆਫ ਫਲਸਤੀਨ' ਦੇ ਉਪਰ ਸੀ। ਇਸ ਵਿਚ ਉਸ ਨੇ ਦੱਸਿਆ ਕਿ ਯਹੂਦੀਆਂ ਨੇ ਆਪਣਾ ਕੌਮੀ ਘਰ ਬਣਾਉਣ ਵਾਸਤੇ ਕਿਵੇਂ ਫਲਸਤੀਨੀਆਂ ਨੂੰ ਪਲੈਨ 'ਡੀ' ਤਹਿਤ ਪਿੰਡਾਂ ਵਿਚੋਂ ਉਜਾੜਿਆ ਤੇ ਸ਼ਹਿਰਾਂ ਨੂੰ ਖਾਲੀ ਕਰਵਾਇਆ। ਇਸ ਕਿਤਾਬ ਦਾ ਲੇਖਕ ਐਲੇਨ ਪੈਪੇ ਖੁਦ ਯਹੂਦੀ ਹੈ ਤੇ ਇਸਰਾਈਲ ਦਾ ਬਾਸ਼ਿੰਦਾ ਹੈ। ਅੱਜ ਕੱਲ੍ਹ ਉਹ ਇਸਰਾਈਲ ਛੱਡ ਕੇ ਇੰਗਲੈਂਡ ਵਿਚ ਰਹਿ ਰਿਹਾ ਹੈ। ਤੀਜਾ ਪੇਪਰ ਹਰਜੀਤ ਸਿੰਘ ਦਾ ਸੀ। ਇਸ ਵਿਚ ਦੱਸਿਆ ਗਿਆ ਕਿ 1948 ਵਿਚ ਜਦੋਂ ਇਸਰਾਈਲ ਬਣਿਆ ਤਾਂ ਅਰਬ ਦੇਸ਼ਾਂ ਵਿਚ ਰਹਿੰਦੇ ਲੱਖਾਂ ਯਹੂਦੀਆਂ ਦੀ ਕਿਵੇਂ ਨਸਲਕੁਸ਼ੀ ਕੀਤੀ ਗਈ ਤੇ ਉਨ੍ਹਾਂ ਨੂੰ ਆਪਣਾ ਘਰ-ਬਾਰ ਛੱਡ ਕੇ ਰਿਫਿਊਜੀ ਬਣਨਾ ਪਿਆ। ਕੌਮਾਂਤਰੀ ਕੋਰਟ ਇਸ ਗੱਲ ਦੀ ਸਹਿਮਤੀ ਭਰਦੀ ਹੈ ਕਿ ਜਾਨੀ ਤੇ ਮਾਲੀ ਤੌਰ 'ਤੇ ਫਲਸਤੀਨੀਆਂ ਨਾਲੋਂ ਜ਼ਿਆਦਾ ਨੁਕਸਾਨ ਯਹੂਦੀ ਰਿਫਿਊਜੀਆਂ ਦਾ ਹੋਇਆ।

ਅਗਲਾ ਪੇਪਰ ਮਨਪ੍ਰੀਤ ਨੇ 'ਅਰਾਫਾਤ ਐਂਡ ਦਿ ਡਰੀਮ ਆਫ ਫਲਸਤੀਨ: ਐਨ ਇਨਸਾਈਡਰਜ਼ ਅਕਾਊਂਟ' (ਬਾਸਮ ਅਬੂ ਸ਼ਰੀਫ) ਉਪਰ ਪੜ੍ਹਿਆ। ਇਸਰਾਈਲ ਲਈ ਜਿਹੜਾ ਆਜ਼ਾਦੀ ਦਾ ਦਿਨ ਸੀ, ਉਹ ਫਲਸਤੀਨੀਆਂ ਲਈ 'ਅਲ-ਨਕਬਾ' (ਤਬਾਹੀ) ਵਾਲਾ ਸੀ। ਇਸ ਘਟਨਾ ਨੇ ਪੂਰੇ ਫਲਸਤੀਨੀਆਂ ਨੂੰ ਝੰਜੋੜ ਦੇ ਰੱਖ ਦਿੱਤਾ; ਖਾਸ ਕਰ ਕੇ ਵਿਦਿਆਰਥੀਆਂ ਨੂੰ ਜਿਨ੍ਹਾਂ ਵਿਚੋਂ ਡਾ. ਹਾਬਾਸ਼ ਅਤੇ ਯਾਸਿਰ ਅਰਾਫਾਤ ਵੀ ਸਨ। ਇਹ ਬਾਅਦ ਵਿਚ ਪੀ.ਐਲ.ਓ. ਦੇ ਵੱਡੇ ਲੀਡਰ ਬਣੇ। ਪੀ.ਐਲ.ਓ. ਸ਼ੁਰੂ ਵਿਚ ਆਜ਼ਾਦ ਸੰਸਥਾ ਨਹੀਂ ਸੀ, ਸਗੋਂ ਇਸ ਉਪਰ ਜ਼ਿਆਦਾਤਰ ਕੰਟਰੋਲ ਜੌਰਡਨ, ਸੀਰੀਆ, ਲੈਬਨਾਨ ਤੇ ਹੋਰ ਗੁਆਂਢੀ ਮੁਲਕਾਂ ਦਾ ਸੀ ਅਤੇ ਇਨ੍ਹਾਂ ਨੇ ਸਭ ਤੋਂ ਪਹਿਲਾਂ ਆਪਣੀਆਂ ਕਾਰਵਾਈਆਂ ਸੀਰੀਆ ਤੋਂ ਸ਼ੁਰੂ ਕੀਤੀਆਂ। ਬਾਅਦ ਵਿਚ ਸੀਰੀਆ ਨੇ ਕੌਮਾਂਤਰੀ ਦਬਾਅ ਕਾਰਨ ਫਲਸਤੀਨੀ ਗੁਰੀਲਿਆਂ ਨੂੰ ਆਪਣੀ ਭੂਮੀ ਤੋਂ ਰੁਖਸਤ ਕਰ ਦਿੱਤਾ ਤੇ ਜੌਰਡਨ ਭੇਜ ਦਿੱਤਾ। ਮਗਰੋਂ ਇਸਰਾਈਲ ਨੇ 1967 ਦੀ ਲੜਾਈ ਵਿਚ ਸਾਰੇ ਅਰਬ ਮੁਲਕਾਂ ਨੂੰ ਹਰਾ ਦਿੱਤਾ। ਉਦੋਂ ਪੂਰਾ ਅਰਬ ਖਿੱਤਾ ਨਿਰਾਸ਼ਾ ਵਿਚ ਡੁਬਿਆ ਹੋਇਆ ਸੀ। ਇਸ ਦੇ ਨਾਲ ਹੀ ਇਸਰਾਈਲ, ਫਲਸਤੀਨੀ ਗਤੀਵਿਧੀਆਂ ਕਰ ਕੇ ਜੌਰਡਨ ਉਤੇ ਹਮਲੇ ਦੀ ਤਿਆਰੀ ਕਰ ਰਿਹਾ ਸੀ। ਯਾਸਿਰ ਅਰਾਫਾਤ ਸਾਹਮਣੇ ਇਹ ਫੈਸਲਾਕੁਨ ਘੜੀ ਸੀ ਕਿ ਉਹ ਲੜਨ ਜਾਂ ਪਿੱਛੇ ਹਟ ਜਾਣ। ਉਨ੍ਹਾਂ ਲੜਨਾ ਤੈਅ ਕੀਤਾ ਤੇ ਇਸਰਾਈਲ ਦਾ ਬਹੁਤ ਨੁਕਸਾਨ ਕੀਤਾ। ਅਖੀਰ ਵਿਚ ਇਸਰਾਈਲ ਅਤੇ ਅਮਰੀਕਾ ਦੇ ਦਬਾਅ ਹੇਠ ਫਲਸਤੀਨੀ ਗੁਰੀਲਿਆਂ ਨੂੰ ਜੌਰਡਨ ਛੱਡਣ ਲਈ ਕਹਿ ਦਿੱਤਾ ਗਿਆ, ਪਰ ਜਦੋਂ ਇਹ ਨਾ ਮੰਨੇ ਤਾਂ ਗੁਰੀਲਿਆਂ ਉਪਰ ਜਾਰਡਨ ਦੀ ਫੌਜ ਨੇ ਹਮਲੇ ਸ਼ੁਰੂ ਕਰ ਦਿੱਤੇ। ਇਸ ਤੋਂ ਬਾਅਦ ਗੁਰੀਲੇ ਪਨਾਹ ਲੈਣ ਲਈ ਲੈਬਨਾਨ ਵਿਚ ਆ ਗਏ। ਉਥੇ ਵੀ ਇਨ੍ਹਾਂ ਦਾ ਇਹੀ ਹਸ਼ਰ ਹੋਇਆ। ਉਸ ਵਕਤ ਸੋਵੀਅਤ ਯੂਨੀਅਨ ਨੇ ਵੀ ਇਸ ਔਖੀ ਘੜੀ ਵਿਚ ਕੋਈ ਮਦਦ ਨਾ ਕੀਤੀ।

ਅਗਲਾ ਪੇਪਰ ਯੂ.ਐਨ.ਓ. ਦੇ ਰੋਲ ਬਾਰੇ ਸੀ। ਇਸ ਪੇਪਰ ਵਿਚ ਕਈ ਆਮ ਪ੍ਰਚਲਿਤ ਧਾਰਨਾਵਾਂ ਤੋੜੀਆਂ ਗਈਆਂ ਸਨ; ਜਿਵੇਂ ਇਸਰਾਈਲ ਨੂੰ ਯੂ.ਐਨ.ਓ. ਨੇ ਬਣਾਇਆ, ਪਰ ਅਸਲੀਅਤ ਇਹ ਹੈ ਕਿ ਯੂ.ਐਨ.ਓ. ਨੇ ਸਿਰਫ ਮਤਾ ਪਾਸ ਕੀਤਾ ਸੀ। ਇਸਰਾਈਲ ਨੇ ਆਜ਼ਾਦੀ ਦਾ ਇਕ ਤਰਫਾ ਐਲਾਨ ਕਰ ਦਿੱਤਾ ਅਤੇ ਫਲਸਤੀਨੀ ਲੋਕ ਬੇਘਰ ਹੋ ਗਏ। ਇਨ੍ਹਾਂ ਦੀ ਘਰ ਵਾਪਸੀ ਦਾ ਮਤਾ ਯੂ.ਐਨ.ਓ. ਵਿਚ ਸੈਂਕੜੇ ਵਾਰ ਪੈ ਚੁੱਕਿਆ ਹੈ ਪਰ ਉਹ ਲਾਗੂ ਨਹੀਂ ਹੋਇਆ। ਇਸ ਤੋਂ ਅਗਲਾ ਪੇਪਰ ਅਮਰੀਕਾ ਦੇ ਰੋਲ ਬਾਰੇ ਸੀ। ਇਸ ਵਿਚ ਦੱਸਿਆ ਗਿਆ ਕਿ ਕਿਵੇਂ ਅਮਰੀਕਾ ਇਕ ਪਾਸੇ ਸ਼ਾਂਤੀ ਸਮਝੌਤਾ ਕਰਵਾਉਣ ਦਾ ਦਾਅਵਾ ਕਰਦਾ ਹੈ, ਦੂਜੇ ਪਾਸੇ ਇਸਰਾਈਲ ਨੂੰ ਹਥਿਆਰ ਦਿੰਦਾ ਹੈ ਜਿਨ੍ਹਾਂ ਨਾਲ ਫਲਸਤੀਨੀਆਂ ਦੇ ਬੱਚੇ ਮਾਰੇ ਜਾਂਦੇ ਹਨ ਅਤੇ ਘਰ-ਬਾਰ ਤਬਾਹ ਹੁੰਦੇ ਹਨ। ਇਥੇ ਹੀ ਬੱਸ ਨਹੀਂ, ਅਮਰੀਕਾ ਯੂ.ਐਨ.ਓ. ਵਿਚ ਇਸਰਾਈਲ ਵਿਰੋਧੀ ਹਰ ਮਤਾ ਵੀਟੋ ਕਰਦਾ ਹੈ। ਹੁਣ ਤਾਜ਼ੀਆਂ ਹੋਈਆਂ ਘਟਨਾਵਾਂ ਜਿਸ ਵਿਚ ਹਜ਼ਾਰਾਂ ਬੰਦੇ ਮਾਰੇ ਗਏ ਪਰ ਅਮਰੀਕੀ ਰਾਸ਼ਟਰਪਤੀ ਨੂੰ ਇਹ ਕਤਲੇਆਮ ਹੀ ਨਹੀਂ ਲਗਦਾ ਸਗੋਂ ਉਹ ਇਸਰਾਈਲ ਨੂੰ 3.1 ਮਿਲੀਅਨ ਡਾਲਰ ਦੀ ਮਦਦ ਦਿੰਦਾ ਹੈ। ਇਸ ਤੋਂ ਬਾਅਦ ਅਗਲਾ ਪੇਪਰ ਯੂਸਫ ਦੀ ਕਿਤਾਬ 'ਸਨ ਆਫ ਹਮਾਸ' ਉਤੇ ਆਧਾਰਤ ਸੀ। ਆਪਣੇ ਇਸ ਪਰਚੇ ਵਿਚ ਭੁਪਿੰਦਰ ਸਿੰਘ ਨੇ ਦੱਸਿਆ ਕਿ ਇਸ ਕਿਤਾਬ ਦਾ ਲੇਖਕ ਹਮਾਸ ਦੇ ਸੰਸਥਾਪਕ ਦਾ ਬੇਟਾ ਹੈ ਜਿਹੜਾ ਲਗਭਗ ਦਸ ਸਾਲ 'ਹਮਾਸ' ਦੀਆਂ ਗੁਪਤ ਮੀਟਿੰਗਾਂ ਵਿਚ ਜਾਂਦਾ ਰਿਹਾ ਹੈ। ਜਸ਼ਨਪ੍ਰੀਤ ਨੇ ਆਪਣਾ ਪਰਚਾ ਇਸਰਾਈਲ ਦੇ ਹੱਕ ਵਿਚ ਐਲਨ ਡੈਰਸ਼ੋਵਿਚ ਦੀ ਕਿਤਾਬ 'ਦਿ ਕੇਸ ਫਾਰ ਇਸਰਾਈਲ' ਦੇ ਆਧਾਰ 'ਤੇ ਪੜ੍ਹਿਆ। ਆਖਰੀ ਪੇਪਰ ਇਸਰਾਇਲੀ ਤੇ ਫਲਸਤੀਨੀ ਟਕਰਾਅ ਦੌਰਾਨ ਬੱਚਿਆਂ ਦੇ ਹੋ ਰਹੇ ਘਾਣ ਬਾਰੇ ਸੀ। ਇਸ ਵਿਚ ਦੱਸਿਆ ਗਿਆ ਕਿ ਇੱਕ ਪਾਸੇ ਪੀ.ਐਲ.ਓ. ਤੇ ਹਮਾਸ ਬੱਚਿਆਂ ਨੂੰ 'ਆਤਮਘਾਤੀ ਬੰਬ' ਬਣਾ ਰਹੀ ਹੈ, ਦੂਜੇ ਪਾਸੇ ਇਸਰਾਈਲ ਇਨ੍ਹਾਂ ਹੀ ਬੱਚਿਆਂ ਨੂੰ ਆਪਣੀਆਂ ਗੋਲੀਆਂ ਦਾ ਨਿਸ਼ਾਨਾ ਬਣਾ ਰਿਹਾ ਹੈ।

ਅੰਤ ਵਿਚ ਮੁੱਖ ਵਕਤਾ ਮਿਹਰ ਸਿੰਘ ਗਿੱਲ ਨੇ ਕਿਹਾ ਕਿ ਸਾਰੀ ਲੜਾਈ ਤਾਕਤ ਦੇ ਸੰਘਰਸ਼ ਦੀ ਹੈ। ਸਾਨੂੰ ਇੱਕ-ਦੂਜੇ ਦੀ ਗੱਲ ਧਿਆਨ ਨਾਲ ਸੁਣਨੀ ਚਾਹੀਦੀ ਹੈ। ਉਨ੍ਹਾਂ ਵਿਦਿਆਰਥੀਆਂ ਵਲੋਂ ਕੀਤੀ ਮਿਹਨਤ 'ਤੇ ਉਨ੍ਹਾਂ ਦੀ ਹੌਸਲਾ-ਅਫਜ਼ਾਈ ਕੀਤੀ।

ਕਾਲਜ ਦੇ ਪ੍ਰਿੰਸੀਪਲ ਡਾ. ਸੁਰਜੀਤ ਸਿੰਘ ਭੱਟੀ ਨੇ ਬਾਹਰੋਂ ਆਏ ਮਹਿਮਾਨਾਂ ਦਾ ਸੁਆਗਤ ਕੀਤਾ। ਡਾ. ਗਿੱਲ ਅਤੇ ਪ੍ਰਿੰਸੀਪਲ ਭੱਟੀ ਨੇ ਅਜਿਹੇ ਸ਼ੁਭ ਕਾਰਜ ਦੀ ਸ਼ੁਰੂਆਤ ਲਈ ਡਾ. ਤੇਗਿੰਦਰ ਨੂੰ ਵਧਾਈ ਦਿਤੀ ਅਤੇ ਨਾਲ ਹੀ ਆਖਿਆ ਕਿ ਉਹ ਆਉਣ ਵਾਲੇ ਦਿਨਾਂ ਵਿਚ ਕਸ਼ਮੀਰ, ਪੰਜਾਬ ਅਤੇ ਸ੍ਰੀ ਲੰਕਾ ਦੇ ਮੁੱਦਿਆਂ 'ਤੇ ਵੀ ਅਜਿਹੇ ਸੈਮੀਨਾਰ ਕਰਵਾਉਣ।

# ਕੌਣ ਤੇ ਕਿਉਂ ਪਾਉਂਦੈ ਸਰਹੱਦ ਉਤੇ ਜੰਗ ਦਾ ਖੌਰੂ?

ਸਿਆਸਤ ਦਾ ਪਿੜ



ਜਤਿੰਦਰ ਪਨੂੰ
ਫੋਨ: 91-98140-68455

***ਭਾਰਤ ਨੇ ਵੀ ਮਿਜ਼ਾਈਲਾਂ ਬਣਾਈਆਂ ਹਨ ਤੇ ਪਾਕਿਸਤਾਨ ਨੇ ਵੀ, ਪਰ ਦੋਵਾਂ ਦੀਆਂ ਇਨ੍ਹਾਂ ਮਿਜ਼ਾਈਲਾਂ ਲਈ ਚੁਣੇ ਗਏ ਨਾਂਵਾਂ ਤੋਂ ਵੀ ਫਰਕ ਜ਼ਾਹਰ ਹੋ ਜਾਂਦਾ ਹੈ। ਜਿਹੜੀਆਂ ਮਿਜ਼ਾਈਲਾਂ ਭਾਰਤ ਨੇ ਬਣਾਈਆਂ, ਉਨ੍ਹਾਂ ਲਈ ਨਾਂ ਤੀਰ, ਨਾਗ, ਅਗਨੀ, ਪ੍ਰਿਥਵੀ ਅਤੇ ਆਕਾਸ਼ ਚੁਣੇ ਗਏ ਹਨ। ਜਦੋਂ ਪਾਕਿਸਤਾਨ ਨੇ ਮਿਜ਼ਾਈਲਾਂ ਬਣਾਈਆਂ ਤਾਂ ਉਨ੍ਹਾਂ ਦੇ ਨਾਂ ਗਜ਼ਨੀ, ਗੌਰੀ ਤੇ ਅਬਦਾਲੀ ਰੱਖੇ ਗਏ। ਇਹ ਲੋਕ ਪਾਕਿਸਤਾਨ ਵਿਚ ਨਹੀਂ ਸਨ ਜੰਮੇ। ਮਿਜ਼ਾਈਲਾਂ ਦੇ ਇਹ ਨਾਂ ਇਸ ਲਈ ਚੁਣੇ ਗਏ ਕਿ ਇਹ ਲੋਕ ਇਤਿਹਾਸ ਵਿਚ ਭਾਰਤ ਉਤੇ ਹਮਲਾਵਰੀ ਦੇ ਪ੍ਰਤੀਕ ਵਜੋਂ ਦਰਜ ਹੋ ਚੁੱਕੇ ਸਨ।***

ਭਾਰਤ ਅਤੇ ਪਾਕਿਸਤਾਨ ਦੇ ਵਿਚਾਲੇ ਦਾ ਬਾਰਡਰ ਇਹ ਲਿਖਤ ਲਿਖੇ ਜਾਣ ਵੇਲੇ ਸ਼ਾਂਤ ਹੈ। ਇਹ ਕਦੋਂ ਕੁ ਤੱਕ ਸ਼ਾਂਤ ਰਹੇਗਾ, ਕਿਹਾ ਨਹੀਂ ਜਾ ਸਕਦਾ, ਪਰ ਇਸ ਵਕਤ ਸ਼ਾਂਤ ਹੈ। ਕਈ ਦਿਨ ਇਸ ਉਤੇ ਗੋਲੀਆਂ ਹੀ ਨਹੀਂ, ਗੋਲੇ ਵੀ ਵਰ੍ਹਦੇ ਰਹੇ ਹਨ। ਸਰਹੱਦ ਦੇ ਵਸਨੀਕਾਂ ਨੂੰ ਘਰਾਂ ਵਿਚ ਰਹਿਣਾ ਔਖਾ ਹੋ ਗਿਆ ਸੀ। ਸਥਾਨਕ ਲੋਕ ਵਲਾਵੇਂਦਾਰ ਗੱਲਾਂ ਕਰਨ ਦੇ ਆਦੀ ਨਹੀਂ ਹੁੰਦੇ। ਉਹ ਸਿੱਧੀ ਬੋਲੀ ਵਿਚ ਗੱਲ ਕਰਦੇ ਹਨ ਤੇ ਹਾਲਾਤ ਦਾ ਰੁਖ ਸਮਝਣ ਦਾ ਪੈਮਾਨਾ ਵੀ ਉਨ੍ਹਾਂ ਦਾ ਆਪਣਾ ਹੁੰਦਾ ਹੈ। ਇੱਕ ਸਾਧਾਰਨ ਕਿਸਾਨ ਇੱਕ ਮੀਡੀਆ ਟੀਮ ਨੂੰ ਇਹ ਕਹਿੰਦਾ ਸੁਣਿਆ ਗਿਆ ਕਿ ਪਾਕਿਸਤਾਨ ਦੇ ਸਰਹੱਦੀ ਪਿੰਡ ਖਾਲੀ ਹੋਏ ਪਏ ਨੇ। ਮੀਡੀਏ ਵਾਲਿਆਂ ਨੇ ਇਹ ਪੁੱਛਿਆ ਕਿ ਵਿਚਾਲੇ ਕੰਡੇਦਾਰ ਤਾਰ ਤੇ ਅੱਗੇ ਸਰਹੱਦ ਉਤੇ ਬੀ ਐਸ ਐਫ ਦਾ ਪਹਿਰਾ ਹੋਣ ਦੇ ਬਾਵਜੂਦ ਉਨ੍ਹਾਂ ਪਿੰਡਾਂ ਦੇ ਖਾਲੀ ਹੋਣ ਦਾ ਉਸ ਨੂੰ ਕਿੱਥੋਂ ਪਤਾ ਲੱਗਾ? ਉਸ ਦਾ ਸਿੱਧਾ ਜਵਾਬ ਸੀ ਕਿ ਹੁਣ ਉਧਰੋਂ ਨਮਾਜ਼ ਦੀ ਆਵਾਜ਼ ਨਹੀਂ ਆ ਰਹੀ। ਫਿਰ ਉਸ ਨੇ ਖੋਲ੍ਹ ਕੇ ਸਮਝਾਇਆ ਕਿ ਉਧਰ ਦੇ ਪਿੰਡਾਂ ਦੀਆਂ ਮਸਜਿਦਾਂ ਦੇ ਸਪੀਕਰਾਂ ਦਾ ਮੂੰਹ ਸਾਡੇ ਵੱਲ ਹੁੰਦਾ ਹੈ। ਦਿਨ ਵਿਚ ਜਿੰਨੀ ਵਾਰ ਨਮਾਜ਼ ਪੜ੍ਹਦੇ ਹਨ, ਸਾਨੂੰ ਆਵਾਜ਼ ਸੁਣ ਜਾਂਦੀ ਹੈ। ਜਦੋਂ ਉਹ ਗੋਲੀਆਂ ਚਲਾਉਂਦੇ ਸਨ, ਉਦੋਂ ਵੀ ਸੁਣਦੀ ਰਹੀ, ਪਰ ਕੱਲ੍ਹ ਜਦੋਂ ਸਾਡੇ ਵੱਲੋਂ ਹਮਲਾ ਤੇਜ਼ ਹੋ ਗਿਆ, ਫਿਰ ਆਵਾਜ਼ ਨਹੀਂ ਆਈ। ਇਸ ਦਾ ਸਿੱਧਾ ਅਰਥ ਹੈ ਕਿ ਉਨ੍ਹਾਂ ਪਿੰਡਾਂ ਵਿਚੋਂ ਸਾਰੇ ਲੋਕ ਪਿੱਛੇ ਚਲੇ ਗਏ ਹਨ ਤੇ ਹੁਣ ਇਹ ਸਪੀਕਰ ਸ਼ਾਂਤ ਹਨ।

ਜਿਹੜੇ ਪੇਂਡੂ ਲੋਕ ਏਨੇ ਸਿੱਧੇ, ਪਰ ਸੱਚੇ ਅੰਦਾਜ਼ੇ ਲਾ ਸਕਦੇ ਹਨ, ਉਨ੍ਹਾਂ ਨੂੰ ਜਦੋਂ ਵਿਦੇਸ਼ੀ ਮੀਡੀਏ ਵਾਲੇ ਵੀ ਮਿਲੇ ਤਾਂ ਉਨ੍ਹਾਂ ਨੇ ਪਾਕਿਸਤਾਨ ਵਾਲੇ ਪਾਸੇ ਤੋਂ ਹੁੰਦੀ ਹਮਲਾਵਰੀ ਦੇ ਕਈ ਕਾਰਨ ਦੱਸ ਦਿੱਤੇ। ਇੱਕ ਸਿੱਧੇ ਜਿਹੇ ਬੰਦੇ ਨੇ ਕਿਹਾ ਕਿ ਉਧਰ ਵਾਲਿਆਂ ਨੇ ਤਾਂ ਇਧਰ ਘੁਸਪੈਠੀਏ ਲੰਘਾਉਣੇ ਹੁੰਦੇ ਨੇ, ਹੈਰੋਇਨ ਵੀ ਲੰਘਾਉਣੀ ਹੁੰਦੀ ਹੈ, ਸਾਡੇ ਵੱਲੋਂ ਉਧਰ ਜਾਣ ਵਾਲੀ ਕੋਈ ਇਹੋ ਜਿਹੀ ਚੀਜ਼ ਹੀ ਨਹੀਂ, ਇਸ ਕਰ ਕੇ ਸਾਡੀ ਫੌਜ ਨੂੰ ਹੱਦਾਂ ਉਤੇ ਗੋਲੀ ਚਲਾਉਣ ਦੀ ਲੋੜ ਨਹੀਂ ਪੈਂਦੀ। ਉਸ ਦੀ ਦਲੀਲ ਵਿਚ ਵਜ਼ਨ ਸੀ। ਭਾਰਤ ਵੱਲੋਂ ਵੱਡੇ ਤੋਂ ਵੱਡੇ ਮੀਡੀਆ ਬਹਿਸਾਂ ਦੇ ਮਾਹਰ ਵੀ ਕਦੇ ਏਡੀ ਸਿੱਧੀ ਅਤੇ ਸਾਫ ਦਲੀਲ ਨਾਲ ਜਵਾਬ ਨਹੀਂ ਦੇ ਸਕਦੇ, ਜਿੰਨੀ ਨਾਲ ਉਸ ਬੰਦੇ ਨੇ ਦੇ ਦਿੱਤਾ।

ਸਰਹੱਦ ਤੋਂ ਹਟ ਕੇ ਜ਼ਰਾ ਪਿਛੋਕੜ ਦੇ ਉਨ੍ਹਾਂ ਕਾਰਨਾਂ ਵੱਲ ਝਾਕੀਏ, ਜਿਹੜੇ ਪਾਕਿਸਤਾਨ ਦੀ ਫੌਜ ਤੇ ਰਾਜਸੀ ਲੀਡਰਸ਼ਿਪ ਨੂੰ ਭਾਰਤ ਨਾਲ ਆਢਾ ਲਾਉਣ ਨੂੰ ਮਜਬੂਰ ਕਰਦੇ ਹਨ। ਉਹ ਕਹਿੰਦੇ ਹਨ ਕਿ ਝਗੜੇ ਦੀ ਜੜ੍ਹ ਕਸ਼ਮੀਰ ਦਾ ਮੁੱਦਾ ਹੈ, ਇਹ ਪਾਕਿਸਤਾਨ ਦੀ ਇੱਛਾ ਮੁਤਾਬਕ ਨਿਪਟਾ ਲਿਆ ਜਾਵੇ ਤਾਂ ਕੋਈ ਲੜਾਈ ਨਹੀਂ ਹੈ। ਕਸ਼ਮੀਰ ਦਾ ਮੁੱਦਾ ਇੱਕ ਤਰ੍ਹਾਂ ਉਦੋਂ ਨਿਪਟ ਗਿਆ ਸੀ, ਜਦੋਂ ਸ਼ਿਮਲੇ ਵਿਚ ਬੈਠੇ ਦੋ ਦੇਸ਼ਾਂ ਦੇ ਪ੍ਰਧਾਨ ਮੰਤਰੀਆਂ- ਇੰਦਰਾ ਗਾਂਧੀ ਅਤੇ ਜ਼ੁਲਫਕਾਰ ਅਲੀ ਭੁੱਟੋ ਨੇ ਸਮਝੌਤਾ ਕੀਤਾ ਸੀ। ਉਸ ਸਮਝੌਤੇ ਦੀ ਧਾਰਾ 4-ਬੀ ਆਖਦੀ ਹੈ ਕਿ 'ਦੋਵੇਂ ਧਿਰਾਂ ਬਿਨਾਂ ਕਿਸੇ ਪੁਰਾਣੀ ਧਾਰਨਾ ਦੇ ਜੰਮੂ-ਕਸ਼ਮੀਰ ਵਿਚ 17 ਦਸੰਬਰ 1971 ਵਾਲੀ ਗੋਲੀਬੰਦੀ ਦੇ ਨਤੀਜੇ ਵਜੋਂ ਹੋਂਦ ਵਿਚ ਆਈ ਅਸਲ ਕੰਟਰੋਲ ਰੇਖਾ ਦਾ ਸਤਿਕਾਰ ਕਰਨਗੀਆਂ। ਆਪਸੀ ਮੱਤਭੇਦਾਂ ਤੇ ਕਾਨੂੰਨੀ ਵਿਆਖਿਆਵਾਂ ਦੇ ਬਾਵਜੂਦ ਕੋਈ ਧਿਰ ਵੀ ਇਸ ਨੂੰ ਇੱਕ-ਤਰਫਾ ਤੌਰ ਉਤੇ ਬਦਲਣ ਦਾ ਯਤਨ ਨਹੀਂ ਕਰੇਗੀ। ਇਸ ਤੋਂ ਅੱਗੇ ਦੋਵੇਂ ਧਿਰਾਂ ਇਸ ਲਾਈਨ ਨੂੰ ਕੋਈ ਖਤਰਾ ਜਾਂ ਤਾਕਤ ਦੀ ਵਰਤੋਂ ਕਰਨ ਤੋਂ ਗੁਰੇਜ਼ ਕਰਨ ਦਾ ਵਾਅਦਾ ਕਰਦੀਆਂ ਹਨ।' ਉਸ ਸਮਝੌਤੇ ਨੂੰ ਜਦੋਂ ਵੀ ਤੋੜਿਆ, ਪਾਕਿਸਤਾਨ ਵਾਲੀ ਧਿਰ ਨੇ ਹੀ ਤੋੜਿਆ ਹੈ। ਕਾਰਗਿਲ ਦੇ ਪਹਾੜਾਂ ਉਤੇ ਜਦੋਂ ਜਹਾਦੀਆਂ ਦੇ ਭੇਸ ਵਿਚ ਫੌਜ ਚਾੜ੍ਹੀ ਤੇ ਭਾਰਤ ਦੇ ਸਿਰ ਜੰਗ ਮੜ੍ਹ ਦਿੱਤੀ ਗਈ, ਉਦੋਂ ਵੀ ਪਾਕਿਸਤਾਨ ਨੇ ਵਧੀਕੀ ਕੀਤੀ ਸੀ, ਪਰ ਅੱਗੋਂ ਗੋਲੀਆਂ ਵਰ੍ਹਨ ਲੱਗੀਆਂ ਤਾਂ ਉਨ੍ਹਾਂ ਦਾ ਪ੍ਰਧਾਨ ਮੰਤਰੀ ਅਤੇ ਫੌਜੀ ਕਮਾਂਡਰ ਅਮਰੀਕਾ ਦੇ ਰਾਸ਼ਟਰਪਤੀ ਕੋਲ ਜੰਗਬੰਦੀ ਦਾ ਤਰਲਾ ਮਾਰਨ ਦੌੜੇ ਗਏ ਸਨ। ਹੁਣ ਵੀ ਮੁੱਢ ਉਨ੍ਹਾਂ ਬੰਨ੍ਹਿਆ, ਪਰ ਜਦੋਂ ਅੱਗੋਂ ਮਾਰ ਪੈਣ ਲੱਗੀ ਤਾਂ ਯੂ ਐਨ ਸੈਕਟਰੀ ਜਨਰਲ ਨੂੰ ਦਖਲ ਦੇਣ ਦਾ ਤਰਲਾ ਮਾਰਨ ਲਈ ਦੌੜ ਪਏ ਸਨ। ਭਾਰਤ ਏਦਾਂ ਨਹੀਂ ਕਰਦਾ।



ਰਾਜਸੀ ਬਿਆਨਬਾਜ਼ੀ ਦੋਵੇਂ ਪਾਸਿਆਂ ਦੇ ਆਗੂ ਕਰ ਸਕਦੇ ਹਨ, ਭਾਰਤ ਦੇ ਵੀ ਤੇ ਪਾਕਿਸਤਾਨ ਦੇ ਵੀ, ਪਰ ਇੱਕ ਫਰਕ ਰਹਿੰਦਾ ਹੈ। ਪਾਕਿਸਤਾਨ ਦਾ ਕੋਈ ਵੀ ਲੀਡਰ, ਆਸਿਫ ਅਲੀ ਜ਼ਰਦਾਰੀ ਦਾ ਸਿਆਸੀ ਸੂਝ ਤੋਂ ਸੱਖਣਾ ਪੁੱਤਰ ਵੀ, ਜਦੋਂ ਬੋਲਣ ਲੱਗਦਾ ਹੈ ਤਾਂ ਇਹ ਕਹਿੰਦਾ ਹੈ ਕਿ ਕਸ਼ਮੀਰ ਨੂੰ ਪਾਕਿਸਤਾਨ ਦਾ ਬਣਾ ਦੇਣਾ ਹੈ। ਭਾਰਤ ਦਾ ਅਧਿਕਾਰਤ ਪੈਂਤੜਾ ਇਹ ਹੈ ਕਿ ਲਾਰਡ ਮਾਊਂਟਬੈਟਨ ਦੇ ਹੁੰਦਿਆਂ ਇਸ ਰਿਆਸਤ ਦੇ ਰਾਜੇ ਨਾਲ ਹੋਏ ਸਮਝੌਤੇ ਦੇ ਕਾਰਨ ਸਮੁੱਚਾ ਜੰਮੂ ਤੇ ਕਸ਼ਮੀਰ ਸਾਡਾ ਹੈ। ਇਸ ਦੇ ਬਾਵਜੂਦ ਜਦੋਂ ਭਾਰਤ ਦਾ ਕੋਈ ਲੀਡਰ ਬੋਲਦਾ ਹੈ ਤਾਂ ਮੌਕੇ ਦੀ ਸਰਕਾਰ ਨੂੰ ਇਹ ਕਹਿੰਦਾ ਹੈ ਕਿ ਉਹ ਪਾਕਿਸਤਾਨ ਵੱਲ ਨਰਮੀ ਛੱਡੇ ਅਤੇ ਸਖਤ ਰੁਖ ਧਾਰਨ ਕਰੇ, ਪਰ ਕਦੀ ਕੋਈ ਇਹ ਨਹੀਂ ਕਹਿੰਦਾ ਕਿ ਅਸੀਂ ਪਾਕਿਸਤਾਨੀ ਕਬਜ਼ੇ ਹੇਠਲਾ ਕਸ਼ਮੀਰ ਖੋਹ ਲੈਣਾ ਹੈ। ਜ਼ਰਦਾਰੀ ਦਾ ਜਵਾਕ ਕਹਿੰਦਾ ਹੈ ਕਿ ਉਸ ਦੇ ਇੱਕ ਬਿਆਨ ਨੇ ਭਾਰਤੀ ਲੋਕਾਂ ਦੀ ਨੀਂਦ ਉਡਾ ਦਿੱਤੀ ਹੈ। ਏਨੇ ਬਚਕਾਨੇ ਬਿਆਨ ਦਾ ਜਵਾਬ ਭਾਰਤ ਦਾ ਕੋਈ ਲੀਡਰ ਜਾਂ ਕਿਸੇ ਲੀਡਰ ਦਾ ਜਵਾਕ ਕਦੇ ਨਹੀਂ ਦਿੰਦਾ। ਇਥੇ ਕਿਸੇ ਵੀ ਪੈਂਤੜੇ ਦਾ ਫੈਸਲਾ ਸਰਕਾਰ ਕਰਦੀ ਹੈ, ਫੌਜ ਨਹੀਂ। ਪਾਕਿਸਤਾਨ ਵਿਚ ਪੈਂਤੜਾ ਫੌਜ ਤੈਅ ਕਰਦੀ ਹੈ ਅਤੇ ਸਰਕਾਰ ਉਸ ਦੀ ਪੈਰਵੀ ਕਰਦੀ ਹੈ।

ਦੋਵਾਂ ਦੇਸ਼ਾਂ ਦੀ ਨੀਤੀ ਦਾ ਹੀ ਨਹੀਂ, ਦੇਸ਼ ਚਲਾਉਣ ਵਾਲਿਆਂ ਅਤੇ ਦੇਸ਼ ਦੇ ਰਾਖਿਆਂ ਦੀ ਨੀਤ ਦਾ ਵੀ ਬਹੁਤ ਵੱਡਾ ਫਰਕ ਹੈ। ਇਹ ਫਰਕ ਕਈ ਗੱਲਾਂ ਵਿਚ ਸਾਫ ਵੇਖਿਆ ਜਾ ਸਕਦਾ ਹੈ।

ਭਾਰਤ ਨੇ ਵੀ ਮਿਜ਼ਾਈਲਾਂ ਬਣਾਈਆਂ ਹਨ ਤੇ ਪਾਕਿਸਤਾਨ ਨੇ ਵੀ, ਪਰ ਦੋਵਾਂ ਦੀਆਂ ਇਨ੍ਹਾਂ ਮਿਜ਼ਾਈਲਾਂ ਲਈ ਚੁਣੇ ਗਏ ਨਾਂਵਾਂ ਤੋਂ ਵੀ ਫਰਕ ਜ਼ਾਹਰ ਹੋ ਜਾਂਦਾ ਹੈ। ਜਿਹੜੀਆਂ ਮਿਜ਼ਾਈਲਾਂ ਭਾਰਤ ਨੇ ਬਣਾਈਆਂ, ਉਨ੍ਹਾਂ ਲਈ ਨਾਂ ਤੀਰ, ਨਾਗ, ਅਗਨੀ, ਪ੍ਰਿਥਵੀ ਅਤੇ ਆਕਾਸ਼ ਚੁਣੇ ਗਏ ਹਨ। ਜਦੋਂ ਪਾਕਿਸਤਾਨ ਨੇ ਮਿਜ਼ਾਈਲਾਂ ਬਣਾਈਆਂ ਤਾਂ ਉਨ੍ਹਾਂ ਦੇ ਨਾਂ ਗਜ਼ਨੀ, ਗੌਰੀ ਤੇ ਅਬਦਾਲੀ ਰੱਖੇ ਗਏ। ਇਹ ਲੋਕ ਪਾਕਿਸਤਾਨ ਵਿਚ ਨਹੀਂ ਸਨ ਜੰਮੇ। ਮਿਜ਼ਾਈਲਾਂ ਦੇ ਇਹ ਨਾਂ ਇਸ ਲਈ ਚੁਣੇ ਗਏ ਕਿ ਇਹ ਲੋਕ ਇਤਿਹਾਸ ਵਿਚ ਭਾਰਤ ਉਤੇ ਹਮਲਾਵਰੀ ਦੇ ਪ੍ਰਤੀਕ ਵਜੋਂ ਦਰਜ ਹੋ ਚੁੱਕੇ ਸਨ। ਪਾਕਿਸਤਾਨ ਦੇ ਨਾਲ ਹੱਦ ਸਿਰਫ ਸਾਡੀ ਨਹੀਂ ਲੱਗਦੀ, ਪੱਛਮ ਦੇ ਪਾਸੇ ਉਨ੍ਹਾਂ ਦੀ ਹੱਦ ਅਫਗਾਨਿਸਤਾਨ ਅਤੇ ਇਰਾਨ ਨਾਲ ਵੀ ਲੱਗਦੀ ਹੈ, ਪਰ ਇਹੋ ਜਿਹਾ ਕੋਈ ਨਾਂ ਨਹੀਂ ਚੁਣਿਆ ਗਿਆ, ਜਿਹੜਾ ਉਨ੍ਹਾਂ ਦੋਵਾਂ ਦੇਸ਼ਾਂ ਦੇ ਲਈ ਹਮਲਾਵਰੀ ਦਾ ਪ੍ਰਤੀਕ ਹੋਵੇ। ਸਿਰਫ ਭਾਰਤ ਵੱਲ ਹੀ ਇਹ ਰਵੱਈਆ ਰੱਖਿਆ ਜਾਣਾ ਨੀਤ ਨੂੰ ਜ਼ਾਹਰ ਕਰਦਾ ਹੈ।

ਇੱਕ ਹੋਰ ਮੌਕਾ ਯਾਦ ਕਰਨਾ ਚਾਹੀਦਾ ਹੈ, ਜਦੋਂ ਪਾਕਿਸਤਾਨੀ ਫੌਜ ਦੀ ਬੁੱਕਲ ਵਿਚ ਲੁਕਿਆ ਬੈਠਾ ਓਸਾਮਾ ਬਿਨ ਲਾਦੇਨ ਇੱਕ ਦਿਨ ਅਮਰੀਕਾ ਵਾਲਿਆਂ ਨੇ ਲੱਭ ਲਿਆ ਤੇ ਅੱਧੀ ਰਾਤ ਵੇਲੇ ਆਣ ਮਾਰਿਆ ਸੀ। ਉਸ ਦੀ ਮੌਤ ਦੀ ਜਾਂਚ ਲਈ ਪਾਕਿਸਤਾਨ ਸਰਕਾਰ ਨੇ ਇੱਕ ਕਮਿਸ਼ਨ ਬਣਾਇਆ ਸੀ, ਉਸ ਦੀ ਰਿਪੋਰਟ ਵੀ ਬਦਨੀਤੀ ਦੇ ਇਸ਼ਾਰੇ ਕਰਦੀ ਹੈ। ਕਮਿਸ਼ਨ ਨੂੰ ਇਹ ਜਾਂਚ ਕਰਨ ਲਈ ਨਹੀਂ ਸੀ ਕਿਹਾ ਗਿਆ ਕਿ ਉਥੇ ਓਸਾਮਾ ਬਿਨ ਲਾਦੇਨ ਦੇ ਲੁਕੇ ਹੋਣ ਦਾ ਪਾਕਿਸਤਾਨ ਦੀ ਫੌਜ ਅਤੇ ਖੁਫੀਆ ਏਜੰਸੀਆਂ ਨੂੰ ਪਤਾ ਕਿਉਂ ਨਾ ਲੱਗਾ, ਸਗੋਂ ਇਹ ਜਾਂਚ ਕਰਨ ਦਾ ਕੰਮ ਦਿੱਤਾ ਸੀ ਕਿ ਅੱਧੀ ਰਾਤ ਅਮਰੀਕਾ ਦੇ ਹੈਲੀਕਾਪਟਰ ਜਦੋਂ ਏਡਾ ਵੱਡਾ ਧਾਵਾ ਕਰ ਕੇ ਮੁੜ ਗਏ, ਪਾਕਿਸਤਾਨ ਦੀ ਫੌਜ ਜਾਂ ਕਿਸੇ ਹੋਰ ਏਜੰਸੀ ਨੂੰ ਇਸ ਦੀ ਸੂਹ ਕਿਉਂ ਨਾ ਮਿਲੀ? ਜਦੋਂ ਕਮਿਸ਼ਨ ਦੀ ਰਿਪੋਰਟ ਆਈ ਤਾਂ ਉਸ ਵਿਚ ਇਹ ਸਾਫ ਦਰਜ ਸੀ ਕਿ ਪਾਕਿਸਤਾਨ ਦੀਆਂ ਫੌਜਾਂ ਦੇ ਕੋਲ ਹਰ ਕਿਸਮ ਦਾ ਆਧੁਨਿਕ ਸਾਮਾਨ ਹੈ, ਪਰ ਇਹ ਸਾਰਾ ਕੁਝ ਉਨ੍ਹਾਂ ਦੀ ਫੌਜ ਨੇ ਸਿਰਫ ਤੇ ਸਿਰਫ ਭਾਰਤ ਵਾਲੇ ਪਾਸੇ ਬੀੜਿਆ ਪਿਆ ਸੀ, ਹੋਰ ਕਿਸੇ ਪਾਸੇ ਕੋਈ ਵੀ ਤਾਇਨਾਤੀ ਨਾ ਹੋਣ ਕਾਰਨ ਅਮਰੀਕੀ ਹੈਲੀਕਾਪਟਰਾਂ ਦੇ ਆਉਣ ਦਾ ਪਤਾ ਨਹੀਂ ਸੀ ਲੱਗ ਸਕਿਆ। ਕੀ ਇਸ ਤੋਂ ਸਾਫ ਨਹੀਂ ਹੋ ਜਾਂਦਾ ਕਿ ਪਾਕਿਸਤਾਨ ਨੂੰ ਨਾ ਅਫਗਾਨਿਸਤਾਨ ਵਿਚ ਫੈਲੀ ਹੋਈ ਬਦ-ਅਮਨੀ ਤੋਂ ਕੋਈ ਚਿੰਤਾ ਜਾਪਦੀ ਹੈ ਤੇ ਨਾ ਇਰਾਨ ਵਾਲੇ ਪਾਸਿਓਂ ਕੋਈ ਖਤਰਾ ਭਾਸਦਾ ਹੈ, ਸਿਰਫ ਭਾਰਤ ਵੱਲ ਅੱਖ ਟਿਕੀ ਹੋਈ ਹੈ?

ਸਰਹੱਦ ਦੀ ਤਾਜ਼ਾ ਕੁੜੱਤਣ ਦਾ ਕਾਰਨ ਰਾਜਸੀ ਵੀ ਹੈ। ਪਾਕਿਸਤਾਨ ਇਸ ਵਕਤ ਇੱਕ ਬਹੁਤ ਵੱਡੀ ਰਾਜਸੀ ਉਲਝਣ ਵਿਚੋਂ ਨਿਕਲਣ ਦਾ ਰਾਹ ਲੱਭਦਾ ਨਜ਼ਰ ਆ ਰਿਹਾ ਹੈ। ਉਸ ਦੇ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ ਨੂੰ ਨਾ ਫੌਜੀ ਕਮਾਂਡਰ ਕੋਈ ਵਜ਼ਨ ਦਿੰਦੇ ਤੇ ਨਾ ਰਾਜਸੀ ਵਿਰੋਧੀ ਉਸ ਦਾ ਪਿੱਛਾ ਛੱਡਦੇ ਹਨ। ਸਾਬਕਾ ਕ੍ਰਿਕਟ ਕਪਤਾਨ ਇਮਰਾਨ ਖਾਨ ਨੇ ਵੀ ਉਸ ਵਿਰੁਧ ਮੋਰਚਾ ਲਾ ਰੱਖਿਆ ਹੈ ਤੇ ਮੌਲਵੀ ਤਾਹਿਰ ਉਲ ਕਾਦਰੀ ਨੇ ਵੀ। ਦੋਵੇਂ ਜਣੇ ਇੱਕੋ ਮੰਗ ਕਰ ਰਹੇ ਹਨ ਕਿ ਨਵਾਜ਼ ਸ਼ਰੀਫ ਗੱਦੀ ਛੱਡ ਜਾਵੇ। ਇਹੋ ਜਿਹੇ ਹਾਲਾਤ ਵਿਚ ਕਸ਼ਮੀਰ ਦਾ ਮੁੱਦਾ ਹੀ ਇੱਕੋ ਇੱਕ ਇਸ ਤਰ੍ਹਾਂ ਦਾ ਤਿਨਕਾ ਹੈ, ਜਿਸ ਦਾ ਡੁੱਬ ਰਹੇ ਸ਼ਰੀਫ ਨੂੰ ਸਹਾਰਾ ਹੋ ਸਕਦਾ ਹੈ। ਜਦੋਂ ਨਰਿੰਦਰ ਮੋਦੀ ਅਮਰੀਕਾ ਜਾ ਰਿਹਾ ਸੀ, ਹਾਲੇ ਉਹ ਪਹੁੰਚਿਆ ਨਹੀਂ ਸੀ, ਨਵਾਜ਼ ਸ਼ਰੀਫ ਨੇ ਉਦੋਂ ਯੂ ਐਨ ਜਨਰਲ ਅਸੈਂਬਲੀ ਵਿਚ ਕਸ਼ਮੀਰ ਦਾ ਤਵਾ ਜਾ ਲਾਇਆ। ਇਹ ਤਾਂ ਉਸ ਵਕਤ ਏਜੰਡੇ ਉਤੇ ਹੀ ਨਹੀਂ ਸੀ। ਪਹਿਲਾਂ ਜਦੋਂ ਬੇਨਜ਼ੀਰ ਭੁੱਟੋ ਪ੍ਰਧਾਨ ਮੰਤਰੀ ਹੁੰਦਿਆਂ ਆਪਣੇ ਦੇਸ਼ ਦੇ ਅੰਦਰੂਨੀ ਹਾਲਾਤ ਦਾ ਸਾਹਮਣਾ ਕਰਨ ਵਿਚ ਮੁਸ਼ਕਲ ਮਹਿਸੂਸ ਕਰਦੀ ਸੀ, ਉਹ ਵੀ ਉਠ ਕੇ ਕਸ਼ਮੀਰ ਮੁੱਦੇ ਦਾ ਸੰਸਾਰੀਕਰਨ ਕਰਨ ਚਲੀ ਜਾਂਦੀ ਸੀ। ਜਨਰਲ ਮੁਸ਼ੱਰਫ ਨੇ ਵੀ ਇਹ ਮੁੱਦਾ ਉਸ ਵੇਲੇ ਚੁੱਕਿਆ ਸੀ, ਜਦੋਂ ਉਸ ਦੇ ਖਿਲਾਫ ਜੱਜਾਂ ਅਤੇ ਵਕੀਲਾਂ ਨੇ ਸੜਕਾਂ ਉਤੇ ਆ ਕੇ ਸਿੱਧੀ ਚੁਣੌਤੀ ਦਿੱਤੀ ਸੀ ਤੇ ਫੌਜੀ ਕਮਾਨ ਵੀ ਉਸ ਦਾ ਸਾਥ ਦੇਣ ਤੋਂ ਸਿਰ ਫੇਰਨ ਲੱਗ ਪਈ ਸੀ। ਹੁਣ ਇਹੋ ਜਿਹਾ ਹਾਲ ਨਵਾਜ਼ ਸ਼ਰੀਫ ਦਾ ਹੈ।

...ਤੇ ਆਖਰੀ ਗੱਲ ਵੀ ਸਮਝਣ ਵਾਲੀ ਹੈ। ਹਰ ਦੇਸ਼ ਦੇ ਕੋਲ ਫੌਜ ਅਤੇ ਹਰ ਫੌਜ ਦੇ ਕੋਲ ਹਥਿਆਰ ਹੁੰਦੇ ਹਨ। ਅੱਜ ਵਾਲੇ ਹਥਿਆਰ ਪੁਰਾਣੇ ਕਿਸਮ ਦੇ ਟਕੂਏ-ਗੰਡਾਸੇ ਨਹੀਂ, ਜਿਹੜੇ ਰੇਤ ਨਾਲ ਮਾਂਜੇ ਤੇ ਸੰਭਾਲੇ ਜਾ ਸਕਦੇ ਹਨ। ਹੁਣ ਵਾਲਿਆਂ ਦੀ ਮਿਆਦ ਹੁੰਦੀ ਹੈ ਤੇ ਜਦੋਂ ਮਿਆਦ ਪੁੱਗ ਜਾਵੇ, ਉਦੋਂ ਇਹ ਹਥਿਆਰ ਨਾਕਾਰਾ ਹੋ ਜਾਂਦੇ ਹਨ ਅਤੇ ਇਨ੍ਹਾਂ ਦੀ ਥਾਂ ਨਵੇਂ ਲੈਣੇ ਪੈ ਜਾਂਦੇ ਹਨ। ਦੋਵਾਂ ਦੇਸ਼ਾਂ ਦੀ ਫੌਜ ਨੂੰ ਕਾਰਗਿਲ ਦੀ ਜੰਗ ਪਿੱਛੋਂ ਨਵੇਂ ਹਥਿਆਰ ਨਹੀਂ ਮਿਲੇ। ਭਾਰਤ ਇਹ ਸੋਚ ਕੇ ਪੈਸੇ ਖਰਚਣ ਤੋਂ ਟਾਲਦਾ ਰਿਹਾ ਕਿ ਚੀਨ ਨਾਲ ਜੰਗ ਦੀ ਸੰਭਾਵਨਾ ਨਹੀਂ ਤੇ ਪਾਕਿਸਤਾਨ ਨਾਲ ਜਿੰਨੀ ਕੁ ਸੀਮਤ ਜਿਹੀ ਲੋੜ ਪੈ ਸਕਦੀ ਹੈ, ਉਸ ਲਈ ਪਹਿਲੇ ਕਾਫੀ ਹਨ। ਇਸ ਦਾ ਇੱਕ ਕਾਰਨ ਹੈ। ਭਾਰਤ ਨੂੰ ਹਥਿਆਰ ਮੁੱਲ ਲੈਣੇ ਪੈਂਦੇ ਹਨ ਤੇ ਪਾਕਿਸਤਾਨ ਨੂੰ ਖੈਰਾਤ ਵਿਚ ਮਿਲਦੇ ਹਨ। ਕਾਰਗਿਲ ਦੀ ਜੰਗ ਮੌਕੇ ਭਾਰਤ ਨੂੰ ਖੜੇ ਪੈਰ ਬੋਫੋਰਜ਼ ਦੀ ਹਾਵਿਟਜ਼ਰ ਤੋਪ ਦੇ ਗੋਲੇ ਖਰੀਦਣੇ ਪਏ ਸਨ। ਪਾਕਿਸਤਾਨ ਨੂੰ ਦਹਿਸ਼ਤਗਰਦੀ ਦੇ ਵਿਰੁਧ ਲੜਨ ਨੂੰ ਜਿੰਨੇ ਹਥਿਆਰ ਮਿਲਦੇ ਹਨ, ਉਹ ਹਮੇਸ਼ਾ ਉਸ ਨੇ ਭਾਰਤ ਦੇ ਵਿਰੁਧ ਵਰਤੇ ਹਨ ਤੇ ਵਰਤਣੇ ਹਨ। ਇਸ ਵਕਤ ਉਸ ਦੀ ਫੌਜ ਨਵੇਂ ਹਥਿਆਰ ਚਾਹੁੰਦੀ ਹੈ, ਇਸ ਲਈ ਛੇੜਾਂ ਛੇੜ ਰਹੀ ਹੈ। ਭਾਰਤ ਦੀ ਫੌਜ ਦੀ ਇਹੋ ਜਿਹੀ ਕੋਈ ਸੋਚ ਹੋਵੇ ਵੀ ਤਾਂ ਉਸ ਨੂੰ ਕਿਤੋਂ ਇਹ ਮਿਲਣੇ ਨਹੀਂ ਤੇ ਭਾਰਤ ਸਰਕਾਰ ਨੇ ਏਡਾ ਖਰਚ ਕਰਨ ਤੋਂ ਪਹਿਲਾਂ ਸੌ ਵਾਰੀ ਬਜਟ ਦੀਆਂ ਨੁੱਕਰਾਂ ਖੂਰਚਣੀਆਂ ਅਤੇ ਹਾਂ-ਨਾਂਹ ਦੇ ਵਿਚਾਲੇ ਸਿਰ ਘੁੰਮਾਈ ਜਾਣਾ ਹੈ।

ਇਸ ਲਈ ਇਹ ਸਾਰੇ ਹਾਲਾਤ ਕੂਕ-ਕੂਕ ਕੇ ਇਹੋ ਕਹਿ ਰਹੇ ਹਨ ਕਿ ਜੰਗ ਦੀ ਲੋੜ ਭਾਰਤ ਨੂੰ ਨਹੀਂ, ਉਸ ਦੇ ਗਵਾਂਢੀ ਦੇਸ਼ ਪਾਕਿਸਤਾਨ ਨੂੰ ਹੈ। ਭਾਰਤ ਤਾਂ 'ਚੰਦਰਾ ਗਵਾਂਢ ਬੁਰਾ' ਹੋਣ ਦਾ ਖਮਿਆਜ਼ਾ ਭੁਗਤ ਰਿਹਾ ਹੈ। ਇਸ ਦੇ ਬਾਵਜੂਦ ਭਾਰਤ ਓਨੀ ਦੇਰ ਜੰਗ ਵਾਲਾ ਰਾਹ ਨਹੀਂ ਫੜੇਗਾ, ਜਦੋਂ ਤੱਕ ਪਾਣੀ ਸਿਰੋਂ ਲੰਘਦਾ ਨਹੀਂ ਜਾਪੇਗਾ। ਅਜੇ ਸਥਿਤੀ ਉਸ ਤਰ੍ਹਾਂ ਦੀ ਨਹੀਂ ਬਣੀ ਤੇ ਅਸੀਂ ਆਸ ਕਰਦੇ ਹਾਂ ਕਿ ਉਹ ਸਥਿਤੀ ਹੁਣ ਬਣੇਗੀ ਵੀ ਨਹੀਂ।




10 ਸਾਲਾਂ ਤੋਂ ਪੰਜਾਬੀ ਪਰਿਵਾਰਾਂ ਦੀ ਪਹਿਲੀ ਪਸੰਦ

AMANTEL.COM

$25 ਵਿਚ 2600 ਮਿੰਟ (43.5 ਘੰਟੇ)

ਘਰ ਦੇ ਫੋਨ ਅਤੇ ਸੈਲ ਫੋਨ ਲਈ ਇਕੋ ਰੇਟ

ਵਧੀਆ ਅਤੇ ਭਰੋਸੇਮੰਦ ਸਰਵਿਸ, ਜਿੰਨੀ ਕਾਲ ਕਰੋਗੇ ਓਨੇ ਹੀ ਮਿੰਟ ਕੱਟੇ ਜਾਣਗੇ।
ਆਪਣੇ ਪਿਆਰਿਆਂ ਨਾਲ ਫੋਨ 'ਤੇ ਲੰਮੀਆਂ ਅਤੇ ਢੇਰ ਸਾਰੀਆਂ ਗੱਲਾਂ ਕਰੋ।

ਪੰਜਾਬ ਟਾਈਮਜ਼ ਦਾ ਨਾਂ ਲਓ ਅਤੇ 50 ਮਿੰਟ ਮੁਫਤ ਲਓ

*24/7 Customer Service Available*

*Same rate for lanline and mobile.*

ਟੌਲ ਫਰੀ ਨੰਬਰ 1-888-652-6268
732-983-4332/4333

# ਯਾਦਗਾਰੀ ਹੋ ਨਿਬੜਿਆ ਬਜ ਬਜ ਘਾਟ ਦੇ ਸ਼ਹੀਦਾਂ ਦਾ ਸ਼ਤਾਬਦੀ ਮੇਲਾ

**ਸੈਕਰਾਮੈਂਟੋ (ਬਿਊਰੋ):** ਸੌ ਵਰ੍ਹੇ ਪਹਿਲਾਂ ਬਜ ਬਜ ਘਾਟ 'ਤੇ ਸ਼ਹੀਦ ਹੋਏ 19 ਜਣਿਆਂ ਅਤੇ ਕਾਮਾਗਾਟਾ ਮਾਰੂ ਦੀਆਂ ਔਕੜਾਂ, ਮੁਸ਼ਕਿਲਾਂ ਅੱਗੇ ਸਿਰ ਝਕਾਉਣ ਲਈ ਸੈਕਰਾਮੈਂਟੋ ਵਿਖੇ ਪ੍ਰਸਿੱਧ ਗਦਰੀ ਤੇ ਮਹਾਨ ਫਿਲਾਸਫਰ ਮੌਲਵੀ ਮੁਹੰਮਦ ਬਰਕਤਉਲਾ ਦੀ ਕਬਰ 'ਤੇ ਇੰਡੋ-ਅਮਰੀਕਨ ਕਲਚਰਲ ਆਰਗੇਨਾਈਜੇਸ਼ਨ ਨੇ



ਸ਼ਰਧਾ ਦੇ ਫੁੱਲ ਭੇਟ ਕੀਤੇ। ਜਥੇਬੰਦੀ ਦੇ ਪ੍ਰਧਾਨ ਸੁਰਿੰਦਰ ਸਿੰਘ ਬਿੰਦਰਾ ਤੇ ਕਸ਼ਮੀਰ ਸਿੰਘ ਕਾਂਗਣਾ ਨੇ ਦੱਸਿਆ ਕਿ ਇਸ ਸੂਰਮੇ ਦੀ ਕਬਰ ਨੂੰ ਖੋਜਣ ਦਾ ਕਾਰਜ ਵੀ ਇਸੇ ਜਥੇਬੰਦੀ ਨੇ ਕੀਤਾ ਸੀ। ਇਥੋਂ ਹੀ ਮੇਲੇ ਦੀ ਸ਼ੁਰੂਆਤ ਕਰ ਰਹੇ ਹਾਂ।

ਐਸ.ਈ.ਐਸ. ਹਾਲ ਵਿਚ ਹੋਏ ਸਮਾਗਮ ਦੇ ਮੁੱਖ ਮਹਿਮਾਨ ਗਦਰੀ ਬਾਬਾ ਕਪੂਰ ਸਿੰਘ ਕਾਉਂਕੇ ਜੋ ਦੂਜੇ ਲਾਹੌਰ ਸਾਜ਼ਿਸ਼ ਕੇਸ ਵਿਚ ਸ਼ਾਮਲ ਸਨ, ਦੇ ਪੁੱਤਰ ਅਰਜੀਤ ਸਿੰਘ ਸਨ। ਉਨ੍ਹਾਂ ਦੋ ਖੜ੍ਹੀਆਂ ਤਲਵਾਰਾਂ ਵਾਲਾ ਤਿੰਨ ਰੰਗਾ ਗਦਰੀ ਝੰਡਾ ਝੁਲਾਇਆ ਅਤੇ ਆਕਾਸ਼ ਵਿਚ ਗੁਬਾਰੇ ਛੱਡੇ ਗਏ। ਕਸ਼ਮੀਰ ਸਿੰਘ ਕਾਂਗਣਾ ਨੇ ਬਾਬਾ ਕਪੂਰ ਸਿੰਘ ਕਾਉਂਕੇ ਦੇ ਸੰਗਰਾਮੀ ਜੀਵਨ ਦਾ ਸੰਖੇਪ ਵਰਣਨ ਕਰਦਿਆਂ ਝੰਡੇ ਦੀ ਮਹੱਤਤਾ ਦਾ ਵੇਰਵਾ ਦਿੱਤਾ। ਇਸ ਮੌਕੇ ਬੀਬੀਆਂ ਨੇ ਝੰਡੇ ਦਾ ਗੀਤ ਗਾਇਆ।

ਇਸ ਤੋਂ ਬਾਅਦ ਜਥੇਬੰਦੀ ਦੇ ਪ੍ਰਧਾਨ ਸੁਰਿੰਦਰ ਸਿੰਘ ਬਿੰਦਰਾ ਨੇ ਸਟੇਜ ਸਕੱਤਰ ਨੂੰ ਕਾਰਵਾਈ ਚਲਾਉਣ ਦਾ ਸੱਦਾ ਦਿੱਤਾ ਅਤੇ ਆਏ ਸਾਰੇ ਸੱਜਣਾਂ ਤੇ ਭਰਾਤਰੀ ਜਥੇਬੰਦੀਆਂ ਨੂੰ ਜੀ ਆਇਆਂ ਕਿਹਾ। ਪਿਛੋਂ ਗੁਰਨਾਮ ਸਿੰਘ ਭੰਡਾਲ ਦੇ ਢਾਡੀ ਜਥੇ ਨੇ ਕਾਮਾਗਾਟਾ ਮਾਰੂ ਜਹਾਜ਼ ਦੇ ਸਾਕੇ ਦੀਆਂ ਵਾਰਾਂ ਗਾਈਆਂ ਅਤੇ ਦੇਸ਼ ਭਗਤੀ ਦਾ ਮਾਹੌਲ ਸਿਰਜਦਿਆਂ ਸਾਕੇ ਦੇ ਇਤਿਹਾਸਕ ਤੱਥਾਂ ਦਾ ਪੂਰਨ ਰੂਪ ਵਿਚ ਵੇਰਵਾ ਬਹੁਤ ਵਧੀਆ ਢੰਗ ਨਾਲ ਪੇਸ਼ ਕੀਤਾ। ਗਾਇਕ ਸੁਲਤਾਨ ਅਖ਼ਤਰ ਅਤੇ ਜੀਵਨ ਰੱਤੂ ਨੇ ਦੇਸ਼ ਭਗਤੀ ਦੇ ਗੀਤ ਗਾ ਕੇ ਚੰਗਾ ਰੰਗ ਬੰਨ੍ਹਿਆ।

ਜਥੇਬੰਦੀ ਦੇ ਬਜ਼ੁਰਗ ਆਗੂ ਸ਼ਹੀਦ-ਏ-ਆਜ਼ਮ ਭਗਤ ਸਿੰਘ ਦੇ ਪਰਿਵਾਰ ਵਿਚੋਂ ਕਿਰਪਾਲ ਸਿੰਘ ਸੰਧੂ ਨੇ ਗਦਰ ਲਹਿਰ ਦੇ ਸੂਰਮਿਆਂ ਦੀਆਂ ਕੀਤੀਆਂ ਕੁਰਬਾਨੀਆਂ ਦਾ ਉਲੇਖ ਕੀਤਾ। ਉਨ੍ਹਾਂ ਕਾਮਾਗਾਟਾ ਮਾਰੂ ਦੇ ਸ਼ਹੀਦਾਂ ਦਾ ਵਿਸਥਾਰ ਸਹਿਤ ਵਰਣਨ ਕਰਦਿਆਂ ਜਥੇਬੰਦੀਆਂ ਦੇ ਮੁਢਲੇ ਸਰੋਕਾਰਾਂ ਬਾਰੇ ਦੱਸਿਆ ਤੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕੀਤੀ। ਹਰਜੀਤ ਉਪਲ ਤੇ ਉਸ ਦੀਆਂ ਸਾਥਣਾਂ ਨੇ ਸ਼ਹੀਦ-ਏ-ਆਜ਼ਮ ਭਗਤ ਸਿੰਘ ਦੀ ਉਹ ਘੋੜੀ ਗਾਈ ਜੋ ਸ਼ਹਾਦਤ ਤੋਂ ਦੂਜੇ ਦਿਨ ਤਾਂਗੇ ਵਾਲੇ ਤਾਰਿਕ ਨੇ ਗਾਈ ਸੀ ਤੇ ਉਸ ਨੂੰ ਇਸ ਬਦਲੇ ਗ੍ਰਿਫਤਾਰ ਹੋਣਾ ਪਿਆ ਸੀ। ਘੋੜੀ ਸੁਣ ਕੇ ਸਾਰੇ ਸਰੋਤੇ ਭਾਵਕ ਹੋ ਉਠੇ।

ਕਾਮਾਗਾਟਾ ਮਾਰੂ ਦੇ ਸ਼ਹੀਦਾਂ ਨੂੰ ਸਮਰਪਿਤ ਸਚਿੱਤਰ ਸੋਵੀਨਰ ਪ੍ਰੋ. ਓਂਕਾਰ ਸਿੰਘ ਬਿੰਦਰਾ ਨੇ ਰਿਲੀਜ਼ ਕੀਤਾ ਜਿਸ ਵਿਚ ਭਾਰਤੀ ਉਪਮਹਾਂਦੀਪ ਦੀ ਆਜ਼ਾਦੀ ਦੇ ਸੂਰਮਿਆਂ ਦੇ ਜੀਵਨ ਤੇ ਲਹਿਰਾਂ ਬਾਰੇ ਵੱਖ-ਵੱਖ ਵਿਦਵਾਨਾਂ ਦੇ ਜਾਣਕਾਰੀ ਭਰਪੂਰ ਲੇਖ ਤੇ ਕਵਿਤਾਵਾਂ ਹਨ। ਸ੍ਰੀ ਬਿੰਦਰਾ ਨੇ ਸਭ ਨੂੰ ਇਸ ਸੋਵੀਨਰ ਨੂੰ ਪੜ੍ਹਨ ਤੇ ਘੋਖਣ ਲਈ ਪ੍ਰੇਰਿਆ। ਇਸ ਮੌਕੇ ਗਦਰੀ ਕਪੂਰ ਸਿੰਘ ਕਾਉਂਕੇ ਦੇ ਪੁੱਤਰ ਅਰਜੀਤ ਸਿੰਘ ਤੇ ਪਰਿਵਾਰ ਨੂੰ ਜਥੇਬੰਦੀ ਦੇ ਆਗੂਆਂ ਨੇ ਸਨਮਾਨਤ ਕੀਤਾ। ਦਲਵਿੰਦਰ ਸਿੰਘ ਧੂਤ ਨੂੰ ਵੀ ਸਨਮਾਨ ਚਿੰਨ੍ਹ ਭੇਟ ਕੀਤਾ। ਸੰਤ ਵਿਸਾਖਾ ਸਿੰਘ ਦੇ ਪਰਿਵਾਰ ਵਿਚੋਂ ਅਮਰੀਕ ਸਿੰਘ ਸੰਧੂ ਬੇਕਰਜ਼ਫੀਲਡ, ਬਲਵਿੰਦਰ ਸਿੰਘ ਸੰਧੂ ਫਰਿਜ਼ਨੋ ਨੂੰ ਪਰਿਵਾਰਾਂ ਸਮੇਤ ਸਨਮਾਨਤ ਕੀਤਾ ਗਿਆ। ਕਰਮਜੀਤ ਕੰਗ ਤੇ ਪਰਿਵਾਰ ਜੋ ਪ੍ਰਸਿੱਧ ਸੁਤੰਤਰਤਾ ਸੰਗਰਾਮੀ ਜਗਜੀਤ ਸਿੰਘ ਬਾਗੀ ਦੇ ਪੁੱਤਰ ਹਨ, ਨੂੰ ਵੀ ਸਨਮਾਨ ਚਿੰਨ੍ਹ ਭੇਟ ਕੀਤਾ ਗਿਆ। ਉਨ੍ਹਾਂ ਸਰੋਤਿਆਂ ਨੂੰ ਸੰਬੋਧਨ ਵੀ ਕੀਤਾ। ਇਸ ਮੇਲੇ ਨੂੰ ਸਪਾਂਸਰ ਕਰਨ ਵਾਲਿਆਂ ਨੂੰ ਵੀ ਜਥੇਬੰਦੀ ਵੱਲੋਂ ਸਨਮਾਨ ਭੇਟ ਕੀਤੇ ਗਏ।

ਸਮਾਗਮ ਦੌਰਾਨ ਗਦਰੀ ਸੂਰਬੀਰਾਂ ਦੀ ਪ੍ਰਦਰਸ਼ਨੀ ਲੋਕਾਂ ਦੀ ਖਿੱਚ ਦਾ ਕੇਂਦਰ ਬਣੀ ਰਹੀ। ਅਮਰਜੀਤ ਪਠਲਾਣਾ ਤੇ ਅਮਰੀਕ ਸਿੰਘ ਡਾਲੀਆ ਨੇ ਪ੍ਰਦਰਸ਼ਨੀ ਨੂੰ ਤਰਤੀਬ ਦੇਣ ਦਾ ਸ਼ਲਾਘਾਯੋਗ ਕੰਮ ਕੀਤਾ। ਇਸੇ ਦੌਰਾਨ ਡੱਗ ਓਸ, ਅਮੀ ਬੇਰਾ, ਬੌਬੀ ਸਿੰਘ, ਡੇਵ ਜੌਹਨ ਤੇ ਰੌਜਰ ਡਿਕਸਨ ਵੀ ਸਰੋਤਿਆਂ ਦੇ ਸਨਮੁੱਖ ਹੋਏ। ਗੁਰਚਰਨ ਸਿੰਘ ਰੱਕੜ, ਦਲਵਿੰਦਰ ਸਿੰਘ ਧੂਤ ਅਤੇ ਨਰਿੰਦਰਪਾਲ ਸਿੰਘ ਹੁੰਦਲ ਨੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕੀਤੀ। ਵਿਰਸੇ ਦੀਆਂ ਮੁਟਿਆਰਾਂ ਕਲੱਬ ਵੱਲੋਂ ਗਿੱਧਾ ਅਤੇ ਅਣਖੀਲੇ ਗੱਭਰੂ ਟੀਮ ਵੱਲੋਂ ਭੰਗੜਾ ਸਭ ਨੇ ਬਹੁਤ ਸਲਾਹਿਆ। ਛੋਟੇ ਬੱਚਿਆਂ ਨੇ ਵੀ ਸਭਿਆਚਾਰਕ ਪ੍ਰੋਗਰਾਮ ਵਿਚ ਹਿੱਸਾ ਪਾਇਆ।


ਸਮਾਗਮ ਦੇ ਮੁੱਖ ਗਾਇਕ ਸੁਰਿੰਦਰ ਛਿੰਦਾ ਨੇ ਸਰੋਤਿਆਂ ਦਾ ਭਰਪੂਰ ਮਨੋਰੰਜਨ ਕੀਤਾ। ਸ਼ਿਆਰਾ ਸਿੰਘ ਢੀਂਡਸਾ ਨੇ ਮੇਲੇ ਦੀ ਕਾਰਵਾਈ ਨੂੰ ਕੈਮਰੇ ਦੀ ਅੱਖ ਵਿਚ ਪਰੋ ਕੇ ਫੋਟੋ ਅਤੇ ਵੀਡੀਓ ਦੀ ਪਹਿਲੇ ਮੇਲਿਆਂ ਵਾਂਗ ਹੀ ਸੇਵਾ ਕੀਤੀ ਤੇ ਜਥੇਬੰਦੀ ਵੱਲੋਂ ਸਨਮਾਨ ਪ੍ਰਾਪਤ ਕੀਤਾ। ਹਰ ਵਾਰ ਦੀ ਤਰ੍ਹਾਂ ਕਸ਼ਮੀਰ ਸਿੰਘ ਕਾਂਗਣਾ ਨੇ ਸਟੇਜ ਸੰਚਾਲਨ ਦੀ ਡਿਊਟੀ ਬਾਖੂਬੀ ਨਿਭਾਈ। ਸਭਿਆਚਾਰਕ ਮੰਚ ਦਾ ਸੰਚਾਲਨ ਨੀਲਮ ਸੈਣੀ ਨੇ ਬੜੇ ਹੀ ਸ਼ਲਾਘਾਯੋਗ ਤਰੀਕੇ ਨਾਲ ਕੀਤਾ ਤੇ ਸਰੋਤਿਆਂ ਦੀ ਵਾਹ-ਵਾਹ ਖੱਟੀ। ਉਨ੍ਹਾਂ ਵੱਲੋਂ ਕਲਾਕਾਰਾਂ ਨੂੰ ਸਟੇਜ 'ਤੇ ਪੇਸ਼ ਕਰਨ ਦੇ ਢੰਗ ਨੂੰ ਵੀ ਸਰੋਤੇ ਵਾਚਦੇ ਰਹੇ।

ਜਥੇਬੰਦੀ ਦੇ ਸਕੱਤਰ ਸਵਰਨ ਸਿੰਘ ਸਿੱਧੂ ਨੇ ਆਏ ਸੱਜਣਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਆਜ਼ਾਦੀ ਦੇ ਸੂਰਮਿਆਂ ਦੀ ਕੁਰਬਾਨੀ ਦਾ ਇਤਿਹਾਸ ਠੀਕ ਸੇਧ ਦੇ ਸਕਦਾ ਹੈ। ਗਦਰੀਆਂ ਦੇ ਸੁਪਨਿਆਂ ਦੀ ਆਜ਼ਾਦੀ ਦੀ ਪ੍ਰਾਪਤੀ ਉਨ੍ਹਾਂ ਦੇ ਆਸ਼ੇ ਮਨਸ਼ਿਆਂ ਨੂੰ ਸਮਝ ਕੇ ਹੀ ਪ੍ਰਾਪਤ ਹੋ ਸਕਦੀ ਹੈ। ਉਨ੍ਹਾਂ ਗਦਰੀਆਂ ਦਾ ਇਤਿਹਾਸ ਪੜ੍ਹਨ ਅਤੇ ਆਉਣ ਵਾਲੀ ਪੀੜ੍ਹੀ ਨੂੰ ਪੜ੍ਹਾਉਣ ਦੀ ਲੋੜ 'ਤੇ ਖਾਸ ਜ਼ੋਰ ਦਿੱਤਾ। ਸਰੋਤਿਆਂ ਨੇ ਇਸ ਸੱਦੇ ਨੂੰ ਖੂਬ ਹੁੰਗਾਰਾ ਭਰਿਆ। ਅਖੀਰ ਵਿਚ ਜਥੇਬੰਦੀ ਦੇ ਪ੍ਰਧਾਨ ਸੁਰਿੰਦਰ ਸਿੰਘ ਬਿੰਦਰਾ ਨੇ ਆਏ ਸਰੋਤਿਆਂ ਦਾ ਇਕ ਵਾਰ ਫਿਰ ਧੰਨਵਾਦ ਕੀਤਾ ਅਤੇ ਜਥੇਬੰਦੀ ਦੇ ਸਾਰੇ ਕਾਰਜ-ਕਰਤਾਵਾਂ ਦਾ ਵੀ ਧੰਨਵਾਦ ਕੀਤਾ ਜਿਨ੍ਹਾਂ ਦੀਆਂ ਅਣਥਕ ਕੋਸ਼ਿਸ਼ਾਂ ਨਾਲ ਮੇਲਾ ਸਫਲ ਹੋ ਸਕਿਆ। ਮੇਲੇ ਦੀਆਂ ਫੋਟੋਆਂ www.omnivideosusa.com 'ਤੇ ਵੀ ਵੇਖੀਆਂ ਜਾ ਸਕਦੀਆਂ ਹਨ।

































ਸ੍ਰੀ ਗੁਰੂ ਰਵਿਦਾਸ ਟੈਂਪਲ, ਰੀਓ ਲਿੰਡਾ ਦੇ 23ਵੇਂ ਸਥਾਪਨਾ ਦਿਵਸ ਮੌਕੇ ਗੁਰੂ ਘਰ ਦਾ ਸੋਵੀਨਾਰ ਜਾਰੀ ਕਰਦੇ ਹੋਏ ਰੇਡੀਓ ਹੋਸਟ ਤੇ ਲੇਖਕ ਐਸ. ਅਸ਼ੋਕ ਭੌਰਾ ਅਤੇ ਪ੍ਰਬੰਧਕ ਕਮੇਟੀ ਦੇ ਮੈਂਬਰ ਤੇ ਅਹੁਦੇਦਾਰ


WEBSITE: DHOLRADIO.ORG

# Dhol Radio

ਪਿੰਡ ਤੋਂ ਚੱਲਣ ਵਾਲਾ ਦੁਨੀਆਂ ਦਾ ਪਹਿਲਾ ਪੰਜਾਬੀ ਰੇਡੀਓ

Request Song



Listen On Phone

Live Calls: USA 1-951-824-6365
Canada 1-604-210-1955
Skype: DHOLRADIO.ORG
1PM to 3PM
9:30PM To 11:30PM (IST)
Listen By Call: USA 702-489-0211
UK 44-20-3519-1210

Music 24/7

*Application for android and iPhone- Dhol Radio*



# M.K. Nijjar DDS
# Ruchi Nijjar DDS

*Laser Dentistry*
*No shots, No Drill, No Pain.*
*Family Dentistry*
*Cosmetic Dentistry*

*Esthetic Crowns, Bridges & Dentures Teeth Whitening * Oral Surgery Root Canal Treatments*

*Treatments & Prevention of Gum Diseases New Patients & Children Welcome*

**510-794-7058**

WWW.DRNIJJAR.COM


*(Across From Washigton Hospital & Bart)*
*1895 Mowry Ave. Ste 104 Fremont*



# Jammu Chiropractic

ਕੀ ਤੁਹਾਨੂੰ ਲਗਾਤਾਰ ਕਮਰ, ਗਰਦਨ, ਗੋਡਿਆਂ, ਸਿਰ ਦਰਦ ਜਾਂ ਕਿਸੇ ਵੀ ਕਿਸਮ ਦੇ ਜੋੜਾਂ ਦੇ ਦਰਦ ਜਾਂ ਪੱਠਿਆਂ ਦੇ ਦਰਦ ਨੇ ਸਤਾਇਆ ਹੋਇਆ ਹੈ?

ਅਸੀਂ ਤੁਹਾਨੂੰ ਇਸ ਦਰਦ ਤੋਂ ਛੁਟਕਾਰਾ ਦਿਵਾ ਸਕਦੇ ਹਾਂ।



*We Accept Personal Injury (PI) Cases*

Medicare & Most Private Insurances Accepted



*Contact:* Dr. Baljit Jammu
*Doctor of Chiropractic*

Ph: 510-940-8236

1090 La Playa Dr., Hayward CA 94545




Call Sukhpal 1-661-586-5080

# HIGH DEFINITION Surveillance

Protect Your Business With
VISTA HD Solution
For Commercial & Residential



Watch Your Business From Any SMART PHONE



2 Year Warranty

We Install any where in California

Digital Quality & Economical Prices
17 Years in Surveillance Business
Trained & Professional Technical Staff



# BRIGHTEN UP & GROW
Your Business With New Trend

Hotel/Motel Rate

SIGN




DEALERS Wanted in USA

available LED Gas Canopy & Parking Lot Lights

GAS PRICE CHANGER for GAS STATIONS




We Ship anywhere in USA

electric SIGN COMPANY

For More information Call Sukhpal
1-661-586-1106
Email: esigncompany@gmail.com

# ਹਾਈਕਮਾਨ ਨੇ ਪੰਜਾਬ ਕਾਂਗਰਸ ਦੀ ਖਾਨਾਜੰਗੀ ਤੋਂ ਪਾਸਾ ਵੱਟਿਆ





**ਚੰਡੀਗੜ੍ਹ:** ਪੰਜਾਬ ਕਾਂਗਰਸ ਕਮੇਟੀ ਦੇ ਪ੍ਰਧਾਨ ਪ੍ਰਤਾਪ ਸਿੰਘ ਬਾਜਵਾ ਨੂੰ ਅਹੁਦੇ ਤੋਂ ਲਾਂਭੇ ਕਰਨ ਲਈ ਛਿੜੇ ਕਲੇਸ਼ ਬਾਰੇ ਕਾਂਗਰਸ ਹਾਈਕਮਾਨ ਨੇ ਚੁੱਪ ਧਾਰੀ ਹੋਈ ਹੈ। ਹਾਈਕਮਾਨ ਦੀ ਇਸ ਢਿੱਲ ਕਾਰਨ ਪੰਜਾਬ ਕਾਂਗਰਸ ਦੀ ਖਾਨਾਜੰਗੀ ਸਿਖਰਾਂ 'ਤੇ ਪੁੱਜ ਗਈ ਹੈ। ਇਸ ਬਾਰੇ ਆਲ ਇੰਡੀਆ ਕਾਂਗਰਸ ਕਮੇਟੀ ਦੇ ਜਨਰਲ ਸਕੱਤਰ-ਕਮ-ਪੰਜਾਬ ਮਾਮਲਿਆਂ ਦੇ ਪਾਰਟੀ ਇੰਚਾਰਜ ਸ਼ਕੀਲ ਅਹਿਮਦ ਦਾ ਕਹਿਣਾ ਹੈ ਕਿ ਉਨ੍ਹਾਂ ਨੂੰ ਜਾਂ ਪਾਰਟੀ ਨੂੰ ਕੁਝ ਨਹੀਂ ਪਤਾ ਕਿ ਪੰਜਾਬ ਕਾਂਗਰਸ ਵਿਚ ਕੀ ਹੋ ਰਿਹਾ ਹੈ।

ਪੰਜਾਬ ਕਾਂਗਰਸ ਦੇ ਉੱਚ ਆਗੂਆਂ ਵਿਚਾਲੇ ਚੱਲ ਰਹੀ ਜੰਗ ਬਾਰੇ ਪੁੱਛੇ ਜਾਣ 'ਤੇ ਸ਼ਕੀਲ ਅਹਿਮਦ ਨੇ ਕਿਹਾ ਕਿ ਹਾਈਕਮਾਨ ਵੱਲੋਂ ਪਹਿਲਾਂ ਜ਼ਮੀਨੀ ਪੱਧਰ 'ਤੇ ਸਥਿਤੀ ਦਾ ਅਧਿਐਨ ਕੀਤਾ ਜਾਵੇਗਾ ਤੇ ਉਸ ਮਗਰੋਂ ਹੀ ਕੁਝ ਕਿਹਾ ਜਾ ਸਕੇਗਾ। ਅਸਲ ਵਿਚ ਹਾਈਕਮਾਨ ਦੋਵਾਂ ਆਗੂਆਂ ਨੂੰ ਨਰਾਜ਼ ਨਾ ਕਰਕੇ ਕੋਈ ਵਿਚਲਾ ਹੱਲ ਲੱਭਣ ਵਿਚ ਜੁਟੀ ਹੋਈ ਹੈ। ਹਾਲਾਂਕਿ ਪੰਜਾਬ ਦੀ ਸਾਬਕਾ ਮੁੱਖ ਮੰਤਰੀ ਰਾਜਿੰਦਰ ਕੌਰ ਭੱਠਲ ਲੋਕ ਸਭਾ ਦੇ ਉਪ ਨੇਤਾ ਕੈਪਟਨ ਅਮਰਿੰਦਰ ਸਿੰਘ ਤੇ ਬਾਜਵਾ ਵਿਚ ਸੁਲ੍ਹਾ ਕਰਵਾਉਣ ਲਈ ਖਾਸ ਦਿਲਚਸਪੀ ਵਿਖਾ ਰਹੇ ਹਨ। ਬੀਬੀ ਭੱਠਲ ਦਾ ਕਹਿਣਾ ਹੈ ਕਿ 2017 ਦੀਆਂ ਵਿਧਾਨ ਸਭਾ ਚੋਣਾਂ ਵਿਚ ਸ਼੍ਰੋਮਣੀ ਅਕਾਲੀ ਦਲ-ਭਾਜਪਾ ਗੱਠਜੋੜ ਨੂੰ ਮਾਤ ਦੇਣ ਲਈ ਰਲ ਕੇ ਕੰਮ ਕਰਨਾ ਸਮੇਂ ਦੀ ਵੱਡੀ ਲੋੜ ਹੈ।

ਬੀਬੀ ਭੱਠਲ ਨੇ ਦੱਸਿਆ ਕਿ ਬੀਤੇ ਦਿਨੀਂ ਉਨ੍ਹਾਂ ਦੇ ਜਨਮ ਦਿਨ ਮੌਕੇ ਕੈਪਟਨ ਅਮਰਿੰਦਰ ਸਿੰਘ ਘਰ ਆਏ ਸਨ। ਇਸ ਦੌਰਾਨ ਦੋਵਾਂ ਵਿਚ ਬਹੁਤ ਸਾਰੀਆਂ ਸਿਆਸੀ ਗੱਲਾਂਬਾਤਾਂ ਹੋਈਆਂ ਸਨ। ਕੈਪਟਨ ਅਮਰਿੰਦਰ ਸਿੰਘ ਨਾਲ ਬੀਤੇ ਸਮੇਂ ਵਿਚ ਉਨ੍ਹਾਂ ਦੇ ਰਹੇ ਮੱਤਭੇਦਾਂ ਬਾਰੇ ਉਨ੍ਹਾਂ ਕਿਹਾ ਕਿ ਘਰ ਵਿਚ ਵੀ ਭੈਣਾਂ ਭਰਾਵਾਂ ਨਾਲ ਕਿਸੇ ਨਾ ਕਿਸੇ ਗੱਲ ਨੂੰ ਲੈ ਕੇ ਵਿਚਾਰ ਨਹੀਂ ਰਲਦੇ ਹੁੰਦੇ, ਇਸ ਦਾ ਇਹ ਮਤਲਬ ਨਹੀਂ ਹੁੰਦਾ ਕਿ ਉਹ ਪਰਿਵਾਰ ਦਾ ਹਿੱਸਾ ਨਹੀਂ ਹੈ। ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਪ੍ਰਤਾਪ ਸਿੰਘ ਬਾਜਵਾ ਦੀ ਕਾਰਗੁਜ਼ਾਰੀ ਬਾਰੇ ਪੁੱਛੇ ਗਏ ਸਵਾਲਾਂ ਨੂੰ ਟਾਲਦਿਆਂ ਬੀਬੀ ਭੱਠਲ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਕਾਂਗਰਸ ਪਾਰਟੀ ਪੂਰੀ ਤਰ੍ਹਾਂ ਇਕਜੁੱਟ ਹੈ।

ਸ. ਬਾਜਵਾ ਵੱਲੋਂ ਕੈਪਟਨ ਨਾਲ ਸਿੱਧੀ ਸ਼ਬਦੀ ਜੰਗ ਤੋਂ ਟਾਲਾ ਵੱਟਿਆ ਜਾ ਰਿਹਾ ਹੈ। ਦੂਜੇ ਪਾਸੇ ਕੈਪਟਨ ਅਮਰਿੰਦਰ ਸਿੰਘ ਤੇ ਉਨ੍ਹਾਂ ਦੇ ਕੁਝ ਸਮਰਥਕਾਂ ਵੱਲੋਂ ਤਕਰੀਬਨ ਰੋਜ਼ਾਨਾ ਹੀ ਜਨਤਕ ਤੌਰ 'ਤੇ ਬਾਜਵਾ ਦੀ ਥਾਂ ਕਿਸੇ ਹੋਰ ਨੂੰ ਪ੍ਰਧਾਨ ਬਣਾਉਣ ਦੀ ਮੰਗ ਕੀਤੀ ਜਾ ਰਹੀ ਹੈ। ਕੈਪਟਨ ਵੱਲੋਂ ਤਾਂ ਬਾਜਵਾ ਨੂੰ 'ਗੈਰ-ਭਰੋਸੇਯੋਗ' ਤੇ 'ਗੈਰ-ਸਰਗਰਮ' ਆਖ ਕੇ ਉਨ੍ਹਾਂ ਦੇ ਜ਼ਖ਼ਮਾਂ 'ਤੇ ਲੂਣ ਛਿੜਕਿਆ ਜਾ ਰਿਹਾ ਹੈ।

ਇਸੇ ਦੌਰਾਨ ਕੈਪਟਨ ਵੱਲੋਂ ਬਾਜਵਾ ਨੂੰ ਹਟਾਉਣ ਦੀ ਕੀਤੀ ਜਾ ਰਹੀ ਮੰਗ ਬਾਰੇ ਸ. ਬਾਜਵਾ ਨੇ ਕਿਹਾ ਕਿ ਉਹ ਅਜਿਹੀਆਂ ਗੱਲਾਂ ਵੱਲ ਜ਼ਿਆਦਾ ਧਿਆਨ ਨਹੀਂ ਦੇ ਰਹੇ ਕਿਉਂਕਿ ਕਾਂਗਰਸ ਹਾਈਕਮਾਨ ਨੇ ਉਨ੍ਹਾਂ ਨੂੰ ਪਾਰਟੀ ਪ੍ਰਧਾਨ ਬਣਾਇਆ ਹੈ। ਉਨ੍ਹਾਂ ਨੂੰ ਹਾਈਕਮਾਨ ਦੀ ਮਰਜ਼ੀ ਤੋਂ ਬਿਨਾਂ ਪ੍ਰਧਾਨਗੀ ਤੋਂ ਨਹੀਂ ਲਾਹਿਆ ਜਾ ਸਕਦਾ। ਦੂਜੇ ਪਾਸੇ ਅਮਰਿੰਦਰ ਸਿੰਘ ਵੱਲੋਂ ਪਹਿਲਾਂ ਹੀ ਪਾਰਟੀ ਦੇ ਸੀਨੀਅਰ ਆਗੂਆਂ ਜਿਵੇਂ ਸ਼ਮਸ਼ੇਰ ਸਿੰਘ ਦੂਲੋ, ਰਾਜਿੰਦਰ ਕੌਰ ਭੱਠਲ ਤੇ ਲਾਲ ਸਿੰਘ ਨੂੰ ਬਾਜਵਾ ਦੀ ਥਾਂ 'ਤੇ ਪ੍ਰਧਾਨ ਬਣਾਉਣ ਦੀ ਗੱਲ ਕੀਤੀ ਜਾ ਰਹੀ ਹੈ, ਪਰ ਫਿਲਹਾਲ ਕਿਸੇ ਪਾਸਿਉਂ ਕੋਈ ਖਾਸ ਹੁੰਗਾਰਾ ਨਹੀਂ ਮਿਲਿਆ ਹੈ।

## ਪੰਜਾਬ ਕਾਂਗਰਸ 'ਚ ਸ਼ੁਰੂ ਤੋਂ ਹੀ ਹਾਵੀ ਰਹੀ ਹੈ ਧੜੇਬੰਦੀ

ਪੰਜਾਬ ਪ੍ਰਦੇਸ਼ ਕਾਂਗਰਸ ਵਿਚ ਪ੍ਰਧਾਨਗੀ ਨੂੰ ਲੈ ਕੇ ਛਿੜਿਆ ਕਲੇਸ਼ ਕਾਫੀ ਪੁਰਾਣਾ ਹੈ। 1998 ਵਿਚ ਜਦ ਕੈਪਟਨ ਅਮਰਿੰਦਰ ਸਿੰਘ ਪ੍ਰਧਾਨ ਬਣੇ ਤੇ ਫਿਰ 2002 ਵਿਚ ਪੰਜਾਬ ਦੇ ਮੁੱਖ ਮੰਤਰੀ ਬਣੇ ਤਾਂ ਇਹ ਗੱਲ ਬੀਬੀ ਰਜਿੰਦਰ ਕੌਰ ਭੱਠਲ ਤੇ ਜਗਮੀਤ ਸਿੰਘ ਬਰਾੜ ਦੇ ਧੜਿਆਂ ਨੂੰ ਹਜ਼ਮ ਨਹੀਂ ਹੋਈ। ਉਨ੍ਹਾਂ ਵਿਚਕਾਰ ਟਕਰਾਅ ਕਦੇ ਮੱਠਾ ਕਦੇ ਤੇਜ਼ ਚੱਲਦਾ ਰਿਹਾ।

2012 ਦੀਆਂ ਵਿਧਾਨ ਸਭਾ ਚੋਣਾਂ ਤੋਂ ਬਾਅਦ ਜਦ ਪ੍ਰਤਾਪ ਸਿੰਘ ਬਾਜਵਾ ਪ੍ਰਧਾਨ ਬਣੇ ਤਾਂ ਕੈਪਟਨ ਧੜੇ ਨੂੰ ਵੀ ਇਹ ਨਿਯੁਕਤੀ ਪ੍ਰਵਾਨ ਨਹੀਂ ਹੋਈ। ਕੈਪਟਨ ਧੜਾ ਹਮੇਸ਼ਾ ਬਰਾਬਰ ਦੀ ਸਰਗਰਮੀ ਕਰਕੇ ਬਾਜਵਾ ਨੂੰ ਚੁਣੌਤੀ ਦੇਣ ਵਿਚ ਰੁੱਝਾ ਰਿਹਾ। ਹੁਣ ਹਾਲਾਤ ਅਜਿਹੇ ਬਣ ਗਏ ਹਨ ਕਿ ਦੋਵਾਂ ਧੜਿਆਂ ਵਿਚ ਚੱਲ ਰਹੀ ਲੜਾਈ ਵਿਚ ਜਿਵੇਂ ਸ: ਬਾਜਵਾ ਨੇ ਮੰਨ ਹੀ ਲਿਆ ਹੈ ਕਿ ਕੈਪਟਨ ਧੜੇ ਦਾ ਮੁਕਾਬਲਾ ਉਨ੍ਹਾਂ ਨੂੰ ਮਹਿੰਗਾ ਪੈਣ ਲੱਗ ਪਿਆ ਹੈ।

## ਮਸਲੇ ਦਾ ਹੱਲ ਹਰਿਆਣਾ ਚੋਣਾਂ ਤੋਂ ਬਾਅਦ: ਸ਼ਕੀਲ



**ਚੰਡੀਗੜ੍ਹ:** ਕਾਂਗਰਸ ਦੇ ਸੀਨੀਅਰ ਨੇਤਾ ਤੇ ਪੰਜਾਬ ਮਾਮਲਿਆਂ ਦੇ ਇੰਚਾਰਜ ਸ਼ਕੀਲ ਅਹਿਮਦ ਨੇ ਇਸ਼ਾਰਾ ਕੀਤਾ ਹੈ ਕਿ ਹਰਿਆਣਾ ਅਸੈਂਬਲੀ ਚੋਣਾਂ ਤੋਂ ਬਾਅਦ ਹੀ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੀ ਪ੍ਰਧਾਨਗੀ ਦੇ ਮਸਲੇ ਨੂੰ ਹੱਲ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਅਨੁਸ਼ਾਸਨਹੀਣਤਾ ਕਿਸੇ ਵੀ ਕੀਮਤ 'ਤੇ ਬਰਦਾਸ਼ਤ ਨਹੀਂ ਕੀਤੀ ਜਾਵੇਗੀ।

ਇਹ ਪੁੱਛੇ ਜਾਣ 'ਤੇ ਕਿ ਪ੍ਰਧਾਨ ਬਦਲਿਆ ਜਾਵੇਗਾ ਜਾਂ ਆਪਸੀ ਖਹਿਬਾਜ਼ੀ ਵਾਲੇ ਪ੍ਰੈੱਸ ਨੂੰ ਦਿੱਤੇ ਜਾਂਦੇ ਬਿਆਨਾਂ 'ਤੇ ਰੋਕ ਲਾਈ ਜਾਵੇਗੀ ਤਾਂ ਸ਼ਕੀਲ ਅਹਿਮਦ ਨੇ ਸਪੱਸ਼ਟ ਕੀਤਾ ਕਿ ਇਹ ਸਾਰਾ ਕੁਝ ਪਾਰਟੀ ਪ੍ਰਧਾਨ ਬੀਬੀ ਸੋਨੀਆ ਗਾਂਧੀ, ਰਾਹੁਲ ਗਾਂਧੀ ਤੇ ਹੋਰ ਸੀਨੀਅਰ ਨੇਤਾਵਾਂ ਦੇ ਧਿਆਨ ਵਿਚ ਹੈ। ਉਨ੍ਹਾਂ ਕਿਹਾ ਕਿ ਇਹ ਸਾਰੇ ਆਗੂ ਹਰਿਆਣਾ ਤੇ ਮਹਾਰਾਸ਼ਟਰ ਦੀਆਂ ਚੋਣਾਂ ਵਿਚ ਮਸਰੂਫ਼ ਹਨ। ਉਸ ਉਪਰੰਤ ਹੀ ਕੁਝ ਕਰਾਂਗੇ।

# ਆਰਥਿਕ ਤੰਗੀ ਨੇ ਘੇਰੇ ਇਰਾਕ ਵਿਚ ਫਸੇ ਨੌਜਵਾਨਾਂ ਦੇ ਮਾਪੇ

**ਅੰਮ੍ਰਿਤਸਰ:** ਇਰਾਕ ਵਿਚ ਫਸੇ ਪੰਜਾਬੀ ਨੌਜਵਾਨਾਂ ਦੀ ਰਿਹਾਈ ਨਾ ਹੋਣ ਕਾਰਨ ਪਿੱਛੇ ਪਰਿਵਾਰਾਂ ਨੂੰ ਵਿੱਤੀ ਸੰਕਟ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਕਿਉਂਕਿ ਵਿਦੇਸ਼ ਗਏ ਇਹ ਨੌਜਵਾਨ ਹੀ ਪਰਿਵਾਰਾਂ ਲਈ ਰੋਜ਼ੀ ਰੋਟੀ ਕਮਾਉਣ ਦਾ ਇਕੱਲਾ ਸਾਧਨ ਹਨ। ਇਰਾਕ 'ਚ ਅਗਵਾ ਕੀਤੇ ਗਏ ਮਨਜਿੰਦਰ ਸਿੰਘ ਭੋਏਵਾਲ ਦੀ ਭੈਣ ਗੁਰਪਿੰਦਰ ਕੌਰ ਨੇ ਦੱਸਿਆ ਕਿ ਨੌਜਵਾਨਾਂ ਦੀ ਰਿਹਾਈ ਨਾ ਹੋਣ ਕਾਰਨ ਪਿੱਛੇ ਪਰਿਵਾਰਾਂ ਨੂੰ ਵੱਡੇ ਆਰਥਿਕ ਸੰਕਟ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਭਾਵੇਂ ਸਰਕਾਰ ਵੱਲੋਂ 20 ਹਜ਼ਾਰ ਰੁਪਏ ਪ੍ਰਤੀ ਮਹੀਨਾ ਮਦਦ ਦੇਣ ਦਾ ਐਲਾਨ ਕੀਤਾ ਹੋਇਆ ਹੈ ਪਰ ਪੀੜਤ ਪਰਿਵਾਰਾਂ 'ਚੋਂ 9 ਅਜਿਹੇ ਹਨ, ਜਿਨ੍ਹਾਂ ਨੂੰ ਹੁਣ ਤੱਕ ਮਦਦ ਦਾ ਕੋਈ ਪੈਸਾ ਨਹੀਂ ਮਿਲਿਆ ਹੈ।

ਉਨ੍ਹਾਂ ਦੱਸਿਆ ਕਿ ਸੰਗਤ ਦਰਸ਼ਨ ਦੌਰਾਨ ਉਹ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਮਿਲੇ ਸਨ ਤੇ ਉਨ੍ਹਾਂ ਨੇ ਇਸ ਮਾਮਲੇ ਵਿਚ ਕੇਂਦਰੀ ਮੰਤਰੀ ਨਾਲ ਮੁੜ ਮੁਲਾਕਾਤ ਕਰਾਉਣ ਦਾ ਭਰੋਸਾ ਦਿੱਤਾ ਸੀ। ਉਸ ਨੇ ਖੁਦ ਵੀ ਕੇਂਦਰੀ ਵਿਦੇਸ਼ ਮੰਤਰਾਲੇ ਦੇ ਅਧਿਕਾਰੀਆਂ ਨਾਲ ਗੱਲਬਾਤ ਕੀਤੀ ਹੈ ਤੇ ਕੈਬਨਿਟ ਮੰਤਰੀ ਸੁਸ਼ਮਾ ਸਵਰਾਜ ਨਾਲ ਮੁਲਾਕਾਤ ਲਈ ਸਮਾਂ ਮੰਗਿਆ ਹੈ। ਪਿੰਡ ਸਿਆਲਕਾ ਦੇ ਜਤਿੰਦਰ ਸਿੰਘ ਦੀ ਮਾਂ ਰਣਜੀਤ ਕੌਰ ਦਾ ਕਹਿਣਾ ਹੈ ਕਿ ਉਨ੍ਹਾਂ ਦਾ ਪਰਿਵਾਰ ਵੀ ਆਰਥਿਕ ਤੰਗੀ ਵਿਚੋਂ ਲੰਘ ਰਿਹਾ ਹੈ।

ਜਤਿੰਦਰ ਦੇ ਪਿਤਾ ਬਜ਼ੁਰਗ ਹਨ ਤੇ ਡਰਾਈਵਰੀ ਕਰਕੇ ਘਰ ਦਾ ਗੁਜ਼ਾਰਾ ਚਲਾ ਰਹੇ ਹਨ। ਉਨ੍ਹਾਂ ਦੇ ਪਰਿਵਾਰ ਨੂੰ ਵੀ 4 ਮਹੀਨਿਆਂ ਵਿਚ ਸਿਰਫ ਦੋ ਵਾਰ ਸਰਕਾਰ ਵੱਲੋਂ 20-20 ਹਜ਼ਾਰ ਰੁਪਏ ਦੀ ਮਦਦ ਮਿਲੀ ਹੈ। ਇਸ ਤੋਂ ਇਲਾਵਾ ਅੰਮ੍ਰਿਤਸਰ ਜ਼ਿਲ੍ਹੇ ਦੇ ਹਰਸਿਮਰਨਜੀਤ ਸਿੰਘ ਵਾਸੀ ਪਿੰਡ ਬਾਬੋਵਾਲ, ਗੁਰਚਰਨ ਸਿੰਘ ਵਾਸੀ ਪਿੰਡ ਜਲਾਲ ਉਸਮਾ, ਸੋਨੂੰ ਵਾਸੀ ਚਵਿੰਡਾ ਦੇਵੀ ਤੇ ਕਰਨਬੀਰ ਸਿੰਘ ਵਾਸੀ ਰੂਪੋਵਾਲ ਵੀ ਉਨ੍ਹਾਂ ਨੌਜਵਾਨਾਂ 'ਚ ਸ਼ਾਮਲ ਹਨ, ਜਿਨ੍ਹਾਂ ਨੂੰ ਇਰਾਕ 'ਚ ਬੰਧਕ ਬਣਾਇਆ ਹੋਇਆ ਹੈ।


The Anu Attorney Immigration Law Firm
Law offices of Anu Peshawaria

*More than 25 years of experience *Internationally Awarded-Extraordinary ability *Served as Legal Advisor to Govt. of India, Embassy of India, Washington, DC



Anu Peshawaria
Attorney at Law
Licensed to practice Immigration & Bankruptcy in all 50 states.
More than 20 year experience in US immigration & Indian law

US IMMIGRATION
*Green Cards (Investor, Employment)
*E-2 investor Visa, L1 (Intra Company)
*Family Green Card, Fiancee Visa
*Deportation Defense, VAWA, U Visa
*Asylum, Appeals, Ninth Circuit Court
*H1B, Computer Engineers, Cooks, Teachers, Students, Doctors, Nurses, Physical Therapist

ਪੰਜਾਬੀ, ਅੰਗਰੇਜ਼ੀ, ਹਿੰਦੀ ਤੇ ਉਰਦੂ ਵਿਚ ਗੱਲ ਕਰੋ

ਹੁਣ ਸਿਆਟਲ ਵਿਚ ਵੀ ਦਫਤਰ ਖੁਲ੍ਹ ਚੁਕਾ ਹੈ

FAMILY LAW
*Divorce *Annulment
*International Custody

INCORPORATIONS
*International Contracts, Mergers
*Attorney Supreme Court of India
*Bankruptcy Consultation & Filing

Contact numbers:
Seattle, WA
Ph: 206-774-0907
Fremont, California
Ph: 510-353-0102
Cell Phone 510-299-1907
Toll free: 1-866-586-6297
anu@anuattorney.com
www.anuattorney.com

46560 Fremont Blvd., STE#205, Fremont, CA 94538
801, Pine Street, # 24 C, Seattle, Washington 98101
Offices: Seattle, WA *Fremont, CA *UK *Canada *India

Weekends & Evening Appointments Available



Dhillon Truck Stop
Dhillon Road Service
Interstate 40, exit 356, San Jon, NM

ਗਿੱਲ ਮੰਜ ਗੁਰਦਾਸਪੁਰ ਵਾਲੇ
ਪੰਜਾਬੀ ਢਾਬਾ



24 ਘੰਟੇ ਖੁੱਲ੍ਹਾ

ਡੀਜ਼ਲ ਅਤੇ ਰੋਡ ਸਰਵਿਸ
New & Used Tires
Oil Change

ਨਿਊ ਮੈਕਸੀਕੋ ਦੀ ਸਕੇਲ ਉਤੇ ਵੀ ਸਰਵਿਸ ਦਿੰਦੇ ਹਾਂ

Ph:575-576-4111, 575-815-8536

"Come and run or walk with us"

## | November 8, 2014 | Saturday |

at Quarry Lakes Fremont California

2100 Isherwood Way Fremont, CA 94536

# 8th GURU NANAK MARATHON

Register @ www.sikhsports.com

10 Raffles each $50

Schedule

| Race | Age Category | Time |
|---|---|---|
| 12 Miles | 19, 29, 39, 49 and 50+ | 9:00 AM |
| 2 Miles | 12 and 14 | 11:20 AM |
| 5k (3 miles) | 19, 29, 39, 49 and 50+ | 11:40 AM |

| Prize Ceremony 12:30 PM | Free FOOD will be served to all |

Kids Under 10 "Run for Fun". No Registration Required



SIKH SPORTS ASSOCIATION OF U.S.A.





General Information: 1-866-499-0032

# ਨੋਬੇਲ ਉਡਾਰੀ

## ਪੈਟਰਿਕ ਮੋਦੀਆਨੋ



ਨੋਬੇਲ ਪੁਰਸਕਾਰ ਬਾਰੇ ਅਕਸਰ ਵਿਵਾਦ ਉਠਦੇ ਰਹੇ ਹਨ; ਐਤਕੀਂ ਵੀ ਉਠੇ ਹਨ। ਐਤਕੀਂ ਸਾਹਿਤ ਲਈ ਨੋਬੇਲ ਪੁਰਸਕਾਰ ਫਰਾਂਸੀਸੀ ਨਾਵਲਕਾਰ ਪੈਟਰਿਕ ਮੋਦੀਆਨੋ ਨੂੰ ਮਿਲਿਆ ਹੈ ਅਤੇ ਉਸ ਦੀ ਇਸ ਪੁਰਸਕਾਰ ਦੀ ਚੋਣ ਉਤੇ ਸਵਾਲ ਖੜ੍ਹੇ ਹੋਏ ਹਨ। ਇਸ ਨੁਕਤਾਚੀਨੀ ਵਿਚ ਯਹੂਦੀਆਂ ਵਾਲੀ ਚਰਚਾ ਵੀ ਆਣ ਰਲੀ ਹੈ, ਉਸ ਦੇ ਪਿਤਾ ਦਾ ਪਿਛੋਕੜ ਯਹੂਦੀ ਜੁ ਹੈ, ਪਰ ਜਿੱਡਾ ਵੱਡਾ ਇਹ ਪੁਰਸਕਾਰ ਹੈ, ਉਡੇ ਵੱਡੇ ਹੀ ਵਿਵਾਦ ਇਸ ਪੁਰਸਕਾਰ ਨਾਲ ਜੁੜਦੇ ਰਹੇ ਹਨ, ਫਿਰ ਵੀ ਇਸ ਪੁਰਸਕਾਰ ਨੂੰ ਹਾਸਲ ਕਰਨ ਵਾਲਾ ਸੰਸਾਰ ਸਾਹਿਤ ਵਿਚ ਟੀਸੀ ਉਤੇ ਤਾਂ ਪਹੁੰਚ ਹੀ ਜਾਂਦਾ ਹੈ।

ਉਂਜ, ਮੋਦੀਆਨੋ ਨੂੰ ਐਵਾਰਡ ਮਿਲਣ ਨਾਲ ਨੋਬੇਲ ਪੁਰਸਕਾਰਾਂ ਬਾਰੇ ਇਹ ਚਰਚਾ ਤਾਂ ਇਕ ਵਾਰ ਬੰਦ ਹੀ ਹੋ ਗਈ ਹੈ ਕਿ ਇਹ

**ਗੁਰਬਖਸ਼ ਸਿੰਘ ਸੋਢੀ**

ਪੁਰਸਕਾਰ ਜਾਣ-ਬੁੱਝ ਕੇ ਯੂਰਪੀ ਦੇਸ਼ਾਂ ਦੇ ਅੰਗਰੇਜ਼ੀ ਲੇਖਕਾਂ ਨੂੰ ਹੀ ਦਿੱਤੇ ਜਾਂਦੇ ਹਨ। ਮੋਦੀਆਨੋ ਨੇ ਆਪਣੇ ਇਸ ਪੁਰਸਕਾਰ ਉਤੇ ਖੁਸ਼ੀ ਜ਼ਾਹਿਰ ਕੀਤੀ ਹੈ ਅਤੇ ਕਿਹਾ ਹੈ ਕਿ ਉਸ ਦੀਆਂ ਰਚਨਾਵਾਂ ਨੂੰ ਹੁਣ ਸੰਸਾਰ ਪੱਧਰ ਉਤੇ ਪੜ੍ਹੇ ਜਾਣ ਦਾ ਮੌਕਾ ਬਣ ਗਿਆ ਹੈ।

ਯਾਦ ਰਹੇ ਕਿ ਮੋਦੀਆਨੋ ਦੇ ਜਿਹੜੇ ਨਾਵਲ ਅੰਗਰੇਜ਼ੀ ਵਿਚ ਅਨੁਵਾਦ ਹੋਏ ਹਨ, ਉਹ ਅੱਜ ਕੱਲ੍ਹ 'ਆਊਟ ਆਫ ਪ੍ਰਿੰਟ' ਹੋ ਚੁੱਕੇ ਹਨ। ਹੁਣ ਉਸ ਦੇ ਹੋਰ ਨਾਵਲਾਂ ਦੇ ਅੰਗਰੇਜ਼ੀ ਅਨੁਵਾਦਾਂ ਲਈ ਰਾਹ ਵੀ ਖੁੱਲ੍ਹ ਗਿਆ ਹੈ। ਉਂਜ ਇਸ ਤੋਂ ਪਹਿਲਾਂ ਉਸ ਦੀਆਂ ਰਚਨਾਵਾਂ ਸੰਸਾਰ ਭਰ ਦੀਆਂ 30 ਤੋਂ ਵੀ ਵੱਧ ਜ਼ੁਬਾਨਾਂ ਵਿਚ ਅਨੁਵਾਦ ਹੋ ਚੁੱਕੀਆਂ ਹਨ ਅਤੇ ਜਿਹੜੇ ਲੋਕ ਪੜ੍ਹਨ-ਪੜ੍ਹਾਉਣ ਵਿਚ ਰੁਚੀ ਰੱਖਦੇ ਹਨ, ਉਨ੍ਹਾਂ ਨੂੰ ਬਾਕਾਇਦਾ ਖਬਰ ਹੈ ਕਿ ਮੋਦੀਆਨੋ ਕੌਣ ਹੈ ਅਤੇ ਆਪਣੀਆਂ ਰਚਨਾਵਾਂ ਵਿਚ ਉਸ ਨੇ ਕੀ ਕੁਝ ਪਰੋਇਆ ਹੋਇਆ ਹੈ।

ਪੈਟਰਿਕ ਮੋਦੀਆਨੋ ਦਾ ਜਨਮ 30 ਜੁਲਾਈ 1947 ਨੂੰ ਪੈਰਿਸ ਵਿਚ ਹੋਇਆ ਸੀ ਅਤੇ ਉਸ ਦੇ ਪਿਤਾ ਦਾ ਪਿਛੋਕੜ ਯਹੂਦੀ ਸੀ, ਉਸ ਦੀ ਮਾਂ ਬੈਲਜ਼ੀਅਮ ਦੀ ਅਦਾਕਾਰਾ ਲੂਈਸਾ ਕੋਲਪਿਨ ਸੀ। ਇਹ ਦੋਵੇਂ ਜਣੇ ਦੂਜੀ ਵੱਡੀ ਸੰਸਾਰ ਜੰਗ ਦੌਰਾਨ ਮਿਲੇ ਸਨ। ਮੋਦੀਆਨੋ ਦੇ ਬਚਪਨ ਦਾ ਮਾਹੌਲ ਬੜਾ ਵੱਖਰਾ ਸੀ। ਉਸ ਦੇ ਨਾਨਾ-ਨਾਨੀ ਨੇ ਉਸ ਨੂੰ ਪਾਲਿਆ ਅਤੇ 1970 ਵਿਚ ਉਸ ਦਾ ਵਿਆਹ ਹੋਇਆ। ਲਿਖਣ ਲਈ ਹੱਲਾਸ਼ੇਰੀ ਉਸ ਨੂੰ ਕੁਇਨੀ ਨੇ ਦਿੱਤੀ। ਕੁਇਨੀ ਨੇ ਹੀ ਉਸ ਨੂੰ ਉਂਗਲ ਫੜ ਕੇ ਸਾਹਿਤ ਦੀ ਦੁਨੀਆਂ ਵਿਚ ਪ੍ਰਵੇਸ਼ ਕਰਵਾਇਆ। ਉਸ ਦਾ ਪਹਿਲਾ ਨਾਵਲ 1968 ਵਿਚ ਛਪਿਆ ਸੀ। ਇਸ ਨਾਵਲ ਵਿਚ ਇਕ ਯਹੂਦੀ ਬੰਦੇ ਦੀ ਕਹਾਣੀ ਬਿਆਨ ਕੀਤੀ ਗਈ ਹੈ ਜੋ ਜੰਗ ਵਿਚ ਉਲਝਿਆ ਹੋਇਆ ਹੈ, ਪਰ ਉਸ ਦੇ ਪਿਤਾ ਨੂੰ ਇਹ ਨਾਵਲ ਚੰਗਾ ਨਾ ਲੱਗਿਆ। ਉਸ ਨੇ ਇਸ ਨਾਵਲ ਦੀਆਂ ਸਾਰੀਆਂ ਦੀਆਂ ਸਾਰੀਆਂ ਕਾਪੀਆਂ ਖਰੀਦਣ ਦਾ ਯਤਨ ਵੀ ਕੀਤਾ, ਤਾਂ ਕਿ ਕੋਈ ਹੋਰ ਉਸ ਦੇ ਪੁੱਤ ਦੀ ਇਸ ਰਚਨਾ ਨੂੰ ਪੜ੍ਹ ਨਾ ਸਕੇ। ਇਸ ਨਾਵਲ ਦਾ ਜਰਮਨ ਅਡੀਸ਼ਨ 2010 ਵਿਚ ਰਿਲੀਜ਼ ਹੋਇਆ ਸੀ। ਜਰਮਨ ਅਡੀਸ਼ਨ ਦੀ ਖੂਬ ਵਿਕਰੀ ਹੋਈ।

ਮੋਦੀਆਨੋ ਦਾ ਸਭ ਤੋਂ ਚਰਚਿਤ ਨਾਵਲ 'ਦਿ ਸਰਚ ਵਰੰਟ' ਹੈ। ਫਰਾਂਸੀਸੀ ਵਿਚ ਇਸ ਨਾਵਲ ਦਾ ਨਾਂ 'ਡੋਰਾ ਬਰੂਡਰ' ਸੀ। ਇਸ ਵਿਚ ਉਸ ਦੀ ਸਵੈ-ਜੀਵਨੀ ਵੀ ਕਾਫੀ ਹੱਦ ਤੱਕ ਘੁਲੀ-ਮਿਲੀ ਹੋਈ ਹੈ। ਇਹ ਨਾਵਲ 15 ਸਾਲ ਦੀ ਕੁੜੀ ਉਤੇ ਆਧਾਰਤ ਹੈ। ਇਸ ਨਾਵਲ ਕਹਾਣੀ ਲਿਖਣ ਦਾ ਖਿਆਲ ਉਸ ਨੂੰ ਦਸੰਬਰ 1941 ਵਿਚ ਫਰਾਂਸੀਸੀ ਅਖਬਾਰ 'ਪੈਰਿਸ ਸੋਇਰ' ਵਿਚ ਛਪੀ ਇਕ ਖਬਰ ਤੋਂ ਆਇਆ ਸੀ। ਖਬਰ ਮੁਤਾਬਕ ਇਕ ਯਹੂਦੀ ਕੁੜੀ ਲਾਪਤਾ ਹੋ ਗਈ ਸੀ। ਮੋਦੀਆਨੋ ਨੂੰ ਇਸ ਖ਼ਬਰ ਨਾਲ ਇੰਨਾ ਖਬਤ ਜਾਗਿਆ ਕਿ ਉਹ ਆਪ ਅਖਬਾਰਾਂ ਦੀਆਂ ਕਟਿੰਗਾਂ ਅਤੇ ਹੋਰ ਸਬੰਧਤ ਸਾਮਾਨ ਲੈ ਕੇ ਕੁੜੀ ਨੂੰ ਲੱਭਣ ਤੁਰ ਪਿਆ। ਬੱਸ, ਇਹੀ ਕਹਾਣੀ ਇਸ ਨਾਵਲ ਦੀ ਕਹਾਣੀ ਹੋ ਨਿਬੜੀ। ਇਸ ਵਿਚ ਉਸ ਨੇ ਆਪਣੀ ਜ਼ਿੰਦਗੀ ਦੀ ਕਥਾ ਵੀ ਜੋੜ ਲਈ ਸੀ।

### ਨੋਬੇਲ ਪੁਰਸਕਾਰ ਦੀ ਕਹਾਣੀ

*ਨੋਬੇਲ ਪੁਰਸਕਾਰ ਸਵੀਡਨ ਵਿਗਿਆਨੀ, ਖੋਜੀ ਤੇ ਉਦਮੀ ਅਲਫ੍ਰੈੱਡ ਬਰਨਹਾਰਡ ਨੋਬੇਲ (21 ਅਕਤੂਬਰ 1833-10 ਦਸੰਬਰ 1896) 'ਤੇ ਆਧਾਰਤ ਹੈ ਜਿਸ ਨੇ ਡਾਈਨਾਮਾਈਟ ਦੀ ਖੋਜ ਕੀਤੀ। 1888 ਵਿਚ ਉਸ ਦੇ ਭਰਾ ਲੁਡਵਿਗ ਦੀ ਫਰਾਂਸ ਵਿਚ ਮੌਤ ਹੋ ਗਈ ਅਤੇ ਇਕ ਫਰਾਂਸੀਸੀ ਅਖਬਾਰ ਨੇ ਭੁਲੇਖੇ ਨਾਲ ਨੋਬੇਲ ਦੀ ਸ਼ਰਧਾਂਜਲੀ ਨਮਿਤ ਲੇਖ ਛਾਪਿਆ। ਇਸ ਲੇਖ ਵਿਚ ਨੋਬੇਲ ਬਾਰੇ ਲਿਖਿਆ ਹੋਇਆ ਸੀ- 'ਮੌਤ ਦਾ ਵਪਾਰੀ ਮਰ ਗਿਆ ਹੈ।' ਨੋਬੇਲ ਦੀਆਂ ਅੱਖਾਂ ਖੁੱਲ੍ਹ ਗਈਆਂ ਅਤੇ ਉਸ ਨੇ ਕੁਝ ਚੰਗਾ ਕਰਨ ਬਾਰੇ ਸੋਚਿਆ। 27 ਨਵੰਬਰ 1895 ਨੂੰ ਉਸ ਨੇ ਆਪਣੀ ਵਸੀਅਤ ਵਿਚ ਨੋਬੇਲ ਪੁਰਸਕਾਰਾਂ ਲਈ ਚੋਖੀ ਜਾਇਦਾਦ ਰਾਖਵੀਂ ਰੱਖ ਦਿੱਤੀ। ਉਸ ਦੀ ਮੌਤ ਤੋਂ ਬਾਅਦ 1901 ਵਿਚ ਇਹ ਪੁਰਸਕਾਰ ਸ਼ੁਰੂ ਹੋਏ।*





ਫੁਰਸਤ ਦੇ ਪਲ: ਆਪਣੇ ਲਿਖਣ ਕਮਰੇ ਵਿਚ ਪੈਟਰਿਕ ਮੋਦੀਆਨੋ।

# ਆਖ ਤਸਵੀਰਾਂ ਬੋਲਦੀਆਂ

ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੂੰ ਭਰਪੂਰ ਹੁੰਗਾਰਾ ਮਿਲਿਆ ਹੈ। ਇਸ ਕਾਲਮ ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਇਕ-ਦੋ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। 'ਗਾਗਰ ਵਿਚ ਸਾਗਰ' ਭਰਨ ਵਾਲਿਆਂ ਨੂੰ ਪਹਿਲ ਮਿਲੇਗੀ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਜੇ ਤੁਹਾਡੇ ਪਾਸ ਪੰਜਾਬੀ ਸਭਿਆਚਾਰ ਨੂੰ ਦਰਸਾਉਂਦੀ ਕੋਈ ਵਧੀਆ ਤਸਵੀਰ ਹੈ ਤਾਂ ਤੁਸੀਂ ਉਹ ਵੀ ਇਸ ਕਾਲਮ ਲਈ ਭੇਜ ਸਕਦੇ ਹੋ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 25 ਅਕਤੂਬਰ 2014 ਹੈ। -ਸੰਪਾਦਕ

## ਕੈਪਸ਼ਨ ਮੁਕਾਬਲਾ-139



*ਤਸਵੀਰ: ਜਗਰਾਜ ਗਿੱਲ, ਸ਼ਾਰਲਟ, ਫੋਨ: 704-257-6693*

**ਮੇਲੇ ਉਤੇ ਆਏ ਨੇ ਲੋਕੀਂ ਬੰਨ੍ਹ ਬੰਨ੍ਹ ਜੋੜੀਆਂ।**
**ਢੋਲ ਦੇ ਡੱਗੇ ਉਤੇ ਦੇਖੋ ਨੱਚ ਰਹੀਆਂ ਘੋੜੀਆਂ।**

## ਕੈਪਸ਼ਨ ਮੁਕਾਬਲਾ-137



ਤੌੜਿਆਂ ਉਪਰ ਸੀ ਵੱਟੀਆਂ ਜਾਂਦੀਆਂ
ਤਲੀਆਂ ਦਾ ਮੋਹ ਪਾ ਕੇ।
ਹੁਣ ਲਾ ਸਪੀਕਰ ਬਣਾਉਣ ਸੇਵੀਆਂ
ਘਰ ਘਰ ਦੇ ਵਿਚ ਆ ਕੇ।
'ਵੱਟਣ' 'ਬਣਾਉਣ' ਵਿਚ ਬੜਾ ਫਰਕ ਹੈ
ਰੱਖਿਓ ਗੱਲ ਚਿੱਤ ਲਾ ਕੇ।

*-ਜਗਮੀਤ ਸਿੰਘ ਪੰਧੇਰ*
*ਪਿੰਡ ਕਲਾਹੜ (ਲੁਧਿਆਣਾ)*
*ਫੋਨ: 91-98783-37222*

---

ਬੇਰੁਜ਼ਗਾਰ ਸਦਾਉਣੇ ਨਾਲੋਂ,
ਆਪਣਾ ਕੰਮ ਚਲਾਇਆ ਏ।
ਗਲੀ ਗਲੀ ਜਾ ਸੇਵੀਆਂ ਵੱਟਾਂ,
ਨਵਾਂ ਜੁਗਾੜ ਬਣਾਇਆ ਏ।

*-ਬੱਲੀ ਸਿੰਘ ਸੈਨ ਹੋਜ਼ੇ*

ਮੂਧੇ ਘੜਿਆਂ ਉਤੇ
ਹੱਥਾਂ ਨਾਲ ਸੇਵੀਆਂ ਵੱਟਣ ਦਾ
ਸੀ ਲੋਕੋ ਵੱਖਰਾ ਰੰਗ।
ਮਿੰਟੋ-ਮਿੰਟੀ ਲਾ ਦਿੰਦੇ
ਹੁਣ ਸੇਵੀਆਂ ਦੇ ਢੇਰ
ਨਵੇਂ ਯੁਗ ਦੇ ਨਵੇਂ ਢੰਗ।

*-ਪਰਸ਼ੋਤਮ ਸਿੰਘ ਯੂਬਾ ਸਿਟੀ*

---

ਗੁੜ ਦੀ ਚਾਸ਼ਣੀ ਬਣਾ ਚੁੱਲ੍ਹੇ 'ਤੇ
ਵਿਚ ਘਰ ਦੀਆਂ ਸੇਵੀਆਂ ਪਾਈਏ।
ਹੋ ਜਾਊ ਜਦ ਰਿੱਝ ਰਿੱਝ ਤਿਆਰ
ਫਿਰ ਕੌਲੇ ਭਰ ਭਰ ਖਾਈਏ।

*-ਹਰਮੀਕ ਸਿੰਘ ਵਿੱਕੀ*
*ਸਟਾਕਟਨ, ਕੈਲੀਫੋਰਨੀਆ।*

---

ਨਸ਼ਿਆਂ ਦੀ ਐਸੀ ਮਾਰ ਵਗੀ ਕਿ
ਪੰਜਾਬ 'ਚੋਂ ਗੱਭਰੂ ਮੁੱਕ ਗਏ।
ਨਾਲ ਮਸ਼ੀਨਾਂ ਕੌਣ ਘੁਲੇ ਹੁਣ
ਡੌਲੇ ਤਾਂ ਮੂਲੋਂ ਸੁੱਕ ਗਏ।
ਲੱਭੂ ਰਾਮ ਨੇ ਕਾਢ ਕੱਢੀ
ਇਹ ਨਵਾਂ ਜੁਗਾੜ ਬਣਾਇਆ।
'ਸੇਵੀਆਂ ਵੱਟ ਲਓ ਗੁੱਗਾ ਪੂਜੋ ਭਾਈ'
ਦਾ ਹੋਕਾ ਆਣ ਲਗਾਇਆ।

*-ਸੇਵਾ ਸਿੰਘ ਨੂਰਪੁਰੀ*
*ਸੈਨ ਹੋਜ਼ੇ, ਕੈਲੀਫੋਰਨੀਆ।*
*ਫੋਨ: 408-912-3438*

# ਕਾਵਿ-ਵਿਅੰਗ

## ਹੇਰਾ ਫੇਰੀ

ਵਿਚ ਦੋ ਦੇ ਦੋ ਜੇ ਜਮ੍ਹਾਂ ਕਰੀਏ, ਆਉਂਦਾ ਉਨ੍ਹਾਂ ਦਾ ਜੋੜ ਹੈ ਚਾਰ ਮੀਆਂ।
ਤਿੰਨ ਪੰਜ ਦੀ ਉਥੇ ਗੁੰਜਾਇਸ਼ ਹੁੰਦੀ, ਹੇਰਾ-ਫੇਰੀ ਦੇ ਜਿਥੇ ਆਸਾਰ ਮੀਆਂ।
ਬਿੰਨ ਕੀਤਿਆਂ ਕਦੇ ਨਾ ਕੁਝ ਹੋਵੇ, ਸਾਇੰਸਦਾਨਾਂ ਦਾ ਇਹ ਵਿਚਾਰ ਮੀਆਂ।
ਉਸ ਗੱਲ 'ਤੇ ਕਰੇ ਨਾ ਅਮਲ 'ਬੱਗਾ', ਜਿਸ ਗੱਲ ਦਾ ਕਰੇ ਪ੍ਰਚਾਰ ਮੀਆਂ।

*-ਰਮੇਸ਼ ਬੱਗਾ ਚੋਹਲਾ, ਫੋਨ: 91-94631-32719*

## ਉਘੇ ਡਾਇਰੈਕਟਰ ਅਸ਼ੋਕ ਟਾਂਗਰੀ ਦਾ ਸਨਮਾਨ

**ਸੈਨ ਫਰਾਂਸਿਸਕੋ (ਬਿਊਰੋ):** ਰੰਗ ਮੰਚ ਤੇ ਫਿਲਮਾਂ ਨਾਲ ਪਿਛਲੇ ਚਾਰ ਦਹਾਕਿਆਂ ਤੋਂ ਜੁੜੇ ਹੋਏ ਉਘੇ ਐਕਟਰ ਤੇ ਡਾਇਰੈਕਟਰ ਅਸ਼ੋਕ ਟਾਂਗਰੀ ਦਾ 'ਸੈਨ ਫਰਾਂਸਿਸਕੋ ਗਲੋਬਲ ਮੂਵੀ ਫੈਸਟੀਵਲ' ਵਿਚ ਵਿਸ਼ੇਸ਼ ਸਨਮਾਨ ਕੀਤਾ ਗਿਆ। ਇਹ



*ਅਸ਼ੋਕ ਟਾਂਗਰੀ (ਖੱਬੇ) ਸਨਮਾਨ ਹਾਸਲ ਕਰਦਿਆਂ*

ਮੂਵੀ ਫੈਸਟੀਵਲ ਫੈਡਰੇਸ਼ਨ ਆਫ ਇੰਡੋ-ਅਮੈਰਿਕਨ ਆਫ ਨਾਰਦਰਨ ਕੈਲੀਫੋਰਨੀਆ ਵਲੋਂ ਕਰਵਾਇਆ ਗਿਆ ਸੀ।

ਜ਼ਿਕਰਯੋਗ ਹੈ ਕਿ ਇਸ ਸੰਸਥਾ ਵਲੋਂ ਚੀਨ, ਜਪਾਨ, ਰਸ਼ੀਆ, ਇਟਲੀ ਤੇ ਸਾਊਥ ਅਮਰੀਕਾ ਆਦਿ ਦੀਆਂ ਫਿਲਮਾਂ ਨਾਲ ਜੁੜੀਆਂ ਸ਼ਖਸੀਅਤਾਂ ਨੂੰ ਦੁਨੀਆਂ ਦੇ ਵੱਖ ਵੱਖ ਸਭਿਆਚਾਰਾਂ ਵਿਚ ਆਪਸੀ ਮੇਲ-ਮਿਲਾਪ ਵਧਾਉਣ ਤੇ ਇੱਕ ਦੂਜੇ ਨੂੰ ਸਮਝਣ ਦੇ ਮੰਤਵ ਨਾਲ ਉਨ੍ਹਾਂ ਦੇ ਯੋਗਦਾਨ ਲਈ ਸਨਮਾਨਿਤ ਕੀਤਾ ਜਾਂਦਾ ਹੈ। ਇਸੇ ਤਹਿਤ ਪੰਜਾਬੀ ਫਿਲਮਾਂ ਤੇ ਰੰਗ ਮੰਚ ਲਈ ਵਡਮੁੱਲਾ ਯੋਗਦਾਨ ਪਾਉਣ ਬਦਲੇ ਇਹ ਐਵਾਰਡ ਅਸ਼ੋਕ ਟਾਂਗਰੀ ਨੂੰ ਦਿੱਤਾ ਗਿਆ। ਯਾਦ ਰਹੇ, ਪਿਛਲੇ ਕੁਝ ਸਾਲਾਂ ਤੋਂ ਅਸ਼ੋਕ ਟਾਂਗਰੀ ਨੇ ਪੰਜਾਬੀ ਰੰਗ ਮੰਚ ਨੂੰ ਇੱਕ ਨਵਾਂ ਮੂੰਹ ਮੁਹਾਂਦਰਾ ਦਿੰਦਿਆਂ ਅਮਰੀਕਾ (ਖਾਸ ਤੌਰ 'ਤੇ ਬੇ-ਏਰੀਆ) ਅਤੇ ਕੈਨੇਡਾ ਵਿਚ ਕਈ ਸਫਲ ਤੇ ਯਾਦਗਾਰੀ ਨਾਟਕ ਖੇਡੇ ਹਨ। ਅੱਜ ਕੱਲ ਉਹ ਕੈਲੀਫੋਰਨੀਆ ਦੇ ਵੱਖ ਵੱਖ ਸ਼ਹਿਰਾਂ ਵਿਚ ਨਾਟਕ 'ਧੀਆਂ ਮਰਜਾਣੀਆਂ' ਦੇ ਸ਼ੋਅ ਕਰ ਰਹੇ ਹਨ।

## ਸਵਿੱਸ ਖਾਤਿਆਂ ਬਾਰੇ ਜਾਣਕਾਰੀ ਦੀ ਉਡੀਕ ਹੋਈ ਲੰਮੀ

**ਨਵੀਂ ਦਿੱਲੀ:** ਭਾਰਤ ਨੂੰ ਕਾਲੇ ਧਨ ਦੀ ਜਾਣਕਾਰੀ ਹਾਸਲ ਕਰਨ ਵਿਚ ਅਜੇ ਹੋਰ ਸਮਾਂ ਲੱਗੇਗਾ। ਭਾਰਤ ਤੇ ਸਵਿੱਟਜ਼ਰਲੈਂਡ ਦੇ ਅਧਿਕਾਰੀ ਇਨ੍ਹਾਂ ਕੇਸਾਂ ਦੇ ਆਦਾਨ-ਪ੍ਰਦਾਨ ਲਈ ਭਾਵੇਂ ਛੇਤੀ ਮਿਲ ਰਹੇ ਹਨ ਪਰ ਸਵਿੱਟਜ਼ਰਲੈਂਡ ਨੇ ਕੁਝ ਹੀ ਮੁਲਕਾਂ ਨਾਲ ਟੈਕਸ ਚੋਰੀ ਬਾਰੇ ਜਾਣਕਾਰੀ ਸਾਂਝੀ ਕਰਨ ਦਾ ਫ਼ੈਸਲਾ ਕੀਤਾ ਹੈ।

ਸਵਿੱਸ ਫੈਡਰਲ ਵਿੱਤ ਵਿਭਾਗ ਦੇ ਤਰਜਮਾਨ ਨੇ ਦੱਸਿਆ ਕਿ ਟੈਕਸ ਚੋਰੀ ਬਾਰੇ ਪਹਿਲਾਂ ਯੂਰਪੀਨ ਯੂਨੀਅਨ ਤੇ ਅਮਰੀਕਾ ਨਾਲ ਸੂਚਨਾਵਾਂ ਸਾਂਝੀਆਂ ਕੀਤੀਆਂ ਜਾਣਗੀਆਂ। ਹੋਰਨਾਂ ਮੁਲਕਾਂ ਨਾਲ ਸੂਚਨਾ ਸਾਂਝੀ ਕਰਨ ਬਾਰੇ ਵੀ ਵਿਚਾਰ-ਵਟਾਂਦਰਾ ਚੱਲ ਰਿਹਾ ਹੈ। ਤਰਜਮਾਨ ਨੇ ਕਿਹਾ ਕਿ ਸਵਿੱਟਜ਼ਰਲੈਂਡ ਨਾਲ ਆਰਥਿਕ ਤੇ ਸਿਆਸੀ ਰਿਸ਼ਤੇ ਰੱਖਣ ਵਾਲੇ ਮੁਲਕਾਂ ਨੂੰ ਪਹਿਲਾਂ ਤਰਜੀਹ ਦਿੱਤੀ ਜਾਵੇਗੀ ਪਰ ਇਸ ਵਿਚ ਭਾਰਤ ਦਾ ਨਾਂ ਸ਼ਾਮਲ ਨਹੀਂ ਹੈ। ਸ

ਵਿੱਸ ਫੈਡਰਲ ਕੌਂਸਲ ਨੇ ਅੱਠ ਅਕਤੂਬਰ ਨੂੰ ਟੈਕਸ ਮਾਮਲਿਆਂ ਬਾਰੇ ਹੋਰਨਾਂ ਮੁਲਕਾਂ ਨਾਲ ਸੂਚਨਾਵਾਂ ਸਾਂਝੀਆਂ ਕਰਨ ਦੀ ਪ੍ਰਵਾਨਗੀ ਦੇ ਦਿੱਤੀ ਸੀ। ਮਈ ਵਿਚ ਬਣੀ ਨਵੀਂ ਐਨ.ਡੀ.ਏ. ਸਰਕਾਰ ਨੇ ਕਿਹਾ ਸੀ ਕਿ ਉਹ ਭਾਰਤੀਆਂ ਵੱਲੋਂ ਸਵਿੱਸ ਬੈਂਕਾਂ ਸਮੇਤ ਹੋਰ ਮੁਲਕਾਂ ਵਿਚ ਰੱਖੇ ਕਾਲੇ ਧਨ ਨੂੰ ਵਾਪਸ ਲਿਆਉਣ ਦੇ ਯਤਨ ਕਰੇਗੀ। ਭਾਰਤ ਤੇ ਸਵਿੱਸ ਅਧਿਕਾਰੀਆਂ ਵਿਚਕਾਰ ਆਉਂਦੇ ਹਫ਼ਤਿਆਂ ਵਿਚ ਬੈਠਕ ਹੋ ਸਕਦੀ ਹੈ ਤੇ ਭਾਰਤ ਵੱਲੋਂ ਸਵਿੱਸ ਅਧਿਕਾਰੀਆਂ ਨੂੰ ਮਨਾਉਣ ਦੀ ਕੋਸ਼ਿਸ਼ ਕੀਤੀ ਜਾਵੇਗੀ ਕਿ ਉਹ ਸਵਿੱਸ ਬੈਂਕਾਂ ਵਿਚ ਪੈਸੇ ਜਮ੍ਹਾਂ ਕਰਾਉਣ ਵਾਲੇ ਭਾਰਤੀਆਂ ਦੇ ਵੇਰਵੇ ਸਾਂਝੇ ਕਰੇ। ਸਵਿੱਸ ਵਿੱਤ ਮੰਤਰਾਲੇ ਮੁਤਾਬਕ ਨਵੀਂ ਆਟੋਮੈਟਿਕ ਇਨਫਾਰਮੇਸ਼ਨ ਐਕਸਚੇਂਜ ਨੀਤੀ ਜੀ-20 ਮੁਲਕਾਂ ਦੀ ਤਰਜ 'ਤੇ ਅਰੰਭੀ ਜਾ ਰਹੀ ਹੈ, ਜਿਸ ਦਾ ਭਾਰਤ ਵੀ ਮੈਂਬਰ ਹੈ।







# ਪੰਚਾਇਤਾਂ ਨਾਲ ਆਢਾ ਲਾ ਕੇ ਘਿਰਿਆ ਅਕਾਲੀ ਦਲ

## ਪ੍ਰਾਈਵੇਟ ਆਡਿਟ ਬਾਰੇ ਫੈਸਲੇ ਤੋਂ ਪਿੱਛੇ ਹਟਣ ਲਈ ਮਜਬੂਰ



**ਚੰਡੀਗੜ੍ਹ:** ਪੰਜਾਬ ਸਰਕਾਰ ਸੂਬੇ ਦੀਆਂ ਗ੍ਰਾਮ ਪੰਚਾਇਤਾਂ ਨਾਲ ਆਢਾ ਲਾ ਕੇ ਘਿਰਦੀ ਨਜ਼ਰ ਆ ਰਹੀ ਹੈ। ਸੂਬੇ ਦੀਆਂ ਸਮੁੱਚੀਆਂ ਗ੍ਰਾਮ ਪੰਚਾਇਤਾਂ ਵੱਲੋਂ ਪ੍ਰਾਇਵੇਟ ਆਡਿੱਟ ਬਾਰੇ ਪੰਜਾਬ ਸਰਕਾਰ ਵਿਰੁੱਧ ਵਿੱਢੀ ਮੁਹਿੰਮ ਨੇ ਸਰਕਾਰ ਦੇ ਨੱਕ ਵਿਚ ਦਮ ਕਰ ਦਿੱਤਾ ਹੈ। ਸਰਕਾਰ ਦੀ ਭਾਈਵਾਲ ਪਾਰਟੀ ਭਾਜਪਾ ਵੱਲੋਂ ਅਕਾਲੀ ਦਲ ਪ੍ਰਤੀ ਤਿੱਖੇ ਤੇਵਰ ਅਪਣਾਉਣ ਕਾਰਨ ਪਹਿਲਾਂ ਹੀ ਪ੍ਰੇਸ਼ਾਨੀਆਂ ਦੇ ਆਲਮ ਵਿਚੋਂ ਲੰਘ ਰਹੀ ਪਾਰਟੀ ਨੂੰ ਪੰਚਾਇਤ ਯੂਨੀਅਨ ਵੱਲੋਂ ਆਡਿੱਟ ਦੇ ਮੁੱਦੇ 'ਤੇ ਦਿੱਤੀ ਸਿੱਧੀ ਚੁਣੌਤੀ ਤੇ ਜ਼ਬਰਦਸਤ ਰੋਹ ਨੇ ਫਿਕਰਾਂ ਵਿਚ ਪਾ ਦਿੱਤਾ ਹੈ।

ਦੱਸਣਯੋਗ ਹੈ ਕਿ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਲੋਕ ਸਭਾ ਚੋਣਾਂ ਤੋਂ ਬਾਅਦ ਸੂਬੇ ਦੀਆਂ ਸਮੁੱਚੀਆਂ ਗ੍ਰਾਮ ਪੰਚਾਇਤਾਂ ਦਾ ਪ੍ਰਾਇਵੇਟ ਆਡਿੱਟ ਕਰਵਾਉਣ ਦਾ ਫੈਸਲਾ ਲਿਆ ਸੀ ਪਰ ਪੰਚਾਇਤਾਂ ਨੇ ਇਸ ਦਾ ਖੁੱਲ੍ਹ ਕੇ ਵਿਰੋਧ ਕਰਨਾ ਸ਼ੁਰੂ ਕਰ ਦਿੱਤਾ ਹੈ। ਇਥੋਂ ਤੱਕ ਕਿ ਪੰਚਾਇਤੀ ਵਿਭਾਗ ਦੇ ਜ਼ਿਆਦਾਤਰ ਅਧਿਕਾਰੀ ਵੀ ਸਰਕਾਰ ਦੇ ਫੈਸਲੇ ਦਾ ਵਿਰੋਧ ਕਰ ਰਹੇ ਹਨ ਪਰ ਉਹ ਆਪ ਸਾਹਮਣੇ ਆਉਣ ਦੀ ਥਾਂ ਪੰਚਾਇਤਾਂ ਨੂੰ ਅੱਗੇ ਕਰ ਰਹੇ ਹਨ। ਇਸ ਲਈ ਸਰਕਾਰ ਆਪਣੇ ਫੈਸਲੇ 'ਤੇ ਘਿਰੀ ਨਜ਼ਰ ਆ ਰਹੀ ਹੈ। ਅਕਾਲੀ ਦਲ ਦਾ ਪੇਂਡੂ ਵੋਟ ਬੈਂਕ ਕਾਫੀ ਮਜ਼ਬੂਤ ਹੈ ਤੇ ਸਰਕਾਰ ਪੰਚਾਇਤਾਂ ਨਾਲ ਦੁਸ਼ਮਣੀ ਲੈਣ ਤੋਂ ਟਾਲਾ ਵੱਟਦੀ ਨਜ਼ਰ ਆ ਰਹੀ ਹੈ।

ਮਿਲੀ ਜਾਣਕਾਰੀ ਮੁਤਾਬਕ ਸਰਪੰਚਾਂ ਵੱਲੋਂ ਆਡਿੱਟ ਤੇ ਪੰਚਾਇਤਾਂ ਦੀਆਂ ਹੋਰਨਾਂ ਮੰਗਾਂ ਬਾਰੇ ਪਹਿਲਾਂ ਮੁੱਖ ਮੰਤਰੀ ਪੰਜਾਬ ਤੇ ਪੇਂਡੂ ਵਿਕਾਸ ਤੇ ਪੰਚਾਇਤ ਮੰਤਰੀ ਪੰਜਾਬ ਸਿਕੰਦਰ ਸਿੰਘ ਮਲੂਕਾ ਨਾਲ ਗੱਲਬਾਤ ਰਾਹੀਂ ਮਸਲੇ ਦਾ ਹੱਲ ਕਰਨ ਦੀਆਂ ਕੋਸ਼ਿਸ਼ਾਂ ਕੀਤੀਆਂ ਗਈਆਂ, ਪਰ ਸਰਕਾਰ ਦੇ ਅੜੀਅਲ ਵਤੀਰੇ ਤੋਂ ਨਾ-ਖੁਸ਼ ਪੰਚਾਇਤ ਯੂਨੀਅਨ ਵੱਲੋਂ ਮੁਹਾਲੀ ਸਥਿਤ ਡਾਇਰੈਕਟਰ ਪੰਚਾਇਤ ਦੇ ਦਫ਼ਤਰ ਸਾਹਮਣੇ ਪਿਛਲੇ ਦਿਨੀਂ ਦਿੱਤੇ ਧਰਨੇ ਵਿਚ 20 ਹਜ਼ਾਰ ਤੋਂ ਵੀ ਜ਼ਿਆਦਾ ਪੰਚਾਂ-ਸਰਪੰਚਾਂ ਦੀ ਸ਼ਮੂਲੀਅਤ ਨੇ ਸਰਕਾਰ ਦੀ ਨੀਂਦ ਉਡਾ ਦਿੱਤੀ ਹੈ ਤੇ ਬੇਮਿਸਾਲ ਇਕੱਠ ਨੇ ਸਰਕਾਰ ਨੂੰ ਪੰਚਾਇਤਾਂ ਦੀਆਂ ਮੰਗਾਂ ਪ੍ਰਤੀ ਮੁੜ ਸੋਚਣ ਲਈ ਮਜ਼ਬੂਰ ਕਰ ਦਿੱਤਾ ਹੈ।

ਸਰਪੰਚਾਂ-ਪੰਚਾਂ ਵੱਲੋਂ ਸ਼ੁਰੂ ਕੀਤੇ ਇਸ ਅੰਦੋਲਨ ਨੂੰ ਪੰਚਾਇਤ ਵਿਭਾਗ ਦੀਆਂ ਸਾਰਿਆਂ ਕਰਮਚਾਰੀਆਂ ਯੂਨੀਅਨਾਂ ਵੱਲੋਂ ਦਿੱਤੇ ਸਮਰਥਨ ਕਾਰਨ ਸਮੁੱਚੇ ਪੰਜਾਬ ਅੰਦਰ ਪੰਚਾਇਤਾਂ ਦਾ ਕੰਮ ਤਕਰੀਬਨ ਠੱਪ ਹੋ ਕੇ ਰਹਿ ਗਿਆ ਹੈ।

ਸਰਕਾਰ ਦੇ ਸਰਪੰਚਾਂ ਨਾਲ ਟਕਰਾਓ ਵਾਲੇ ਵਤੀਰੇ ਤੋਂ ਸੂਬੇ ਦੀ ਭਾਈਵਾਲ ਪਾਰਟੀ ਭਾਜਪਾ ਦੇ ਆਗੂ ਵੀ ਅੰਦਰ ਖਾਤੇ ਔਖ ਮਹਿਸੂਸ ਕਰ ਰਹੇ ਹਨ, ਕਿਉਂਕਿ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਵੱਲੋਂ ਦੋ ਅਕਤੂਬਰ ਤੋਂ ਆਰੰਭੇ 'ਸਵੱਛ ਭਾਰਤ ਅਭਿਆਨ' ਦਾ ਭਾਜਪਾ ਦੀ ਆਪਣੀ ਸਰਕਾਰ ਵਾਲੇ ਸੂਬੇ ਦੇ ਪੇਂਡੂ ਖੇਤਰਾਂ ਵਿਚ ਪੂਰੀ ਤਰ੍ਹਾਂ ਜਲੂਸ ਨਿੱਕਲ ਚੁੱਕਾ ਹੈ ਤੇ ਪਿੰਡਾਂ ਵਿਚ ਸਫਾਈ ਅਭਿਆਨ ਸਿਰਫ਼ ਕਾਗਜ਼ੀ ਰਿਪੋਰਟਾਂ ਤੱਕ ਹੀ ਸੀਮਤ ਹੋ ਕੇ ਰਹਿ ਗਿਆ ਹੈ।

ਸਰਕਾਰ ਦੀ ਆਲਾ ਕਮਾਨ ਨੂੰ ਹਰਿਆਣਾ ਚੋਣਾਂ ਦੇ ਪ੍ਰਚਾਰ ਤੋਂ ਤੁਰੰਤ ਬਾਅਦ ਇਸ ਮੁੱਦੇ ਦੀ ਗੰਭੀਰਤਾ ਨੂੰ ਸਮਝਦੇ ਹੋਏ ਇਸ ਮਸਲੇ ਦਾ ਹੱਲ ਕਰਨ ਲਈ ਸਾਰਥਿਕ ਯਤਨ ਕਰਨਗੇ ਪੈਣਗੇ, ਕਿਉਂਕਿ ਭਾਜਪਾ ਤੋਂ ਇਲਾਕਾ ਸੂਬੇ ਦੀਆਂ ਦੂਸਰੀਆਂ ਰਾਜਨੀਤਕ ਪਾਰਟੀਆਂ ਵੀ ਸੂਬੇ ਦੀ ਰਾਜਨੀਤੀ ਵਿਚ ਪੰਚਾਂ-ਸਰਪੰਚਾਂ ਦੀ ਅਹਿਮੀਅਤ ਨੂੰ ਸਮਝਦਿਆਂ ਪੰਚਾਇਤ ਯੂਨੀਅਨ ਦੇ ਆਗੂਆਂ ਨਾਲ ਆਪਣੇ-ਆਪਣੇ ਸਰੋਤਾਂ ਰਾਹੀਂ ਰਾਬਤਾ ਕਾਇਮ ਕਰ ਰਹੀਆਂ ਹਨ।

# ਬਠਿੰਡਾ ਨੇੜੇ ਪੁੱਤ ਵੱਲੋਂ ਪਿਉ ਦੀ ਹੱਤਿਆ

**ਬਠਿੰਡਾ:** ਜ਼ਿਲ੍ਹੇ ਦੇ ਪਿੰਡ ਜੋਧਪੁਰ ਰੋਮਾਣਾ ਵਿਚ ਇਕ ਪੁੱਤਰ ਵੱਲੋਂ ਖ਼ਰਚੇ ਦੇ ਲੈਣ-ਦੇਣ ਨੂੰ ਲੈ ਕੇ ਆਪਣੇ ਪਿਤਾ ਦਾ ਕਤਲ ਕਰਕੇ ਲਾਸ਼ ਨਹਿਰ ਵਿਚ ਸੁੱਟ ਦਿੱਤੀ। ਮਿਲੀ ਜਾਣਕਾਰੀ ਮੁਤਾਬਕ ਜੋਧਪੁਰ ਦੇ ਵਸਨੀਕ ਬਗੀਚਾ ਸਿੰਘ (60) ਦੇ ਘਰੋਂ ਗਾਇਬ ਹੋਣ ਦੀ ਰਿਪੋਰਟ ਉਸਦੇ ਪੁੱਤਰ ਹਰਵਿੰਦਰ ਸਿੰਘ ਤੇ ਭਰਾ ਬੂਟਾ ਸਿੰਘ ਨੇ ਦਰਜ ਕਰਵਾਈ ਸੀ।

ਪਿਤਾ ਦੀ ਗੁੰਮਸ਼ੁਦਗੀ ਰਿਪੋਰਟ ਦਰਜ ਕਰਵਾਉਣ ਤੋਂ ਬਾਅਦ ਹਰਵਿੰਦਰ ਸਿੰਘ ਕੁਝ ਜ਼ਿਆਦਾ ਹੀ ਪ੍ਰੇਸ਼ਾਨ ਰਹਿਣ ਲੱਗ ਪਿਆ। ਸ਼ੱਕ ਹੋਣ 'ਤੇ ਉਸਦੇ ਚਾਚਾ ਬੂਟਾ ਸਿੰਘ ਨੇ ਉਸ ਨੂੰ ਪ੍ਰੇਸ਼ਾਨੀ ਦਾ ਕਾਰਨ ਪੁੱਛਿਆ ਤਾਂ ਉਸਨੇ ਦੱਸ ਦਿੱਤਾ ਕਿ 16, 17 ਜੁਲਾਈ ਦੀ ਦਰਮਿਆਨੀ ਰਾਤ ਨੂੰ ਤਕਰੀਬਨ 12:30 ਵਜੇ ਉਸਨੇ ਗੁੱਸੇ ਵਿਚ ਆ ਕੇ ਆਪਣੇ ਪਿਤਾ ਦੀ ਬਾਰਾਂ ਬੋਰ ਬੰਦੂਕ ਨਾਲ ਹੀ ਉਸਦੀ ਹੱਤਿਆ ਕਰ ਦਿੱਤੀ ਤੇ ਆਪਣਾ ਗੁਨਾਹ ਛੁਪਾਉਣ ਲਈ ਲਾਸ਼ ਨਹਿਰ ਵਿਚ ਸੁੱਟ ਆਇਆ। ਮ੍ਰਿਤਕ ਬਗੀਚਾ ਦੇ ਭਰਾ ਬੂਟਾ ਸਿੰਘ ਦੇ ਬਿਆਨਾਂ ਦੇ ਆਧਾਰ 'ਤੇ ਥਾਣਾ ਕੋਟਫੱਤਾ ਹਰਵਿੰਦਰ ਸਿੰਘ ਖਿਲਾਫ ਮੁਕੱਦਮਾ ਦਰਜ ਕਰ ਲਿਆ। ਪੁਲਿਸ ਮੁਤਾਬਕ ਹਰਵਿੰਦਰ ਸਿੰਘ ਆਪਣੇ ਪਿਤਾ ਤੋਂ ਖਰਚੇ ਲਈ ਵਧੇਰੇ ਪੈਸੇ ਦੀ ਮੰਗ ਕਰਦਾ ਸੀ, ਪਰ ਪਿਤਾ ਜ਼ਿਆਦਾ ਪੈਸੇ ਦੇਣ ਤੋਂ ਇਨਕਾਰੀ ਸੀ ਜਿਸ ਨੂੰ ਲੈ ਕੇ ਦੋਵਾਂ ਦਰਮਿਆਨ ਝਗੜਾ ਹੋਇਆ।

# ਪੰਥਕ ਆਗੂ ਗੰਗਾ ਸਿੰਘ ਢਿੱਲੋਂ ਨੂੰ ਸ਼ਰਧਾਂਜਲੀਆਂ

**ਫੇਅਰਫੈਕਸ, ਵਰਜੀਨੀਆ (ਬਿਊਰੋ):** ਸਿੱਖ ਸਿਆਸਤਦਾਨ ਸਵਰਗੀ ਗੰਗਾ ਸਿੰਘ ਢਿੱਲੋਂ ਦੀ ਅੰਤਿਮ ਅਰਦਾਸ ਮੌਕੇ ਅਮਰੀਕਾ ਦੇ ਵਖ-ਵਖ ਸੂਬਿਆਂ ਤੋਂ ਪਹੁੰਚੇ ਬੁਲਾਰਿਆਂ ਨੇ ਸ. ਢਿੱਲੋਂ ਨੂੰ ਸ਼ਰਧਾਂਜਲੀਆਂ ਭੇਟ ਕੀਤੀਆਂ।

ਪ੍ਰੋਗਰਾਮ ਦੀ ਸ਼ੁਰੂਆਤ ਸ਼ਬਦ ਕੀਰਤਨ ਨਾਲ ਹੋਈ। ਉਪਰੰਤ ਸਟੇਜ ਦੀ ਸੇਵਾ ਗੁਰਬਖਸ਼ ਸਿੰਘ ਢਿੱਲੋਂ ਨੇ ਸੰਭਾਲੀ ਜੋ ਸ. ਗੰਗਾ ਸਿੰਘ ਢਿੱਲੋਂ ਦੇ ਸਭ ਤੋਂ ਛੋਟੇ ਭਰਾ ਹਨ। ਉਨ੍ਹਾਂ ਦਾ ਸਾਥ ਕਾਹਨ ਸਿੰਘ ਢਿੱਲੋਂ ਅਤੇ ਬੀਬੀ ਨਿਹਾਲ ਕੌਰ ਢਿੱਲੋਂ ਨੇ ਦਿੱਤਾ ਜੋ ਸ. ਗੰਗਾ ਸਿੰਘ ਢਿੱਲੋਂ ਦੇ ਬੱਚੇ ਹਨ।

ਸ. ਢਿੱਲੋਂ ਦੀ ਸਪੁੱਤਰੀ ਬੀਬੀ ਨਿਹਾਲ ਕੌਰ ਢਿੱਲੋਂ ਨੇ ਆਪਣੇ ਬਾਪ ਨੂੰ ਸ਼ਰਧਾਂਜਲੀ ਦਿੰਦਿਆਂ ਕਿਹਾ ਕਿ ਉਸ ਦੇ ਪਿਤਾ ਉਸ ਦੇ ਬਹੁਤ ਹੀ ਨਜ਼ਦੀਕ ਸਨ। ਸ. ਗੰਗਾ ਸਿੰਘ ਢਿੱਲੋਂ ਦੇ ਪੁੱਤਰ ਕਾਹਨ ਸਿੰਘ ਢਿੱਲੋਂ ਨੇ ਕਿਹਾ ਕਿ ਪਾਕਿਸਤਾਨ ਵਿਚਲੇ ਗੁਰਦੁਆਰਿਆਂ ਦੀ ਸੇਵਾ ਸੰਭਾਲ ਦਾ ਜੋ ਕਾਰਜ ਉਨ੍ਹਾਂ ਦੇ ਪਿਤਾ ਨੇ ਅਰੰਭ ਕੀਤਾ ਸੀ, ਉਸ ਵਿਚ ਕੋਈ ਰੁਕਾਵਟ ਨਹੀਂ ਆਵੇਗੀ। ਉਨ੍ਹਾਂ ਕਿਹਾ ਕਿ ਇਸ ਮਕਸਦ ਲਈ ਉਹ ਅਗਲੇ ਛੇ ਮਹੀਨਿਆਂ ਵਿਚ ਪਾਕਿਸਤਾਨ ਜਾਣਗੇ ਅਤੇ ਇਕ ਮਿਲੀਅਨ ਡਾਲਰ ਦਾ ਬੰਦੋਬਸਤ ਕਰਨਗੇ।

ਨਨਕਾਣਾ ਸਾਹਿਬ ਦੀਆਂ ਸੰਗਤਾਂ ਵਲੋਂ ਭੇਜਿਆ ਸ਼ੋਕ ਸਮਾਚਾਰ ਵੀ ਸੰਗਤਾਂ ਨਾਲ ਸਾਂਝਾ ਕੀਤਾ ਗਿਆ ਜਿਸ ਵਿਚ ਦਸਿਆ ਗਿਆ ਕਿ ਸੰਗਤਾਂ ਵਲੋਂ ਨਨਕਾਣਾ ਸਾਹਿਬ ਵਿਖੇ ਵੀ ਸ. ਢਿੱਲੋਂ ਨਮਿਤ ਸਹਿਜ ਪਾਠ ਰਖਿਆ ਜਾ ਰਿਹਾ ਹੈ।

ਡਾ. ਤਰਲੋਚਨ ਸਿੰਘ ਨਾਹਲ ਨੇ ਕਿਹਾ ਕਿ ਸ. ਗੰਗਾ ਸਿੰਘ ਢਿੱਲੋਂ ਅਜੋਕੇ ਸਮੇਂ ਦੇ ਬਾਬਾ ਖੜਕ ਸਿੰਘ ਸਨ। ਜਿਸ ਤਰ੍ਹਾਂ 1922 ਵਿਚ ਅੰਗਰੇਜ਼ ਸਰਕਾਰ ਨੇ ਇਤਿਹਾਸਕ ਗੁਰਦੁਆਰਿਆਂ ਅਤੇ ਤੋਸ਼ੇਖਾਨੇ ਦੀਆਂ ਚਾਬੀਆਂ ਬਾਬਾ ਖੜਕ ਸਿੰਘ ਨੂੰ ਦਿੱਤੀਆਂ ਸਨ, ਉਸੇ ਤਰ੍ਹਾਂ ਹੀ ਪਾਕਿਸਤਾਨ ਸਰਕਾਰ ਨੇ 77 ਸਾਲਾਂ ਬਾਅਦ ਉਥੋਂ ਦੇ ਗੁਰਦੁਆਰਿਆਂ ਦੀਆਂ ਚਾਬੀਆਂ ਸ. ਗੰਗਾ ਸਿੰਘ ਢਿੱਲੋਂ ਨੂੰ ਖਾਲਸੇ ਦੀ ਤ੍ਰੈਸ਼ਤਾਬਦੀ ਤੇ 1999 ਵਿਚ ਦਿਤੀਆਂ ਸਨ। ਉਨ੍ਹਾਂ ਨੇ ਸ੍ਰੀ ਅਕਾਲ ਤਖਤ ਸਾਹਿਬ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੋਂ ਮੰਗ ਕੀਤੀ ਕਿ ਇਸ ਮਹਾਨ ਸੇਵਾ ਲਈ ਸ. ਗੰਗਾ ਸਿੰਘ ਢਿੱਲੋਂ ਨੂੰ ਪੰਥਕ ਤੌਰ 'ਤੇ ਬਣਦਾ ਸਤਿਕਾਰ ਦਿੱਤਾ ਜਾਵੇ।

ਜਿਨ੍ਹਾਂ ਹੋਰ ਬੁਲਾਰਿਆ ਨੇ ਗੰਗਾ ਸਿੰਘ ਢਿੱਲੋਂ ਨੂੰ ਸਰਧਾਂਜਲੀ ਦਿਤੀ ਉਨ੍ਹਾਂ ਵਿਚ ਸ. ਢਿਲੋਂ ਦੇ ਪੁਰਾਣੇ ਦੋਸਤ ਬੀਰ ਈਸ਼ਵਰ ਸਿੰਘ ਗਰੇਵਾਲ ਅਤੇ ਦਵਿੰਦਰ ਸਿੰਘ ਬੱਬਰ ਵੀ ਸ਼ਾਮਲ ਸਨ। ਦਵਿੰਦਰ ਸਿੰਘ ਬੱਬਰ ਨੇ ਕਿਹਾ ਕਿ ਸ. ਗੰਗਾ ਸਿੰਘ ਢਿੱਲੋਂ ਨੂੰ ਸਿੱਖ ਕੌਮ ਸਮਝ ਹੀ ਨਹੀਂ ਸਕੀ, ਜਿਸ ਤਰ੍ਹਾਂ ਕਿ ਅਸੀਂ ਅਜੇ ਤਕ ਪ੍ਰੋ. ਪੂਰਨ ਸਿੰਘ ਨੂੰ ਨਹੀਂ ਸਮਝ ਸਕੇ। ਸ. ਢਿੱਲੋਂ ਦੇ ਦੋਸਤਾਂ ਵਿਚੋਂ ਸਤਿੰਦਰ ਮਾਨ ਅਤੇ ਉਨ੍ਹਾਂ ਦੇ ਪੁਰਾਣੇ ਗੁਆਂਢੀ ਬੈਟੀ ਤੇ ਹਰਬ ਨੇ ਵੀ ਉਨ੍ਹਾਂ ਦੀ ਇਕ ਵਧੀਆ ਇਨਸਾਨ ਤੇ ਗੁਆਂਢੀ ਹੋਣ ਦੇ ਨਾਤੇ ਸ਼ਲਾਘਾ ਕੀਤੀ।

ਬੈਲਜੀਅਮ ਵਿਚ ਅਮਰੀਕਾ ਦੇ ਸਾਬਕਾ ਅੰਬੈਸਡਰ ਮਿਸਟਰ ਹਾਵਰਡ ਗਟਮੈਨ ਅਤੇ ਵਰਜੀਨੀਆ ਦੇ ਕਾਂਗਰਸਮੈਨ ਮਿਸਟਰ ਜੈਰੀ ਕੌਨਲੀ ਨੇ ਬਹੁਤ ਭਾਵਪੂਰਤ ਸ਼ਬਦਾਂ ਵਿਚ ਗੰਗਾ ਸਿੰਘ ਢਿੱਲੋਂ ਨੂੰ ਸ਼ਰਧਾਂਜਲੀ ਭੇਟ ਕੀਤੀ। ਗੰਗਾ ਸਿੰਘ ਢਿੱਲੋਂ ਦੇ ਇਕ ਬਹੁਤ ਹੀ ਪੁਰਾਣੇ ਦੋਸਤ ਡਾ. ਸ਼ਮਸ਼ੇਰ ਸਿੰਘ ਬਾਬਰਾ (ਵਰਲਡ ਬੈਂਕ ਦੇ ਸਾਬਕਾ ਅਹੁਦੇਦਾਰ) ਨੇ ਕਿਹਾ ਕਿ ਉਨ੍ਹਾਂ ਨੇ ਬਹੁਤ ਹੀ ਛੋਟੀ ਉਮਰ ਵਿਚ ਪਾਕਿਸਤਾਨ ਵਿਚ ਲਾਹੌਰ ਦੀ ਜੇਲ੍ਹ ਵਿਚ ਗੰਗਾ ਸਿੰਘ ਢਿੱਲੋਂ ਦੇ ਨਾਲ ਤਸੀਹੇ ਝੱਲੇ। ਉਨ੍ਹਾਂ ਕਿਹਾ ਕਿ ਗੰਗਾ ਸਿੰਘ ਢਿੱਲੋਂ ਦਾ ਕੰਮ ਕਰਨ ਦਾ ਅੰਦਾਜ਼ ਵੱਖਰਾ ਸੀ ਅਤੇ ਉਹ ਆਪਣੀ ਧੁਨ ਦੇ ਬਹੁਤ ਪੱਕੇ ਸਨ। ਇਸ ਸਮੇ ਸ. ਬੂਟਾ ਸਿੰਘ ਨੇ ਸ. ਸਿਮਰਨਜੀਤ ਸਿੰਘ ਮਾਨ ਦਾ ਸ਼ੋਕ ਸੁਨੇਹਾ ਪੜ੍ਹਿਆ। ਫਿਲਾਡੈਲਫੀਆ ਤੋਂ ਪਹੁੰਚੇ ਸ. ਧਰਮ ਸਿੰਘ (ਸਿੱਖ ਐਸੋਸੀਏਸ਼ਨ) ਨੇ ਦੱਸਿਆ ਕਿ ਗੰਗਾ ਸਿੰਘ ਢਿੱਲੋਂ ਨੇ ਪਾਕਿਸਤਾਨ ਵਿਚ ਸਿੱਖ ਹਾਈਜੈਕਰਾਂ ਦੀ ਮਦਦ ਕੀਤੀ ਸੀ ਅਤੇ ਕੈਦੀਆਂ ਵਲੋਂ ਸਜਾਵਾਂ ਕੱਟਣ ਤੋਂ ਬਾਦ 24 ਘੰਟਿਆਂ ਦੇ ਅੰਦਰ ਹੀ ਪਾਕਿਸਤਾਨ ਵਿਚੋਂ ਕੱਢ ਕੇ ਹੋਰ ਮੁਲਕਾਂ ਵਿਚ ਭੇਜ ਦਿਤਾ ਸੀ।

ਡਾ. ਰਾਜਵੰਤ ਸਿੰਘ ਨੇ ਕਿਹਾ ਕਿ ਅਸਲ ਵਿਚ ਵਾਸ਼ਿੰਗਟਨ ਵਿਚ ਰਾਜਨੀਤਕ ਲੀਡਰਾਂ ਨਾਲ ਗੱਲਬਾਤ ਕਰਨ ਦਾ ਢੰਗ ਉਨ੍ਹਾਂ ਨੇ ਗੰਗਾ ਸਿੰਘ ਢਿੱਲੋਂ ਪਾਸੋਂ ਹੀ ਸਿੱਖਿਆ ਹੈ। ਕੈਲੀਫਰਨੀਆ ਤੋਂ ਪਹੁੰਚੇ ਸਿੱਖ ਕਾਕਸ ਦੇ ਅਹੁਦੇਦਾਰ ਹਰਪ੍ਰੀਤ ਸਿੰਘ ਸੰਧੂ ਨੇ ਵੀ ਆਪਣੇ ਸ਼ਰਧਾ ਦੇ ਫੁਲ ਭੇਟ ਕੀਤੇ।

ਹੋਰ ਬੁਲਾਰਿਆਂ ਵਿਚ ਪ੍ਰਿਤਪਾਲ ਸਿੰਘ, ਹਿੰਮਤ ਸਿੰਘ, ਧਰਮ ਸਿੰਘ, ਮਾਈਕਲ, ਐਂਜਲਾ ਡਨ ਅਤੇ ਸਤਵੰਤ ਸਿੰਘ ਸੱਧਰ ਸ਼ਾਮਲ ਸਨ।

# ਗੌਲਫ ਖਿਡਾਰੀ ਦਾ ਫਰਿਜ਼ਨੋ 'ਚ ਸਵਾਗਤ

**ਫਰਿਜ਼ਨੋ (ਬਿਊਰੋ):** ਜਪਾਨ ਪੀ.ਜੀ.ਏ. ਟੂਰ ਉਪਰੰਤ ਪਿਛਲੇ ਦਿਨੀਂ ਇਥੇ ਪਹੁੰਚੇ ਗੌਲਫ ਖਿਡਾਰੀ ਅਰਜਨ ਸਿੰਘ ਅਟਵਾਲ ਦਾ ਭਰਵਾਂ ਸਵਾਗਤ ਕੀਤਾ ਗਿਆ। ਰਾਇਲ ਤਾਜ ਆਫ ਇੰਡੀਆ ਰੈਸਟੋਰੈਂਟ ਵਿਚ ਕੀਤੇ ਇਸ ਸਾਦਾ ਸਮਾਗਮ ਮੌਕੇ ਬੁਲਾਰਿਆਂ ਨੇ ਅਰਜਨ ਸਿੰਘ ਦੇ ਜੀਵਨ ਬਾਰੇ ਸੰਖੇਪ ਚਾਨਣਾ ਪਾਇਆ। ਜ਼ਿਕਰਯੋਗ ਹੈ ਕਿ ਅਰਜਨ ਅਟਵਾਲ ਅਮਰੀਕਨ ਪੀ.ਜੀ.ਏ. ਗੌਲਫ ਟੂਰਨਾਮੈਂਟ ਜਿੱਤਣ ਵਾਲਾ ਪਹਿਲਾ ਪੰਜਾਬੀ ਹੈ, ਉਹ ਅੱਜ-ਕੱਲ੍ਹ ਫਲੋਰਿਡਾ ਰਹਿ ਰਿਹਾ ਹੈ।



ਇਸ ਮੌਕੇ ਸ੍ਰੀ ਅਟਵਾਲ ਨੇ ਕਿਹਾ ਕਿ ਬਹੁਚਰਚਿਤ ਗੌਲਫਰ ਟਾਇਗਰਵੁਡ ਉਨ੍ਹਾਂ ਦੇ ਖਾਸ ਦੋਸਤਾਂ ਵਿਚੋਂ ਹਨ ਅਤੇ ਉਨ੍ਹਾਂ ਤੋਂ ਬਹੁਤ ਕੁਝ ਸਿਖਣ ਨੂੰ ਮਿਲਿਆ ਹੈ। ਉਨ੍ਹਾਂ ਅਵਤਾਰ ਗਿੱਲ ਅਤੇ ਰੁਪਿੰਦਰ ਗਿੱਲ ਦਾ ਉਚੇਚੇ ਸਵਾਗਤ ਲਈ ਧੰਨਵਾਦ ਵੀ ਕੀਤਾ।

# ਪੰਜਾਬ ਸਰਕਾਰ ਲਈ ਹੁਣ ਖਰਾਬ ਕਣਕ ਗਲੋਂ ਲਾਹੁਣੀ ਔਖੀ ਹੋਈ



**ਚੰਡੀਗੜ੍ਹ:** ਅਕਾਲੀ-ਭਾਜਪਾ ਸਰਕਾਰ ਲਈ ਖਰਾਬ ਹੋ ਚੁੱਕੀ ਕਣਕ ਗਲੋਂ ਲਾਉਣੀ ਔਖੀ ਹੋ ਗਈ ਹੈ। ਪੰਜਾਬ ਦੇ ਖੁਰਾਕ ਤੇ ਸਪਲਾਈ ਵਿਭਾਗ ਵੱਲੋਂ ਖਰਾਬ (ਡੈਮੇਜ਼ਡ) ਕਣਕ ਨੂੰ ਖੁੱਲ੍ਹੀ ਮੰਡੀ ਵਿਚ ਵੇਚਣ ਦਾ ਟੈਂਡਰ ਚੌਥੀ ਵਾਰ ਵੀ ਮੁਲਤਵੀ ਹੋ ਗਿਆ ਹੈ। ਸੂਤਰਾਂ ਮੁਤਾਬਕ ਗੋਦਾਮਾਂ ਵਿਚ ਪਈ 286 ਲੱਖ ਟਨ ਕਣਕ, ਜੋ ਖ਼ਰਾਬ ਹੋਣ ਕਾਰਨ ਮਨੁੱਖੀ ਵਰਤੋਂ ਦੇ ਅਯੋਗ ਕਰਾਰ ਦਿੱਤੀ ਜਾ ਚੁੱਕੀ ਹੈ, ਨੂੰ ਭਾਰਤੀ ਖੁਰਾਕ ਨਿਗਮ (ਐਫ.ਸੀ.ਆਈ.) ਨੇ ਖੁੱਲ੍ਹੀ ਮੰਡੀ ਵਿਚ ਵੇਚਣ ਦੀ ਪ੍ਰਵਾਨਗੀ ਦੇ ਦਿੱਤੀ ਹੈ।

ਵਿਭਾਗ ਨੇ ਇਸ ਕਣਕ ਨੂੰ ਵੇਚਣ ਲਈ 13 ਅਕਤੂਬਰ ਦਾ ਦਿਨ ਤੈਅ ਕੀਤਾ ਸੀ ਪਰ ਐਨ ਆਖਰੀ ਮੌਕੇ 'ਤੇ ਇਹ ਕੰਮ ਮੁਲਤਵੀ ਕਰ ਦਿੱਤਾ ਗਿਆ ਹੈ।

ਇਸ ਕਣਕ ਦੀ ਔਸਤਨ ਕੀਮਤ 800 ਰੁਪਏ ਪ੍ਰਤੀ ਕੁਇੰਟਲ ਹੈ ਤੇ ਸਰਕਾਰ 228 ਕਰੋੜ ਰੁਪਏ ਵੱਟਣ ਦੀ ਸਮਰੱਥਾ ਰੱਖਦੀ ਹੈ। ਵਿੱਤੀ ਸੰਕਟ ਨਾਲ ਜੂਝ ਰਹੀ ਸੂਬਾ ਸਰਕਾਰ ਇਕ ਪਾਸੇ ਤੇਲ 'ਤੇ ਵੈਟ ਵਧਾ ਕੇ 110 ਕਰੋੜ ਰੁਪਏ ਸਾਲਾਨਾ ਇਕੱਠੇ ਕਰਨ ਦੀ ਝਾਕ ਰੱਖਦੀ ਹੈ, ਦੂਜੇ ਪਾਸੇ 228 ਕਰੋੜ ਰੁਪਏ ਹਾਸਲ ਕਰਨ ਤੋਂ ਲਗਾਤਾਰ ਘੇਸਲ ਵੱਟ ਰਹੀ ਹੈ। ਖੁਰਾਕ ਤੇ ਸਿਵਲ ਸਪਲਾਈ ਵਿਭਾਗ ਦੇ ਅਧਿਕਾਰੀਆਂ ਦਾ ਇਹ ਵੀ ਦੱਸਣਾ ਹੈ ਕਿ ਕਣਕ ਦੀ ਵਿਕਰੀ ਵਿਚ ਲਗਾਤਾਰ ਦੇਰੀ ਹੋਣ ਕਾਰਨ ਇਸ ਦੀ ਕੀਮਤ ਘੱਟ ਰਹੀ ਹੈ ਕਿਉਂਕਿ ਸੁਸਰੀ ਜ਼ਿਆਦਾ ਲੱਗੀ ਹੋਣ ਕਾਰਨ ਕਣਕ ਦਾ ਭਾਰ ਤੇ ਕੁਆਲਟੀ ਡਿੱਗ ਰਹੀ ਹੈ।

ਖੁਰਾਕ ਤੇ ਸਿਵਲ ਸਪਲਾਈ ਵਿਭਾਗ ਵੱਲੋਂ ਖ਼ਰਾਬ ਕਣਕ ਵੇਚਣ ਲਈ ਸਭ ਤੋਂ ਪਹਿਲਾਂ ਇਸੇ ਸਾਲ 18 ਮਾਰਚ ਨੂੰ ਟੈਂਡਰ ਦਿੱਤਾ ਗਿਆ ਸੀ। ਉਸ ਤੋਂ ਬਾਅਦ 11 ਅਗਸਤ, ਫਿਰ ਤਿੰਨ ਸਤੰਬਰ ਤੇ ਹੁਣ 13 ਅਕਤੂਬਰ ਲਈ ਟੈਂਡਰ ਦਿੱਤਾ ਗਿਆ ਸੀ। ਇਸ ਵਾਰ ਵੀ ਟੈਂਡਰ ਕੁਝ ਦਿਨ ਪਹਿਲਾਂ ਹੀ ਰੱਦ ਕੀਤਾ ਗਿਆ ਹੈ। ਇਸ ਤਰ੍ਹਾਂ ਕਣਕ ਵੇਚਣ ਵਿਚ ਕੀਤੀ ਜਾ ਰਹੀ ਢਿੱਲ ਦਾ ਮਾਮਲਾ ਸ਼ੱਕੀ ਬਣਦਾ ਜਾ ਰਿਹਾ ਹੈ। ਅਧਿਕਾਰੀਆਂ ਦਾ ਕਹਿਣਾ ਹੈ ਕਿ ਕੋਈ ਬਹਾਨਾ ਘੜ ਕੇ ਟੈਂਡਰ ਆਖਰੀ ਮੌਕੇ ਰੱਦ ਕਰ ਦਿੱਤਾ ਜਾਂਦਾ ਹੈ। ਐਫ.ਸੀ.ਆਈ. ਦੇ ਖੇਤਰੀ ਮੈਨੇਜਰ ਕੁਮਾਰ ਰਾਹੁਲ ਵੱਲੋਂ ਸਰਕਾਰ ਨੂੰ ਲਗਾਤਾਰ ਇਸ ਵਿਸ਼ੇ 'ਤੇ ਲਿਖਿਆ ਜਾ ਰਿਹਾ ਹੈ। ਇਸ ਤੋਂ ਪਹਿਲਾਂ ਸਰਕਾਰ ਵੱਲੋਂ ਬਹਾਨਾ ਘੜਿਆ ਗਿਆ ਸੀ ਕਿ ਖ਼ਰਾਬ ਕਣਕ ਵੇਚਣ ਲਈ ਕਾਇਮ ਕੀਤੀ ਨੋਡਲ ਏਜੰਸੀ ਪਨਗਰੇਨ ਦੇ ਐਮ.ਡੀ. ਦਾ ਅਹੁਦਾ ਖਾਲੀ ਹੋਣ ਕਾਰਨ ਕਣਕ ਵੇਚੀ ਨਹੀਂ ਜਾ ਰਹੀ। ਇਹ ਵੀ ਪਤਾ ਲੱਗਾ ਹੈ ਕਿ ਇਕ ਵਾਰੀ ਡਾਇਰੈਕਟਰ ਖੁਰਾਕ ਤੇ ਸਿਵਲ ਸਪਲਾਈ ਦਾ ਅਹੁਦਾ ਖਾਲੀ ਹੋਣ ਦਾ ਬਹਾਨਾ ਵੀ ਲਗਾਇਆ ਗਿਆ। ਰੌਚਕ ਤੱਥ ਇਹ ਹੈ ਕਿ ਡਾਇਰੈਕਟਰ ਦੇ ਅਹੁਦੇ ਤੋਂ ਸੇਵਾਮੁਕਤ ਹੋਏ ਸਤਵੰਤ ਸਿੰਘ ਜੌਹਲ ਨੂੰ ਪਨਗਰੇਨ ਦਾ ਐਮ.ਡੀ. ਨਿਯੁਕਤ ਕਰ ਦਿੱਤਾ ਤੇ ਡਾਇਰੈਕਟਰ ਦਾ ਅਹੁਦਾ ਅਜੇ ਵੀ ਖਾਲੀ ਪਿਆ ਹੈ।

ਖੁਰਾਕ ਖੇਤਰ ਦੇ ਮਾਹਿਰਾਂ ਦਾ ਕਹਿਣਾ ਹੈ ਕਿ ਕਣਕ ਦੀ ਕੀਮਤ ਵਿਚ ਹਰ ਮਹੀਨੇ ਪੰਜ ਫ਼ੀਸਦੀ ਦੀ ਗਿਰਾਵਟ ਆ ਰਹੀ ਹੈ। ਇਸ ਤਰ੍ਹਾਂ ਸਰਕਾਰ ਨੂੰ ਹਰ ਮਹੀਨੇ 11 ਕਰੋੜ ਰੁਪਏ ਦਾ ਨੁਕਸਾਨ ਹੋ ਰਿਹਾ ਹੈ। ਨਿਯਮਾਂ ਮੁਤਾਬਕ ਇਸ ਤਰ੍ਹਾਂ ਦੀ ਕਣਕ ਹਰ ਮਹੀਨੇ ਵੇਚੀ ਜਾਣੀ ਚਾਹੀਦੀ ਹੈ ਪਰ ਸਰਕਾਰ ਨੇ 13 ਮਹੀਨੇ ਪਹਿਲਾਂ 25435.289 ਟਨ ਕਣਕ 6 ਸਤੰਬਰ 2013 ਨੂੰ ਵੇਚੀ ਸੀ। ਇਸ ਦਾ ਇਕ ਪਹਿਲੂ ਇਹ ਵੀ ਹੈ ਕਿ ਪੰਜਾਬ ਵਿਚ ਗੋਦਾਮਾਂ (ਸਟੋਰੇਜ) ਦੀ ਪਹਿਲਾਂ ਹੀ ਕਮੀ ਹੈ। ਖ਼ਰਾਬ ਕਣਕ ਜੇਕਰ ਵੇਚੀ ਜਾਂਦੀ ਹੈ ਤਾਂ ਇਸ ਥਾਂ 'ਤੇ ਗੋਦਾਮਾਂ ਵਿਚ ਨਵਾਂ ਅਨਾਜ ਭੰਡਾਰ ਕੀਤਾ ਜਾ ਸਕਦਾ ਹੈ। ਇਹ ਇਕ ਤੱਥ ਹੈ ਕਿ ਪੰਜਾਬ ਵਿਚ ਪਿਛਲੇ ਛ ਸਾਲਾਂ ਦੇ ਸਮੇਂ ਦੌਰਾਨ 1600 ਕਰੋੜ ਰੁਪਏ ਦੀ ਕਣਕ ਖ਼ਰਾਬ ਹੋ ਚੁੱਕੀ ਹੈ। ਐਫ.ਸੀ.ਆਈ. ਦੇ ਖੇਤਰੀ ਮੈਨੇਜਰ ਕੁਮਾਰ ਰਾਹੁਲ ਦਾ ਕਹਿਣਾ ਹੈ ਕਿ ਨਿਗਮ ਵੱਲੋਂ ਸਰਕਾਰ ਨੂੰ ਕਣਕ ਵੇਚਣ ਦੀ ਇਜਾਜ਼ਤ ਦੇ ਦਿੱਤੀ ਗਈ ਹੈ ਤੇ ਟੈਂਡਰ ਸਿਰੇ ਕਿਉਂ ਨਹੀਂ ਚੜ੍ਹਦਾ ਇਸ ਬਾਰੇ ਤਾਂ ਪੰਜਾਬ ਦਾ ਖੁਰਾਕ ਤੇ ਸਿਵਲ ਸਪਲਾਈ ਵਿਭਾਗ ਹੀ ਦੱਸ ਸਕਦਾ ਹੈ।

ਉਧਰ ਪੰਜਾਬ ਦੇ ਖੁਰਾਕ ਤੇ ਸਿਵਲ ਸਪਲਾਈ ਵਿਭਾਗ ਦੇ ਸਕੱਤਰ ਧਰਮਜੀਤ ਸਿੰਘ ਗਰੇਵਾਲ ਦਾ ਕਹਿਣਾ ਹੈ ਕਿ ਪਹਿਲਾਂ ਟੈਂਡਰ ਕਿਉਂ ਰੱਦ ਕੀਤੇ ਗਏ, ਇਸ ਬਾਰੇ ਤਾਂ ਉਹ ਕੁਝ ਨਹੀਂ ਕਹਿ ਸਕਦਾ ਪਰ ਇਸ ਵਾਰੀ ਝੋਨੇ ਦਾ ਖ਼ਰੀਦ ਸੀਜ਼ਨ ਸਿਰ 'ਤੇ ਹੋਣ ਕਾਰਨ ਟੈਂਡਰ ਰੱਦ ਕੀਤਾ ਗਿਆ ਹੈ। ਪਨਗਰੇਨ ਦੇ ਐਮ.ਡੀ. ਸਤਵੰਤ ਸਿੰਘ ਜੌਹਲ ਦਾ ਕਹਿਣਾ ਹੈ ਕਿ ਮੁਲਾਜ਼ਮਾਂ ਦੇ ਝੋਨੇ ਦੀ ਖ਼ਰੀਦ ਵਿਚ ਰੁੱਝੇ ਹੋਣ ਕਾਰਨ ਟੈਂਡਰ ਰੱਦ ਕੀਤਾ ਗਿਆ ਹੈ। ਖ਼ਰੀਦ ਏਜੰਸੀਆਂ ਦੇ ਅਧਿਕਾਰੀਆਂ ਦਾ ਕਹਿਣਾ ਹੈ ਕਿ ਝੋਨੇ ਦੇ ਖ਼ਰੀਦ ਸੀਜ਼ਨ ਬਾਰੇ ਤਾਂ ਵਿਭਾਗ ਨੂੰ ਟੈਂਡਰ ਕੱਢਣ ਸਮੇਂ ਵੀ ਪਤਾ ਸੀ। ਇਨ੍ਹਾਂ ਅਧਿਕਾਰੀਆਂ ਦਾ ਕਹਿਣਾ ਹੈ ਕਿ ਟੈਂਡਰ ਰੱਦ ਹੋਣ ਪਿੱਛੇ ਕਈ ਤਰ੍ਹਾਂ ਦੇ ਸ਼ੱਕੀ ਕਾਰਨ ਹਨ।

# ਆ ਜਾ ਜਿਨਪਿੰਗ ਝੂਟ ਲੈ, ਪੀਂਘ ਹੁਲਾਰੇ ਖਾਂਦੀ!

ਦੁਨੀਆਂ ਦਾ ਇਕ ਦੇਸ ਭਾਰਤ ਹੈ, ਭਾਰਤ ਦਾ ਇਕ ਸੂਬਾ ਗੁਜਰਾਤ ਹੈ, ਗੁਜਰਾਤ ਦਾ ਇਕ ਸ਼ਹਿਰ ਅਹਿਮਦਾਬਾਦ ਹੈ ਤੇ ਅਹਿਮਦਾਬਾਦ ਦੇ ਵਿਚਕਾਰੋਂ ਇਕ ਨਦੀ ਲੰਘਦੀ ਹੈ, ਸਾਬਰਮਤੀ। ਨਦੀ ਵਿਚ ਬਾਹਰੋਂ ਪਾਇਆ ਨਿਰਮਲ ਪਾਣੀ ਭਰਪੂਰ ਵਗ ਰਿਹਾ ਹੈ। ਮਜ਼ਬੂਤ ਜੰਗਲਾ ਹੈ ਜਿਸ ਦੇ ਨਾਲ ਨਾਲ ਬੈਠਣ ਲਈ ਲੰਮਾ ਸੀਮਿੰਟੀ ਬੈਂਚ ਬਣਿਆ ਹੋਇਆ ਹੈ। ਰੌਸ਼ਨੀਆਂ ਨਾਲ ਸਜਾਏ ਪੱਕੇ ਖ਼ੂਬਸੂਰਤ ਕਿਨਾਰੇ ਹਨ ਜਿਨ੍ਹਾਂ ਉਤੇ ਬਿਰਛ ਲਾਏ ਹੋਏ ਹਨ। ਭਾਰਤ ਦਾ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਚੀਨ ਦਾ ਪ੍ਰਧਾਨ ਜਿਨਪਿੰਗ


**ਗੁਰਬਚਨ ਸਿੰਘ ਭੁੱਲਰ**

ਫੋਨ: 01191-1165736868

bhullargs@gmail.com


ਉਂਗਲਾਂ ਵਿਚ ਉਂਗਲਾਂ ਦੀ ਕੰਘੀ ਪਾਈਂ ਸਾਬਰਮਤੀ ਦੀ ਰੇਸ਼ਮੀ ਪਟੜੀ ਉਤੇ ਘੁੰਮ ਰਹੇ ਹਨ। ਮੇਰੇ ਮਨ ਦੇ ਮੰਚ ਉਤੇ ਬਿਰਾਜਮਾਨ ਹੋ ਕੇ ਅਚਾਨਕ ਮੰਨਾ ਡੇ ਤੇ ਆਸ਼ਾ ਭੌਸਲੇ ਮਜਰੂਹ ਸੁਲਤਾਨਪੁਰੀ ਦਾ ਅੱਧੀ ਸਦੀ ਤੋਂ ਵੱਧ ਪੁਰਾਣਾ ਗੀਤ ਗਾਉਣ ਲਗਦੇ ਹਨ:

ਯਿਹ ਹਵਾ ਯਿਹ ਨਦੀ ਕਾ ਕਿਨਾਰਾ  
ਚਾਂਦ ਤਾਰੋਂ ਕਾ ਰੰਗੀਨ ਨਜ਼ਾਰਾ  
ਕਹਿ ਰਹਾ ਹੈ ਬੇਖ਼ਬਰ  
ਹੋ ਸਕੇ ਤੋ ਪਿਆਰ ਕਰ  
ਯਿਹ ਸਮਾਂ ਮਿਲੇਗਾ ਫਿਰ ਨਾ ਦੋਬਾਰਾ!

ਜਿਨਪਿੰਗ ਇਸ ਸਭ ਕੁਝ ਤੋਂ ਪ੍ਰਭਾਵਿਤ ਹੋ ਕੇ ਆਖਦਾ ਹੈ, ਭਾਰਤ ਵਿਚ ਸੌ ਅਰਬ ਲਾਵਾਂਗਾ।

ਸਾਬਰਮਤੀ ਦਾ ਰੰਗਰੂਪ ਕੁਝ ਸਮਾਂ ਪਹਿਲਾਂ ਹੀ ਬਦਲਿਆ ਹੈ। ਪਹਿਲਾਂ ਇਹਦਾ ਇਤਿਹਾਸ ਦੇਖ ਲਈਏ। ਇਸ ਨਦੀ ਦੇ ਕਿਨਾਰੇ ਉਸ ਸਮੇਂ ਦੇ ਸ਼ਹਿਰੋਂ ਬਾਹਰ ਮਹਾਤਮਾ ਗਾਂਧੀ ਨੇ ਆਪਣਾ 'ਸਾਬਰਮਤੀ ਆਸ਼ਰਮ' ਬਣਾਇਆ। ਹੁਣ ਤਾਂ ਸ਼ਹਿਰ ਨੇ ਵਧ ਵਧ ਕੇ ਉਹਨੂੰ ਬੁੱਕਲ ਵਿਚ ਲੈ ਲਿਆ ਹੈ। ਗਾਂਧੀ ਜੀ ਦਾ ਦੇਸ ਨੂੰ ਆਜ਼ਾਦ ਕਰਵਾਉਣ ਵਿਚ ਬਹੁਤ ਵੱਡਾ ਹਿੱਸਾ ਰਿਹਾ। ਅਜਿਹੇ ਵੀ ਬਹੁਤ ਲੋਕ ਹਨ ਜੋ ਹੋਰ ਸਭ ਲਹਿਰਾਂ ਨੂੰ ਅੱਖੋਂ ਓਹਲੇ ਕਰ ਕੇ ਸਾਰਾ ਮਾਣ ਗਾਂਧੀ ਜੀ ਅਤੇ ਉਹਦੀ ਅਹਿੰਸਾ ਨੂੰ ਤੇ ਉਹਦੇ ਚਰਖੇ ਨੂੰ ਹੀ ਦੇ ਦਿੰਦੇ ਹਨ। ਖ਼ੈਰ, ਇਹ ਬਹਿਸ ਮੇਰੇ ਇਸ ਲੇਖ ਦੇ ਚੌਖਟੇ ਵਿਚ ਨਹੀਂ ਆਉਂਦੀ। ਇਹਨੂੰ ਕਿਸੇ ਹੋਰ ਸਮੇਂ ਲਈ ਛਡਦਿਆਂ ਮੈਂ ਇਥੇ ਸਿਰਫ ਇਹ ਦੱਸਣਾ ਚਾਹੁੰਦਾ ਹਾਂ ਕਿ ਅਜਿਹੇ ਗਾਂਧੀ-ਭਗਤ ਇਸੇ ਸਾਬਰਮਤੀ ਨਦੀ ਸਦਕਾ ਗਾਉਂਦੇ ਹਨ:

ਲੇ ਦੀ ਹਮੇਂ ਆਜ਼ਾਦੀ  
ਬਿਨਾਂ ਖੜਗ ਬਿਨਾਂ ਢਾਲ।  
ਸਾਬਰਮਤੀ ਕੇ ਸੰਤ  
ਤੂਨੇ ਕਰ ਦੀਆ ਕਮਾਲ!

ਬੇਟੀ ਉਥੇ ਰਹਿੰਦੀ ਹੋਣ ਕਾਰਨ ਮੈਂ ਅਹਿਮਦਾਬਾਦ ਜਾਂਦਾ ਰਹਿੰਦਾ ਹਾਂ। ਜਦੋਂ ਮੈਂ ਪਹਿਲੀ ਵਾਰ ਗਿਆ, ਉਹਦੀ ਇਤਿਹਾਸਕਤਾ ਸਦਕਾ ਹੋਰ ਸਭ ਥਾਂਵਾਂ ਤੋਂ ਪਹਿਲਾਂ ਸਾਬਰਮਤੀ ਆਸ਼ਰਮ ਹੀ ਦੇਖਣ ਗਿਆ। ਸੜਕ ਵਾਲੇ ਫਾਟਕ ਦੇ ਅੰਦਰ ਕਾਰ ਖੜ੍ਹੀ ਕਰ ਕੇ ਅੱਗੇ ਜੋ ਆਸ਼ਰਮ ਦਾ ਦੁਆਰ ਸੀ, ਉਹ ਗਜ਼ ਕੁ ਚੌੜਾ ਖੁੱਲ੍ਹਾ ਲਾਂਘਾ ਸੀ ਜਿਸ ਵਿਚਕਾਰ ਇਕ ਰੋਕ ਬਣੀ ਹੋਈ ਸੀ। ਇਹ ਰੋਕ ਪਸ਼ੂਆਂ ਨੂੰ ਬਾਹਰ ਰੱਖਣ ਲਈ ਸੀ, ਬੰਦੇ ਮੌਜ ਨਾਲ ਲੰਘ ਸਕਦੇ ਸਨ। ਜਿਥੋਂ ਬੰਦੇ ਲੰਘ ਸਕਦੇ ਹਨ, ਕੁੱਤੇ ਜ਼ਰੂਰ ਲੰਘਦੇ ਹਨ। ਕੁੱਤਾ ਤਾਂ ਯੁਧਿਸ਼ਟਰ ਨਾਲ ਸਵਰਗ ਵਿਚ ਵੀ ਜਾ ਪਹੁੰਚਿਆ ਸੀ। ਸਾਬਰਮਤੀ ਆਸ਼ਰਮ ਵਿਚ ਵੀ ਜਿਥੇ ਦਰਸ਼ਕ ਫਿਰਦੇ ਸਨ, ਉਥੇ ਲੰਡਰ ਕੁੱਤੇ ਵੀ ਘੁੰਮ ਰਹੇ ਸਨ। ਆਸ਼ਰਮ ਦੀ ਪਿਛਲੀ ਛੋਟੀ ਜਿਹੀ ਕੰਧ ਦੇ ਪਾਰ ਸਾਬਰਮਤੀ ਨਦੀ ਵਗਦੀ ਸੀ। ਅਸਲ ਵਿਚ 'ਨਦੀ ਵਗਦੀ ਸੀ' ਕਹਿਣਾ ਤਾਂ ਦਰੁਸਤ ਨਹੀਂ, 'ਨਦੀ ਸੀ' ਕਹਿਣਾ ਵਧੇਰੇ ਠੀਕ ਹੈ ਕਿਉਂਕਿ ਪਾਣੀ ਤਾਂ ਉਸ ਵਿਚ ਹੈ ਨਹੀਂ ਸੀ। ਸਾਡੇ ਦੇਸ ਦੀ 'ਪਰੰਪਰਾ' ਅਨੁਸਾਰ ਉਸ ਵਿਚ ਕੂੜੇ-ਕਬਾੜ ਦੇ ਢੇਰ ਸਨ, ਪਲਾਸਟਿਕ ਦੇ ਲਿਫ਼ਾਫ਼ੇ ਉਡੇ ਫਿਰਦੇ ਸਨ ਅਤੇ ਵਿਚਕਾਰ ਖਾਈ ਜਿਹੀ ਵਿਚ ਮੈਲਾ ਪਾਣੀ ਸੀ ਜੋ ਸ਼ਾਇਦ ਕਿਤੋਂ ਪਿਛੋਂ ਨਹੀਂ ਸੀ ਆਇਆ, ਸਗੋਂ ਸ਼ਹਿਰ ਦਾ ਹੀ ਗੰਦ-ਮੰਦ ਸੀ।

ਐਨ ਉਨ੍ਹੀਂ ਦਿਨੀਂ ਨਰਿੰਦਰ ਮੋਦੀ, ਜੋ ਉਸ ਸਮੇਂ ਗੁਜਰਾਤ ਦਾ ਮੁੱਖ ਮੰਤਰੀ ਸੀ, ਦੀ ਅੱਖ ਦਿੱਲੀ ਦੀ ਪ੍ਰਧਾਨ ਮੰਤਰੀ ਦੀ ਗੱਦੀ ਉਤੇ ਟਿਕ ਗਈ। ਮਨਮੋਹਨ ਸਿੰਘ ਸਰਕਾਰ ਪਹਿਲੇ ਪੰਜ ਸਾਲ ਚੰਗਾ ਕੰਮ ਕਰ ਕੇ ਦੂਜੀ ਵਾਰੀ ਵਿਚ ਥੱਕ ਕੇ ਉਬਾਸੀਆਂ ਲੈ ਰਹੀ ਸੀ। ਕੋਈ ਹੁਸ਼ਿਆਰ ਬੰਦਾ ਚਾਹੀਦਾ ਸੀ ਜੋ ਕਹੇ, "ਡਾਕਟਰ ਸਾਹਿਬ, ਥੱਕ ਗਏ ਹੋ, ਹੁਣ ਤੁਸੀਂ ਆਰਾਮ ਕਰੋ।" ਉਣ ਸਾਊ-ਸ਼ਰੀਫ ਮਹਾਂਪੁਰਸ਼ ਨੇ ਹੱਥ ਜੋੜ ਕੇ "ਆਉ ਜੀ, ਆਉ ਬੈਠੋ" ਆਖਦਿਆਂ ਖੜ੍ਹਾ ਹੋ ਜਾਣਾ ਸੀ। ਸੋ, ਮੋਦੀ ਜਿੰਨਿਆਂ ਗਾਲਾਂ ਕਾਂਗਰਸ ਸਰਕਾਰ ਨੂੰ ਦਿੰਦਾ, ਬਰਾਬਰ ਦਾ ਰੌਲਾ ਵਿਕਾਸ ਦੇ 'ਗੁਜਰਾਤ ਮਾਡਲ' ਦਾ ਵੀ ਪਾਉਂਦਾ। ਪਰ ਵਿਰੋਧੀਆਂ ਨੇ ਕਹਿਣਾ ਸ਼ੁਰੂ ਕਰ ਦਿੱਤਾ, "ਕਿਹੜਾ ਗੁਜਰਾਤ ਮਾਡਲ? 42 ਫੀਸਦੀ ਬੱਚੇ ਤੇ ਔਰਤਾਂ ਅਪੋਸ਼ਟਿਕਤਾ ਦਾ ਸ਼ਿਕਾਰ ਹਨ। ਰੁਜ਼ਗਾਰ, ਖੇਤੀ, ਪੜ੍ਹਾਈ, ਸਿਹਤ-ਸੇਵਾਵਾਂ, ਭਾਈਚਾਰਕ ਏਕਤਾ, ਆਦਿ ਦੇ ਪੱਖੋਂ ਦੇਸ ਦੇ ਅਮਕੇ ਅਮਕੇ ਸੂਬੇ ਗੁਜਰਾਤ ਤੋਂ ਅੱਗੇ ਹਨ!"

ਮੋਦੀ ਨੇ ਸਾਡੇ ਪਿੰਡ ਦੇ ਗੜਵੇ ਵਾਲੇ ਟੱਬਰ ਜਿਹੀ ਚਾਲ ਚੱਲੀ। ਟੱਬਰ ਬਿਲਕੁਲ ਨੰਗ ਸੀ। ਇਕ ਵਾਰ ਪਿੰਡ ਦੇ ਬਾਹਰ ਪਿੱਪਲ ਹੇਠ ਕੋਈ ਸਾਧੂ ਬੜਾ ਨਿੰਗਰ ਤੇ ਸੁੰਦਰ, ਵੇਲ-ਬੂਟਿਆਂ ਨਾਲ ਚਿਤਰਿਆ ਹੋਇਆ ਗੜਵਾ ਭੁੱਲ ਗਿਆ ਜੋ ਇਨ੍ਹਾਂ ਦੇ ਮੁੰਡੇ ਦੇ ਹੱਥ ਲੱਗ ਗਿਆ। ਜਦੋਂ ਇਹ ਕਿਸੇ ਆਏ-ਗਏ ਨੂੰ ਚਿੱਬੀ ਕੌਲੀ ਵਿਚ ਪਤਲੀ ਦਾਲ ਦੇ ਕੇ ਰੋਟੀਆਂ ਹੱਥ ਉਤੇ ਰਖਦੇ, ਉਹਨੂੰ ਗੜਵਾ ਦਿਖਾ ਕੇ ਇਹ ਜ਼ਰੂਰ ਆਖਦੇ, "ਸਾਡੇ ਐਹ ਵਧੀਆ ਗੜਵਾ ਵੀ ਹੈਗਾ!" ਮੋਦੀ ਨੇ ਸੋਚਿਆ, ਵਿਰੋਧੀਆਂ ਨੂੰ ਮੂੰਹ-ਤੋੜ ਜਵਾਬ ਦੇਣ ਵਾਸਤੇ ਟੱਬਰ ਨੂੰ ਮਿਲੇ ਸਾਧ ਦੇ ਗੜਵੇ ਵਰਗੀ ਕੋਈ ਇਕ ਵਧੀਆ ਚੀਜ਼ ਜ਼ਰੂਰ ਹੋਣੀ ਚਾਹੀਦੀ ਹੈ ਜੋ ਚਿੱਬੀ ਕੌਲੀ ਤੇ ਬੁੱਕ ਵਿਚ ਰੱਖੀਆਂ ਰੋਟੀਆਂ ਉਤੇ ਪਰਦਾ ਪਾ ਸਕੇ। ਇਸ ਉਦੇਸ਼ ਨਾਲ ਉਹਨੇ 'ਸਾਬਰਮਤੀ ਰਿਵਰਫਰੰਟ' ਬਣਾਇਆ। ਜਦੋਂ ਕੋਈ ਬੇਰੁਜ਼ਗਾਰੀ, ਅਨਪੜ੍ਹਤਾ, ਸਿਹਤ, ਮੁਸਲਮਾਨਾਂ ਵਿਰੁਧ ਵਿਤਕਰੇ, ਆਦਿ ਦੀ ਗੱਲ ਕਰਦਾ, ਮੋਦੀ ਗੜਵਾ ਦਿਖਾਉਣ ਵਾਂਗ ਆਖਦਾ, ਦੇਖੋ ਮੇਰੀ ਸਾਬਰਮਤੀ!

ਖ਼ੈਰ, ਹੁਣ ਗੁਜਰਾਤ, ਅਹਿਮਦਾਬਾਦ ਤੇ ਸਾਬਰਮਤੀ ਰਿਵਰਫਰੰਟ ਤਾਂ ਉਹੋ ਹੈ, ਮੋਦੀ ਨਵਾਂ ਹੈ। ਉਹ ਗੁਜਰਾਤ ਦੇ ਮੁੱਖ ਮੰਤਰੀ ਦੀ ਥਾਂ ਭਾਰਤ ਦਾ ਪ੍ਰਧਾਨ ਮੰਤਰੀ ਬਣ ਗਿਆ ਹੈ। ਪਰ ਜਿਨਪਿੰਗ ਦਾ ਜਹਾਜ਼ ਦਿੱਲੀ ਉਤਾਰਨ ਦੀ ਥਾਂ ਉਹਨੇ ਸਾਬਰਮਤੀ ਦਾ ਗੜਵਾ ਦਿਖਾਉਣ ਵਾਸਤੇ ਅਹਿਮਦਾਬਾਦ ਵਿਚ ਉਤਾਰਿਆ। ਮੋਦੀ ਤੇ



ਝੂਲੇ 'ਤੇ ਬੈਠੇ ਹੋਏ ਜਿਨਪਿੰਗ ਅਤੇ ਨਰਿੰਦਰ ਮੋਦੀ

ਜਿਨਪਿੰਗ ਦੋਵੇਂ ਉਂਗਲਾਂ ਦੀ ਕੰਘੀ ਪਾਈਂ ਚਹਿਲਕਦਮੀ ਕਰ ਰਹੇ ਸਨ ਕਿ ਸੇਵਕਾਂ ਨੇ ਨਦੀ ਕਿਨਾਰੇ ਸ਼ਾਹੀ ਝੂਲਾ ਲਿਆ ਰੱਖਿਆ। ਮੋਦੀ ਰਾਜਾਸ਼ਾਹੀ ਝੂਲਾ ਦੇਖ ਕੇ ਜਿਨਪਿੰਗ ਵੱਲ ਮੁਸਕਰਾਇਆ। ਇਧਰ ਮੇਰੇ ਮਨ ਦੇ ਮੰਚ ਤੋਂ ਮੰਨਾ ਡੇ ਤੇ ਆਸ਼ਾ ਦਾ ਪ੍ਰੋਗਰਾਮ ਖ਼ਤਮ ਹੋਇਆ ਅਤੇ ਆਪਣੇ ਢਾਡੀ ਅਮਰ ਸਿੰਘ ਸ਼ੌਂਕੀ ਨੇ ਹੇਕ ਚੁੱਕ ਲਈ, "ਆ ਜਾ ਜਿਨਪਿੰਗ ਝੂਟ ਲੈ, ਪੀਂਘ ਹੁਲਾਰੇ ਲੈਂਦੀ!"

ਮਗਰੋਂ ਮੋਦੀ ਨੂੰ ਪਤਾ ਲੱਗਿਆ, ਜਿਨਪਿੰਗ ਇਧਰ ਪੀਂਘ ਦੇ ਝੂਟੇ ਲੈਂਦਾ ਰਿਹਾ, ਉਧਰ ਫ਼ੌਜ ਨੂੰ ਸਾਡੇ ਇਲਾਕੇ ਦੇ ਡੂੰਘਾ ਅੰਦਰ ਵੜ ਜਾਣ ਲਈ ਕਹਿ ਆਇਆ! ਰੌਲਾ ਸੌ ਅਰਬ ਦੇ ਸਮਝੌਤਿਆਂ ਦਾ ਪਾਉਂਦਾ ਰਿਹਾ, ਸਮਝੌਤੇ ਵੀਹ ਅਰਬ ਦੇ ਹੋਏ। ਮੁੱਖ ਮੰਤਰੀ ਹੁੰਦਿਆਂ ਮੋਦੀ ਗੁਜਰਾਤ ਵਿਚ ਹਰ ਸਾਲ ਦੁਨੀਆਂ ਭਰ ਦੇ ਕਾਰੋਬਾਰੀਆਂ ਦਾ ਮੇਲਾ ਕਰ ਕੇ ਲੱਖਾਂ ਕਰੋੜ ਰੁਪਏ ਦੇ ਸਮਝੌਤੇ ਸਹੀਬੰਦ ਕਰਦਾ ਸੀ। ਜਦੋਂ ਗੱਲ ਅਮਲਾਂ ਦੀ ਆਉਂਦੀ, ਸਭ ਕੁਝ ਲੱਖਾਂ ਕਰੋੜਾਂ ਤੋਂ ਸਿਮਟ ਕੇ ਸੈਂਕੜੇ ਕਰੋੜਾਂ ਤੱਕ ਰਹਿ ਜਾਂਦਾ। ਮੋਦੀ ਜਾਣ ਗਿਆ, ਜਿਨਪਿੰਗ ਦੇ ਇਸ ਵੀਹ ਅਰਬ ਵਿਚੋਂ ਵੀ ਪੰਜੀ-ਛਿੱਕੀ ਹੀ ਪੱਲੇ ਪੈਣੀ ਹੈ!

ਪਹਿਲਾਂ ਅਜਿਹੀ ਲੰਗੜੀ ਹੀ ਨਵਾਜ਼ ਸ਼ਰੀਫ਼ ਨੇ ਮਾਰੀ। ਜੱਫੀਆਂ ਖ਼ੂਬ ਘੁੱਟ ਕੇ ਪਾਈਆਂ। ਪਰ ਜਾਂਦਿਆਂ ਹੀ ਕਸ਼ਮੀਰ ਦਾ ਰੌਲਾ ਪਾ ਦਿੱਤਾ। ਜਦੋਂ ਪੰਜਾਬ ਵਿਚ ਕਿਸੇ ਨੂੰ ਮਿਲਣ ਆਏ ਰਿਸ਼ਤੇਦਾਰ ਮੁੰਡੇ-ਕੁੜੀਆਂ ਨੂੰ ਖੇਸ ਤੇ ਝੱਗਾ-ਜਾਮਾ ਦੇਣ ਦਾ ਰਿਵਾਜ ਸੀ, ਜੇ ਕੋਈ ਰਿਸ਼ਤੇਦਾਰ ਆਪਣੇ ਵੇਲੇ ਕਿਸੇ ਨਾਲੋਂ ਮਾੜਾ ਲੀੜਾ-ਕੱਪੜਾ ਦੇ ਦਿੰਦਾ, ਰਿਸ਼ਤੇਦਾਰੀ ਟੁੱਟਣ ਦੀ ਨੌਬਤ ਆ ਜਾਂਦੀ। ਮਿਹਣਾ ਮਾਰਿਆ ਜਾਂਦਾ, "ਮੈਂ ਤਾਂ ਉਹਦੇ ਮੁੰਡੇ ਨੂੰ ਦਿੱਤਾ ਸੀ ਧੁੱਸੇ ਵਰਗਾ ਖੇਸ, ਉਹਨੇ ਮੇਰੇ ਪੁੱਤ ਦੇ ਮੱਥੇ ਐਹ ਜਾਲਖਾ ਮਾਰਿਆ!" ਤਾਈ ਕਿਸ਼ਨੋ ਨੇਮ ਨਾਲ ਟੀ.ਵੀ. ਦੇਖਦੀ ਹੈ। ਇਸ ਕਰਕੇ ਚੌਵੀ ਕੈਰਟ ਦੀ ਅਨਪੜ੍ਹ ਹੋਣ ਦੇ ਬਾਵਜੂਦ ਗਲੀ-ਮੁਹੱਲੇ ਜਾਂ ਨਗਰ ਪੰਚਾਇਤ ਦੀ ਰਾਜਨੀਤੀ ਨੂੰ ਹੀ ਨਹੀਂ, ਕੌਮਾਂਤਰੀ ਰਾਜਨੀਤੀ ਨੂੰ ਵੀ ਵਾਹਵਾ ਮੂੰਹ ਮਾਰਦੀ ਹੈ। ਮੈਨੂੰ ਕਹਿੰਦੀ, "ਵੇ ਪੁੱਤ ਗੁਰਬਚਨ ਸਿਆਂ, ਨਵਾਜ਼ ਐਨਾ ਔਖਾ ਹੋਇਆ ਫਿਰਦਾ ਐ, ਉਹ ਜਿਹੜੀ ਸ਼ਾਲ ਮੋਦੀ ਦੀ ਬੇਬੇ ਨੂੰ ਦੇ ਕੇ ਗਿਆ ਸੀ, ਕਿਤੇ ਏਸ ਨਿਕੰਮੇ ਨੇ ਉਹਦੀ ਬੇਬੇ ਨੂੰ ਉਹਦੇ ਨਾਲੋਂ ਸਸਤੀ ਤਾਂ ਨਹੀਂ ਦੇ ਦਿੱਤੀ?"

ਮੈਂ ਦੱਸਿਆ, "ਤਾਈ, ਸ਼ਾਲ ਤਾਂ ਵਧੀਆ ਕਸ਼ਮੀਰੀ ਸੀ। ਆਪਣੇ ਮੋਦੀ ਨੇ ਸੋਚਿਆ ਸੀ, ਕਸ਼ਮੀਰੀ ਸ਼ਾਲ ਲੈ ਕੇ ਉਹ ਕਸ਼ਮੀਰ ਛੱਡ ਦੇਊ। ਪਰ ਉਹਨੇ ਤਾਂ ਜੋ ਰੌਲਾ ਪਾਇਆ ਸੋ ਪਾਇਆ, ਕੱਲ੍ਹ ਦਾ ਜੰਮਿਆ ਭੁੱਟੋ ਦਾ ਦੋਹਤਾ ਵੀ ਕਹਿੰਦਾ, ਅਸੀਂ ਇਕ ਇੰਚ ਵੀ ਕਸ਼ਮੀਰ ਨਹੀਂ ਛੱਡਣਾ।"

ਤਾਈ ਬੋਲੀ, "ਮੈਨੂੰ ਅਨਪੜ੍ਹ ਨੂੰ ਬਹੁਤੀਆਂ ਬਰੀਕੀਆਂ ਦਾ ਤਾਂ ਪਤਾ ਨਹੀਂ, ਪਰ ਪੁੱਤ ਮੈਂ ਤਾਂ ਗੱਲ ਕਰੂੰ ਨਿਆਂ ਦੀ। ਇਹ ਤਾਂ ਆਪਣਿਆਂ ਦੀ ਕਮਲੀ ਗੱਲ ਸੀ, ਭਲਾਂ ਕੋਈ ਇਕ ਸ਼ਾਲ ਵੱਟੇ ਐਡਾ ਵੱਡਾ ਕਸ਼ਮੀਰ ਕਿਵੇਂ ਛਡ ਦੇਊ?" ਹੁਣ ਮੋਦੀ ਜੀ ਅਮਰੀਕਾ ਗਏ। ਉਨ੍ਹਾਂ ਦੇ ਜਾਣ ਦਾ ਤੌਰ-ਤਰੀਕਾ ਇਉਂ ਸੀ ਜਿਵੇਂ ਕੋਲੰਬਸ ਤੋਂ ਮਗਰੋਂ ਬੱਸ ਉਹ ਹੀ ਨਵੀਂ ਦੁਨੀਆ ਦੀ ਧਰਤੀ ਉਤੇ ਪੈਰ ਰੱਖ ਰਹੇ ਦੂਜੇ ਵਿਅਕਤੀ ਹੋਣ। ਵਿਆਹ ਵਾਲੇ ਮੁੰਡੇ ਦੀ ਭਰਜਾਈ ਵਾਂਗੂੰ ਇਕ ਇਕ ਦਿਨ ਵਿਚ ਛੇ ਛੇ ਸੂਟ ਬਦਲੇ। ਅਮਰੀਕੀ ਅਜਿਹੇ ਅਣਭਿੱਜ ਨਿੱਕਲੇ ਕਿ ਪ੍ਰਸ਼ੰਸਾ ਕਰਨ ਦੀ ਥਾਂ ਹੈਰਾਨ ਹੁੰਦੇ ਰਹੇ, "ਇਹ ਭਾਰਤ ਦਾ ਪ੍ਰਧਾਨ ਮੰਤਰੀ ਸਰਕਾਰ ਨਾਲ ਤੇ ਕਾਰੋਬਾਰੀਆਂ ਨਾਲ ਗੰਭੀਰ ਗੱਲਬਾਤ ਕਰਨ ਆਇਆ ਹੈ ਕਿ ਜਾਰਜ ਕਲੂਨੀ ਨਾਲ ਫ਼ੈਸ਼ਨ ਤੇ ਪ੍ਰਸਨੈਲਿਟੀ ਦਾ ਮੁਕਾਬਲਾ ਕਰਨ ਆਇਆ ਹੈ?" ਨਤੀਜਾ ਇਹ ਹੋਇਆ ਕਿ ਅਮਰੀਕੀ ਕਹਿੰਦੇ, "ਜਨਾਬ, ਇਹ ਮੋਦੀ-ਮੋਦੀ ਦੇ ਨਾਅਰੇ ਤਾਂ ਪਰਵਾਸੀ ਗੁਜਰਾਤੀਆਂ ਤੋਂ ਸੁਣ ਕੇ ਖ਼ੁਸ਼ ਹੁੰਦੇ ਰਹੋ, ਪਰ ਜੇ ਸਾਡੇ ਨਾਲ ਲੈਣ-ਦੇਣ ਕਰਨਾ ਹੈ ਤਾਂ ਪਹਿਲਾਂ ਆਪਣੇ ਕਾਨੂੰਨ ਇਉਂ ਬਦਲੋ ਕਿ ਅਸੀਂ ਭਾਰਤ ਦੇ ਕਿਸਾਨਾਂ ਦੀਆਂ ਜ਼ਮੀਨਾਂ ਸਸਤੀਆਂ ਖੋਹ ਸਕੀਏ ਤੇ ਬਿਨਾਂ ਕਿਸੇ ਅਦਾਲਤੀ ਡਰ-ਭੈ ਤੋਂ ਤੁਹਾਡੇ ਮਜ਼ਦੂਰਾਂ ਨੂੰ ਢੱਗਿਆਂ ਵਾਂਗ ਵਾਹ ਸਕੀਏ!"

ਮੋਦੀ ਦੇ ਅਮਰੀਕੀ ਦੌਰੇ ਦਾ ਅਜੇ ਮੈਨੂੰ ਤਾਈ ਕਿਸ਼ਨੋ ਦਾ ਵਿਸ਼ਲੇਸ਼ਣ ਜਾਣਨ ਦਾ ਮੌਕਾ ਤਾਂ ਨਹੀਂ ਮਿਲਿਆ ਪਰ ਪੜ੍ਹਾਕੂ ਨਾਂ ਦਾ ਮੁੰਡਾ ਜ਼ਰੂਰ ਯਾਦ ਆ ਗਿਆ। ਉਹ ਪੂਰੇ ਟੱਬਰ ਵਿਚੋਂ ਸਕੂਲ ਦਾ ਮੂੰਹ ਦੇਖਣ ਵਾਲਾ ਪਹਿਲਾ ਸੀ। ਸਕੂਲ ਛੱਡਣ ਤੋਂ ਪਹਿਲਾਂ ਤੀਜੀ ਜਮਾਤ ਦੀ ਡਿਗਰੀ ਲਈ ਹੋਣ ਕਰਕੇ ਲੋਕ ਉਹਦਾ ਅਸਲ ਨਾਂ ਭੁੱਲ ਗਏ, ਪੜ੍ਹਾਕੂ ਆਖਣ ਲੱਗ ਪਏ। ਇਹੋ ਉਹਦਾ ਨਾਂ ਬਣ ਗਿਆ। ਉਹ ਆਪਣੇ ਆਪ ਨੂੰ ਪੂਰੇ ਟੱਬਰ ਵਿਚੋਂ ਉਵੇਂ ਸਿਆਣਾ ਸਮਝਦਾ ਸੀ ਜਿਵੇਂ ਮੋਦੀ ਆਪਣੇ ਆਪ ਨੂੰ ਪੂਰੇ ਦੇਸ ਵਿਚੋਂ ਸਭ ਤੋਂ ਸਿਆਣਾ ਸਮਝਦਾ ਹੈ। ਇਕ ਦਿਨ ਪੜ੍ਹਾਕੂ ਅਨਪੜ੍ਹ ਮਾਤਾ-ਪਿਤਾ ਤੇ ਭਰਾ-ਭਰਜਾਈ ਨਾਲ ਨਦੀਉਂ ਪਾਰ ਕਿਤੇ ਜਾ ਰਿਹਾ ਸੀ। ਨਦੀ ਕੋਲ ਜਾ ਕੇ ਪਤਾ ਲੱਗਿਆ ਕਿ ਬੇੜੀ ਵਾਲਾ ਤਾਂ ਅੱਜ ਆਇਆ ਹੀ ਨਹੀਂ। ਪੜ੍ਹਾਕੂ 'ਪੜ੍ਹਿਆ-ਲਿਖਿਆ' ਹੋਣ ਕਰਕੇ ਤਰਨਾ ਸਿੱਖ ਗਿਆ ਸੀ, ਬਾਕੀ ਸਾਰੇ ਅਨਜਾਣ ਸਨ। ਉਨ੍ਹਾਂ ਦਾ ਘਬਰਾਉਣਾ ਕੁਦਰਤੀ ਸੀ। ਪੜ੍ਹਾਕੂ ਬੋਲਿਆ, "ਘਬਰਾਓ ਨਾ, ਮੈਨੂੰ ਹਿਸਾਬ ਲਾ ਲੈਣ ਦਿਉ। ...ਭਲਾ ਬਾਪੂ, ਨਦੀ ਡੂੰਘੀ ਕਿੰਨੀ ਹੋਊ?"

ਪੰਜ ਗਜ਼ ਸੁਣ ਕੇ ਧਰਤੀ ਉਤੇ ਬੈਠ ਗਿਆ ਅਤੇ ਉਂਗਲ ਨਾਲ ਰੇਤੇ ਉਤੇ ਪੰਜ ਨੂੰ ਪੰਜ ਨਾਲ ਵੰਡਿਆ। ਖ਼ੁਸ਼ ਹੋ ਕੇ ਬੋਲਿਆ, "ਚਲੋ ਬਈ, ਨਦੀ ਪਾਰ ਕਰੀਏ। ਸਾਰਿਆਂ ਨੂੰ ਇਕ ਇਕ ਗਜ਼ ਪਾਣੀ ਆਇਆ। ਬੱਸ ਹੇਠੋਂ ਹੇਠੋਂ ਭਿੱਜਾਂਗੇ।" ਜਦੋਂ ਉਹ ਚਾਰੇ ਗੋਤੇ ਖਾਣ ਲੱਗੇ, ਪੜ੍ਹਾਕੂ ਹੈਰਾਨ ਹੋਇਆ, "ਲੇਖਾ ਮੇਰਾ ਜਿਉਂ-ਦਾ-ਤਿਉਂ, ਅਨਪੜ੍ਹ ਟੱਬਰ ਡੁੱਬਿਆ ਕਿਉਂ!"

ਪਾਕਿਸਤਾਨ, ਚੀਨ ਤੇ ਅਮਰੀਕਾ ਨਾਲ ਸਿਖਰੀ ਮਿਲਣੀਆਂ ਮਗਰੋਂ ਮੋਦੀ ਵੀ ਪੜ੍ਹਾਕੂ ਵਾਂਗ ਹੈਰਾਨ ਹੈ, "ਸਭ ਨੂੰ ਜੱਫੀਆਂ ਪਾਈਆਂ, ਸ਼ਾਲਾਂ ਵਟਾਈਆਂ, ਪੀਂਘਾਂ ਝੂਟੀਆਂ, ਇਕ ਇਕ ਦਿਨ ਵਿਚ ਛੇ ਛੇ ਸੂਟ ਬਦਲੇ, ਪਰਵਾਸੀ ਗੁਜਰਾਤੀਆਂ ਤੋਂ ਜੈ-ਜੈ ਕਰਵਾਈ, ਪਰ ਦੋਸਤੀ, ਸਹਿਮਤੀ, ਸਮਝੌਤੇ, ਵਪਾਰ-ਕਾਰੋਬਾਰ, ਮਾਇਆ, ਸਭ ਸਾਬਰਮਤੀ ਵਿਚ ਕਿਉਂ ਡੁਬਦਾ ਜਾਂਦਾ ਹੈ? ਲੇਖਾ ਤਾਂ ਮੇਰਾ ਜਿਉਂ-ਦਾ-ਤਿਉਂ ਸੀ!"

## ਕਾਵਿ-ਕਿਆਰੀ

### ਹਾਲ ਪੰਜਾਬ ਦਾ

ਮੰਦੜਾ ਹਾਲ ਪੰਜਾਬ ਦਾ ਕੀ ਆਖਾਂ,  
ਹਾਲਤ ਅਮਨ ਕਾਨੂੰਨ ਤਹਿਸ-ਨਹਿਸ ਹੋਈ।  
ਗੱਲ ਹੱਕ ਇਨਸਾਫ਼ ਦੀ ਦੂਰ ਦਿਸਦੀ,  
ਜਿਸ ਦੀ ਲਾਠੀ ਹੈ, ਉਸ ਦੀ ਮੈਂਸ ਹੋਈ।

ਧੀਆਂ-ਭੈਣਾਂ ਦਾ ਜੀਣਾ ਮੁਹਾਲ ਹੋਇਆ,  
ਕੁੱਤੀ ਚੋਰਾਂ ਨਾਲ ਜੋ ਰਲੀ ਹੋਈ।  
ਪੁੱਤ ਗਰੀਬਾਂ ਦੇ ਚਿੱਟੇ ਦਿਨ ਕਤਲ ਹੁੰਦੇ,  
ਖ਼ਬਰ ਪੁਲਿਸ ਮੁਕਾਬਲੇ ਦੀ ਲੱਗੇ ਮੜ੍ਹੀ ਹੋਈ।

ਪੈਸੇ ਬਿਨਾਂ ਨਾ ਦਫਤਰੀ ਕੰਮ ਹੁੰਦਾ,  
ਲੋਕਾਂ ਵਿਚ ਮੱਚੀ ਹਾਹਾਕਾਰ ਹੋਈ।  
ਆਮ ਲੋਕਾਂ ਦੀਆਂ ਆਸਾਂ ਦੀ ਆਈ ਪਤਝੜ,  
ਭ੍ਰਿਸ਼ਟ ਲੋਕਾਂ ਦੀ ਸਦਾ ਬਹਾਰ ਹੋਈ।

ਖ਼ੁਦਕੁਸ਼ੀਆਂ ਕਿਸਾਨ ਨੇ ਪਏ ਕਰਦੇ,  
ਚੁੱਲ੍ਹੇ ਬੁਝਣ ਦੀ ਨੌਬਤ ਹੈ ਆਈ ਹੋਈ।  
ਧੱਕੇ ਖਾਂਦੇ ਨੇ ਲੱਖਾਂ ਬੇਰੁਜ਼ਗਾਰ ਫਿਰਦੇ,  
ਆਖਣ ਹਨ੍ਹੇਰੀ ਵਿਕਾਸ ਦੀ ਆਈ ਹੋਈ।

ਚਮਚਾਗਿਰੀ ਦੀ ਹੱਦ ਹੈ ਹੋਈ ਅੱਜ ਕੱਲ੍ਹ,  
ਸਾਡੇ ਲੀਡਰਾਂ ਲੋਈ ਹੈ ਲਾਹੀ ਹੋਈ।  
ਨਿੱਕਰ ਪਾ ਕੇ ਨੰਗਾ ਜੇ ਫਿਰੇ ਰਾਜਾ,  
ਆਖਣ ਸੁੰਦਰ ਪੁਸ਼ਾਕ ਹੈ ਪਾਈ ਹੋਈ।

*-ਪ੍ਰੋ. ਸੁਖਦੇਵ ਸਿੰਘ ਗਿੱਲ*  
*ਸੈਕਰਾਮੈਂਟੋ, ਕੈਲੀਫੋਰਨੀਆ।*  
*ਫੋਨ: 916-410-8740*

---

### ਇਹ ਦੁਨੀਆਂ ਹੈ ਗੋਲ

ਛੱਡ ਗਿਲੇ ਸ਼ਿਕਵੇ ਮਨ ਮੇਰੇ  
ਇਹ ਦੁਨੀਆਂ ਹੈ ਗੋਲ।  
ਬਾਹਰੋਂ ਹੋਰ ਤੇ ਅੰਦਰੋਂ ਹੋਰ  
ਇਹ ਦੁਨੀਆਂ ਹੈ ਗੋਲ।

ਸਮੇਂ ਦਾ ਚੱਕਰ, ਜ਼ਿੰਦਗੀ ਚੱਕਰ  
ਚੱਕਰਾਂ ਵਿਚ ਨਿੱਤ ਪਾਵੇ ਦੁਨੀਆਂ।  
ਬਿਨ ਦੁਨੀਆਂ ਵੀ ਨਹੀਂ ਗੁਜ਼ਾਰਾ  
ਕਦੀ ਰਾਸ ਨਾ ਆਵੇ ਦੁਨੀਆਂ।  
ਸੋਚ ਨਾ ਜ਼ਿਆਦਾ ਕਰਮ ਕਰੀ ਜਾ  
ਨਾ ਬੀਤੇ ਦੀ ਗੱਠੜੀ ਫੋਲ...

ਵੱਡੇ ਸਿਰ ਤੇ ਵੱਡੀਆਂ ਪੀੜਾਂ  
ਨਿੱਕੇਪਨ ਵਿਚ ਸੱਤ ਸੰਤੋਖ।  
ਮਿਹਨਤ ਕੀਤੇ ਸਭ ਕੁਝ ਮਿਲਦਾ  
ਜਿਸ ਦੀ ਰੱਖਦਾ ਲੋਚ।  
ਰਸਤੇ ਦੱਸਣ ਮੰਜ਼ਲ ਤੇਰੀ  
ਤੁਰਿਆ ਚੱਲ ਅਗਾਂਹ ਨੂੰ ਦੇਖ  
ਸਿਦਕ ਭਰੋਸਾ ਲਗਨ ਸੱਚਾਈ  
ਏਸੇ ਵਿਚ ਤੇਰੀ ਰੌਸ਼ਨਾਈ  
ਕਰ ਅਮਲਾਂ ਦੀ ਨੇਕ ਕਮਾਈ  
ਆਪਣੀ ਕਹਿਣੀ ਕਰਨੀ ਤੋਲ...

ਯਾਦ ਕਹਾਣੀ ਬੜੀ ਪੁਰਾਣੀ  
ਚੰਗਿਆਂ ਯਾਦਾਂ ਹੀ ਸਰਮਾਇਆ।  
ਚੰਗਾ ਕਰ ਤੇ ਸੋਚ ਵੀ ਚੰਗਾ  
ਹੋਰ ਹੋਰ ਦੀ ਹੋੜ 'ਚ ਨਾ ਪੈ  
ਰੱਖ ਦਾਤੇ ਹੱਥ ਡੋਰ...  
ਛੱਡ ਗਿਲੇ ਸ਼ਿਕਵੇ ਮਨ ਮੇਰੇ  
ਇਹ ਦੁਨੀਆਂ ਹੈ ਗੋਲ  
ਬਾਹਰੋਂ ਹੋਰ ਤੇ ਅੰਦਰੋਂ ਹੋਰ।

*-ਰਾਣਾ ਸੰਘੇੜਾ (ਤਲਵਣ)*  
*ਫੋਨ: 360-823-6927*

---

### ਮੈਨੂੰ ਯਾਦ ਹੈ

ਮੈਨੂੰ ਯਾਦ ਹੈ  
ਹਾਂ ਮੈਂ ਭੁੱਲਿਆ ਨਹੀਂ  
ਉਹ ਭੱਠੀ 'ਤੇ ਦਾਣੇ ਭੁੰਨਣ ਵਾਲੀ ਤਾਈ  
ਮੈਨੂੰ ਇਹ ਵੀ ਯਾਦ ਹੈ  
ਉਹ ਸਾਰੀਆਂ ਔਰਤਾਂ  
ਜੋ ਲੋਹੜੀ 'ਤੇ ਘਰ ਘਰ ਮੰਗ ਕੇ  
ਸੁੱਖਾਂ ਮੰਗਦੀਆਂ ਸਨ।

ਮੈਨੂੰ ਯਾਦ ਹੈ  
ਓਹ ਛੱਪੜ ਤੇ ਮੱਝਾਂ-ਗਾਂਵਾਂ  
ਉਹ ਰੋਂਦੇ ਅਤੇ ਵਿਲਕਦੇ  
ਬੱਚਿਆਂ ਦੀਆਂ ਮਾਂਵਾਂ  
ਜੋ ਸਾਡੇ ਪਿੰਡ ਮੰਗਣ ਆਉਂਦੀਆਂ ਸਨ।


ਹਾਂ ਮੈਂ ਭੁੱਲਿਆ ਨਹੀਂ  
ਸਾਈਕਲਾਂ ਨੂੰ ਪੈਂਚਰ ਲਾਉਣ ਵਾਲਾ ਭੋਲਾ  
ਵਿਆਹ ਵਿਚ ਨਚਾਰਾਂ ਦਾ ਟੋਲਾ  
ਕੁੜੀਆਂ ਦੀਆਂ ਤੀਆਂ  
ਮੀਂਹ ਲਈ ਗੁੱਡੀ ਫੂਕਣੀ  
ਹੁਣ ਉਹ ਚਾਅ ਨਹੀਂ ਰਹੇ,  
ਉਹ ਕਿਸ਼ਤੀਆਂ ਦੇ ਮਲਾਹ ਨਹੀਂ ਰਹੇ  
ਸਮਾਂ ਭੱਜ ਰਿਹਾ ਹੈ  
ਘਰਾਟਾਂ ਦੀ ਚੱਕੀ ਵਾਂਗ।

ਸੁਖਪਾਲ ਖੁਸ਼ ਰਿਹਾ ਹੈ  
ਖੋਏ ਹੋਏ ਪਲਾਂ ਨੂੰ ਯਾਦ ਕਰਕੇ  
ਕੀ ਪਤਾ ਉਹ ਵੇਲਾ ਫਿਰ ਆ ਜਾਵੇ  
ਦੇਖ ਲੈਂਦੇ ਹਾਂ ਫਰਿਆਦ ਕਰਕੇ।

*-ਸੁਖਪਾਲ ਗਿੱਲ, ਸ਼ਿਕਾਗੋ*

# ਕੈਨੇਡਾ ’ਚ ਫਿਰਕਾਪ੍ਰਸਤ ਸੋਚ ਦੇ ਖਾਤਮੇ ਅਤੇ ਬਹੁ-ਸਭਿਆਚਾਰਕ ਸਮਾਜ ਦੇ ਵਿਕਾਸ ਦੀ ਦਾਸਤਾਂ

**ਕਾਮਾਗਾਟਾ ਮਾਰੂ ਦੀ ਸ਼ਤਾਬਦੀ ‘ਤੇ ਵਿਸ਼ੇਸ਼**




*ਕੈਨੇਡੀਅਨ ਸਰਕਾਰ ਵੱਲੋਂ ਕਾਮਾਗਾਟਾ ਮਾਰੂ ਘਟਨਾ ਦੀ ਯਾਦ ’ਚ ਜਾਰੀ ਡਾਕ ਟਿਕਟ*

***ਕਾਮਾਗਾਟਾ ਮਾਰੂ ਦੁਖਾਂਤ ਦਾ ਸ਼ਤਾਬਦੀ ਵਰ੍ਹਾ ਚੱਲ ਰਿਹਾ ਹੈ। ਵੱਖ-ਵੱਖ ਸੰਸਥਾਵਾਂ, ਜਥੇਬੰਦੀਆਂ ਤੇ ਸਰਕਾਰਾਂ ਇਸ ਬਾਰੇ ਸਮਾਗਮ ਰਚਾ ਰਹੀਆਂ ਹਨ। ਦੇਰ ਨਾਲ ਹੀ ਸਹੀ, ਇਸ ਘਟਨਾ ਵਿਚ ਔਕੜਾਂ ਝੱਲਣ ਵਾਲਿਆਂ ਨੂੰ ਆਖਰਕਾਰ ਸੰਸਾਰ ਪੱਧਰ ਉਤੇ ਆਜ਼ਾਦੀ ਸੰਗਰਾਮੀਆਂ ਦਾ ਹਿੱਸਾ ਮੰਨ ਲਿਆ ਗਿਆ ਹੈ। ਇਸ ਦੁਖਾਂਤ ਦੇ ਪਿਛੋਕੜ ਅਤੇ ਸਮੁੱਚੇ ਇਤਿਹਾਸ ਬਾਰੇ ਬੜਾ ਪੀਡਾ ਤੇ ਵਿਸਥਾਰ ਵਾਲਾ ਲੇਖ ‘ਕੈਨੇਡਾ ਵਿਚ ਫਿਰਕਾਪ੍ਰਸਤ ਸੋਚ ਦੇ ਖਾਤਮੇ ਤੇ ਬਹੁ-ਸਭਿਆਚਾਰਕ ਸਮਾਜ ਦੇ ਵਿਕਾਸ ਦੀ ਦਾਸਤਾਂ’ ਡਾ. ਡੀ.ਪੀ. ਸਿੰਘ ਨੇ ਸਾਨੂੰ ਭੇਜਿਆ ਹੈ। ਉਨ੍ਹਾਂ ਲੇਖ ਦਾ ਬਿਰਤਾਂਤ ਇਸ ਤਰ੍ਹਾਂ ਬੀੜਿਆ ਹੈ ਕਿ ਸਾਰੀਆਂ ਘਟਨਾਵਾਂ ਵਾਰੀ-ਵਾਰੀ ਚੇਤਿਆਂ ਵਿਚੋਂ ਲੰਘਣੀਆਂ ਸ਼ੁਰੂ ਹੋ ਜਾਂਦੀਆਂ ਹਨ। ਡਾ. ਡੀ.ਪੀ. ਸਿੰਘ ਵਿਗਿਆਨ ਲੇਖਕ ਹਨ ਅਤੇ ਬੱਚਿਆਂ ਨੂੰ ਪੜ੍ਹਾਉਂਦੇ ਹਨ। ਅੱਜ ਕੱਲ੍ਹ ਉਹ ਮਿਸੀਸਾਗਾ (ਕੈਨੇਡਾ) ਦੇ ਵਸਨੀਕ ਹਨ। ਉਨ੍ਹਾਂ ਦੀਆਂ 18 ਕਿਤਾਬਾਂ ਅਤੇ ਤਕਰੀਬਨ 1000 ਰਚਨਾਵਾਂ ਪੰਜਾਬੀ, ਹਿੰਦੀ ਤੇ ਅੰਗਰੇਜ਼ੀ ਦੀਆਂ ਅਖ਼ਬਾਰਾਂ ਤੇ ਰਸਾਲਿਆਂ ਵਿਚ ਛਪ ਚੁੱਕੀਆਂ ਹਨ। -ਸੰਪਾਦਕ***

“ਆਜ਼ਾਦ ਦੇਸ਼ ਦੀ ਯਾਤਰਾ ਤੇ ਉਸ ਦੇ ਨਾਗਰਿਕਾਂ ਨਾਲ ਸੰਪਰਕ ਤੋਂ ਵਿਸ਼ਾਲ ਹੋਇਆ ਮਨੁੱਖੀ ਨਜ਼ਰੀਆ, ਵਿਦੇਸ਼ੀਆਂ ਦੀ ਗੁਲਾਮੀ ਵਿਚ ਜਕੜੇ ਲੋਕਾਂ ਦੇ ਮਨਾਂ ਵਿਚ ਆਜ਼ਾਦੀ ਪ੍ਰਾਪਤੀ ਦਾ ਜਜ਼ਬਾ ਤੇ ਤੜਫ ਪੈਦਾ ਕਰਦਾ ਹੈ।” -ਬਾਬਾ ਗੁਰਦਿੱਤ ਸਿੰਘ।

ਭਾਰਤੀਆਂ ਦਾ ਉਦਮੀ ਸੁਭਾਅ ਉਨ੍ਹਾਂ ਨੂੰ ਅਣਜਾਣ ਧਰਤੀਆਂ ਬਾਰੇ ਜਾਣਨ ਦੀ ਧੂਹ ਪਾਉਂਦਾ ਰਹਿੰਦਾ ਹੈ ਜਿਸ ਦੇ ਫਲਸਰੂਪ ਉਨ੍ਹਾਂ ਨੂੰ ਬਿਗਾਨੇ ਦੇਸ਼ਾਂ ਵਿਚ ਅਕਸਰ ਅਕਹਿ ਮੁਸੀਬਤਾਂ ਤੇ ਕਸ਼ਟਾਂ ਦਾ ਸਾਹਮਣਾ ਵੀ ਕਰਨਾ ਪਿਆ। ਉਂਜ, ਇਨ੍ਹਾਂ ਮੁਢਲੇ ਪਰਵਾਸੀਆਂ ਦਾ ਉਦਮੀ ਜਜ਼ਬਾ ਕਦੇ ਮੱਠਾ ਨਹੀਂ ਪਿਆ। ਸਖਤ ਮਿਹਨਤ ਸਦਕਾ ਉਨ੍ਹਾਂ ਬਿਗਾਨੀਆਂ ਧਰਤੀਆਂ ਨੂੰ ਆਪਣਾ ਘਰ ਬਣਾ ਲਿਆ ਤੇ ਉਥੋਂ ਦੇ ਵਿਕਾਸ ਤੇ ਉਨਤੀ ਵਿਚ ਅਥਾਹ ਯੋਗਦਾਨ ਪਾਇਆ।



**ਡਾ. ਡੀ.ਪੀ. ਸਿੰਘ**
e-mail: drdpsn@gmail.com

ਇਹ ਮਨੁੱਖੀ ਸਭਿਅਤਾ ਦੇ ਵਿਕਾਸ ਦੀ ਕਹਾਣੀ ਵੀ ਹੈ। ਵਿਕਾਸ ਦੀਆਂ ਘਟਨਾਵਾਂ ਦੀ ਇਸੇ ਲੜੀ ਵਿਚ ਕਾਮਾਗਾਟਾ ਮਾਰੂ ਜਹਾਜ਼ ਦੀ ਸਮੁੰਦਰੀ ਯਾਤਰਾ ਦੇ ਬਿਰਤਾਂਤ ਦਾ ਵਿਸ਼ੇਸ਼ ਮਹੱਤਵ ਹੈ। ਸੰਨ 1914 ਵਿਚ ਵਾਪਰੀ ਇਸ ਘਟਨਾ ਦਾ ਸਬੰਧ ਜਿਥੇ ਭਾਰਤ ਦੀ ਆਜ਼ਾਦੀ ਦੀ ਲੜਾਈ ਨਾਲ ਜਾ ਜੁੜਦਾ ਹੈ, ਉਥੇ ਕੈਨੇਡਾ ਵਿਚ ਦੱਖਣ ਏਸ਼ੀਆਈ ਪਰਵਾਸੀਆਂ ਦੇ ਸਮਾਜਕ ਬਰਾਬਰੀ ਦੇ ਹੱਕਾਂ ਦੀ ਲੜਾਈ ਨਾਲ ਵੀ ਹੈ। ਇਸ ਸਾਕੇ ਨੇ ਕੈਨੇਡਾ ਵਿਚ ਫਿਰਕਾਪ੍ਰਸਤ ਸੋਚ ਦੇ ਖਾਤਮੇ ਤੇ ਬਹੁ-ਸਭਿਆਚਾਰਕ ਸਮਾਜ ਦੇ ਵਿਕਾਸ ਵਿਚ ਅਹਿਮ ਯੋਗਦਾਨ ਪਾਇਆ।

**ਪਿਛੋਕੜ:** 20ਵੀਂ ਸਦੀ ਦੇ ਅਰੰਭ ਵਿਚ ਕੈਨੇਡਾ ‘ਚ ਮੂਲ-ਵਾਸੀਆਂ, ਬਰਤਾਨਵੀ ਤੇ ਫਰਾਂਸੀਸੀ ਪਰਵਾਸੀਆਂ ਤੋਂ ਇਲਾਵਾ ਹੋਰ ਕੌਮਾਂ ਦੇ ਪਰਵਾਸੀਆਂ ਦੀ ਗਿਣਤੀ ਨਾਂ-ਮਾਤਰ ਹੀ ਸੀ, ਪਰ ਜਲਦੀ ਹੀ ਹੋਰ ਕੌਮਾਂ ਦੇ ਪਰਵਾਸੀਆਂ ਦੀ ਵੱਡੀ ਗਿਣਤੀ ਕੈਨੇਡਾ ਦੇ ਪੱਛਮੀ ਖੇਤਰ ਵਿਖੇ ਪੁੱਜਣੀ ਸ਼ੁਰੂ ਹੋ ਗਈ। ਬਹੁਤ ਸਾਰੇ ਕੈਨੇਡਾ ਵਾਸੀਆਂ ਦਾ ਖਿਆਲ ਸੀ ਕਿ ਅਜਿਹੇ ਪਰਵਾਸੀਆਂ ਦੀ ਆਮਦ ਕੈਨੇਡਾ ਦੇ ਆਰਥਿਕ ਵਿਕਾਸ ਲਈ ਲਾਭਦਾਇਕ ਰਹੇਗੀ, ਪਰ ਅਨੇਕ ਕੈਨੇਡਾ ਵਾਸੀ ਅਜਿਹੇ ਵੀ ਸਨ ਜੋ ਅਜਿਹੇ ਪਰਵਾਸੀਆਂ ਦੀ ਆਮਦ ਕਾਰਨ ਸੰਭਾਵੀ ਸਮਾਜਕ ਅਤੇ ਆਰਥਿਕ ਪ੍ਰਭਾਵਾਂ ਬਾਰੇ ਚਿੰਤਤ ਸਨ। ਇਸ ਲਈ ਉਹ ਪਰਵਾਸੀਆਂ ਦੀ ਆਮਦ ਦੀ ਖੁੱਲ੍ਹ ਦੇ ਵਿਰੁਧ ਸਨ। ਇਨ੍ਹਾਂ ਦਿਨਾਂ ਵਿਚ ਪੱਛਮੀ ਸਮਾਜ ਵਿਚ ‘ਗੋਰੀ ਨਸਲ ਦੀ ਉਤਮਤਾ’ ਦੀ ਧਾਰਨਾ ਪ੍ਰਚਲਿਤ ਸੀ। ਬਹੁਤੇ ਕੈਨੇਡਾ ਵਾਸੀਆਂ ਦਾ ਯਕੀਨ ਸੀ ਕਿ ਬਰਤਾਨਵੀ ਤੇ ਜਰਮਨ ਕੌਮਾਂ ਦੇ ਲੋਕ ਸਭ ਤੋਂ ਉਤਮ ਮਨੁੱਖੀ ਨਸਲ ਹਨ ਤੇ ਬਰਤਾਨਵੀ ਸਰਕਾਰ ਦੇ ਸਿਧਾਂਤ ਸਰਵ-ਸ੍ਰੇਸ਼ਟ ਹਨ। ਕੈਨੇਡਾ ਦੀ ਮਹਾਨਤਾ ਦਾ ਆਧਾਰ ਇਸ ਦੀ ਬਰਤਾਨਵੀ ਤੇ ਜਰਮਨ ਵਿਰਾਸਤ ਹੀ ਹੈ।

ਕਾਲੇ ਤੇ ਏਸ਼ੀਆਈ ਪਰਵਾਸੀਆਂ ਜਿਨ੍ਹਾਂ ਵਿਚ ਚੀਨੀ, ਜਾਪਾਨੀ ਤੇ ਦੱਖਣ ਏਸ਼ੀਆਈ ਕੌਮਾਂ ਦੇ ਲੋਕ ਸ਼ਾਮਿਲ ਸਨ, ਨੂੰ ਘਟੀਆ ਤੇ ਕੈਨੇਡੀਅਨ ਸਮਾਜ ਵਿਚ ਸੁਮੇਲਤਾ ਦੇ ਅਯੋਗ ਸਮਝਿਆ ਜਾਂਦਾ ਸੀ। ਇਨ੍ਹਾਂ ਪਰਵਾਸੀਆਂ ਨੂੰ ਬਹੁਤ ਸੰਗੀਨ ਕਿਸਮ ਦੇ ਪੱਖਪਾਤ ਦਾ ਸਾਹਮਣਾ ਕਰਨਾ ਪਿਆ। ਬਹੁਤ ਸਾਰੇ ਕੈਨੇਡੀਅਨ ਇਨ੍ਹਾਂ ਨੂੰ ਮੂਲ ਰੂਪ ਵਿਚ ਅਜਿਹੇ ਸਸਤੇ ਮਜ਼ਦੂਰ ਸਮਝਦੇ ਸਨ ਜੋ ਪਛੜੇ ਹੋਏ, ਅਗਿਆਨੀ, ਅਨੈਤਿਕ ਤੇ ਕਿੱਤਾਕਾਰੀ ਲਈ ਖ਼ਤਰਾ ਸਨ। ਸੰਨ 1833 ਵਿਚ ਗੁਲਾਮੀ ਦੀ ਪ੍ਰਥਾ ਦਾ ਅੰਤ ਹੋ ਜਾਣ ਪਿਛੋਂ ਬੇਸ਼ਕ ਕਾਲੀ ਨਸਲ ਦੇ ਕੈਨੇਡੀਅਨਾਂ ਲਈ ਕਾਨੂੰਨੀ ਅੜਿੱਕੇ ਕਾਫੀ ਘਟ ਗਏ ਸਨ ਪਰ ਸਮਾਜਕ ਤੌਰ ਉਤੇ ਇਹ ਵਿਤਕਰਾ ਅਜੇ ਵੀ ਕਾਇਮ ਸੀ। 1850 ਤੋਂ 1960 ਤਕ ਬ੍ਰਿਟਿਸ਼ ਕੋਲੰਬੀਆ ਵਿਖੇ ਏਸ਼ੀਆਈ ਪਰਵਾਸੀਆਂ ਵਿਰੁਧ ਕਾਨੂੰਨੀ ਪੱਖਪਾਤ ਜ਼ੋਰਾਂ ਉਤੇ ਸੀ। ਮਜ਼ਦੂਰ ਜਥੇਬੰਦੀਆਂ ਦਾ ਕਹਿਣਾ ਸੀ ਕਿ ਏਸ਼ੀਆਈ ਲੋਕ, ਗੋਰੇ ਲੋਕਾਂ ਦੇ ਕੰਮਾਂ ਉਤੇ ਡਾਕਾ ਮਾਰ ਰਹੇ ਹਨ ਤੇ ਘੱਟ ਸੇਵਾਫਲ ਉਤੇ ਮਜ਼ਦੂਰੀ ਕਰ ਕੇ ਸਾਰੇ ਕਾਮਿਆਂ ਦਾ ਜੀਵਨ ਪੱਧਰ ਡੇਗ ਰਹੇ ਹਨ। ਏਸ਼ੀਆਈ ਲੋਕਾਂ ਨੂੰ ਮਜ਼ਦੂਰ ਯੂਨੀਅਨਾਂ ਦਾ ਮੈਂਬਰ ਬਣਨ ਦੀ ਆਗਿਆ ਨਹੀਂ ਸੀ। ਏਸ਼ੀਆਈ ਮਜ਼ਦੂਰਾਂ ਨੂੰ ਘੱਟ ਸੇਵਾਫਲ ਦੇਣਾ ਆਮ ਪ੍ਰਚਲਿਤ ਨੀਤੀ ਸੀ। ਪਰਵਾਸੀਆਂ ਨੂੰ ਗਰੀਬ, ਅਨਪੜ੍ਹ, ਅਨੈਤਿਕ, ਸਿਆਸੀ ਤੌਰ ਉਤੇ ਬੇਈਮਾਨ ਤੇ ਧਾਰਮਿਕਤਾ ਤੋਂ ਸੱਖਣੇ ਮੰਨਿਆ ਜਾਂਦਾ ਸੀ।

ਬ੍ਰਿਟਿਸ਼ ਕੋਲੰਬੀਆ ਵਿਖੇ ਪੱਖਪਾਤੀ ਕਾਨੂੰਨਾਂ ਅਤੇ ਅਨਿਆਂਪੂਰਨ ਸਮਾਜਕ ਚਲਣ ਕਾਰਨ ਚੀਨੀ, ਜਾਪਾਨੀ ਤੇ ਦੱਖਣੀ ਏਸ਼ੀਆ ਦੇ ਪਰਵਾਸੀਆਂ ਨੂੰ ਅਨੇਕ ਜਨਤਕ ਹੱਕਾਂ ਤੋਂ ਵਾਂਝਾ ਰੱਖਿਆ ਗਿਆ ਸੀ। ਉਨ੍ਹਾਂ ਨੂੰ ਵੋਟ ਪਾਉਣ, ਪਬਲਿਕ ਆਫਿਸ ਲਈ ਚੁਣੇ ਜਾਣ ਅਤੇ ਜਿਊਰੀ ਦਾ ਮੈਂਬਰ ਬਣਨ ਦੀ ਮਨਾਹੀ ਸੀ। ਉਨ੍ਹਾਂ ਨੂੰ ਵਕਾਲਤ, ਫਾਰਮੇਸੀ, ਸਿਵਲ ਸਰਵਿਸ ਤੇ ਸਿਖਿਆ ਦੇ ਖੇਤਰ ਵਿਚ ਕੰਮ ਕਰਨ ਤੋਂ ਅਯੋਗ ਕਰਾਰ ਕਰ ਦਿੱਤਾ ਗਿਆ ਸੀ। ਏਸ਼ੀਅਨ ਪਰਵਾਸੀਆਂ ਦੇ ਵਿਰੋਧੀਆਂ ਵਲੋਂ ਅਨੇਕ ਵਾਰ ਏਸ਼ੀਅਨ ਬੱਚਿਆਂ ਨੂੰ ਪਬਲਿਕ ਸਕੂਲਾਂ ਵਿਚ ਦਾਖਲਾ ਨਾ ਦੇਣ ਅਤੇ ਪਰਵਾਸੀਆਂ ਨੂੰ ਜ਼ਮੀਨ ਖਰੀਦਣ ਦਾ ਹੱਕ ਨਾ ਦੇਣ ਦਾ ਜ਼ੋਰ-ਸ਼ੋਰ ਨਾਲ ਸਮਰਥਨ ਕੀਤਾ ਗਿਆ। ਜਨਤਕ ਗੁੱਸੇ ਦੇ ਇਜ਼ਹਾਰ ਵਜੋਂ ਚੀਨੀ ਤੇ ਏਸ਼ੀਆਈ ਪਰਵਾਸੀਆਂ ਖਿਲਾਫ ਕਈ ਵਾਰ ਦੰਗੇ ਵੀ ਕੀਤੇ ਗਏ। ਚੀਨੀ ਪਰਵਾਸੀਆਂ ਦੀ ਗਿਣਤੀ ਸੀਮਿਤ ਰੱਖਣ ਲਈ ਉਨ੍ਹਾਂ ਉਤੇ ‘ਹੈਡ ਟੈਕਸ’ ਲਾਗੂ ਕਰ ਦਿੱਤਾ। 1907 ਵਿਚ ਜਾਪਾਨੀ ਪਰਵਾਸੀਆਂ ਦੀ ਆਮਦ ਕੰਟਰੋਲ ਕਰਨ ਲਈ ਜਾਪਾਨ ਸਰਕਾਰ ਨਾਲ ਸਮਝੌਤਾ ਕੀਤਾ ਗਿਆ। ਪਰਵਾਸੀ ਭਾਰਤੀਆਂ ਦੀ ਸੰਖਿਆ ਸੀਮਿਤ ਰੱਖਣ ਲਈ ਆਰਡਰ-ਇਨ-ਕੌਂਸਲ ਪਾਸ ਕੀਤਾ ਗਿਆ।

**ਕਾਮਾਗਾਟਾ ਮਾਰੂ ਦੀ ਸਮੁੰਦਰੀ ਯਾਤਰਾ ਦਾ ਅਰੰਭ:** 1900 ਦੀ ਕੈਨੇਡੀਅਨ ਮਰਦਮ-ਸ਼ੁਮਾਰੀ ਅਨੁਸਾਰ ਉਤਰ ਅਮਰੀਕੀ ਮਹਾਂਦੀਪ ਵਿਖੇ ਕੁੱਲ 2050 ਭਾਰਤੀ ਪਰਵਾਸੀ ਰਹਿ ਰਹੇ ਸਨ ਜਿਨ੍ਹਾਂ ਵਿਚ ਬਹੁ-ਗਿਣਤੀ ਪੰਜਾਬੀਆਂ ਦੀ ਸੀ ਜੋ ਰੁਜ਼ਗਾਰ ਦੇ ਚੰਗੇ ਮੌਕਿਆਂ ਦੀ ਤਲਾਸ਼ ਵਿਚ ਇਥੇ ਆਏ ਸਨ। ਇਥੇ ਪੁੱਜਣ ਉਤੇ ਉਨ੍ਹਾਂ ਨੂੰ ਬਹੁਤ ਸੰਕਟਮਈ ਹਾਲਾਤ ਦਾ ਸਾਹਮਣਾ ਕਰਨਾ ਪਿਆ। ਉਹ, ਸਥਾਨਕ ਲੋਕਾਂ ਵਲੋਂ ਕੀਤੇ ਗਏ ਵੱਡੇ ਪੱਧਰ ਦੇ ਪੱਖਪਾਤ ਦਾ ਸ਼ਿਕਾਰ ਬਣੇ। ਜਿਉਂ-ਜਿਉਂ ਭਾਰਤੀ ਪਰਵਾਸੀਆਂ ਦੀ ਗਿਣਤੀ ਵਿਚ ਵਾਧਾ ਹੋਣ ਲੱਗਾ, ਸਥਾਨਕ ਲੋਕਾਂ ਵਿਚ ਇਹ ਡਰ ਘਰ ਕਰ ਗਿਆ ਕਿ ਪਰਵਾਸੀ ਉਨ੍ਹਾਂ ਦੇ ਕੰਮਾਂ-ਕਾਰਾਂ ਉਤੇ ਕਬਜ਼ਾ ਕਰ ਲੈਣਗੇ। ਇਸ ਲਈ ਉਹ ਇਨ੍ਹਾਂ ਭੂਰੇ ਰੰਗ ਵਾਲੇ ਪਰਵਾਸੀਆਂ ਦੀ ਆਮਦ ਨੂੰ ਰੋਕਣ ਦੀਆਂ ਗੋਂਦਾਂ ਗੁੰਦਣ ਲੱਗੇ।

ਸਥਾਨਕ ਲੋਕਾਂ ਦੇ ਹਿਤਾਂ ਦੀ ਰਾਖੀ ਅਤੇ ਭਾਰਤੀ ਪਰਵਾਸੀਆਂ ਦੀ ਆਮਦ ਨੂੰ ਨੱਥ ਪਾਉਣ ਲਈ ਬ੍ਰਿਟਿਸ਼ ਕੋਲੰਬੀਆ ਦੀ ਸਰਕਾਰ ਨੇ ਸਖ਼ਤ ਕਾਨੂੰਨ ਘੜ ਲਏ। ਇਨ੍ਹਾਂ ਅਨੁਸਾਰ ਬ੍ਰਿਟਿਸ਼ ਕੋਲੰਬੀਆਂ ਵਿਚ ਦਾਖਲੇ ਲਈ ਭਾਰਤੀ ਪਰਵਾਸੀ ਨੂੰ ਭਾਰਤ ਤੋਂ ਸਿੱਧਾ ਯਾਤਰਾ ਰਾਹੀਂ ਪਹੁੰਚਣਾ ਤੇ ਉਸ ਕੋਲ ਦੋ ਸੌ ਡਾਲਰ ਦੀ ਰਕਮ ਹੋਣਾ ਜ਼ਰੂਰੀ ਸੀ। ਉਨ੍ਹਾਂ ਦਿਨਾਂ ਵਿਚ ਆਮ ਭਾਰਤੀ ਦੀ ਰੋਜ਼ਾਨਾ ਆਮਦਨ ਲਗਭਗ ਦਸ ਸੈਂਟ ਹੀ ਸੀ। ਸਮੁੰਦਰੀ ਜਹਾਜ਼ਰਾਨੀ ਕੰਪਨੀਆਂ ਉਤੇ ਵੀ ਭਾਰਤੀਆਂ ਨੂੰ ਟਿਕਟਾਂ ਨਾ ਵੇਚਣ ਲਈ ਦਬਾਅ ਬਣਾਇਆ ਗਿਆ। 1907 ਵਿਚ ਅਜਿਹਾ ਕਾਨੂੰਨ ਬਣਾਇਆ



*ਆਪਣੇ ਪੁੱਤਰ ਅਤੇ ਹੋਰ ਯਾਤਰੂਆਂ ਨਾਲ ਬਾਬਾ ਗੁਰਦਿੱਤ ਸਿੰਘ*

ਗਿਆ ਜਿਸ ਅਨੁਸਾਰ ਸਾਰੇ ਭਾਰਤੀਆਂ ਨੂੰ ਵੋਟ ਪਾਉਣ ਦੇ ਹੱਕ ਤੋਂ ਵਾਂਝਾ ਰੱਖਿਆ ਗਿਆ। ਉਨ੍ਹਾਂ ਨੂੰ ਸਰਕਾਰੀ ਅਹੁਦਿਆਂ ਅਤੇ ਜਿਊਰੀ ਦੇ ਮੈਂਬਰ ਬਣਨ ਦੀ ਮਨਾਹੀ ਕਰ ਦਿੱਤੀ ਗਈ। ਉਨ੍ਹਾਂ ਨੂੰ ਵਕਾਲਤ, ਫਾਰਮੇਸੀ, ਸਿਵਲ ਸਰਵਿਸਜ਼ ਤੇ ਸਿਖਿਆ ਪ੍ਰਣਾਲੀ ਵਿਚ ਕਿੱਤਾ ਕਰਨ ਦੇ ਅਯੋਗ ਕਰਾਰ ਦਿੱਤਾ ਗਿਆ। ਏਸ਼ੀਅਨ ਪਰਵਾਸੀਆਂ ਵਿਰੁਧ ਜਨਤਕ ਰਾਏ ਦੇ ਇਜ਼ਹਾਰ ਵਜੋਂ ਸਥਾਨਕ ਲੋਕਾਂ ਵਲੋਂ ਕਈ ਵਾਰ ਦੰਗੇ ਵੀ ਕੀਤੇ ਗਏ।

ਗੁਰਦਿੱਤ ਸਿੰਘ ਸੰਧੂ ਸਿੰਘਾਪੁਰ ਦਾ ਸਫਲ ਵਪਾਰੀ ਸੀ। ਉਹ ਕੈਨੇਡਾ ਵਿਖੇ ਪਰਵਾਸ ਦੇ ਚਾਹਵਾਨ ਪੰਜਾਬੀਆਂ ਦੀਆਂ ਸਮੱਸਿਆਵਾਂ ਤੋਂ ਵਾਕਿਫ ਸੀ। ਕੈਨੇਡਾ ਪਰਵਾਸ ਲਈ 1908 ਅਤੇ 1910 ਵਿਚ ਪਾਸ ਕੀਤੇ ਕੈਨੇਡੀਅਨ ਪਰਵਾਸ ਕਾਨੂੰਨਾਂ ਵਿਚਲੀ ਪਰਵਾਸੀ ਦੇ ਮੂਲ ਦੇਸ਼ ਤੋਂ ਸਿੱਧੀ ਪਰਵਾਸ ਯਾਤਰਾ ਸ਼ਰਤ ਹੀ ਮੁੱਖ ਅੜਿੱਕਾ ਸੀ। ਸੰਨ 1913 ਵਿਚ 38 ਪੰਜਾਬੀਆਂ ਨੇ ਇਸ ਸ਼ਰਤ ਨੂੰ ਕਾਨੂੰਨੀ ਅਦਾਲਤ ਵਿਚ ਚੈਲੰਜ ਕੀਤਾ ਅਤੇ ਕੇਸ ਜਿਤ ਗਏ। ਤਦ ਉਨ੍ਹਾਂ ਨੂੰ ਕੈਨੇਡਾ ਵਿਖੇ ਪਰਵਾਸ ਮਿਲ ਗਿਆ। ਇਸ ਘਟਨਾ ਨੇ ਗੁਰਦਿੱਤ ਸਿੰਘ ਅਤੇ ਉਸ ਦੇ ਸਾਥੀ ਦੇਸ਼ ਵਾਸੀਆਂ ਨੂੰ ਉਤਸ਼ਾਹ ਬਖ਼ਸ਼ਿਆ। ਸਾਥੀ ਦੇਸ਼ ਵਾਸੀਆਂ ਦੀ ਮਦਦ ਦੇ ਖਿਆਲ ਨਾਲ, ਉਸ ਨੇ ਕੈਨੇਡੀਅਨ ਪਰਵਾਸ ਕਾਨੂੰਨ ਦੀ ਭਾਰਤ ਤੋਂ ਕੈਨੇਡਾ ਦੀ ਸਿੱਧੀ ਯਾਤਰਾ ਸ਼ਰਤ ਨੂੰ ਪੂਰਾ ਕਰਨ ਦੀ ਯੋਜਨਾ ਬਣਾਈ ਜਿਸ ਅਨੁਸਾਰ ਉਸ ਨੇ, ਕੈਨੇਡਾ ਵਿਖੇ ਪਰਵਾਸ ਦੇ ਚਾਹਵਾਨ ਭਾਰਤੀਆਂ ਨੂੰ ਕਲਕੱਤਾ (ਭਾਰਤ) ਤੋਂ ਸਿੱਧੇ ਵੈਨਕੂਵਰ (ਕੈਨੇਡਾ) ਲਿਜਾਣ ਲਈ, ਜਨਵਰੀ 1914 ਵਿਚ ਕਾਮਾਗਾਟਾ ਮਾਰੂ ਸਮੁੰਦਰੀ ਜਹਾਜ਼ ਕਿਰਾਏ ਉਤੇ ਲੈ ਲਿਆ। ਉਸ ਨੇ ਇਸ ਜਹਾਜ਼ ਦਾ ਨਾਮ ਗੁਰੂ ਨਾਨਕ ਜਹਾਜ਼ ਰੱਖਿਆ।

4 ਅਪਰੈਲ 1914 ਨੂੰ ਇਸ ਜਹਾਜ਼ ਦੀ ਸਮੁੰਦਰੀ ਯਾਤਰਾ ਹਾਂਗਕਾਂਗ ਦੀ ਬੰਦਰਗਾਹ ਤੋਂ ਸ਼ੁਰੂ ਹੋਈ। ਤਦ ਇਸ ਉਪਰ 150 ਸਵਾਰ ਸਨ। ਰਸਤੇ ਵਿਚ ਇਹ ਸ਼ੰਘਾਈ, ਮੋਜੀ ਤੇ ਜੋਕੋਹਾਮਾ ਦੀਆਂ ਬੰਦਰਗਾਹਾਂ ਵਿਖੇ ਰਸਦ ਤੇ ਸਵਾਰੀਆਂ ਲੈਣ ਲਈ ਰੁਕਿਆ। 3 ਮਈ 1914 ਨੂੰ ਜਹਾਜ਼ ਨੇ ਜਾਪਾਨ ਦੀ ਜੋਕੋਹਾਮਾ ਬੰਦਰਗਾਹ ਨੂੰ ਪਿੱਛੇ ਛੱਡਦਿਆਂ ਕੈਨੇਡਾ ਵੱਲ ਚਾਲੇ ਪਾ ਦਿੱਤੇ। ਤਦ ਇਸ ਉਤੇ 376 ਭਾਰਤੀ ਮੁਸਾਫਿਰ ਸਨ ਜਿਨ੍ਹਾਂ ਵਿਚੋਂ 340 ਸਿੱਖ, 12 ਹਿੰਦੂ ਤੇ 24 ਮੁਸਲਮਾਨ ਭਾਈਚਾਰੇ ਨਾਲ ਸਬੰਧਤ ਸਨ। ਆਪਣੀ ਮਾਤ-ਭੂਮੀ ਤੋਂ ਉਨ੍ਹਾਂ ਦੇ ਪਰਵਾਸ ਦਾ ਮੁੱਖ ਕਾਰਨ ਇਹ ਸੀ ਕਿ ਉਨ੍ਹਾਂ ਨੂੰ ਕੈਨੇਡਾ ਵਿਖੇ ਮਜ਼ਦੂਰੀ ਦਾ ਸੇਵਾਫਲ, ਭਾਰਤ ਵਿਖੇ ਮਿਲਦੀ ਮਜ਼ਦੂਰੀ ਦੇ ਸੇਵਾਫਲ ਨਾਲੋਂ 10 ਤੋਂ 15 ਗੁਣਾ ਵਧੇਰੇ ਮਿਲਣ ਦੀ ਆਸ ਸੀ।

ਕਾਮਾਗਾਟਾ ਮਾਰੂ ਜਹਾਜ਼ ਦੇ ਸਵਾਰਾਂ ਦਾ ਯਕੀਨ ਸੀ ਕਿ ਬਰਤਾਨਵੀ ਨਾਗਰਿਕ ਹੋਣ ਦੇ ਨਾਤੇ ਉਹ ਬਰਤਾਨਵੀ ਸਾਮਰਾਜ ਵਿਚ ਕਿਧਰੇ ਵੀ ਰਹਿਣ, ਵੱਸਣ ਤੇ ਕੰਮ-ਕਾਰ ਕਰਨ ਲਈ ਆਜ਼ਾਦ ਸਨ। ਉਨ੍ਹਾਂ ਦੀ ਇਹ ਧਾਰਨਾ ਸੀ ਕਿ ਉਨ੍ਹਾਂ ਨੂੰ ਕੈਨੇਡਾ (ਜੋ ਬਰਤਾਨਵੀ ਸਾਮਰਾਜ ਦਾ ਅੰਗ ਹੀ ਸੀ) ਵਸਣ ਤੇ ਕੰਮ-ਕਾਰ ਕਰ ਸਕਣ ਦਾ ਹੱਕ ਸੀ। ਜਹਾਜ਼ ਦੇ ਸਵਾਰਾਂ ਵਿਚ ਅਜਿਹੇ ਸਿੱਖ ਸਿਪਾਹੀ ਵੀ ਸਨ ਜਿਨ੍ਹਾਂ ਨੇ ਭਾਰਤੀ ਫੌਜ ਵਿਚਲੇ ਆਪਣੇ ਸੇਵਾਕਾਲ ਦੌਰਾਨ ਬਰਤਾਨਵੀ ਸਮਾਰਾਜ ਦੇ ਹੱਕ ਵਿਚ ਦੇਸ਼-ਵਿਦੇਸ਼ ਅੰਦਰ ਅਨੇਕਾਂ ਜੰਗਾਂ ਵਿਚ ਭਾਗ ਲਿਆ ਸੀ। ਉਹ ਵੀ ਅਜਿਹੀ ਧਾਰਨਾ ਦੇ ਮੁੱਦਈ ਸਨ ਕਿ ਜਿਥੇ ਵੀ ਬਰਤਾਨਵੀ ਹਕੂਮਤ ਹੈ, ਉਥੇ ਉਨ੍ਹਾਂ ਨੂੰ ਕਾਰੋਬਾਰ ਕਰਨ ਦਾ ਹੱਕ ਹਾਸਿਲ ਹੈ, ਪਰ ਜਹਾਜ਼ ਦੇ ਸਵਾਰਾਂ ਵਿਚ ਅਜਿਹੇ ਯਾਤਰੂ ਵੀ ਸਨ ਜੋ ਇਸ ਗੱਲ ਤੋਂ ਭਲੀਭਾਂਤ ਵਾਕਿਫ ਸਨ ਕਿ ਕੈਨੇਡਾ ਸਰਕਾਰ ਅਜਿਹੇ ਹੱਕਾਂ ਨੂੰ ਪ੍ਰਵਾਨ ਨਹੀਂ ਕਰਦੀ।

ਕਈ ਵਿਅਕਤੀਆਂ ਨੇ ਉਨ੍ਹਾਂ ਨੂੰ ਕੈਨੇਡਾ ਦੀਆਂ ਪਰਵਾਸ ਨੀਤੀਆਂ ਬਾਰੇ ਚੇਤੰਨ ਕਰਨ ਦੀ ਕੋਸ਼ਿਸ਼ ਵੀ ਕੀਤੀ। ਇਨ੍ਹਾਂ ਵਿਚ ਭਾਰਤ ਦੇ ਪ੍ਰਸਿੱਧ ਕ੍ਰਾਂਤੀਕਾਰੀ ਮੁਹੰਮਦ ਬਰਕਤਉਲਾ ਤੇ ਬਲਵੰਤ ਸਿੰਘ ਵੀ ਸ਼ਾਮਿਲ ਸਨ ਜੋ ਕਾਮਾਗਾਟਾ ਮਾਰੂ ਜਹਾਜ਼ ਦੇ ਸਵਾਰਾਂ ਨੂੰ ਇਸ ਸਫਰ ਦੌਰਾਨ ਮਿਲੇ। ਭਾਈ ਬਲਵੰਤ ਸਿੰਘ, ਵੈਨਕੂਵਰ ਵਿਖੇ ਸਥਿਤ ਗੁਰਦੁਆਰੇ ਦੇ ਮੁੱਖ ਗ੍ਰੰਥੀ ਸਨ, ਤੇ ਅਜਿਹੀ ਸ਼ਖਸੀਅਤ ਸਨ ਜੋ ਬਰਤਾਨਵੀ ਸਰਕਾਰ ਨੂੰ ਕੈਨੇਡਾ ਵਿਖੇ ਭਾਰਤੀਆਂ ਦੇ ਹਾਲਾਤ ਬਾਰੇ ਜਾਣੂ ਕਰਵਾਉਣ ਲਈ ਲੰਡਨ ਭੇਜੇ ਡੇਲੀਗੇਸ਼ਨ ਦੇ ਮੈਂਬਰ ਰਹਿ ਚੁੱਕੇ ਸਨ। ਉਨ੍ਹਾਂ ਮੋਜੀ ਦੀ ਬੰਦਰਗਾਹ ਤੋਂ ਕੋਬ ਦੀ ਬੰਦਰਗਾਹ ਤਕ ਜਹਾਜ਼ ਦੇ ਸਵਾਰਾਂ ਨਾਲ ਸਫਰ ਕੀਤਾ। ਉਸ ਨੇ ਸਵਾਰਾਂ ਨੂੰ ਕੈਨੇਡਾ ਵਿਖੇ ਪਰਵਾਸ, ਭਾਰਤ ਦੀ ਬਰਤਾਨਵੀ ਸਰਕਾਰ, ਬ੍ਰਿਟੇਨ ਤੇ ਕੈਨੇਡਾ ਦੀਆਂ ਸਰਕਾਰਾਂ ਦੇ ਰਵੱਈਏ ਬਾਰੇ ਜਾਣੂ ਕਰਵਾਇਆ। ਗਿਆਨੀ ਭਗਵਾਨ ਸਿੰਘ ਜਿਸ ਨੂੰ 19 ਨਵੰਬਰ 1913 ਨੂੰ ਕੈਨੇਡਾ ਤੋਂ ਜ਼ਬਰਦਸਤੀ ਕੱਢ ਦਿੱਤਾ ਗਿਆ ਸੀ, ਜੋਕੋਹਾਮਾ ਵਿਖੇ ਜਹਾਜ਼ ਦੇ ਸਵਾਰਾਂ ਨੂੰ ਮਿਲਿਆ। ਉਸ ਨੇ ਕੈਨੇਡਾ ਤੋਂ ਉਸ ਨੂੰ ਕੱਢਣ ਦੀ ਘਟਨਾ ਵੀ ਸਭ ਨਾਲ ਸਾਂਝੀ ਕੀਤੀ।

ਮੁਹੰਮਦ ਬਰਕਤਉਲਾ ਜੋ ਉਸ ਸਮੇਂ ਟੋਕੀਓ ਯੂਨੀਵਰਸਿਟੀ ਵਿਖੇ ਹਿੰਦੁਸਤਾਨੀ ਪ੍ਰੋਫੈਸਰ ਸਨ, ਜੋਕੋਹਾਮਾ ਵਿਖੇ ਹੀ ਜਹਾਜ਼ ਦੇ ਸਵਾਰਾਂ ਨੂੰ ਮਿਲੇ। ਇਥੇ ਸਵਾਰਾਂ ਨੂੰ ਗਦਰੀ ਸਾਹਿਤ ਵੰਡਿਆ ਗਿਆ ਤੇ ਜਹਾਜ਼ ਵਿਖੇ ਸਿਆਸੀ ਮੀਟਿੰਗਾਂ ਵੀ ਹੋਈਆਂ।

ਜਦੋਂ ਕਾਮਾਗਾਟਾ ਮਾਰੂ ਜਹਾਜ਼ ਸ਼ੰਘਾਈ ਤੋਂ ਕੈਨੇਡਾ ਲਈ ਚੱਲਿਆ ਤਾਂ 14 ਅਪਰੈਲ ਨੂੰ ਜਰਮਨ ਦੀ ਇਕ ਕੇਬਲ ਕੰਪਨੀ ਨੇ ਜਰਮਨੀ ਦੀ ਪ੍ਰੈਸ ਲਈ ਖ਼ਬਰ ਭੇਜੀ: ‘400 ਭਾਰਤੀਆਂ ਨਾਲ ਲੱਦਿਆ ਕਾਮਾਗਾਟਾ ਮਾਰੂ ਜਹਾਜ਼ ਸ਼ੰਘਾਈ ਤੋਂ ਵੈਨਕੂਵਰ ਲਈ ਰਵਾਨਾ।’ ਬ੍ਰਿਟਿਸ਼ ਪ੍ਰੈਸ ਨੂੰ ਇਸ ਖ਼ਬਰ ਦਾ ਪਤਾ ਲੱਗ ਗਿਆ। ਵੈਨਕੂਵਰ ਦੀ ‘ਪ੍ਰੋਵਿੰਸ’ ਨਾਮੀ ਰੋਜ਼ਾਨਾ ਅਖ਼ਬਾਰ ਨੇ ਇਹ ਖ਼ਬਰ ਬਹੁਤ ਭੜਕਾਊ ਸਿਰਲੇਖ ਹੇਠ ਛਾਪੀ। ਸਿਰਲੇਖ ਸੀ: ‘ਹਿੰਦੂਆਂ ਨਾਲ ਲੱਦਿਆ ਜਹਾਜ਼ ਵੈਨਕੂਵਰ ਲਈ ਰਵਾਨਾ।’ ਬ੍ਰਿਟਿਸ਼ ਕੋਲੰਬੀਆ ਦੀਆਂ ਹੋਰ ਅਖਬਾਰਾਂ ਨੇ ਵੀ ਅਜਿਹੇ ਸਿਰਲੇਖਾਂ ਹੇਠ ਲੇਖ ਛਾਪਣੇ ਸ਼ੁਰੂ ਕਰ ਦਿੱਤੇ ਜਿਵੇਂ ‘ਕੈਨੇਡਾ ਉਤੇ ਹਿੰਦੂਆਂ ਦਾ ਹਮਲਾ।’ ਬ੍ਰਿਟਿਸ਼ ਕੋਲੰਬੀਆ ਦੇ ਅਧਿਕਾਰੀਆਂ ਨੂੰ ਵੀ ਇਹ ਖ਼ਬਰ ਪਹੁੰਚ ਗਈ। ਉਨ੍ਹਾਂ ਦੀ ਤੁਰੰਤ ਪ੍ਰਕਿਰਿਆ ਸੀ ਕਿ ‘ਹਿੰਦੂਆਂ ਨੂੰ ਕੈਨੇਡਾ ਦੀ ਧਰਤੀ ਉਤੇ ਕਦੇ ਵੀ ਉਤਰਨ ਨਹੀਂ ਦਿੱਤਾ ਜਾਵੇਗਾ।’ (ਤਦ ਗੋਰੇ ਕੈਨੇਡੀਅਨਾਂ ਨੂੰ ਇੰਜ ਜਾਪਦਾ ਸੀ ਕਿ ਸਾਰੇ ਭਾਰਤੀ ਹਿੰਦੂ ਹੀ ਸਨ।)

ਕੈਨੇਡਾ ਵਿਖੇ ਮੌਜੂਦ ਭਾਰਤੀਆਂ ਨੇ ਵੀ ਕਾਮਾਗਾਟਾ ਮਾਰੂ ਜਹਾਜ਼ ਦੀ ਆਮਦ ਲਈ ਤਿਆਰੀ ਅਰੰਭ ਲਈ। ਕਾਮਾਗਾਟਾ ਮਾਰੂ ਦੇ ਸਵਾਰਾਂ ਦੀ ਮਦਦ ਲਈ ਵੈਨਕੂਵਰ ਦੇ ਗੁਰੂਦੁਆਰੇ ਵਿਖੇ ਮੀਟਿੰਗਾਂ ਅਰੰਭ ਹੋ ਗਈਆਂ। ਕੈਨੇਡਾ ਦੇ ਸਮੂਹ ਭਾਰਤੀ ਭਾਈਚਾਰੇ ਨੇ ਵਿਰੋਧੀਆ ਦਾ ਮੁਕਾਬਲਾ ਕਰਨ ਦੀ ਠਾਣ ਲਈ। ਮਾਇਕ ਸਹਾਇਤਾ ਤੇ ਰਸਦ ਇਕੱਠੀ ਕੀਤੀ ਗਈ।

23 ਅਪਰੈਲ 1914 ਨੂੰ ਕਾਮਾਗਾਟਾ ਮਾਰੂ ਜਹਾਜ਼ ਵੈਨਕੂਵਰ ਪਹੁੰਚਿਆ ਤੇ ਬੁਰਾਰਡ

ਇੰਨਲੈਟ ਵਿਖੇ ਆ ਰੁਕਿਆ। ਕਾਮਾਗਾਟਾ ਮਾਰੂ ਦੀ ਯਾਤਰਾ ਕਿਉਂਕਿ ਹਾਂਗਕਾਂਗ ਤੋਂ ਸ਼ੁਰੂ ਹੋਈ ਸੀ, ਇਸ ਲਈ ਕੋਈ ਵੀ ਯਾਤਰੂ ਭਾਰਤ ਤੋਂ ਸਿੱਧੀ ਪਰਵਾਸ ਯਾਤਰਾ ਦੀ ਸ਼ਰਤ ਪੂਰੀ ਨਹੀਂ ਸੀ ਕਰਦਾ। ਬਾਬਾ ਗੁਰਦਿੱਤ ਸਿੰਘ ਨੇ ਬੇਸ਼ਕ ਕਾਮਾਗਾਟਾ ਮਾਰੂ ਦੀ ਜਹਾਜ਼ੀ ਯਾਤਰਾ ਕਲਕੱਤੇ ਤੋਂ ਸ਼ੁਰੂ ਕਰਨ ਦਾ ਯਤਨ ਕੀਤਾ ਸੀ, ਪਰ ਬਰਤਾਨਵੀ ਸਰਕਾਰ ਦੇ ਏਜੰਟਾਂ ਨੇ ਅਜਿਹਾ ਨਹੀਂ ਸੀ ਹੋਣ ਦਿੱਤਾ। ਬਾਬਾ ਗੁਰਦਿੱਤ ਸਿੰਘ ਅਤੇ ਯਾਤਰਾ ਦੀ ਪ੍ਰਬੰਧਕ ਕਮੇਟੀ ਕਾਨੂੰਨੀ ਹਾਲਾਤ ਤੋਂ ਵਾਕਿਫ ਸਨ ਪਰ ਉਨ੍ਹਾਂ ਦਾ ਵਿਚਾਰ ਸੀ ਕਿ ਉਨ੍ਹਾਂ ਦੀ ਕੋਸ਼ਿਸ਼ ਸਹੀ ਦਿਸ਼ਾ ਵਿਚ ਸੀ, ਜੇ ਲੋੜ ਪਈ ਤਾਂ ਉਹ ਅਦਾਲਤ ਦਾ ਦਰਵਾਜ਼ਾ ਖੜਕਾਉਣ ਤੋਂ ਵੀ ਨਹੀਂ ਝਿਜਕਣਗੇ। ਬਹੁਤੇ ਮੁਸਾਫਿਰਾਂ ਦਾ ਤਾਂ ਇਹ ਯਕੀਨ ਹੀ ਸੀ ਕਿ ਉਨ੍ਹਾਂ ਨੂੰ ਕੈਨੇਡਾ ਵਿਚ ਪਰਵਾਸ ਦਾ ਹੱਕ ਹੈ।

ਕੈਨੇਡੀਅਨ ਅਧਿਕਾਰੀ ਇਸ ਜਹਾਜ਼ ਨੂੰ ਜਿਥੋਂ ਇਹ ਆਇਆ ਸੀ, ਉਥੇ ਵਾਪਸ ਭੇਜਣਾ ਚਾਹੁੰਦੇ ਸਨ। ਅਧਿਕਾਰੀਆਂ ਨੇ ਯਾਤਰੂਆਂ ਨੂੰ ਇਹ ਕਹਿ ਕਿ ਜਹਾਜ਼ ਤੋਂ ਉਤਰਨ ਨਾ ਦਿੱਤਾ ਕਿ ਨਾ ਤਾਂ ਉਹ ਸਿੱਧੇ ਭਾਰਤ ਤੋਂ ਆਏ ਹਨ, ਤੇ ਨਾ ਹੀ ਉਨ੍ਹਾਂ ਵਿਚੋਂ ਬਹੁਤਿਆਂ ਕੋਲ ਲੋੜੀਂਦੇ 200 ਡਾਲਰ ਹਨ। ਇੰਜ ਉਹ ਪਰਵਾਸ ਨਾਲ ਸਬੰਧਤ ਕੈਨੇਡੀਅਨ ਕਾਨੂੰਨ ਦੀਆਂ ਸ਼ਰਤਾਂ ਪੂਰੀਆਂ ਨਹੀਂ ਕਰਦੇ। ਤਦ ਕਾਮਾਗਾਟਾ ਮਾਰੂ ਦੇ ਯਾਤਰੂਆਂ ਵਿਚੋਂ ਸਿਰਫ 20 ਕੈਨੇਡਾ ਵਾਸੀ ਜੋ ਵਿਦੇਸ਼ ਯਾਤਰਾ ਤੋਂ ਵਾਪਸ ਆ ਰਹੇ ਸਨ ਤੇ ਜਹਾਜ਼ ਦੇ ਡਾਕਟਰ ਤੇ ਉਸ ਦੇ ਪਰਿਵਾਰ ਨੂੰ ਹੀ ਕੈਨੇਡਾ ਵਿਖੇ ਉਤਰਨ ਦੀ ਇਜਾਜ਼ਤ ਦਿੱਤੀ ਗਈ। ਬਾਕੀਆਂ ਨੂੰ ਵੈਨਕੂਵਰ ਦੀ ਬੰਦਰਗਾਹ ਵਿਖੇ ਹਿਰਾਸਤ ਵਿਚ ਲੈ ਲਿਆ ਗਿਆ। ਇਹ ਯਾਤਰੂ ਲਗਭਗ ਤਿੰਨ ਮਹੀਨੇ ਤਕ ਜਹਾਜ਼ ਉਤੇ ਹੀ ਫਸੇ ਰਹੇ।

ਸਵਾਰੀਆਂ ਲਈ ਕੈਨੇਡਾ ਦੀ ਧਰਤੀ ਉਤੇ ਉਤਰਨ ਦੀ ਇਜਾਜ਼ਤ ਨਾ ਮਿਲਣ ਕਾਰਨ ਉਨ੍ਹਾਂ ਲਈ ਮੁਸੀਬਤਾਂ ਦਾ ਪਹਾੜ ਖੜ੍ਹਾ ਹੋ ਗਿਆ। ਜਲਦੀ ਹੀ ਉਨ੍ਹਾਂ ਕੋਲ ਖਾਣ-ਪੀਣ ਦੀ ਰਸਦ ਮੁੱਕ ਗਈ। ਫਲਸਰੂਪ ਬਹੁਤ ਵਾਰ ਉਨ੍ਹਾਂ ਨੂੰ ਫਾਕੇ ਹੀ ਕੱਟਣੇ ਪਏ। ਬਿਮਾਰ ਵਿਅਕਤੀਆਂ ਲਈ ਡਾਕਟਰੀ ਸਹਾਇਤਾ ਵੀ ਨਹੀਂ ਸੀ। ਆਪਣੇ ਪਰਿਵਾਰਾਂ ਨਾਲ ਸੁਖ-ਸੁਨੇਹੇ ਲੈਣ-ਦੇਣ ਦੀ ਸਹੂਲਤ ਤੋਂ ਵੀ ਉਹ ਵਾਂਝੇ ਸਨ। ਉਨ੍ਹਾਂ ਨੂੰ ਸਹੀ ਕਾਨੂੰਨੀ ਸਹਾਇਤਾ ਵੀ ਮੁਹੱਈਆ ਨਹੀਂ ਸੀ ਹੋ ਰਹੀ। ਕੈਨੇਡਾ ਦੀ ਧਰਤੀ ਉਤੇ ਵਸ ਰਹੇ ਕੈਨੇਡੀਅਨਾਂ ਵਾਂਗ ਕਾਮਾਗਾਟਾ ਮਾਰੂ ਦੇ ਯਾਤਰੂ, ਬਰਤਾਨਵੀ ਸਾਮਰਾਜ ਦੀ ਪਰਜਾ ਸਨ ਤੇ ਉਨ੍ਹਾਂ ਵਿਚੋਂ ਅਨੇਕ ਯਾਤਰੂ ਨੇ ਬ੍ਰਿਟੇਨ ਦੀ ਆਜ਼ਾਦੀ ਦੀ ਹਿਫਾਜ਼ਤ ਦੇ ਹੱਕ ਵਿਚ ਜੰਗ ਲੜੇ ਸਨ। ਅੱਜ ਉਹੋ ਜਿਹੀ ਆਜ਼ਾਦੀ ਦੀ ਤਾਂਘ ਹੀ ਉਨ੍ਹਾਂ ਦੇ ਮਨ ਵਿਚ ਸੀ।

ਕਾਮਾਗਾਟਾ ਮਾਰੂ ਦੇ ਸਵਾਰਾਂ ਨੇ ਕੈਨੇਡੀਅਨ ਲੋਕਾਂ ਤੇ ਸਰਕਾਰ ਤੋਂ ਇਨਸਾਫ ਲਈ ਗੁਹਾਰ ਲਗਾਈ। ਉਨ੍ਹਾਂ ਬ੍ਰਿਟੇਨ ਦੇ ਬਾਦਸ਼ਾਹ, ਡਿਊਕ ਆਫ ਕਨਾਟ, ਭਾਰਤ ਦੇ ਵਾਇਸਰਾਏ, ਇੰਗਲੈਂਡ ਤੇ ਭਾਰਤ ਦੇ ਭਾਰਤੀ ਨੇਤਾਵਾਂ ਨੂੰ ਮਦਦ ਕਰਨ ਲਈ ਟੈਲੀਗਰਾਮ ਭੇਜੇ, ਪਰ ਕਿਧਰੋਂ ਵੀ ਕੋਈ ਮਦਦ ਨਾ ਮਿਲੀ। ਜਹਾਜ਼ ਉਤੇ ਸਵਾਰ ਯਾਤਰੂ ਗੰਭੀਰ ਆਰਥਿਕ ਤੇ ਮਾਨਸਿਕ ਔਕੜਾਂ ਦਾ ਸ਼ਿਕਾਰ ਬਣ ਗਏ। ਖਾਲਸਾ ਦੀਵਾਨ ਕਮੇਟੀ, ਵੈਨਕੂਵਰ ਨੇ ਯਾਤਰੂਆਂ ਨੂੰ ਆਰਥਿਕ ਸਹਿਯੋਗ ਦੇਣ ਦੇ ਮੱਦੇਨਜ਼ਰ ਲੋੜੀਂਦਾ ਧਨ ਇਕੱਤਰ ਕਰਨ ਲਈ 'ਤਟ ਕਮੇਟੀ' ਬਣਾਈ। ਕਾਮਾਗਾਟਾ ਮਾਰੂ ਜਹਾਜ਼ ਦੀ ਆਮਦ ਦੇ ਕੁਝ ਕੁ ਦਿਨਾਂ ਅੰਦਰ ਹੀ ਤਟ ਕਮੇਟੀ ਨੇ 5000 ਡਾਲਰ ਇਕੱਤਰ ਕਰ ਲਏ। ਸਮੇਂ ਨਾਲ ਉਨ੍ਹਾਂ ਜਹਾਜ਼ ਦੇ ਬੰਦਰਗਾਹ ਵਿਚ ਖੜ੍ਹੇ ਰਹਿਣ ਦੀ ਫੀਸ ਅਤੇ ਜਹਾਜ਼ ਦੇ ਜਾਪਾਨੀ ਮਾਲਕਾਂ ਨੂੰ ਜਹਾਜ਼ ਦਾ ਕਿਰਾਇਆ ਦੇਣ ਲਈ 20,000 ਡਾਲਰ ਹੋਰ ਵੀ ਇਕੱਠੇ ਕੀਤੇ।

ਲੰਮਾ ਸਮਾਂ ਬੀਤਣ 'ਤੇ ਇਸ ਕਸੂਤੀ ਹਾਲਤ ਦਾ ਕੋਈ ਹੱਲ ਨਿਕਲਦਾ ਨਜ਼ਰ ਨਾ ਆਇਆ। ਤਟ ਕਮੇਟੀ ਕਾਮਾਗਾਟਾ ਮਾਰੂ ਦਾ ਮਸਲਾ ਅਦਾਲਤ ਵਿਚ ਲੈ ਗਈ। ਕਾਮਾਗਾਟਾ ਮਾਰੂ ਦੇ ਯਾਤਰੂ, ਬ੍ਰਿਟਿਸ਼ ਕੋਲੰਬੀਆ ਦੇ ਭਾਰਤੀ ਤੇ ਅਧਿਕਾਰੀ ਦੋ ਮਹੀਨੇ ਗਹਿਗੱਚ ਕਾਨੂੰਨੀ ਲੜਾਈ ਵਿਚ ਉਲਝੇ ਰਹੇ। ਕੈਨੇਡਾ ਦੀ ਸੁਪਰੀਮ ਕੋਰਟ ਦੇ ਪੂਰੇ ਬੈਂਚ ਨੇ ਫੈਸਲਾ ਕੀਤਾ ਕਿ ਨਵੇਂ ਆਰਡਰ-ਇਨ-ਕੌਂਸਲ ਕਾਰਨ ਨਿਆਂਇਕ ਟ੍ਰਿਬਿਊਨਲਾਂ ਨੂੰ ਪਰਵਾਸ ਵਿਭਾਗ ਦੇ ਹੁਕਮਾਂ ਵਿਚ ਦਖਲ-ਅੰਦਾਜ਼ੀ ਦੀ ਮਨਾਹੀ ਹੈ।

23 ਜੁਲਾਈ 1914 ਨੂੰ ਕਾਮਾਗਾਟਾ ਮਾਰੂ ਨੂੰ ਵਿਕਟੋਰੀਆ ਬੰਦਰਗਾਹ ਛੱਡ ਕੇ ਹਾਂਗਕਾਂਗ ਵਾਪਸ ਜਾਣ ਲਈ ਹੁਕਮ ਦੇ ਦਿੱਤਾ ਗਿਆ। ਜਦ ਯਾਤਰੂਆਂ ਨੇ ਰਾਸ਼ਣ-ਪਾਣੀ ਦੇ ਢੁਕਵੇਂ ਪ੍ਰਬੰਧ ਤੋਂ ਬਿਨਾਂ ਜਾਣ ਤੋਂ ਨਾਂਹ ਕਰ ਦਿੱਤੀ ਤਾਂ ਕੈਨੇਡੀਅਨ ਅਧਿਕਾਰੀਆਂ ਨੇ ਜਹਾਜ਼ ਉਤੇ ਕਬਜ਼ਾ ਕਰਨ ਦੀ ਕੋਸ਼ਿਸ਼ ਕੀਤੀ। ਜਦ ਉਨ੍ਹਾਂ ਦੀ ਇਹ ਕੋਸ਼ਿਸ਼ ਅਸਫਲ ਰਹੀ ਤਾਂ ਕੈਨੇਡੀਅਨ ਸਰਕਾਰ ਨੇ ਯਾਤਰੂਆਂ ਨੂੰ ਧਮਕਾਉਣ ਲਈ ਨੇਵੀ ਕਰੂਜ਼ਰ ਭੇਜ ਦਿੱਤਾ ਜਿਸ ਨੇ ਕਾਮਾਗਾਟਾ ਮਾਰੂ ਦੇ ਸਾਹਮਣੇ ਪਹੁੰਚ ਤੋਪਾਂ ਸੇਧ ਲਈਆਂ। ਅਜਿਹੇ ਹਾਲਾਤ ਵਿਚ ਬਾਬਾ ਗੁਰਦਿੱਤ ਸਿੰਘ ਤੇ ਉਸ ਦੇ ਸਾਥੀਆਂ ਨੇ ਵਾਪਸ ਜਾਣ ਦੀ ਸ਼ਰਤ ਮੰਨਦੇ ਹੋਏ ਲੋੜੀਂਦਾ ਰਾਸ਼ਣ-ਪਾਣੀ ਮੁਹੱਈਆ ਕਰਵਾਉਣ ਦੀ ਮੰਗ ਕੀਤੀ। ਕੈਨੇਡੀਅਨ ਸਰਕਾਰ ਵਲੋਂ ਕਾਮਾਗਾਟਾ ਮਾਰੂ ਦੀ ਵਾਪਸੀ ਯਾਤਰਾ ਲਈ ਲੋੜੀਂਦਾ ਰਾਸ਼ਣ-ਪਾਣੀ ਮੁਹੱਈਆ ਕਰਵਾਉਣ ਬਾਅਦ ਉਹ ਯਾਤਰੂ ਬਿਨਾਂ ਕੈਨੇਡਾ ਦੀ ਧਰਤੀ ਉਤੇ ਪੈਰ ਰੱਖਿਆਂ, ਵਾਪਸ ਚੱਲ ਪਏ।

**ਵਾਪਸੀ ਯਾਤਰਾ:** 23 ਜੁਲਾਈ 1914 ਦੀ ਸਵੇਰ ਨੂੰ ਕਾਮਾਗਾਟਾ ਮਾਰੂ 352 ਸਵਾਰੀਆਂ ਨਾਲ ਵੈਨਕੂਵਰ ਬੰਦਰਗਾਹ ਵਿਚੋਂ ਨਿਕਲ ਤੁਰਿਆ। ਵਾਪਸੀ ਦੇ ਸਫਰ ਦੌਰਾਨ ਨਾ ਤਾਂ ਹਾਂਗਕਾਂਗ ਦੀ ਸਰਕਾਰ ਨੇ, ਤੇ ਨਾ ਹੀ ਸਿੰਘਾਪੁਰ ਦੀ ਸਰਕਾਰ ਨੇ ਇਨ੍ਹਾਂ ਯਾਤਰੂਆਂ ਨੂੰ ਉਤਰਨ ਦੀ ਇਜਾਜ਼ਤ ਦਿੱਤੀ। ਉਨ੍ਹਾਂ ਨੂੰ ਵਾਪਸ ਭਾਰਤ ਜਾਣ ਲਈ ਮਜਬੂਰ ਕੀਤਾ ਗਿਆ, ਜਦਕਿ ਉਨ੍ਹਾਂ ਵਿਚੋਂ ਕਈ ਯਾਤਰੂ ਕਿਧਰੇ ਵੀ ਕੰਮ ਦੀ ਤਲਾਸ਼ ਲਈ ਤਤਪਰ ਸਨ। ਹੁਣ ਤਕ ਸਾਰੇ ਯਾਤਰੂ ਆਪਣੀ ਯਾਤਰਾ ਦੇ ਸਿਆਸੀ ਨਤੀਜਿਆਂ ਤੋਂ ਪੂਰੀ ਤਰ੍ਹਾਂ ਵਾਕਿਫ ਹੋ ਚੁਕੇ ਸਨ। ਉਹ ਬਰਤਾਨਵੀ ਸਾਮਰਾਜ ਵਿਚ ਉਨ੍ਹਾਂ ਨਾਲ ਵਾਪਰੇ ਅਨਿਆਂ ਤੇ ਨਾਬਰਾਬਰੀ ਦੀ ਕਹਾਣੀ ਆਪਣੇ ਦੇਸ਼ ਵਾਸੀਆਂ ਨਾਲ ਸਾਂਝੀ ਕਰਨਾ ਲੋਚਦੇ ਸਨ।

ਬ੍ਰਿਟਿਸ਼ ਸਰਕਾਰ ਕਾਮਾਗਾਟਾ ਮਾਰੂ ਦੇ ਸਵਾਰਾਂ ਨੂੰ ਖਤਰਨਾਕ ਸਿਆਸੀ ਅੰਦੋਲਨਕਾਰੀ ਸਮਝ ਰਹੀ ਸੀ। 26 ਸਤੰਬਰ 1914 ਨੂੰ ਜਿਵੇਂ ਹੀ ਇਹ ਜਹਾਜ਼ ਕਲਕੱਤਾ ਬੰਦਰਗਾਹ ਨੇੜੇ ਪੁਜਿਆ ਤਾਂ ਤੋਪਾਂ ਜੜੇ ਯੂਰਪੀ ਸਮੁੰਦਰੀ ਬੇੜੇ ਨੇ ਰੁਕਣ ਦਾ ਇਸ਼ਾਰਾ ਕੀਤਾ। ਇਸ ਜਹਾਜ਼ ਨੂੰ ਨਿਗਰਾਨੀ ਹੇਠ ਲੈ ਲਿਆ ਤੇ ਸਵਾਰੀਆਂ ਨੂੰ ਕੈਦੀ ਬਣਾ ਲਿਆ। ਫਿਰ ਜਹਾਜ਼ ਨੂੰ ਇਸ ਦੀ ਅਸਲ ਮੰਜ਼ਿਲ ਕਲਕੱਤਾ ਤੋਂ ਲਗਭਗ 17 ਮੀਲ ਦੂਰ ਬਜ-ਬਜ ਘਾਟ 'ਤੇ ਲਿਜਾਇਆ ਗਿਆ। ਇਸ ਨਵੇਂ ਘਟਨਾਕ੍ਰਮ ਨੇ ਸਵਾਰੀਆਂ ਨੂੰ ਹੈਰਾਨ-ਪ੍ਰੇਸ਼ਾਨ ਕਰ ਦਿੱਤਾ। ਪੁੱਛਣ 'ਤੇ ਇਕ ਅਧਿਕਾਰੀ ਨੇ ਬਾਬਾ ਗੁਰਦਿੱਤ ਸਿੰਘ ਨੂੰ ਦੱਸਿਆ ਕਿ ਖਾਸ ਰੇਲ ਗੱਡੀ ਰਾਹੀਂ ਸਵਾਰੀਆਂ ਨੂੰ ਪੰਜਾਬ ਭੇਜਿਆ ਜਾ ਰਿਹਾ ਹੈ। ਬਹੁਤ ਸਾਰੇ ਯਾਤਰੂ ਪੰਜਾਬ ਨਹੀਂ ਸਨ ਜਾਣਾ ਚਾਹੁੰਦੇ। ਉਨ੍ਹਾਂ ਵਿਚੋਂ ਕਈਆਂ ਨੇ ਕਲਕੱਤੇ ਆਪਣੇ ਕੰਮ-ਕਾਰ ਦੇਖਣੇ ਸਨ। ਕੁਝ ਹੋਰ ਕਲਕੱਤੇ ਵਿਖੇ ਕੰਮ ਦੀ ਤਲਾਸ਼ ਕਰਨਾ ਚਾਹੁੰਦੇ ਸਨ। ਸਭ ਤੋਂ ਅਹਿਮ ਗੱਲ ਤਾਂ ਇਹ ਸੀ ਕਿ ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਰੂਪ ਜੋ ਉਹ ਆਪਣੀ ਯਾਤਰਾ ਦੌਰਾਨ ਨਾਲ ਲੈ ਕੇ ਗਏ ਸਨ, ਕਲਕੱਤਾ ਦੇ ਗੁਰਦੁਆਰੇ ਨੂੰ ਸੌਂਪਣਾ ਚਾਹੁੰਦੇ ਸਨ।



***ਵੈਨਕੂਵਰ ਵਿਚ ਕਨਵੈਨਸ਼ਨ ਸੈਂਟਰ ਨੇੜੇ ਬਣਾਈ ਕਾਮਾਗਾਟਾ ਮਾਰੂ ਦੀ ਯਾਦਗਾਰ***

ਬਰਤਾਨਵੀ ਅਧਿਕਾਰੀਆਂ ਨੂੰ ਯਾਤਰੂਆਂ ਦੀਆਂ ਇੱਛਾਵਾਂ ਨਾਲ ਕੋਈ ਸਰੋਕਾਰ ਨਹੀਂ ਸੀ। ਉਹ ਤਾਂ ਇਨ੍ਹਾਂ ਨੂੰ ਪੰਜਾਬ ਭੇਜਣ ਲਈ ਬਜ਼ਿਦ ਸਨ ਤੇ ਜਲਦੀ ਤੋਂ ਜਲਦੀ ਇਹ ਰੇੜਕਾ ਖ਼ਤਮ ਕਰਨਾ ਚਾਹੁੰਦੇ ਸਨ, ਪਰ ਯਾਤਰੂ ਕਲਕੱਤਾ ਜਾਣ ਦੇ ਇਛੁਕ ਸਨ। ਉਹ ਸਮਝਦੇ ਸਨ ਕਿ ਜਹਾਜ਼ ਉਨ੍ਹਾਂ ਦਾ ਆਪਣਾ ਹੈ ਤੇ ਬਰਤਾਨਵੀ ਅਧਿਕਾਰੀ ਬਿਨਾਂ ਕਿਸੇ ਕਾਰਨ ਉਨ੍ਹਾਂ ਨੂੰ ਜਹਾਜ਼ ਵਿਚ ਬੰਦੀ ਨਹੀਂ ਰੱਖ ਸਕਦੇ ਤੇ ਨਾ ਹੀ ਪੰਜਾਬ ਜਾਣ ਲਈ ਮਜਬੂਰ ਕਰ ਸਕਦੇ ਹਨ। ਜੋਖ਼ਮ ਵਾਲੇ ਅਜਿਹੇ ਹਾਲਾਤ ਵਿਚ ਉਨ੍ਹਾਂ ਨੂੰ ਮਹਿਸੂਸ ਹੋਇਆ ਕਿ ਕੋਈ ਕਾਰਵਾਈ ਕਰਨੀ ਹੀ ਪਵੇਗੀ, ਇਸ ਲਈ ਉਨ੍ਹਾਂ ਕਲਕੱਤੇ ਵੱਲ ਪੈਦਲ ਹੀ ਜਾਣ ਦਾ ਫੈਸਲਾ ਕੀਤਾ।

ਕਲਕੱਤਾ ਜਾਣ ਦਾ ਉਨ੍ਹਾਂ ਦਾ ਮੁੱਖ ਮੰਤਵ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਉਥੋਂ ਦੇ ਗੁਰਦੁਆਰੇ ਨੂੰ ਸੌਂਪਣਾ ਸੀ, ਤੇ ਬ੍ਰਿਟਿਸ਼ ਗਵਰਨਰ ਨੂੰ ਮਿਲਣਾ ਸੀ। ਇਹ ਯਾਤਰਾ ਕਾਫੀ ਲੰਮੀ ਸੀ ਤੇ ਪੁਲਿਸ ਵਲੋਂ ਲਗਾਤਾਰ ਧਮਕੀਆਂ ਦਿੱਤੇ ਜਾਣ ਕਾਰਨ ਉਨ੍ਹਾਂ ਕੋਲ ਕੋਈ ਰਾਹ ਨਾ ਬਚਿਆ ਕਿ ਉਹ ਵਾਪਸ ਬਜ-ਬਜ ਮੁੜ ਜਾਣ। ਬਜ-ਬਜ ਵਿਖੇ ਉਨ੍ਹਾਂ ਨੂੰ ਦੁਬਾਰਾ ਜਹਾਜ਼ ਉਤੇ ਚੜ੍ਹਨ ਦਾ ਹੁਕਮ ਦਿੱਤਾ ਗਿਆ। ਬਾਬਾ ਗੁਰਦਿੱਤ ਸਿੰਘ ਦੀ ਅਗਵਾਈ ਹੇਠ ਯਾਤਰੂਆਂ ਨੇ ਅਜਿਹਾ ਕਰਨ ਤੋਂ ਨਾਂਹ ਕਰ ਦਿੱਤੀ। ਇਕ ਪੁਲਿਸ ਵਾਲੇ ਨੇ ਬਾਬਾ ਗੁਰਦਿੱਤ ਸਿੰਘ ਉਤੇ ਡੰਡੇ ਨਾਲ ਵਾਰ ਕਰ ਦਿੱਤਾ, ਪਰ ਇਹ ਵਾਰ ਇਕ ਸਾਥੀ ਯਾਤਰੂ ਨੇ ਅੱਗੇ ਵਧ ਕੇ ਰੋਕ ਲਿਆ। ਤਦ ਪੁਲਿਸ ਨੇ ਗੋਲੀ ਚਲਾ ਦਿੱਤੀ। ਬਾਬਾ ਗੁਰਦਿੱਤ ਸਿੰਘ ਦਾ ਤਾਂ ਬਚਾਅ ਹੋ ਗਿਆ ਪਰ ਸਾਰੇ ਯਾਤਰੀ ਇੰਨੇ ਸੁਭਾਗੇ ਨਹੀਂ ਸਨ। 29 ਯਾਤਰੂ ਬਰਤਾਨਵੀ ਅਧਿਕਾਰੀਆਂ ਦੀਆਂ ਗੋਲੀਆਂ ਦਾ ਸ਼ਿਕਾਰ ਹੋ ਗਏ ਜਿਨ੍ਹਾਂ ਵਿਚੋਂ 20 ਮਰ ਗਏ। ਕੁਝ ਯਾਤਰੂ ਇਸ ਭਾਜੜ ਵਿਚ ਲਾਪਤਾ ਹੋ ਗਏ। ਬਾਕੀ ਬਚਦੇ ਯਾਤਰੂਆਂ ਨੂੰ ਕੈਦ ਕਰ ਲਿਆ। ਇਨ੍ਹਾਂ ਵਿਚੋਂ ਕਈਆਂ ਨੂੰ ਜੇਲ੍ਹ ਭੇਜ ਦਿੱਤਾ ਤੇ ਕੁਝ ਕੁ ਨੂੰ ਉਨ੍ਹਾਂ ਦੇ ਪਿੰਡ। ਪਿੰਡਾਂ ਨੂੰ ਭੇਜੇ ਗਏ ਯਾਤਰੂਆਂ ਨੂੰ ਪਹਿਲੀ ਵਿਸ਼ਵ ਜੰਗ ਦੇ ਅਰਸੇ ਦੌਰਾਨ ਪਿੰਡ 'ਚ ਹੀ ਨਜ਼ਰਸਾਨੀ ਹੇਠ ਰੱਖਿਆ ਗਿਆ।

**ਵਿਰਾਸਤ:** ਭਾਰਤ ਵਿਚ ਕਾਮਾਗਾਟਾ ਮਾਰੂ ਜਹਾਜ਼ ਦੀ ਘਟਨਾ ਬ੍ਰਿਟਿਸ਼ ਸਾਮਰਾਜ ਤੋਂ ਆਜ਼ਾਦੀ ਪ੍ਰਾਪਤੀ ਲਈ ਭਾਰਤੀ ਲੋਕਾਂ ਦੀ ਜਦੋਜਹਿਦ ਨੂੰ ਦਰਸਾਉਂਦੀ ਹੈ। ਕੈਨੇਡਾ ਵਿਖੇ ਇਹ ਘਟਨਾ ਭਾਰਤੀ ਪਰਵਾਸੀਆਂ ਨਾਲ ਲਗਭਗ 50 ਸਾਲ ਤਕ ਕੀਤੇ ਜਾਂਦੇ ਰਹੇ ਵਿਤਕਰੇ ਭਰੀ ਨੀਤੀ ਦੀ ਯਾਦ ਹੈ। ਕਾਮਾਗਾਟਾ ਮਾਰੂ ਦੀ ਘਟਨਾ ਵਿਚ ਦਿਸਦੇ ਪੱਖਪਾਤ ਤੇ ਵਿਰੋਧ ਦੇ ਬਾਵਜੂਦ ਭਾਰਤੀ ਭਾਈਚਾਰੇ ਨੇ ਕੈਨੇਡਾ ਵਿਖੇ ਸਖ਼ਤ ਮਿਹਨਤ ਨਾਲ ਜੀਵਨ ਬਸਰ ਕਰਦੇ ਹੋਏ ਖੁਸ਼ਹਾਲੀ ਪ੍ਰਾਪਤ ਕੀਤੀ। 20ਵੀਂ ਸਦੀ ਦੇ ਨੌਂਵੇਂ ਦਹਾਕੇ ਤੋਂ ਹੀ ਭਾਰਤੀ ਭਾਈਚਾਰਾ ਨਿਸ਼ਚਿਤ ਰੂਪ ਵਿਚ ਭਰੋਸੇ ਭਰੀ ਤੇ ਉਸਾਰੂ ਸੋਚ ਨਾਲ ਅੱਗ ਵਧਿਆ ਹੈ। ਅੱਜ ਦੇ ਬਹੁ-ਸਭਿਆਚਾਰਕ ਕੈਨੇਡਾ ਵਿਚ ਕਾਮਾਗਾਟਾ ਮਾਰੂ ਦੀ ਘਟਨਾ ਅੱਜ ਵੀ ਭਾਰਤੀਆਂ ਲਈ ਪ੍ਰਭਾਵਸ਼ਾਲੀ ਪ੍ਰਤੀਕ ਹੈ।

ਧਰਮ ਨਿਰਪੱਖਤਾ ਤੇ ਪਰਜਾਤੰਤਰ ਦੀ ਮੁੱਦਈ 'ਦੱਖਣ ਏਸ਼ੀਅਨ ਨੈਟਵਰਕ' ਦੇ ਬਾਨੀ ਪ੍ਰਧਾਨ ਹਰੀ ਸ਼ਰਮਾ ਦਾ ਬੜਾ ਢੁਕਵਾਂ ਕਥਨ ਹੈ- 'ਇਹ ਫਰਕ ਨਹੀਂ ਪੈਂਦਾ ਕਿ ਅਸੀਂ ਸੰਸਾਰ ਦੇ ਕਿਸ ਹਿੱਸੇ ਤੋਂ ਆਏ ਹਾਂ, ਅਸੀਂ ਕਿਹੜੀ ਭਾਸ਼ਾ ਬੋਲਦੇ ਹਾਂ, ਜਾਂ ਅਸੀਂ ਕਿਹੜਾ ਧਰਮ ਮੰਨਦੇ ਹਾਂ? ਜੇ ਸਾਡਾ ਮੂਲ ਦੱਖਣ ਏਸ਼ੀਆ ਉਪ-ਮਹਾਂਦੀਪ ਨਾਲ ਜੁੜਦਾ ਹੈ ਤਾਂ ਕੈਨੇਡਾ ਵਿਚ ਸਾਡੀ ਦੱਖਣ ਏਸ਼ੀਆਈ ਪਛਾਣ ਲਈ ਕਾਮਾਗਾਟਾ ਮਾਰੂ ਘਟਨਾ ਮਹੱਤਵਪੂਰਨ ਮੀਲ ਪੱਥਰ ਹੈ। ਅਸੀਂ ਸਾਰੇ ਕਾਮਾਗਾਟਾ ਮਾਰੂ ਦੇ ਸਵਾਰਾਂ ਦੁਆਰਾ ਕੀਤੀਆਂ ਕੁਰਬਾਨੀਆਂ ਦੇ ਵਾਰਸ ਹਾਂ।'


1962 ਵਿਚ ਕੈਨੇਡਾ ਨੇ ਨਸਲੀ, ਧਾਰਮਿਕ ਜਾਂ ਰਾਸ਼ਟਰੀ ਪੱਖਪਾਤ ਤੋਂ ਮੁਕਤ ਨਵੀਂ ਨੀਤੀ ਦਾ ਐਲਾਨ ਕੀਤਾ। ਤਦ ਤੋਂ ਹੀ ਦੇਸ਼ ਦੇ ਮੁੱਖ ਸ਼ਹਿਰਾਂ ਵਿਚ ਕੈਨੇਡੀਅਨ ਆਬਾਦੀ ਦੀ ਬਣਤਰ ਵਿਚ ਵੱਡੀ ਤਬਦੀਲੀ ਆ ਗਈ। ਪੱਖਪਾਤੀ ਤੇ ਵਿਤਕਰੇਪੂਰਨ ਸਮਾਜੀ ਤੇ ਸਿਆਸੀ ਚਲਣ ਦੇ ਲੰਮੇ ਇਤਿਹਾਸ ਦੇ ਬਾਵਜੂਦ, ਅੱਜ ਕੈਨੇਡਾ ਨੂੰ ਬਹੁ-ਸਭਿਆਚਾਰਕ ਤੇ ਪੱਖਪਾਤ ਤੋਂ ਮੁਕਤ ਦੇਸ਼ ਬਣਾਉਣ ਲਈ ਕੈਨੇਡਾ ਵਾਸੀਆਂ ਨੇ ਚੇਤੰਨ ਯਤਨ ਕੀਤੇ ਹਨ। ਹੁਣ ਸਾਰੇ ਕੈਨੇਡੀਅਨਾਂ ਦੀ ਸਮਾਨਤਾ ਤੇ ਆਜ਼ਾਦੀ ਦੇ ਹੱਕ ਸੰਵਿਧਾਨਕ ਤੌਰ 'ਤੇ ਕੈਨੇਡਾ ਐਕਟ 1982 ਦੇ 'ਚਾਰਟਰ ਆਫ ਰਾਇਟਸ ਐਂਡ ਫਰੀਡਮਜ਼' ਰਾਹੀਂ ਸੁਰੱਖਿਅਤ ਹਨ।

ਦਿਲਚਸਪ ਗੱਲ ਇਹ ਹੈ ਕਿ ਅੱਜ ਕਾਮਾਗਾਟਾ ਮਾਰੂ ਜਹਾਜ਼, ਬਾਬਾ ਗੁਰਦਿੱਤ ਸਿੰਘ ਤੇ ਉਸ ਦੇ ਸਾਥੀ, ਕੈਨੇਡਾ ਦੇ ਇਤਿਹਾਸ ਦਾ ਅਨਿੱਖੜਵਾਂ ਅੰਗ ਬਣ ਚੁੱਕੇ ਹਨ। ਬ੍ਰਿਟਿਸ਼ ਕੋਲੰਬੀਆ ਵਿਖੇ ਅੱਜ ਹਜ਼ਾਰਾਂ ਦੀ ਤਦਾਦ ਵਿਚ ਪੰਜਾਬੀ ਵਸ ਰਹੇ ਹਨ। ਇਸੇ ਸੂਬੇ ਦੇ ਸ਼ਹਿਰ ਸਰੀ ਵਿਖੇ ਇਕ ਸੀਨੀਅਰ ਸਿਟੀਜ਼ਨ ਹਾਊਸਿੰਗ ਯੂਨਿਟ ਦੀ ਸਾਹਮਣੀ ਦੀਵਾਰ ਉਤੇ ਕਾਮਾਗਾਟਾ ਮਾਰੂ ਉਤੇ ਸਵਾਰ ਬਾਬਾ ਗੁਰਦਿੱਤ ਸਿੰਘ ਤੇ ਉਸ ਦੇ ਸਾਥੀਆਂ ਦਾ ਵਿਸ਼ਾਲ ਚਿੱਤਰ ਲੱਗਿਆ ਹੋਇਆ ਹੈ।

23 ਮਈ 2008 ਨੂੰ ਬ੍ਰਿਟਿਸ਼ ਕੋਲੰਬੀਆ ਦੀ ਵਿਧਾਨ ਸਭਾ ਨੇ ਸਰਬ ਸੰਮਤੀ ਨਾਲ ਇਹ ਮਤਾ ਪਾਸ ਕੀਤਾ- 'ਇਹ ਵਿਧਾਨ ਸਭਾ ਮਈ 23, 1914 ਦੀਆਂ ਉਨ੍ਹਾਂ ਘਟਨਾਵਾਂ ਜਿਸ ਵਿਚ ਵੈਨਕੂਵਰ ਬੰਦਰਗਾਹ ਵਿਖੇ ਪਹੁੰਚੇ ਕਾਮਾਗਾਟਾ ਮਾਰੂ ਜਹਾਜ਼ ਦੇ 376 ਸਵਾਰਾਂ ਨੂੰ ਕੈਨੇਡਾ ਵਿਚ ਦਾਖਲ ਨਹੀਂ ਹੋਣ ਦਿੱਤਾ ਗਿਆ, ਲਈ ਮੁਆਫੀ ਮੰਗਦੀ ਹੈ। ਸਭਾ ਨੂੰ ਤਹਿ ਦਿਲੋਂ ਪਛਤਾਵਾ ਹੈ ਕਿ ਉਹ ਯਾਤਰੂ ਜੋ ਸਾਡੇ ਦੇਸ਼ ਤੇ ਸਾਡੇ ਸੂਬੇ ਵਿਚ ਸ਼ਰਨ ਚਾਹੁੰਦੇ ਸਨ, ਅਜਿਹੇ ਸਮਾਜ ਜਿਸ ਵਿਚ ਸਾਰੇ ਸਭਿਆਚਾਰ ਸਵੀਕ੍ਰਿਤ ਹਨ ਤੇ ਸਭਨਾਂ ਦਾ ਸਵਾਗਤ ਕੀਤਾ ਜਾਂਦਾ ਹੈ, ਤੋਂ ਬਿਨਾਂ ਨਿਆਂਪੂਰਣ ਤੇ ਨਿਰਪੱਖ ਸਲੂਕ ਦੇ ਵਾਪਸ ਮੋੜ ਦਿੱਤੇ ਗਏ।' 3 ਅਗਸਤ 2008 ਨੂੰ ਬ੍ਰਿਟਿਸ਼ ਕੋਲੰਬੀਆ ਦੇ ਸਰੀ ਸ਼ਹਿਰ ਵਿਖੇ ਗਦਰੀ ਬਾਬਿਆਂ ਦੇ 13ਵੇਂ ਸਾਲਾਨਾ ਮੇਲੇ ਵਿਚ ਕੈਨੇਡਾ ਦੇ ਪ੍ਰਧਾਨ ਮੰਤਰੀ ਸਟੀਫਨ ਹਾਰਪਰ ਨੇ ਕਾਮਾਗਾਟਾ ਮਾਰੂ ਘਟਨਾ ਬਾਰੇ ਕੈਨੇਡਾ ਸਰਕਾਰ ਵਲੋਂ ਮੰਗੀ ਗਈ ਮੁਆਫੀ ਜਨਤਕ ਤੌਰ ਉਤੇ ਸਾਂਝੀ ਕੀਤੀ। ਪਹਿਲੀ ਮਈ 2014 ਨੂੰ ਕੈਨੇਡਾ ਪੋਸਟ ਨੇ ਕਾਮਾਗਾਟਾ ਮਾਰੂ ਘਟਨਾ ਦੇ 100 ਸਾਲਾਂ ਵਰ੍ਹੇਗੰਢ ਦੇ ਮੌਕੇ ਨੂੰ ਸਮਰਪਿਤ ਡਾਕ ਟਿਕਟ ਵੀ ਜਾਰੀ ਕੀਤੀ।

# ਲਗਾਤਾਰ ਸੈਲਾਨੀ ਖਿੱਚ ਰਿਹੈ ਆਸਟਰੇਲੀਆ

**ਸਿਡਨੀ:** ਆਸਟਰੇਲੀਆ ਵਿਦੇਸ਼ੀ ਸੈਲਾਨੀਆਂ ਦੀ ਵਿਸ਼ੇਸ਼ ਖਿੱਚ ਦਾ ਕੇਂਦਰ ਬਣਦਾ ਜਾ ਰਿਹਾ ਹੈ। ਆਪਣੀ ਖੂਬਸੂਰਤੀ ਤੇ ਸੁਰੱਖਿਅਤ ਦੇਸ਼ ਹੋਣ ਕਾਰਨ ਸੈਰ-ਸਪਾਟੇ ਦੀ ਇਸ ਆਮਦ ਨੇ ਸਿਡਨੀ ਵਿਚ ਸਾਲ 2000 ਵਿਚ ਹੋਈਆਂ ਓਲੰਪਿਕਸ ਖੇਡਾਂ ਦੇ ਅੰਕੜੇ ਨੂੰ ਵੀ ਪਾਰ ਕਰ ਦਿੱਤਾ ਹੈ।



ਵਿਦੇਸ਼ੀ ਸੈਲਾਨੀ, ਜਿਨ੍ਹਾਂ ਵਿਚ ਹੋਰਨਾਂ ਦੇਸ਼ਾਂ ਤੋਂ ਇਲਾਵਾ ਮਲੇਸ਼ੀਆ, ਚੀਨ ਤੇ ਭਾਰਤ ਨਾਲ ਵੀ ਸਬੰਧਤ ਹਨ, ਦੀ ਆਮਦ ਨਾਲ ਪਿਛਲੇ ਸਾਲ ਦੇ ਅੰਕੜਿਆਂ ਵਿਚ ਦੋ ਗੁਣਾ ਵਾਧਾ ਹੋਇਆ ਹੈ। ਆਸਟਰੇਲੀਆ ਦੇ ਸੈਰ-ਸਪਾਟਾ ਵਿਭਾਗ ਤੋਂ ਮਿਲੇ ਵੇਰਵਿਆਂ ਮੁਤਾਬਕ ਵਧੇਰੇ ਸੈਲਾਨੀ ਦੁਨੀਆਂ ਦੇ ਸੱਤ ਅਜੂਬਿਆਂ ਵਿਚੋਂ ਇਕ 'ਓਪੇਰਾ ਹਾਊਸ', ਜੋ ਸਿਡਨੀ ਵਿਖੇ ਹੈ, ਨੂੰ ਵੇਖਣ ਆਉਂਦੇ ਹਨ। ਇਥੇ ਹੀ ਸਿਡਨੀ ਸ਼ਹਿਰ ਦੇ ਦੋ ਕੰਢਿਆਂ ਨੂੰ ਜੋੜਦਾ ਹਰਬਲ ਬ੍ਰਿਜ ਹੈ ਜੋ ਓਪੇਰਾ ਹਾਊਸ ਦੀ ਦਿੱਖ ਨੂੰ ਹੋਰ ਦਿਲਕਸ਼ ਬਣਾਉਂਦਾ ਹੈ। ਸੈਰ-ਸਪਾਟਾ ਵਿਭਾਗ ਦੇ ਮੈਨੇਜਿੰਗ ਡਾਇਰੈਕਟਰ ਜੋਹਨ ਓ. ਸੋਲਵੈਨ ਦਾ ਕਹਿਣਾ ਹੈ ਕਿ ਸਿਡਨੀ ਤੋਂ ਇਲਾਵਾ ਆਸਟਰੇਲੀਆ ਦੇ ਪ੍ਰਮੁੱਖ ਸ਼ਹਿਰ ਮੈਲਬਰਨ, ਗੋਲਡ ਕੋਸਟ, ਬ੍ਰਿਸਬੇਨ, ਕੈਨੇਬਰਾ, ਐਡੀਲੇਡ, ਸਿਡਨੀ ਵੀ ਸੈਲਾਨੀਆਂ ਨੂੰ ਆਪਣੇ ਵੱਲ ਆਕਰਸ਼ਿਤ ਕਰਦੇ ਹਨ। ਵਧੇਰੇ ਸੈਲਾਨੀ ਇਥੋਂ ਦਾ ਮੌਸਮ, ਪੌਣ-ਪਾਣੀ, ਸਮੁੰਦਰੀ ਤੱਟਾਂ ਨਾਲ ਲੱਗਦੀਆਂ ਬੀਚਾਂ ਦਾ ਆਨੰਦ ਭੈਅ ਮੁਕਤ ਹੋ ਕੇ ਮਾਣਦੇ ਹਨ।

ਅਗਸਤ ਮਹੀਨੇ ਵਿਚ ਹੀ ਥੋੜ੍ਹੇ ਵੀਜ਼ੇ (ਤਿੰਨ ਮਹੀਨੇ) ਉਪਰ 5,38,800 ਵਿਦੇਸ਼ੀ ਸੈਲਾਨੀ ਆਸਟਰੇਲੀਆ ਵਿਚ ਪੁੱਜੇ ਸਨ। ਉਨ੍ਹਾਂ ਦੀ ਆਮਦ ਨੇ ਓਲੰਪਿਕਸ ਖੇਡਾਂ ਮੌਕੇ ਹੋਈ ਆਮਦ ਦੇ ਰਿਕਾਰਡ ਨੂੰ ਮਾਤ ਦੇ ਦਿੱਤੀ ਹੈ। ਪਿਛਲੇ ਸਾਲ 2013 ਵਿਚ ਭਾਰਤ ਤੋਂ ਕੁੱਲ ਇਕ ਲੱਖ 70 ਹਜ਼ਾਰ ਯਾਤਰੀ ਆਸਟਰੇਲੀਆ ਪੁੱਜੇ ਸਨ ਜੋ ਇਸ ਵਾਰ ਇਨ੍ਹਾਂ ਵਿਚ 9.2 ਫੀਸਦੀ ਵਾਧਾ ਹੋਇਆ ਹੈ। ਆਸਟਰੇਲੀਆ ਦੇ ਭਾਰਤ ਨਾਲ ਬਿਹਤਰ ਬਣ ਰਹੇ ਸਬੰਧਾਂ ਬਾਰੇ ਖੁਸ਼ੀ ਜ਼ਾਹਰ ਕਰਦਿਆਂ ਜੋਹਨ ਨੇ ਕਿਹਾ ਕਿ ਸੈਰ-ਸਪਾਟਾ ਵਿਭਾਗ ਨੇ ਅਰਥਚਾਰੇ ਨੂੰ ਹੁਲਾਰਾ ਦੇਣ ਲਈ ਭਾਰਤ 'ਤੇ ਧਿਆਨ ਕੇਂਦਰਤ ਕੀਤਾ ਹੋਇਆ ਹੈ। ਭਾਰਤੀ ਲੋਕਾਂ ਨੂੰ ਉਤਸ਼ਾਹਿਤ ਕਰਨ ਲਈ ਸੈਰ-ਸਪਾਟਾ ਵਿਭਾਗ ਨੇ 'ਇੰਡੀਆ-2020' ਰਣਨੀਤਕ ਯੋਜਨਾ ਉਲੀਕੀ ਹੈ। ਆਸਟਰੇਲੀਆ ਨੂੰ ਆਸ ਹੈ ਕਿ ਉਸ ਦੀ ਇਸ ਯੋਜਨਾ ਨਾਲ 2020 ਤੱਕ ਦੋ ਅਰਬ ਡਾਲਰ ਤੋਂ 2.4 ਅਰਬ ਡਾਲਰ ਦੇ ਵਿਚਕਾਰ ਭਾਰਤੀ ਸੈਲਾਨੀਆਂ ਦੀ ਆਮਦ ਨਾਲ ਲਾਭ ਪੁੱਜੇਗਾ।

# ਚੀਨੀ ਫੌਜ ਦੀ ਯੋਗਤਾ ਬਾਰੇ ਉਠੇ ਸਵਾਲ

**ਸ਼ੰਘਾਈ:** ਚੀਨ ਦੀ ਫੌਜੀ ਸਿਖਲਾਈ ਵਿਚ ਘਾਟਾਂ, ਲੜਾਈ ਲੜਨ ਤੇ ਜਿੱਤਣ ਦੀ ਯੋਗਤਾ ਬਾਰੇ ਸੈਨਾ ਨਾਲ ਸਬੰਧਤ ਅਧਿਕਾਰਤ ਅਖਬਾਰ ਨੇ ਵੇਰਵਿਆਂ ਸਮੇਤ ਚਰਚਾ ਕੀਤੀ ਹੈ। ਚੀਨ ਦੀ 'ਮਿਲਟਰੀ ਅਥਾਰਟੀ' ਨੇ ਸੈਨਾ ਦੇ ਵੱਖ-ਵੱਖ ਯੂਨਿਟਾਂ ਨੂੰ ਭੇਜੇ ਦਸਤਾਵੇਜ਼ ਵਿਚ ਮੌਜੂਦਾ ਟਰੇਨਿੰਗ ਵਿਚ ਵੱਖ-ਵੱਖ ਤਰ੍ਹਾਂ ਦੀਆਂ 40 ਕਮਜ਼ੋਰੀਆਂ ਦੀ ਚਰਚਾ ਕੀਤੀ ਹੈ।

ਪੀਪਲਜ਼ ਲਿਬਰੇਸ਼ਨ ਆਰਮੀ (ਪੀ.ਐਲ.ਏ.) ਨੇ ਫੌਜੀ ਸਿਖਲਾਈ ਵਿਚ ਘਾਟਾਂ ਬਾਰੇ ਆਪਣੇ ਅਖਬਾਰ ਦੇ ਪਹਿਲੇ ਹਫਤੇ ਸਫੇ ਉਤੇ ਚਰਚਾ ਕੀਤੀ ਹੈ। ਪੀ.ਐਲ.ਏ. ਜਨਰਲ ਸਟਾਫ ਹੈੱਡਕੁਆਰਟਰਜ਼ ਤੋਂ ਛਪਦੇ ਅਖਬਾਰ ਨੇ ਉਨ੍ਹਾਂ ਕਮੀਆਂ-ਪੇਸ਼ੀਆਂ ਦਾ ਜ਼ਿਕਰ ਕੀਤਾ ਹੈ ਜਿਨ੍ਹਾਂ ਦੀ ਟਰੇਨਿੰਗ ਵਿਚ ਘਾਟ ਹੈ ਤੇ ਇਨ੍ਹਾਂ ਕਾਰਨ ਪੀ.ਐਲ.ਏ. ਇਕ ਲੜਾਕੂ ਸ਼ਕਤੀ ਬਣਨ ਵਜੋਂ ਪਛੜਦੀ ਹੈ ਤੇ ਜੇਕਰ ਢੁਕਵੇਂ ਸਮੇਂ ਉਤੇ ਢੁਕਵੇਂ ਢੰਗ-ਤਰੀਕਿਆਂ ਦੇ ਨਾਲ ਇਨ੍ਹਾਂ ਨਾਲ ਨਾ ਨਜਿੱਠਿਆ ਗਿਆ ਤਾਂ ਜੰਗ ਉਤੇ ਜਾਣ ਦੀ ਸੈਨਾ ਦੀ ਯੋਗਤਾ ਯਕੀਨੀ ਤੌਰ ਉਤੇ ਪ੍ਰਭਾਵਿਤ ਹੋਵੇਗੀ।

ਰਾਸ਼ਟਰਪਤੀ ਸ਼ੀ ਜਿਨਪਿੰਗ ਨੇ ਚੀਨ ਦੀ 23 ਲੱਖ ਮਜ਼ਬੂਤ ਫੌਜ ਨੂੰ ਹੋਰ ਮਜ਼ਬੂਤ ਕਰਨ,



ਇਸ ਦੇ ਆਧੁਨਿਕੀਕਰਨ ਦੀਆਂ ਕੋਸ਼ਿਸ਼ਾਂ ਤੇਜ਼ ਕਰਨ ਉਤੇ ਜ਼ੋਰ ਦਿੱਤਾ ਹੈ ਤਾਂ ਜੋ ਵਿਸ਼ਵ ਦੀ ਇਹ ਸਭ ਤੋਂ ਵੱਡੀ ਸੈਨਾ ਪੂਰਬ ਤੇ ਦੱਖਣੀ ਚੀਨੀ ਸਮੁੰਦਰ ਵਿਚ ਚੀਨ ਦੇ ਹਿਤਾਂ ਦੀ ਪਹਿਰੇਦਾਰੀ ਕਰ ਸਕੇ। ਜ਼ਿਕਰਯੋਗ ਹੈ ਕਿ ਇਸ ਸਾਲ ਦੇ ਸ਼ੁਰੂ ਵਿਚ ਦੇਸ਼ ਦੀਆਂ ਹਥਿਆਰਬੰਦ ਸੈਨਾਵਾਂ ਵਿਚ ਅਧਿਕਾਰੀਆਂ ਦੇ ਸੇਵਾਕਾਲ ਤੇ ਸੇਵਾਮੁਕਤੀ ਵਰਗੇ ਮਸਲਿਆਂ ਨੂੰ ਲੈ ਕੇ ਕਾਫੀ ਵਿਵਾਦ ਉਪਜਿਆ ਸੀ। ਚੀਨ ਦੇ ਫੌਜੀ ਅਧਿਕਾਰੀਆਂ ਨੇ ਫੌਜ ਵਿਚ ਭ੍ਰਿਸ਼ਟਾਚਾਰ ਦਾ ਮੁੱਦਾ ਜ਼ਬਰਦਸਤ ਢੰਗ ਨਾਲ ਉਠਾਇਆ ਸੀ ਤੇ ਇਹ ਖਦਸ਼ਾ ਪ੍ਰਗਟਾਇਆ ਸੀ ਕਿ ਇਹ ਜੰਗ ਜਿੱਤਣ ਦੀ ਯੋਗਤਾ ਨੂੰ ਪ੍ਰਭਾਵਿਤ ਕਰ ਸਕਦਾ ਹੈ।

ਵਿਚਾਰ-ਚਰਚਾ

# ਸਿੱਖੀ ਕੀ ਸੀ ਤੇ ਕੀ ਹੈ?

***ਸਿੱਖੀ ਬਾਰੇ ਚੱਲ ਰਹੀ ਵਿਚਾਰ-ਚਰਚਾ ਤਹਿਤ 'ਪੰਜਾਬ ਟਾਈਮਜ਼' ਦੇ ਪਾਠਕ ਹੁਣ ਤੱਕ ਪ੍ਰੋ. ਬਲਕਾਰ ਸਿੰਘ, ਬੀਬੀ ਰਾਜਬੀਰ ਕੌਰ ਢੀਂਡਸਾ, ਮਾਸਟਰ ਨਿਰਮਲ ਸਿੰਘ ਲਾਲੀ, ਸੰਪੂਰਨ ਸਿੰਘ ਤੇ ਬੀਬੀ ਕਿਰਪਾਲ ਕੌਰ ਦੀਆਂ ਲਿਖਤਾਂ ਪੜ੍ਹ ਚੁੱਕੇ ਹਨ। ਇਨ੍ਹਾਂ ਲਿਖਤਾਂ ਵਿਚ ਸਿੱਖੀ ਦੇ ਵੱਖ-ਵੱਖ ਪਹਿਲੂਆਂ ਤੋਂ ਵਿਚਾਰਾਂ ਹੋਈਆਂ ਹਨ। ਇਸ ਵਾਰ ਸਾਨੂੰ ਪ੍ਰੋ. ਹਰਪਾਲ ਸਿੰਘ ਨੇ ਲੰਮਾ ਲੇਖ ਲਿਖ ਭੇਜਿਆ ਹੈ। ਇਸ ਲੇਖ ਵਿਚ ਉਨ੍ਹਾਂ ਸਮੁੱਚੇ ਸੰਸਾਰ ਦੇ ਧਰਮਾਂ ਦੇ ਦਾਰਸ਼ਨਿਕ ਪੱਖ ਛੋਹੇ ਹਨ ਅਤੇ ਇਸ ਪ੍ਰਸੰਗ ਵਿਚ ਸਿੱਖੀ ਬਾਰੇ ਗੱਲਾਂ ਕੀਤੀਆਂ ਹਨ। ਇਨ੍ਹਾਂ ਸਾਰੀਆਂ ਲਿਖਤਾਂ ਵਿਚ ਅਹਿਮ ਤੇ ਸਾਂਝੀ ਗੱਲ ਇਹ ਹੈ ਕਿ ਸਿੱਖੀ ਵਿਚ ਆਏ ਅਤੇ ਲਗਾਤਾਰ ਆ ਰਹੇ ਨਿਘਾਰ ਬਾਰੇ ਫਿਕਰ ਸਾਂਝੇ ਕੀਤੇ ਹਨ। ਇਸੇ ਕਰ ਕੇ ਇਸ ਮਸਲੇ ਬਾਰੇ ਅੱਜ ਪਹਿਲਾਂ ਨਾਲੋਂ ਵੀ ਜ਼ਿਆਦਾ ਨਿੱਠ ਕੇ ਵਿਚਾਰ-ਚਰਚਾ ਦੀ ਲੋੜ ਹੈ। -ਸੰਪਾਦਕ***

ਗੱਲ ਸੱਚ ਦੀ ਹੈ, ਸਿੱਖੀ ਦੀ ਹੈ। ਕੱਲ੍ਹ ਕੀ ਸੀ ਸਿੱਖੀ, ਅੱਜ ਕੀ ਹੈ? ਸਿੱਖੀ ਕੱਲ੍ਹ ਨੂੰ ਕੀ ਹੋਵੇਗੀ? ਕੁਝ ਸਵਾਲਾਂ ਦੇ ਜਵਾਬ ਨਹੀਂ ਹੁੰਦੇ।

ਧਰਮ ਸੀ ਸਿੱਖੀ, ਕਰਮ ਸੀ ਸਿੱਖੀ। ਕਾਮਨਾ ਤੇ ਹੰਕਾਰ ਦਾ ਤਿਆਗ ਸੀ ਸਿੱਖੀ। ਸਿੱਖੀ ਵੰਡੀਆਂ ਨਹੀਂ ਪਾਉਂਦੀ, ਵੰਡੀਆਂ ਮੇਲਦੀ ਸੀ। ਮੋੜਦੀ ਨਹੀਂ, ਜੋੜਦੀ ਸੀ ਸਿੱਖੀ। ਇਕ ਸਾਰ ਅਨੇਕਾਂ ਦੀਵਿਆਂ ਦੀ ਜਗਦੀ ਜੋਤ ਸੀ ਸਿੱਖੀ। ਅਸੂਲਾਂ, ਸਿਧਾਂਤਾਂ ਤੇ ਮਿਸ਼ਨ ਨਾਲ ਜੁੜੀ ਸੀ ਸਿੱਖੀ। ਆਪਣੇ ਆਪ ਨੂੰ ਗੁਰੂ ਦੇ ਅਰਪਣ ਕਰ ਦੇਣਾ, ਰੱਬ ਨੂੰ ਅਰਪਣ ਕਰ ਦੇਣ ਦਾ ਨਾਂ ਸੀ ਸਿੱਖੀ। ਸੱਚ ਸੁਣਨਾ, ਸੱਚ ਬੋਲਣਾ ਅਤੇ ਸੱਚ 'ਤੇ ਪਹਿਰਾ ਦੇਣ ਦਾ ਨਾਂ ਸੀ ਸਿੱਖੀ। ਸੱਚ ਨਾ ਕਦੀ ਬੁੱਢਾ ਹੁੰਦਾ ਹੈ, ਤੇ ਨਾ ਹੀ ਕਦੀ ਮਰਦਾ ਹੈ।



ਸੱਚ ਤਾਂ ਬੱਸ ਸੱਚ ਹੈ- ਗੁਰੂਆਂ ਵਰਗਾ, ਪੀਰਾਂ ਵਰਗਾ ਤੇ ਰਿਸ਼ੀਆਂ ਵਰਗਾ।

**ਪ੍ਰੋ. ਹਰਪਾਲ ਸਿੰਘ**
**ਫੋਨ: 916-236-8830**

ਦੁਨੀਆਂ ਦੇ ਜਿੰਨੇ ਮਹਾਂ ਪੁਰਸ਼ਾਂ ਨੇ ਬਾਣੀ ਰਚੀ, ਉਹ ਸ਼ੁੱਧ ਰੂਪ ਵਿਚ ਸਾਡੇ ਤੱਕ ਨਹੀਂ ਪਹੁੰਚੀ। ਸਮਾਂ ਬੀਤਣ ਨਾਲ ਉਸ ਵਿਚ ਮਿਲਾਵਟ ਹੁੰਦੀ ਰਹੀ। ਬੁੱਧੀਜੀਵੀਆਂ, ਪ੍ਰਚਾਰਕਾਂ, ਗਿਆਨੀਆਂ, ਕਥਾਵਾਚਕਾਂ ਅਤੇ ਚਿੰਤਕਾਂ ਨੇ ਲਿਖਣ ਵੇਲੇ ਉਸ ਵਿਚ ਆਪਣਾ ਆਪ ਲੈ ਆਂਦਾ। ਸੁਕਰਾਤ ਦੀ ਆਪਣੀ ਲਿਖਤ ਸੰਸਾਰ ਵਿਚ ਮੌਲਿਕ ਰੂਪ ਵਿਚ ਮੌਜੂਦ ਨਹੀਂ, ਉਸ ਦੇ ਵਿਚਾਰ ਅਫਲਾਤੂਨ ਤੇ ਜੈਨੋਫੇਨ ਰਾਹੀਂ ਸਾਡੇ ਤੱਕ ਪਹੁੰਚੇ। ਮਹਾਤਮਾ ਬੁੱਧ ਦੀ ਆਪਣੀ ਕੋਈ ਲਿਖਤ ਨਹੀਂ ਸੀ। ਉਸ ਦੇ ਸ਼ਰਧਾਲੂਆਂ ਨੇ ਇਹ ਕੰਮ ਕੀਤਾ। ਕਨਫਿਊਸੀਅਸ ਦੇ ਵਿਚਾਰ ਅਤੇ ਉਸ ਦੇ ਨਿਯਮ ਜਿਸ ਤਰ੍ਹਾਂ ਉਸ ਨੇ ਕਹੇ ਸਨ, ਸਾਡੇ ਪਾਸ ਮੌਜੂਦ ਨਹੀਂ। ਈਸਾਈ ਧਰਮ ਦੇ ਬਾਨੀ ਈਸਾ ਮਸੀਹ ਨੇ ਕੋਈ ਬਾਈਬਲ ਨਹੀਂ ਲਿਖੀ। ਮੈਥਿਊ, ਮਾਰਕ, ਲਿਊਕ ਤੇ ਜਾਹਨ ਦੀਆਂ ਲਿਖਤਾਂ ਹੀ ਈਸਾਈ ਧਰਮ ਦੀ ਬੁਨਿਆਦ ਬਣੀਆਂ। ਕੁਰਾਨ ਸ਼ਰੀਫ ਦੇ ਸੂਰੇ ਹਜ਼ਰਤ ਮੁਹੰਮਦ ਦੇ ਸ਼ਰਧਾਲੂਆਂ ਅਤੇ ਪੈਰੋਕਾਰਾਂ ਨੇ ਲਿਖੇ।

ਸਮੁੱਚੇ ਸੰਸਾਰ ਵਿਚ ਸਿੱਖ ਗੁਰੂਆਂ ਦੁਆਰਾ ਰਚੀ ਮੌਲਿਕ ਬਾਣੀ ਹੈ ਜੋ ਸਾਨੂੰ ਸ਼ੁੱਧ ਰੂਪ ਵਿਚ ਮਿਲਦੀ ਹੈ। ਇਹ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ। ਸਿੱਖ ਗੁਰੂਆਂ ਨੇ ਬਾਣੀ ਆਪ ਰਚੀ, ਆਪ ਮੋਹਰ ਲਾਈ ਤੇ ਆਪਣੇ ਹਸਤ-ਅੱਖਰ ਪਾਏ। ਇਹ ਪਰੰਪਰਾ ਦਸ ਗੁਰੂਆਂ ਤਕ ਜਾਰੀ ਰਹੀ। ਸਿੱਖੀ ਸਿਧਾਂਤ ਸਿੱਖੀ ਵਿਚਾਰਧਾਰਾ ਸਾਡੇ ਪਾਸ ਬਿਨਾਂ ਕਿਸੇ ਮਿਲਾਵਟ ਦੇ ਸ਼ੁੱਧ ਰੂਪ ਵਿਚ ਮੌਜੂਦ ਹੈ।

ਜੇ ਹਿੰਦੁਸਤਾਨੀ ਧਰਮਾਂ ਅਤੇ ਦੂਜੇ ਧਰਮਾਂ ਦੇ ਧਾਰਮਿਕ ਮੰਡਲ ਦਾ ਚਿੰਤਨ ਕਰੀਏ ਤਾਂ ਸਪਸ਼ਟ ਰੂਪ ਵਿਚ ਅਵਤਾਰਵਾਦੀ ਸਿਧਾਂਤ ਹੀ ਨਜ਼ਰ ਆਉਂਦੇ ਹਨ। ਇਹ ਪਰੰਪਰਾ ਰਹੀ ਹੈ ਕਿ ਹਰ ਧਰਮ ਦੇ ਪੈਰੋਕਾਰਾਂ ਨੇ ਆਪਣੇ ਧਰਮ ਦੇ ਬਾਨੀਆਂ ਜਾਂ ਪੈਗੰਬਰਾਂ ਦਾ ਸਬੰਧ ਸਿੱਧੇ ਜਾਂ ਅਸਿੱਧੇ ਰੂਪ ਵਿਚ ਪਰਮਾਤਮਾ ਨਾਲ ਜੋੜਿਆ ਹੈ। ਦੂਜੇ ਸ਼ਬਦਾਂ ਵਿਚ ਪਰਮਾਤਮਾ ਦੁਆਰਾ ਦਿੱਤੇ ਗਏ ਉਪਦੇਸ਼ ਲੋਕਾਂ ਤੱਕ ਪਹੁੰਚਾਉਣ ਲਈ ਰੱਬ ਨੇ ਗੁਰੂਆਂ, ਪੀਰਾਂ ਜਾਂ ਪੈਗੰਬਰਾਂ ਨੂੰ ਇਸ ਸੰਸਾਰ ਵਿਚ ਭੇਜਿਆ ਹੈ। ਹਿੰਦੂ ਸ਼ਾਸਤਰਾਂ ਅਨੁਸਾਰ ਜਦੋਂ ਧਰਤੀ 'ਤੇ ਉਪਦ੍ਰਵ ਹੁੰਦਾ ਹੈ ਤਾਂ ਪਰਮਾਤਮਾ ਖੁਦ ਭਗਵਾਨ ਦੇ ਰੂਪ ਵਿਚ ਅਵਤਾਰ ਧਾਰ ਕੇ ਇਸ ਧਰਤੀ ਉਤੇ ਮਨੁੱਖੀ ਜਾਮੇ ਵਿਚ ਆਉਂਦਾ ਹੈ, ਜਿਵੇਂ ਵਿਸ਼ਨੂੰ ਭਗਵਾਨ। ਰੱਬ ਆਪ ਅਵਤਾਰ ਧਾਰਦਾ ਹੈ ਤੇ ਉਸ ਸਰੂਪ ਵਿਚ ਜੋ ਕੁਝ ਉਹ ਕਹਿੰਦਾ ਹੈ ਜਾਂ ਕਰਦਾ ਹੈ, ਉਹ ਸਭ ਕੁਝ ਰੱਬੀ ਹੁੰਦਾ ਹੈ। ਹਿੰਦੂ, ਭਗਵਾਨ ਕ੍ਰਿਸ਼ਨ ਨੂੰ ਵਿਸ਼ਨੂੰ ਦਾ ਅਵਤਾਰ ਮੰਨਦੇ ਹਨ। ਗੀਤਾ ਵਿਚ ਭਗਵਾਨ ਕ੍ਰਿਸ਼ਨ ਫਰਮਾਉਂਦੇ ਹਨ- ਯਦਾ ਯਦਾ ਹਿਦਮਸਯ ਗਲਾਨਿ ਭਵਤ ਭਾਰਤ॥ ਅਭਯੂ ਤਯ ਨਮ ਦਰਮਸਯ ਤਦਾਤਮਾਨ ਸੁਜਾਮਯਹਮ॥

(ਗੀਤਾ ਅਧਿਆਇ 4 ਸਲੋਕ 7,8)

ਅਰਥਾਤ: ਹੇ ਅਰਜਨ! ਜਦੋਂ ਜਦੋਂ ਧਰਮ ਦੀ ਹਾਨੀ ਅਤੇ ਅਧਰਮ ਦਾ ਵਾਧਾ ਹੁੰਦਾ ਹੈ, ਤਦ ਤਦ 'ਮੈਂ' ਹੀ ਆਪਣੇ ਰੂਪ ਨੂੰ ਰਚਦਾ ਹਾਂ ਅਤੇ ਪ੍ਰਗਟ ਕਰਦਾ ਹਾਂ। (ਸਾਧੂ ਪੁਰਸ਼ੋਂ ਕਾ ਉਦਹਾਰ ਕਰਨੇ ਕੇ ਲੀਏ ਔਰ ਬੁਰੇ ਕਰਮ ਕਰਨੇ ਵਾਲੋਂ ਕਾ ਨਾਸ ਕਰੇ ਕੇ ਲੀਏ, ਤਥਾ ਧਰਮ ਦੀ ਸਥਾਪਨਾ ਕਰਨੇ ਕੇ ਲੀਏ ਯੁੱਗ ਯੁੱਗ ਮੈਂ ਪ੍ਰਗਟ ਹੋਤਾ ਹੂੰ।)

3000 ਈਸਾ ਪੂਰਵ ਵਿਚ ਰਾਜਾ ਦਸ਼ਰਥ ਦੇ ਸਮੇਂ ਉਸ ਦਾ ਪੁੱਤਰ ਰਾਮ ਚੰਦਰ ਭਗਵਾਨ ਬਣ ਕੇ ਧਰਤੀ ਉਤੇ ਆਇਆ।

ਮੂਸਾ ਨੂੰ ਕੋਹਕਾਫ ਦੇ ਪਹਾੜ ਉਪਰ ਰੱਬ ਨੇ ਪ੍ਰਗਟ ਹੋ ਕੇ ਦਰਸ਼ਨ ਦਿੱਤੇ ਅਤੇ ਉਪਦੇਸ਼ ਦਿੱਤਾ। ਮੂਸਾ ਨੇ ਧਰਤੀ ਦੇ ਬੰਦਿਆਂ ਨੂੰ ਕਿਹਾ, "ਮੈਨੂੰ ਯਾਹਵੇ ਨੇ ਤੁਹਾਡੇ ਤਾਈਂ ਧਰਤੀ 'ਤੇ ਭੇਜਿਆ ਹੈ।" ਯਹੂਦੀਆਂ ਦੀ ਧਾਰਮਿਕ ਪੁਸਤਕ ਤੋਰਾ 613 ਹਦਾਇਤਾਂ ਜਾਂ ਸਿੱਖਿਆਵਾਂ (ਬਾਈਬਲ) ਦੀ ਪਵਿੱਤਰ ਕਿਤਾਬ ਹੈ ਜੋ ਹਿਬਰੂਜ਼ ਧਰਮ ਗ੍ਰੰਥਾਂ ਦੀਆਂ ਪਹਿਲੀਆਂ ਪੰਜ ਕਿਤਾਬਾਂ ਤੋਂ ਬਣਾਈ ਗਈ ਹੈ। ਇਹ ਬ੍ਰਹਿਮੰਡ ਦੇ ਸਿਰਜਣਹਾਰੇ ਅਤੇ ਪਾਲਣਹਾਰੇ ਰੱਬ (yahweh lord) ਦਾ ਹੁਕਮ ਮੰਨੀ ਜਾਂਦੀ ਹੈ।

ਈਸਾਈ ਧਰਮ ਅਨੁਸਾਰ ਰੱਬ ਆਪ ਜੂਨ ਵਿਚ ਨਹੀਂ ਆ ਸਕਦਾ ਸੀ, ਪਰ ਉਸ ਨੇ ਸੰਸਾਰ ਦਾ ਕਲਿਆਣ ਕਰਨ ਲਈ ਆਪਣੇ ਜਿਹੇ ਆਪਣੇ ਪਿਆਰੇ ਪੁੱਤਰ ਦੇ ਸਰੂਪ ਵਿਚ ਈਸਾ ਨੂੰ ਇਸ ਧਰਤੀ ਉਤੇ ਭੇਜਿਆ ਸੀ। ਈਸਾ ਰੱਬ ਦਾ ਪੁੱਤਰ ਸੀ। "ਮੈਂ ਅਤੇ ਪਿਤਾ ਪ੍ਰਭੂ ਇਕ ਹਾਂ (ਅਤੇ) ਜਿਸ ਨੇ ਮੈਨੂੰ ਦੇਖਿਆ ਹੈ, ਉਸ ਨੇ ਪ੍ਰਭੂ ਪਿਤਾ ਨੂੰ ਦੇਖਿਆ ਹੈ।" (ਜਾਹਨ)

"ਪ੍ਰਭੂ ਇਨਸਾਨ ਬਣਿਆ ਤਾਂ ਕਿ ਇਨਸਾਨ ਪ੍ਰਭੂ ਬਣ ਸਕਣ।" (ਬਾਈਬਲ)

ਮੈਥਿਊ, ਜਾਹਨ ਤੇ ਮਾਰਕ ਦੀਆਂ ਪੋਥੀਆਂ ਈਸਾ ਜੀ ਦੇ ਰੱਬ ਦੇ ਪੁੱਤਰ ਜੋਨ ਦੇ ਖਿਆਲ ਦੀ ਪੁਸ਼ਟੀ ਕਰਦੀਆਂ ਹਨ, "ਇਹ ਮੇਰਾ ਪਿਆਰਾ ਪੁੱਤਰ ਹੈ ਤੇ ਮੈਂ ਇਸ ਉਤੇ ਬਹੁਤ ਪ੍ਰਸੰਨ ਹਾਂ। ਰੱਬ ਦਾ ਪੁੱਤਰ ਆਪ ਕੁਝ ਨਹੀਂ ਕਰਦਾ, ਜੋ ਰੱਬ ਕਰਦੇ ਨੂੰ ਵੇਖਦਾ ਹੈ, ਉਹ ਹੀ ਕਰਦਾ ਹੈ।"

ਈਸਾ ਮਸੀਹ ਦੀਆਂ ਸਿੱਖਿਆਵਾਂ ਬਾਈਬਲ ਦੇ ਦੂਜੇ ਅੱਧ ਵਿਚ ਹਨ ਜਿਨ੍ਹਾਂ ਨੂੰ 'ਨਿਊ ਟੈਸਟਾਮੈਂਟ' ਕਿਹਾ ਜਾਂਦਾ ਹੈ। ਮੈਥਿਊ ਤੇ ਜਾਹਨ ਅਤੇ ਨਾਲ ਹੀ ਪ੍ਰਚਾਰਕ ਪੀਟਰ ਤੇ ਪਾਲ (ਈਸਾਈ ਧਰਮ ਦੇ 12 ਪ੍ਰਚਾਰਕ ਹਨ ਜਿਨ੍ਹਾਂ ਨੂੰ ਐਪਾਸਟਲ ਕਿਹਾ ਜਾਂਦਾ ਹੈ) ਨਾਲ ਜੁੜੇ ਲੋਕਾਂ ਦੇ ਸੰਸਮਰਨ ਹਨ ਜੋ ਈਸਾ ਦੇ ਪੁਨਰ ਜੀਵਨ ਤੋਂ ਕਈ ਦਹਾਕਿਆਂ ਬਾਅਦ ਲਿਖੇ ਗਏ।

ਇਸਲਾਮ ਅਨੁਸਾਰ ਹਜ਼ਰਤ ਮੁਹੰਮਦ ਦਾ ਰੱਬ ਬਹੁਤ ਉਚੇਰਾ ਅੱਲਾ ਤਾਲਾ ਸੀ ਜੋ ਸੱਤ ਅਕਾਸ਼ੋਂ ਪਾਰ ਰਹਿੰਦਾ ਹੈ। ਉਹ ਅਰਸ਼ ਤੋਂ ਹੇਠਾਂ ਆ ਕੇ ਫਰਸ਼ 'ਤੇ ਆਪਣਾ ਪੈਗਾਮ ਨਹੀਂ ਦੇ ਸਕਦਾ, ਨਾ ਹੀ ਉਸ ਦੀ ਕੋਈ ਵਹੁਟੀ ਹੈ, ਨਾ ਹੀ ਕੋਈ ਪੁੱਤਰ। "ਭਲਾ ਜਦੋਂ ਰੱਬ ਦੀ ਵਹੁਟੀ ਹੀ ਨਹੀਂ, ਤਾਂ ਉਸ ਦਾ ਪੁੱਤਰ ਕਿਵੇਂ ਹੋ ਸਕਦਾ ਹੈ।" (ਕੁਰਾਨ ਅਧਿਆਇ 7-6-2-102) ਹਜ਼ਰਤ ਮੁਹੰਮਦ ਸਾਹਿਬ ਆਪ ਅਰਸ਼ਾਂ 'ਤੇ ਜਾ ਕੇ ਸੁੱਚੇ ਸਾਈਂ ਕੋਲੋਂ ਪੈਗਾਮ ਲੈ ਕੇ ਆਏ (ਮਿਅਰਾਜ)। ਹਜ਼ਰਤ ਮੁਹੰਮਦ ਦੀ ਅਰਸ਼ਾਂ 'ਤੇ ਚੜ੍ਹਾਈ ਸੀ। (ਕੁਰਾਨ, ਅਧਿਆਇ 53)

ਚੀਨੀ ਅਵਤਾਰ ਤਾਉ ਨੇ ਚਾਹੇ ਅਵਤਾਰੀ ਖਿਆਲ ਨੂੰ ਭੰਡਿਆ ਹੈ, ਪਰ ਉਸ ਦਾ ਅਰਸ਼ਾਂ ਉਤੇ ਰੱਬ ਨੂੰ ਮਿਲਣ ਜਾਣਾ ਕਈ ਥਾਂਈਂ ਲਿਖਿਆ ਹੈ। ਤਾਉਵਾਦ ਦਾ ਬਾਨੀ ਲਾਉ-ਤਸੂ (604-531 ਈਸਾ ਪੂਰਵ) ਇਕ ਹੋਰ ਪ੍ਰਸਿੱਧ ਚੀਨੀ ਵਿਦਵਾਨ ਕਨਫਿਊਸੀਅਸ ਦਾ ਸਮਕਾਲੀ ਸੀ। ਪ੍ਰਾਚੀਨ ਪੁਸਤਕ 'ਆਈ ਚਿੰਗ' ਤਾਉਵਾਦ ਦਾ ਅਸਲ ਸਰੋਤ ਮੰਨੀ ਜਾਂਦੀ ਹੈ। ਇਸ ਸਰਬ ਈਸ਼ਵਰਵਾਦੀ ਵਿਚਾਰ ਪ੍ਰਣਾਲੀ ਅਨੁਸਾਰ, ਪਰਮਾਤਮਾ ਆਪਣੇ ਤੋਂ ਹੇਠਲੇ ਦਰਜੇ ਦੇ ਦੇਵੀ ਦੇਵਤਿਆਂ ਦਾ ਰੂਪ ਲੈਂਦਾ ਹੈ ਅਤੇ ਇਨ੍ਹਾਂ ਰਾਹੀਂ ਮਨੁੱਖੀ ਘਟਨਾਵਾਂ ਨੂੰ ਪ੍ਰਭਾਵਿਤ ਕਰਦਾ ਹੈ।

ਸਿੱਖ ਗੁਰੂ ਸਭ ਤੋਂ ਪਹਿਲੇ ਮਹਾਂ ਪੁਰਖ ਹੋਏ ਜਿਨ੍ਹਾਂ ਨੇ ਅਵਤਾਰਵਾਦੀ ਖਿਆਲ ਦਾ ਖੰਡਨ ਕੀਤਾ। ਉਹ ਆਪਣੇ ਆਪ ਨੂੰ ਅਵਤਾਰ, ਪੈਗੰਬਰ, ਮਸੀਹਾ ਜਾਂ ਰੱਬ ਦਾ ਪੁੱਤਰ ਅਖਵਾਉਣ ਦਾ ਲਾਲਚ ਨਹੀਂ ਕਰਦੇ, ਸਗੋਂ ਰੱਬੀ ਜੋਤ ਨਾਲ ਇਕ-ਮਿਕ ਹੁੰਦੇ ਹੋਏ ਵੀ ਉਨ੍ਹਾਂ ਨੇ ਆਪਣੇ ਆਪ ਨੂੰ ਆਮ ਮਨੁੱਖ ਨਾਲੋਂ ਭਿੰਨ ਨਹੀਂ ਸਮਝਿਆ। ਗੁਰੂਆਂ ਅਨੁਸਾਰ ਸਭ ਪੈਗੰਬਰ, ਅਵਤਾਰ, ਮਸੀਹਾ ਮਨੁੱਖ ਹੀ ਸਨ। ਜਿਵੇਂ ਮਹਾਤਮਾ ਬੁੱਧ ਦੇ ਚੇਲਿਆਂ ਨੇ ਬੁੱਧ ਨੂੰ ਮਨੁੱਖ ਤੋਂ ਦੇਵਤਾ ਬਣਾ ਕੇ ਆਪਣਾ ਚਾਉ ਪੂਰਾ ਕੀਤਾ ਸੀ, ਉਸੇ ਤਰ੍ਹਾਂ ਕੁਝ ਸਿੱਖ ਸ਼ਰਧਾਲੂਆਂ, ਲੇਖਕਾਂ ਜਾਂ ਪ੍ਰਚਾਰਕਾਂ ਨੇ ਦੂਜੇ ਪੈਗੰਬਰਾਂ ਵਾਂਗ ਗੁਰੂ ਜੀ ਨੂੰ ਅਵਤਾਰ ਬਣਾ ਕੇ ਮਨੁੱਖ ਮੰਡਲ ਵਿਚੋਂ ਕੱਢ ਕੇ ਦੇਵਤਿਆਂ ਤੋਂ ਉਤੇ, ਹਿੰਦੂ ਖਿਆਲ ਦੀ ਕਾਢ, ਅਵਤਾਰਾਂ ਨਾਲ ਜੋੜਿਆ ਹੈ। ਗੱਲ ਕੀ, ਆਮ ਸਾਖੀਕਾਰਾਂ ਨੇ ਗੁਰੂ ਸਾਹਿਬ ਨੂੰ ਵੀ ਉਨ੍ਹਾਂ ਹੀ ਰਾਹਾਂ ਅਤੇ ਲੀਹਾਂ 'ਤੇ ਤੋਰਿਆ ਹੈ ਤੇ ਉਨ੍ਹਾਂ ਹੀ ਰੰਗਾਂ ਵਿਚ ਰੰਗਿਆ ਹੈ। ਗੁਰੂ ਜੀ ਨੂੰ ਪਰਮਾਤਮਾ ਦੇ ਦਰਬਾਰ ਵਿਚ ਭੇਜਣ ਦੀ ਕੁਤਾਹੀ ਕੀਤੀ। ਵੇਈਂ ਵਿਚ ਡੁੱਬਣ ਦੀ ਕਹਾਣੀ ਦਾ ਮੰਤਵ ਇਹ ਸੀ ਕਿ ਦੂਜੇ ਪੈਗੰਬਰਾਂ ਵਾਂਗ ਗੁਰੂ ਜੀ ਵੀ ਪਰਮਾਤਮਾ ਦੇ ਦਰਬਾਰ ਵਿਚ ਪਹੁੰਚੇ ਅਤੇ ਉਨ੍ਹਾਂ ਨੂੰ ਅਕਾਲ ਪੁਰਖ ਦਾ ਹੁਕਮ ਹੋਇਆ ਕਿ ਉਹ ਨਵਾਂ ਪੰਥ ਚਲਾਉਣ।

"ਇਕ ਪਾਸੇ ਤਾਂ ਲੇਖਕ, ਗੁਰੂ ਨਾਨਕ ਨੂੰ ਨਰਾਇਣ ਅਤੇ ਰੱਬ ਦਾ ਅਵਤਾਰ (ਯਾਨਿ ਰੱਬ ਆਪ) ਲਿਖਦੇ ਹਨ, ਦੂਜੇ ਪਾਸੇ ਉਨ੍ਹਾਂ ਨੂੰ ਰੱਬ ਦੇ ਦਰਬਾਰ ਵਿਚ ਵੀ ਹਾਜ਼ਰ ਕਰ ਦਿੰਦੇ ਹਨ। ਇਸ ਦਾ ਮਤਲਬ ਇਹ ਬਣਦਾ ਹੈ ਕਿ ਰੱਬ ਇਕ ਨਹੀਂ, ਦੋ ਸਨ- ਇਕ ਰੱਬ ਨਾਨਕ, ਦੂਜਾ ਰੱਬ ਅਕਾਲ ਪੁਰਖ। ਨਾਨਕ ਨੂੰ ਅਕਾਲ ਪੁਰਖ ਦੇ ਦਰਬਾਰ ਵਿਚ ਵੀ ਹਾਜ਼ਰ ਕਰ ਦਿੰਦੇ ਹਨ। ਇਹ ਦਰਬਾਰ ਸ਼ਾਇਦ ਵੇਈਂ ਨਦੀ ਦੇ ਹੇਠਾਂ ਕਿਤੇ ਸੀ।" (ਸਿੱਖ ਤਵਾਰੀਖ, ਪਹਿਲਾ ਹਿੱਸਾ ਡਾ. ਹਰਜਿੰਦਰ ਸਿੰਘ ਦਲਗੀਰ)

***(ਚਲਦਾ)***

# ਗੋਪਾਲ ਤੇਰਾ ਆਰਤਾ

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ 'ਆਰਤੀ' ਸਿਰਲੇਖ ਕੇਵਲ ਧਨਾਸ੍ਰੀ ਰਾਗ ਦੇ ਇੱਕ ਸ਼ਬਦ ਵਿਚ ਹੀ ਮਿਲਦਾ ਹੈ (ਧਨਾਸਰੀ ਮਹਲਾ ੧ ਆਰਤੀ, ਅੰਗ 663)। ਗੁਟਕੇ ਛਾਪਣ ਵਾਲਿਆਂ ਨੇ ਮਨਮਰਜ਼ੀ ਨਾਲ ਮਨਮਤੀ ਸੋਚ ਅਧੀਨ ਕੁਝ ਸ਼ਬਦ ਇਕੱਠੇ ਲਿਖ ਕੇ ਸਿਰਲੇਖ 'ਆਰਤੀ' ਰੱਖ ਦਿੱਤਾ ਤੇ ਨਕਲ ਕਰਨ ਵਾਲਿਆਂ ਨੇ ਅੱਖਾਂ ਮੀਟੀ ਨਕਲ ਕਰਕੇ ਗੁਰਦੁਆਰਿਆਂ ਵਿਚ ਗਾਉਣੀ ਸ਼ੁਰੂ ਕਰ ਦਿੱਤੀ। ਗੁਰੂ ਗ੍ਰੰਥ ਸਾਹਿਬ ਵਿਚ ਅਜਿਹਾ ਕੋਈ ਆਰਤੀ ਸਿਰਲੇਖ ਹੇਠ ਸ਼ਬਦਾਂ ਦਾ ਸੰਗ੍ਰਿਹ ਨਹੀਂ ਹੈ। ਆਰਤੀ ਤਾਂ ਪਹਿਲਾਂ ਹੀ ਹੋ ਰਹੀ ਹੈ ਤੇ ਉਸ ਵਿਚ ਸ਼ਾਮਲ ਹੋ ਕੇ ਆਤਮਕ ਰੰਗ ਮਾਣਨ ਦੀ ਲੋੜ ਸੀ ਪਰ ਹੋ ਰਿਹਾ ਹੈ ਇਸ ਦੇ ਉਲਟ।

ਪੜ੍ਹੀ ਜਾ ਰਹੀ ਆਰਤੀ ਵਿਚ ਅਰਥਾਂ ਦੀ ਅਗਿਆਨਤਾ ਕਾਰਨ 'ਗੋਪਾਲ ਤੇਰਾ ਆਰਤਾ' ਸ਼ਬਦ ਵੀ ਸ਼ਾਮਲ ਕੀਤਾ ਗਿਆ ਹੈ। ਆਮ ਲੋਕ ਅਰਥਾਂ ਦੀ ਸੂਝ ਬੂਝ ਨਾ ਹੋਣ ਕਾਰਨ ਸਮਝਦੇ ਹਨ ਕਿ ਇਹ ਸ਼ਬਦ ਕਿਸੇ ਵੱਡੀ ਆਰਤੀ ਦੀ ਗੱਲ ਕਰਦਾ ਹੈ, ਪਰ ਅਜਿਹਾ ਨਹੀਂ ਹੈ। ਆਰਤੀ ਵਿਚ ਇਹ ਸ਼ਬਦ ਗਾਉਣ ਵਾਲੇ ਬਹੁਤੇ ਆਪ ਵੀ ਗੁਮਰਾਹ ਹੋ ਚੁੱਕੇ ਹਨ ਤੇ ਲੋਕਾਂ ਨੂੰ ਵੀ ਅਗਿਆਨ ਦੀ ਖੱਡ ਵਿਚ ਧੱਕਾ ਦੇ ਰਹੇ ਹਨ।

'ਆਰਤਾ' ਸ਼ਬਦ ਦੇ ਅਰਥ: ਸੰਸਕ੍ਰਿਤ ਸ਼ਬਦ 'ਆਰਤ' ਦਾ ਅਰਥ ਹੈ ਦੁਖਿਆਰਾ ਤੇ ਇਸੇ ਤੋਂ ਹੀ ਸ਼ਬਦ ਹੈ- 'ਆਰਤਾ' ਜਿਸ ਦਾ ਅਰਥ ਦੁਖਿਆਰਾ ਹੈ। ਆਰਤਾ ਸ਼ਬਦ ਦਾ ਅਰਥ ਵੱਡੀ ਸਾਰੀ ਆਰਤੀ ਨਹੀਂ ਹੈ।

ਗੋਪਾਲ ਤੇਰਾ ਆਰਤਾ: ਭਗਤ ਧੰਨਾ ਜੀ ਬੇਨਤੀ ਕਰਦੇ ਹਨ (ਆਰਤੀ ਨਹੀਂ ਕਰਦੇ) ਹੇ ਪ੍ਰਭੂ! ਮੈਂ ਤੇਰੇ ਦਰ 'ਤੇ ਦੁਖਿਆਰਾ ਆਇਆ ਹਾਂ, ਮੇਰੀਆਂ ਲੋੜਾਂ ਪੂਰੀਆਂ ਕਰੋ। ਆਰਤੀ ਵਿਚ ਭਗਤ ਮੰਗਦੇ ਨਹੀਂ ਹੁੰਦੇ ਸਗੋਂ ਪ੍ਰਭੂ ਜਾਂ ਇਸ਼ਟ ਦੀ ਸਿਫ਼ਤਿ ਕਰਦੇ ਗੁਣਗਾਇਨ ਕਰਦੇ ਹੁੰਦੇ ਹਨ। ਆਰਤੀ ਕੇਵਲ ਪ੍ਰਭੂ ਦਾ ਨਾਮ ਜਪਣਾ ਹੀ ਹੈ। ਭਗਤ ਧੰਨਾ ਜੀ ਨੇ ਮੰਗਾਂ ਦੀ ਲੰਬੀ ਸੂਚੀ ਪੇਸ਼ ਕੀਤੀ ਹੈ ਜਿਸ ਵਿਚ ਦਾਲ, ਆਟਾ, ਲੂਣ, ਘਿਉ, ਜੁੱਤੀ, ਬਸਤਰ, ਵਧੀਆ ਅਨਾਜ, ਲਵੇਰੀ ਗਊ ਜਾਂ ਮੱਝ, ਤਾਜ਼ਨੀ (ਘੋੜੀ, ਤੁਰੀ), ਘਰ ਵਾਲੀ ਆਦਿਕ ਵਸਤੂਆਂ ਸ਼ਾਮਲ ਹਨ।

'ਆਰਤ' ਸ਼ਬਦ ਦੀ ਵਰਤੋਂ ਦੇਖੋ,

ਸ੍ਰਵਨਿ ਨ ਸੁਰਤਿ ਨੈਨ ਸੁੰਦਰ ਨਹੀ ਆਰਤ ਦੁਆਰਿ ਰਟਤ ਪਿੰਗੁਰੀਆ॥ (ਪੰਨਾ 203)

ਆਰਤ- ਦੁਖਿਆਰਾ। ਪਿੰਗੁਰੀਆ- ਪਿੰਗੁਲਾ। ਰਟਤ- ਪੁਕਾਰਦਾ ਹਾਂ।

ਸ੍ਰਵਨਿ- ਸ਼੍ਰਵਨਿ, ਕੰਨਾਂ 'ਚ (ਸ੍ਰਵਨ ਦਾ ਅਰਥ 'ਥਣ' ਹੁੰਦਾ ਹੈ ਇਸ ਲਈ ਪਾਠ ਹੈ 'ਸ਼੍ਰਵਨਿ')।

ਨੋਟ: ਜਿੱਥੇ ਵੀ ਆਰਤੀ ਵਿਚ ਇਹ ਸ਼ਬਦ ਪੜ੍ਹਿਆ ਜਾਂਦਾ ਹੈ, ਉਥੇ ਗੁਰੂ ਗ੍ਰੰਥ ਸਾਹਿਬ ਦੇ ਸ਼ਬਦ ਜੋੜਾਂ ਦੀ ਸੂਝ-ਬੂਝ ਪੱਖੋਂ ਅਗਿਆਨਤਾ ਵਰਤ ਰਹੀ ਹੈ। ਇਹ ਤੁਕਾਂ ਪੂਰੀਆਂ ਢੁੱਕਦੀਆਂ ਜਾਪਦੀਆਂ ਹਨ-

ਗਿਆਨ ਵਿਹੂਣਾ ਗਾਵੈ ਗੀਤ॥
ਭੁਖੇ ਮੁਲਾਂ ਘਰੇ ਮਸੀਤਿ॥ (ਪੰਨਾ 1245)

ਕਈ ਥਾਂਵਾਂ ਉਤੇ 'ਭੂਖੇ ਭਗਤਿ ਨ ਕੀਜੈ' ਵਾਲਾ ਸ਼ਬਦ ਵੀ ਅਰਤੀ ਵਿਚ ਪੜ੍ਹ ਕੇ ਗੁਰਬਾਣੀ ਦੇ ਅਰਥਾਂ ਪੱਖੋਂ ਅਗਿਆਨਤਾ ਦੀਆਂ ਹੱਦਾਂ ਪਾਰ ਕੀਤੀਆਂ ਜਾ ਰਹੀਆਂ ਹਨ। ਬਹੁਤੇ ਲੋਕ ਜਾਪਦਾ ਹੈ, ਵਾਜੇ ਤੋਂ ਕੱਢੀਆਂ ਕੰਨ ਰਸ ਦੀਆਂ ਸੁਰਾਂ ਵਿਚ ਹੀ ਗੁਆਚ ਜਾਂਦੇ ਹਨ ਤੇ ਸ਼ਬਦਾਂ ਦੇ ਭਾਵ ਅਰਥਾਂ ਵਲ ਧਿਆਨ ਨਹੀਂ ਦਿੰਦੇ।

***-ਪ੍ਰੋ. ਕਸ਼ਮੀਰਾ ਸਿੰਘ***
***ਫੋਨ: 801-414-0171***

ਗੁਰਬਾਣੀ ਗਿਆਨ

# ਪ੍ਰਾਣੀ ਜਾਣੈ ਇਹੁ ਤਨੁ ਮੇਰਾ

**ਗਉੜੀ ਗੁਆਰੇਰੀ ਮਹਲਾ ੫**
ਪ੍ਰਾਣੀ ਜਾਣੈ ਇਹੁ ਤਨੁ ਮੇਰਾ॥
ਬਹੁਰਿ ਬਹੁਰਿ ਉਆਹੂ ਲਪਟੇਰਾ॥
ਪ੍ਰਤੁ ਕਲਤ੍ਰ ਗਿਰਸਤ ਕਾ ਫਾਸਾ॥
ਹੋਨੁ ਨ ਪਾਈਐ ਰਾਮ ਕੇ ਦਾਸਾ॥੧॥
ਕਵਨ ਸੁ ਬਿਧਿ ਜਿਤੁ ਰਾਮ ਗੁਣ ਗਾਇ॥
ਕਵਨ ਸੁ ਮਤਿ
ਜਿਤੁ ਤਰੈ ਇਹ ਮਾਇ॥੧॥ਰਹਾਉ॥
ਜੋ ਭਲਾਈ ਸੋ ਬੁਰਾ ਜਾਨੈ॥
ਸਾਚੁ ਕਹੈ ਸੋ ਬਿਖੈ ਸਮਾਨੈ॥
ਜਾਣੈ ਨਾਹੀ ਜੀਤ ਅਰੁ ਹਾਰ॥
ਇਹੁ ਵਲੇਵਾ ਸਾਕਤ ਸੰਸਾਰ॥੨॥
ਜੋ ਹਲਾਹਲ ਸੋ ਪੀਵੈ ਬਉਰਾ॥
ਅੰਮ੍ਰਿਤੁ ਨਾਮੁ ਜਾਨੈ ਕਰਿ ਕਉਰਾ॥
ਸਾਧਸੰਗ ਕੈ ਨਾਹੀ ਨੇਰਿ॥
ਲਖ ਚਉਰਾਸੀਹ ਭ੍ਰਮਤਾ ਫੇਰਿ॥੩॥
ਏਕੈ ਜਾਲਿ ਫਹਾਏ ਪੰਖੀ॥
ਰਸਿ ਰਸਿ ਭੋਗ ਕਰਹਿ ਬਹੁ ਰੰਗੀ॥
ਕਹੁ ਨਾਨਕ ਜਿਸੁ ਭਏ ਕ੍ਰਿਪਾਲ॥
ਗੁਰਿ ਪੂਰੈ ਤਾ ਕੇ ਕਾਟੇ ਜਾਲ॥੪॥

ਪੰਜਵੇਂ ਸਤਿਗੁਰੂ ਉਪਦੇਸ਼ ਕਰਦੇ ਹਨ- ਪ੍ਰਾਣੀ ਜਾਣੈ ਇਹੁ ਤਨੁ ਮੇਰਾ, ਹੇ ਭਾਈ! ਮਾਇਆ ਦੇ ਮੋਹ ਵਿਚ ਗਲਤਾਨ ਜੀਵ ਸਮਝਦਾ ਹੈ ਕਿ ਇਹ ਸਰੀਰ ਮੇਰਾ ਹੀ ਰਹਿਣਾ ਹੈ; ਬਹੁਰਿ ਬਹੁਰਿ ਉਆਹੂ ਲਪਟੇਰਾ, ਇਸ ਲਈ ਜੀਵ ਮੁੜ-ਮੁੜ ਕੇ ਸਰੀਰ ਨਾਲ ਹੀ ਚੰਬੜਿਆ ਰਹਿੰਦਾ ਹੈ; ਪ੍ਰਤੁ ਕਲਤ੍ਰ ਗਿਰਸਤ ਕਾ ਫਾਸਾ, ਓ ਭਾਈ! ਜਿੰਨਾ ਚਿਰ ਪੁੱਤਰ, ਇਸਤਰੀ ਅਤੇ ਗ੍ਰਹਿਸਥ ਦੇ ਮੋਹ ਦਾ ਫਾਹਾ ਜੀਵ ਦੇ ਗਲ ਵਿਚ ਪਿਆ ਹੋਇਆ ਹੈ, ਉਦੋਂ ਤੱਕ ਹੇ ਭਾਈ! ਪ੍ਰਭੂ ਦੇ ਦਾਸ, ਭਾਵ ਸੇਵਕ ਨਹੀਂ ਬਣਿਆ ਜਾ ਸਕਦਾ।

ਕਵਨ ਸੁ ਬਿਧਿ ਜਿਤੁ ਰਾਮ ਗੁਣ ਗਾਇ॥
ਕਵਨ ਸੁ ਮਤਿ
ਜਿਤੁ ਤਰੈ ਇਹ ਮਾਇ॥੧॥ਰਹਾਉ॥

ਗੁਰੂ ਅਰਜਨ ਦੇਵ ਜੀ ਸ਼ਬਦ ਦੀ ਰਹਾਉ ਦੀ ਪੰਕਤੀ ਵਿਚ ਆਖਦੇ ਹਨ- ਕਵਨ ਸੁ ਬਿਧਿ ਜਿਤੁ ਰਾਮ ਗੁਣ ਗਾਇ, ਹੇ ਭਾਈ! ਭਲਾ ਉਹ ਕਿਹੜੀ ਵਿਧੀ ਹੈ, ਕਿਹੜਾ ਤਰੀਕਾ ਹੈ, ਜਿਸ ਨਾਲ ਵਿਕਾਰਾਂ ਵਿਚ ਫਸਿਆ ਹੋਇਆ ਜੀਵ ਉਸ ਪ੍ਰਭੂ ਦੇ ਗੁਣਾਂ ਦਾ ਗਾਇਨ ਕਰ ਸਕਦਾ ਹੈ, ਉਸ ਦੀ ਉਸਤਤਿ ਕਰ ਸਕਦਾ ਹੈ; ਤੇ ਉਹ ਕਿਹੜੀ ਸੁਚੱਜੀ ਸਿੱਖ ਮੱਤ ਹੈ, ਜਿਸ ਮੱਤ ਨਾਲ ਇਹ ਜੀਵ ਮਾਇਆ ਦੇ ਪ੍ਰਭਾਵ ਤੋਂ ਬਚ ਕੇ ਸੰਸਾਰ ਸਮੁੰਦਰ ਵਿਚ ਤਰ ਸਕਦਾ ਹੈ।

ਜੋ ਭਲਾਈ ਸੋ ਬੁਰਾ ਜਾਨੈ॥
ਸਾਚੁ ਕਹੈ ਸੋ ਬਿਖੈ ਸਮਾਨੈ॥
ਜਾਣੈ ਨਾਹੀ ਜੀਤ ਅਰੁ ਹਾਰ॥
ਇਹੁ ਵਲੇਵਾ ਸਾਕਤ ਸੰਸਾਰ॥੨॥

ਗੁਰਦੇਵ ਆਖਦੇ ਹਨ- ਮਾਇਆ ਰੂਪੀ ਵਿਕਾਰਾਂ ਵਿਚ ਫਸੇ ਬੈਠੇ ਜੀਵ ਦਾ ਹਾਲ ਤਾਂ ਇਹ ਹੈ ਕਿ ਜਿਹੜਾ ਕੰਮ ਇਸ ਦੀ ਭਲਾਈ ਦਾ ਹੋਵੇ, ਉਸ ਨੂੰ ਇਹ ਬੁਰਾ ਸਮਝਦਾ ਹੈ ਤੇ ਹੇ ਭਾਈ! ਕੋਈ ਇਸ ਨੂੰ ਸੱਚੀ ਗੱਲ ਆਖੇ ਤਾਂ ਉਹ ਇਸ ਨੂੰ ਜ਼ਹਿਰ ਵਰਗੀ ਲੱਗਦੀ ਹੈ; ਭਟਕਿਆ ਹੋਇਆ ਜੀਵ ਇਹ ਜਾਣਨ ਨੂੰ ਤਿਆਰ ਹੀ ਨਹੀਂ ਕਿ ਕਿਹੜਾ ਕੰਮ ਜੀਵਨ ਦੀ ਬਾਜ਼ੀ ਜਿੱਤਣ ਵਾਸਤੇ ਹੈ ਅਤੇ ਕਿਹੜਾ ਹਾਰ ਵਾਸਤੇ ਹੈ, ਰੱਬ ਨਾਲੋਂ ਟੁੱਟੇ ਜੀਵ ਦਾ ਵਿਹਾਰ ਕੁਝ ਐਸਾ ਹੀ ਹੈ।

ਜੋ ਹਲਾਹਲ ਸੋ ਪੀਵੈ ਬਉਰਾ॥
ਅੰਮ੍ਰਿਤੁ ਨਾਮੁ ਜਾਨੈ ਕਰਿ ਕਉਰਾ॥
ਸਾਧਸੰਗ ਕੈ ਨਾਹੀ ਨੇਰਿ॥
ਲਖ ਚਉਰਾਸੀਹ ਭ੍ਰਮਤਾ ਫੇਰਿ॥੩॥

ਗੁਰੂ ਜੀ ਫਰਮਾਉਂਦੇ ਹਨ- ਹੇ ਭਾਈ! ਮਾਇਆ ਦੇ ਮੋਹ ਅਤੇ ਵਿਕਾਰਾਂ ਵਿਚ ਫਸੇ ਜੀਵ ਦਾ ਹਾਲ ਤਾਂ ਦੇਖੋ, ਹਲਾਹਲ ਭਾਵ ਜੋ ਜ਼ਹਿਰ ਹੈ, ਉਸ ਨੂੰ ਤਾਂ ਇਹ ਪਾਗਲ ਜੀਵ ਬੜੀ ਖੁਸ਼ੀ ਨਾਲ ਪੀਂਦਾ ਜਾ ਰਿਹਾ ਹੈ; ਤੇ ਜੋ ਉਸ ਮਿਹਰਵਾਨ ਪ੍ਰਭ ਜੀ ਦਾ ਨਾਮ ਰੂਪੀ ਅੰਮ੍ਰਿਤ ਹੈ ਉਸ ਨੂੰ ਕੌੜਾ ਜਾਣ ਕੇ ਛੱਡੀ ਜਾ ਰਿਹਾ ਹੈ; ਹੇ ਭਾਈ! ਇਹ ਭਟਕਿਆ ਹੋਇਆ ਜੀਵ ਸਾਧ ਸੰਗਤ ਦੇ ਤਾਂ ਕਦੀ ਨੇੜੇ ਵੀ ਨਹੀਂ ਜਾਂਦਾ; ਲਖ ਚਉਰਾਸੀਹ ਭ੍ਰਮਤਾ ਫੇਰਿ, ਇਸ ਕਰ ਕੇ ਚੁਰਾਸੀ ਲੱਖ ਜੂਨ ਦੇ ਗੇੜ ਵਿਚ ਫਸਿਆ ਰਹਿੰਦਾ ਹੈ।

ਏਕੈ ਜਾਲਿ ਫਹਾਏ ਪੰਖੀ॥
ਰਸਿ ਰਸਿ ਭੋਗ ਕਰਹਿ ਬਹੁ ਰੰਗੀ॥
ਕਹੁ ਨਾਨਕ ਜਿਸੁ ਭਏ ਕ੍ਰਿਪਾਲ॥
ਗੁਰਿ ਪੂਰੈ ਤਾ ਕੇ ਕਾਟੇ ਜਾਲ॥੪॥

ਸ਼ਬਦ ਦੇ ਅਖੀਰ ਵਿਚ ਗੁਰਦੇਵ ਪਿਤਾ ਜੀ ਆਖ ਰਹੇ ਹਨ- ਏਕੈ ਜਾਲਿ ਫਹਾਏ ਪੰਖੀ, ਹੇ ਭਾਈ! ਇਹ ਸਾਰੇ ਜੀਵ ਰੂਪੀ ਪੰਛੀ ਪਰਮਾਤਮਾ ਨੇ ਮਾਇਆ ਰੂਪੀ ਜਾਲ ਵਿਚ ਹੀ ਫਸਾਏ ਹੋਏ ਹਨ; ਇਹ ਜੀਵ ਰੂਪੀ ਪੰਛੀ ਸੁਆਦ ਲਾ-ਲਾ ਕੇ ਅਨੇਕਾਂ ਹੀ ਤਰ੍ਹਾਂ ਦੇ ਭੋਗ ਭੋਗਦੇ ਰਹਿੰਦੇ ਹਨ; ਕਹੁ ਨਾਨਕ ਜਿਸੁ ਭਏ ਕ੍ਰਿਪਾਲ, ਨਾਨਕ ਆਖਦਾ ਹੈ, ਜਿਸ ਜੀਵ ਉਤੇ ਪ੍ਰਭੂ ਕਿਰਪਾਲ ਹੁੰਦਾ ਹੈ, ਉਸ ਨੂੰ ਗੁਰੂ ਮਿਲਾ ਦਿੰਦਾ ਹੈ ਅਤੇ ਗੁਰਿ ਪੂਰੈ ਤਾ ਕੇ ਕਾਟੇ ਜਾਲ, ਫ਼ਿਰ ਪੂਰੇ ਗੁਰੂ ਨੇ ਜੀਵ ਦੇ ਸਾਰੇ ਬੰਧਨ ਕੱਟ ਦਿੱਤੇ।

***-ਬੀਬੀ ਸੁਰਜੀਤ ਕੌਰ ਸੈਕਰਮੈਂਟੋ***
***ਫੋਨ: 916-687-3536***

# ਧਨ ਅਤੇ ਇਖਲਾਕ ਦਾ ਰਿਸ਼ਤਾ

## ਪਾਠਕਾਂ ਦੀ ਗੱਲ

***'ਪੰਜਾਬ ਟਾਈਮਜ਼' ਦੇ ਅੰਕ ਨੰਬਰ 38 ਵਿਚ ਛਪੇ ਕਾਨਾ ਸਿੰਘ ਦੇ ਲੇਖ 'ਵੱਡਿਆਂ ਦਾ ਲਾਂਘਾ' ਤੋਂ ਬਾਅਦ ਅੰਕ ਨੰਬਰ 40 ਵਿਚ ਮਾਸਟਰ ਨਿਰਮਲ ਸਿੰਘ ਲਾਲੀ ਦੀ ਚਿੱਠੀ ਛਪੀ ਸੀ। ਉਨ੍ਹਾਂ ਨੇ ਆਪਣੀ ਚਿੱਠੀ ਵਿਚ ਪੈਸੇ ਤੇ ਇਖਲਾਕ ਬਾਰੇ ਰਾਏ ਪ੍ਰਗਟ ਕੀਤੀ ਸੀ। ਇਸ ਲੇਖ ਅਤੇ ਚਿੱਠੀ ਬਾਰੇ ਅਦਾਰੇ ਕੋਲ ਡਾ. ਗੋਬਿੰਦਰ ਸਿੰਘ ਸਮਰਾਓ ਦੀ ਇਕ ਲੰਮੀ ਟਿੱਪਣੀ ਪੁੱਜੀ ਹੈ ਜਿਸ ਵਿਚ ਉਨ੍ਹਾਂ ਕੁਝ ਹੋਰ ਨੁਕਤੇ ਉਭਾਰਦਿਆਂ ਪੈਸੇ ਤੇ ਇਖਲਾਕ ਦੇ ਰਿਸ਼ਤੇ ਬਾਰੇ ਚਰਚਾ ਅਗਾਂਹ ਤੋਰੀ ਹੈ ਅਤੇ ਨਾਲ ਹੀ ਅੱਜ ਕੱਲ੍ਹ ਦਰਪੇਸ਼ ਹੋਰ ਮਸਲੇ ਛੋਹੇ ਹਨ। -ਸੰਪਾਦਕ***

'ਪੰਜਾਬ ਟਾਈਮਜ਼' ਵਿਚ 20 ਸਤੰਬਰ (ਅੰਕ 38) ਨੂੰ ਛਪਿਆ ਕਾਨਾ ਸਿੰਘ ਦਾ ਲੇਖ 'ਵੱਡਿਆਂ ਦਾ ਲਾਂਘਾ' ਬੜੀ ਹੀ ਗੂੜ੍ਹ ਸਿਆਣਪ ਵਾਲੀ ਵਾਰਤਾ ਸੀ। ਲੇਖ ਵਿਚ ਕਾਨਾ ਸਿੰਘ ਨੇ ਆਪਣੇ ਪਿਤਾ, ਮਾਂ ਤੇ ਦਾਦੀ ਦੀਆਂ ਨਸੀਹਤਾਂ ਦਾ ਹਵਾਲਾ ਦਿੰਦੇ ਹੋਏ ਆਪਣੀ ਕਿਰਤ ਕਮਾਈ ਨੂੰ ਜੀਵਨ ਦੇ ਭਾਵੀ ਕਾਰਜਾਂ ਲਈ ਜੋੜ ਕੇ ਰੱਖਣ ਦੀ

**ਡਾ. ਗੋਬਿੰਦਰ ਸਿੰਘ ਸਮਰਾਓ**
**ਫੋਨ: 408-634-2310**

ਗੱਲ ਕੀਤੀ ਹੈ। ਆਪਣੀ ਨੌਕਰੀ ਦੀ ਮਿਲੀ ਪਹਿਲੀ ਤਨਖਾਹ ਦੀ ਸੰਭਾਲ ਬਾਰੇ ਪੁੱਛਣ 'ਤੇ ਪਿਤਾ ਕਹਿੰਦੇ ਹਨ, "ਤੂੰ ਜ਼ਿੰਦਗੀ ਵਿਚ ਵੱਡੇ-ਵੱਡੇ ਕੰਮ ਕਰਨੇ ਨੁ। ਵੱਡੀਆਂ ਪੜ੍ਹਾਈਆਂ ਤੇ ਵੱਡੇ ਖਰਚੇ। ਬਸ ਹਿੱਕੋ ਗੁਰ ਪਲੇ ਬੰਨ੍ਹ ਲੈ ਕਿ ਖਰਚ ਆਮਦਨ ਤੋਂ ਕਦੇ ਵੱਧ ਨਾ ਹੋਵੇ। ਤੇ ਨਾ ਹੀ ਉਧਾਰ ਲੈਣਾ ਪਵੇ।" ਦਾਦੀ ਦੀ ਸਿਖਿਆ ਹੈ, "ਜਿਹੜਾ ਪੈਸੇ ਨਹੀਂ ਸੰਭਾਲ ਸਕਨਾ, ਉਹ ਕੁਝ ਵੀ ਨਹੀਂ ਸੰਭਾਲ ਸਕਨਾ। ਨਾ ਵਸਤਾਂ, ਨਾ ਘਰ, ਨਾ ਬੱਚੇ, ਨਾ ਮਾਪੇ। ਪੈਸਾ ਆਖਨੈ, ਤੂੰ ਮੇਰੀ ਕਦਰ ਕਰ ਤੇ ਮੈਂ ਤੇਰੀ ਕਰਸਾਂ।" ਇਸੇ ਤਰ੍ਹਾਂ ਮਾਂ ਦਾ ਕਥਨ ਹੈ, "ਜਿਹੜਾ ਪੈਸੇ ਨੀ ਕਦਰ ਨਹੀਂ ਕਰਨਾ, ਉਸਨਾ ਨਾ ਤੇ ਕੋਈ ਅਸੂਲ ਹੋਨਾ ਵੈ ਤੇ ਨਾ ਹੀ ਇਖਲਾਕ।" ਕਾਨਾ ਸਿੰਘ ਨੇ ਲਿਖਿਆ, "ਅੱਧੀ ਸਦੀ ਤੋਂ ਵੀ ਦਹਾਕਾ ਉਪਰ ਹੋ ਗਿਆ ਹੈ, ਬੜੇ ਤੱਤੇ-ਠੰਢੇ ਦਿਨ ਵੇਖੇ ਹਨ। ਬੜੀ ਵਾਰ ਉਜਾੜੇ ਤੇ ਮੁੜ ਵਸੇਬੇ ਹੋਏ ਪਰ ਮੈਂ ਆਪਣੀ ਚਾਦਰ ਮੁਤਾਬਿਕ ਹੀ ਪੈਰ ਪਸਾਰੇ। ਨਾ ਕਦੇ ਥੁੜ੍ਹ ਤੱਕੀ ਤੇ ਨਾ ਤੰਗੀ। ਨਾ ਹੀ ਕਿਸੇ ਸਾਕ, ਸਬੰਧੀ, ਮਿੱਤਰ ਜਾਂ ਬੈਂਕ ਤੋਂ ਕਰਜ਼ਾ ਲਿਆ।" ਇਸ ਤਰ੍ਹਾਂ ਲੇਖਕਾ ਨੇ ਨਵੀਂ ਪੀੜ੍ਹੀ ਨੂੰ ਨਾ ਕੇਵਲ ਆਪਣੀ ਮਿਹਨਤ ਦੀ ਕਮਾਈ ਨੂੰ ਭਵਿੱਖ ਵਿਚ ਸਹੀ ਇਸਤੇਮਾਲ ਲਈ ਸੰਭਾਲਣ ਦੀ ਮਹੱਤਤਾ 'ਤੇ ਜ਼ੋਰ ਦਿੱਤਾ ਹੈ, ਸਗੋਂ ਆਪਣੇ ਵਡੇਰਿਆਂ ਦੇ ਦੱਸੇ ਰਸਤਿਆਂ ਦੀ ਕਦਰ ਕਰ ਕੇ ਵਿਰਸੇ ਦੀ ਮਹਾਨਤਾ ਦਾ ਵੀ ਸੰਦੇਸ਼ ਦਿੱਤਾ ਹੈ।

ਜੋ ਇਨਸਾਨ ਕਿਰਤ ਨਹੀਂ ਕਰਦਾ, ਉਸ ਕੋਲ ਧਨ ਨਹੀਂ ਉਪਜਦਾ। ਜਿਸ ਕੋਲ ਧਨ ਨਹੀਂ ਉਪਜਦਾ, ਉਹ ਭੁੱਖ ਤੇ ਹੋਰ ਲੋੜਾਂ ਨਾਲ ਲੜਦਾ ਹੋਇਆ ਇਖਲਾਕਹੀਣਤਾ ਦਾ ਸ਼ਿਕਾਰ ਹੋ ਜਾਂਦਾ ਹੈ। ਜੋ ਮਨੁੱਖ ਧਨ ਤਾਂ ਪੈਦਾ ਕਰਦਾ ਹੈ, ਪਰ ਉਸ ਦੀ ਸਹੀ ਵਰਤੋਂ ਤੇ ਸੰਭਾਲ ਨਹੀਂ ਕਰ ਸਕਦਾ, ਉਹ ਜੀਵਨ ਵਿਚ ਕੋਈ ਅਸੂਲ ਧਾਰਨ ਨਹੀਂ ਕਰ ਸਕਦਾ। ਬੇਅਸੂਲਾ ਹੋ ਕੇ ਉਹ ਵੀ ਗੈਰ-ਇਖਲਾਕੀ ਗਰਕਣ ਵਿਚ ਡਿਗਣੋਂ ਬਚ ਨਹੀਂ ਸਕਦਾ। ਇਸ ਦੇ ਇਲਾਜ ਵਜੋਂ ਕਾਨਾ ਸਿੰਘ ਦੀ ਲਿਖਤ ਖਰਚ ਨੂੰ ਆਮਦਨ ਨਾਲੋਂ ਘਟਾਉਣ ਤੇ ਭਵਿਖ ਦੀਆਂ ਲੋੜਾਂ ਲਈ ਕੁਝ ਬੱਚਤ ਕਰਨ ਦਾ ਸਬਕ ਦਿੰਦੀ ਹੈ। ਅੱਜ ਕੱਲ੍ਹ ਦੇ ਖਪਤ-ਪ੍ਰਧਾਨ ਸਮਾਜ ਵਿਚ ਦੇਸ਼-ਵਿਦੇਸ਼ ਵਿਚ ਹੱਡ ਭੰਨਵੀਂ ਕਿਰਤ ਕਮਾਈ ਕਰਦੇ ਲੱਖਾਂ ਲੋਕ ਆਈ-ਚਲਾਈ ਦਾ ਜੀਵਨ ਬਤੀਤ ਕਰਦੇ ਹਨ ਤੇ ਕ੍ਰੈਡਿਟ ਕਾਰਡ ਕੰਪਨੀਆਂ ਦੀ ਲੁੱਟ ਦਾ ਸ਼ਿਕਾਰ ਹੁੰਦੇ ਰਹਿੰਦੇ ਹਨ। ਆਪਣੀ ਬੰਦ ਖਲਾਸੀ ਲਈ ਉਹ ਸਭ ਇਸ ਲੇਖ ਤੋਂ ਵੱਡਮੁਲੀ ਨਸੀਹਤ ਪ੍ਰਾਪਤ ਕਰ ਸਕਦੇ ਹਨ।

ਧਨ ਦੀ ਬੱਚਤ ਤੇ ਸੰਭਾਲ ਦੀ ਜੀਵਨ ਵਿਚ ਇੰਨੀ ਮਹੱਤਤਾ ਹੈ ਕਿ ਅਸੀਂ ਸਹਿਜੇ ਕਿਆਸ ਨਹੀਂ ਕਰ ਸਕਦੇ। ਜੇ ਮਨੁੱਖ ਨੇ ਛੋਟੀਆਂ-ਛੋਟੀਆਂ ਬੱਚਤਾਂ ਨਾ ਸਿੱਖੀਆਂ ਹੁੰਦੀਆਂ, ਤਾਂ ਉਸ ਨੇ ਨਾ ਨਿੱਕੇ-ਨਿੱਕੇ ਅਸੂਲ ਸਿੱਖੇ ਹੁੰਦੇ, ਤੇ ਨਾ ਹੀ ਕੋਈ ਵੱਡਾ ਕੰਮ ਕੀਤਾ ਹੁੰਦਾ। ਸਮਾਜ ਵਿਚ ਨਾ ਬੈਂਕ ਹੁੰਦੇ ਤੇ ਨਾ ਡੈਮ, ਨਾ ਗੋਦਾਮ ਤੇ ਨਾ ਖਜ਼ਾਨੇ। ਬੱਸ, ਜਾਨਵਰਾਂ ਦੇ ਪੱਧਰ ਦਾ ਜੀਵਨ ਹੁੰਦਾ ਜਿਸ ਵਿਚ ਨਾ ਕੋਈ ਪੈਦਾਇਸ਼, ਨਾ ਵਿਕਾਸ, ਨਾ ਸਭਿਅਤਾ, ਨਾ ਇਤਿਹਾਸ ਤੇ ਨਾ ਇਖਲਾਕ ਹੁੰਦਾ। ਬੱਸ ਹੁੰਦਾ ਤਾਂ ਪਸ਼ੂ-ਪੱਧਰੀ ਆਚਾਰ ਤੇ ਖੋਹ-ਖਿੰਝੀ ਦਾ ਬੋਲਬਾਲਾ। ਗੋਦਾਮ ਖਾਲੀ ਹੁੰਦੇ ਤੇ ਖਲਕਤ ਪੇਟ ਭਰਨ ਲਈ ਹਰਲ-ਹਰਲ ਕਰਦੀ ਭੱਜੀ ਫਿਰਦੀ। ਬਿਨਾਂ ਭਰੇ ਤਾਂ ਝੀਲਾਂ, ਤਲਾਬ ਤੇ ਖਜ਼ਾਨੇ ਖਾਲੀ ਹੋ ਜਾਂਦੇ ਹਨ। ਖਾਲੀ ਖਜ਼ਾਨੇ ਦਾ ਸੰਤਾਪ ਕੋਈ ਮੌਜੂਦਾ ਪੰਜਾਬ ਦੇ ਲੋਕਾਂ ਤੋਂ ਪੁੱਛੇ ਜੋ ਕੰਗਾਲ ਸ਼ਾਸਨ ਦੀ ਮਾਰ ਹੇਠ ਆਏ ਹੋਏ ਨੇ। ਪੈਸੇ ਦੀ ਯੋਗ ਵਰਤੋਂ ਨਾ ਕਰਨ ਦਾ ਸੰਤਾਪ ਪੰਜਾਬ ਦੇ ਕਿਸਾਨ ਕਰਜ਼ ਨਾ ਮੋੜਨ ਕਰ ਕੇ ਸਰਕਾਰੀ ਕੁੜਿੱਕੀ ਵਿਚ ਆਏ ਰਹਿੰਦੇ ਹਨ।

ਸ਼ਾਇਦ ਇਸ ਲੇਖ ਦੇ ਗੁੱਝੇ ਅਰਥਾਂ ਦਾ ਗਿਆਨ ਮੇਰੇ ਪਿੰਡ ਦੇ ਅਮਲੀ ਤੋਂ ਵੱਧ ਕੋਈ ਨਹੀਂ ਜਾਣਦਾ ਜਿਹੜਾ ਨਸ਼ਿਆਂ ਕਾਰਨ ਆਪਣੀ ਸਾਰੀ ਜ਼ਮੀਨ ਵੇਚ ਕੇ ਰੇਲ ਗੱਡੀਆਂ ਵਿਚ ਮੰਗਣ ਲੱਗ ਪਿਆ ਸੀ। ਸੰਨ 1970 ਵਿਚ ਇਕ ਵਾਰ ਪਟਿਆਲੇ ਸਟੇਸ਼ਨ ਦੇ ਨੇੜਿਓਂ ਲੰਘਦਿਆਂ ਮੇਰੇ ਹੀ ਪਿੰਡ ਦਾ ਮੇਰਾ ਮਿੱਤਰ ਕਹਿਣ ਲੱਗਾ, "ਅਮਲੀ ਖੜ੍ਹਿਆ, ਚਲੋ ਮਿਲ ਚਲਦੇ ਹਾਂ।" ਕੋਲ ਜਾ ਕੇ ਮੇਰਾ ਮਿੱਤਰ ਉਸ ਨੂੰ ਜੇਬ ਵਿਚੋਂ ਕੱਢ ਕੇ 2 ਰੁਪਏ ਦੇਣ ਲੱਗਿਆ। ਸ਼ਰੀਕ ਤੋਂ ਖੈਰਾਤ ਲਵੇ ਕਿ ਨਾ ਲਵੇ, ਸ਼ਰਮਸਾਰ ਹੋਇਆ ਅਮਲੀ ਦੋਵੇਂ ਹੱਥ ਜੋੜ ਕੇ ਖੜ੍ਹਾ ਹੋ ਗਿਆ ਤੇ ਅੱਖ ਦੀ ਲਿਹਾਜ਼ ਰੱਖਦਿਆਂ ਬੋਲਿਆ, "ਲਾਣੇਦਾਰਾ, ਇਕੋ ਦੇਹ ਜੇ ਦੇਣਾ। ਇਕ ਕੀ ਥੌਂ ਦੋ-ਦੋ ਰੋਹੜ ਕੈ ਈ ਮੈਂ ਖਾਕੀ ਜੂਨ ਨੂੰ ਪਹੁੰਚਿਆਂ।" ਮੈਂ ਆਪਣੇ ਮਿੱਤਰ ਨੂੰ ਪੁੱਛਿਆ, "ਇਹ ਇਕ ਦੀ ਥਾਂ ਦੋ ਰੋਹੜਨ ਦੀ ਕੀ ਗੱਲ ਕਰ ਰਿਹਾ ਸੀ?" ਇਹ ਅਮਲੀ ਮੇਰੇ ਮਿੱਤਰ ਦੀ ਪੱਤੀ ਵਿਚੋਂ ਹੀ ਸੀ, ਇਸ ਲਈ ਉਸ ਬਾਰੇ ਨੇੜਿਓਂ ਜਾਣਦਾ ਸੀ। ਉਸ ਨੇ ਦੱਸਿਆ ਕਿ ਇਸ ਨੇ ਆਪਣੀ ਘਰ ਵਾਲੀ ਨੂੰ ਵੀ ਆਪਣੇ ਨਾਲ ਪੀਣ-ਖਾਣ ਦੇ ਅਮਲਾਂ 'ਤੇ ਲਾਇਆ ਹੋਇਆ ਸੀ। ਮੈਨੂੰ ਖਾਕੀ ਜੂਨ ਦੀ ਵੀ ਸਮਝ ਨਾ ਪਈ। ਮਿੱਤਰ ਨੇ ਦੱਸਿਆ, "ਕੁੱਤੇ ਦੀ ਜੂਨ।" ਮੈਂ ਲੱਖਣ ਲਾਇਆ, "ਕੁੱਤਾ ਖਾਕੀ ਹੁੰਦਾ ਹੈ ਤੇ ਦਰ-ਬਦਰ ਮੰਗਦਾ ਫਿਰਦਾ ਹੈ। ਸ਼ਾਇਦ ਇਸੇ ਲਈ ਅਮਲੀ ਨੇ ਇਹ ਸ਼ਬਦ ਆਪਣੇ ਲਈ ਵਰਤ ਕੇ ਪਰਦੇ ਨਾਲ ਆਪਣੀ ਸਥਿਤੀ ਦਰਸਾਈ ਹੈ।"

ਗੱਲ ਸਾਫ ਹੈ ਕਿ ਜੋ ਪੈਸੇ ਦੀ ਸਮੇਂ ਸਿਰ ਸੰਭਾਲ ਨਹੀਂ ਕਰਦੇ, ਉਨ੍ਹਾਂ ਦਾ ਇੱਦਾਂ ਹੀ ਬੁਰਾ ਹਾਲ ਹੁੰਦਾ ਹੈ। ਉਨ੍ਹਾਂ ਦਾ ਨਾ ਕੋਈ ਲੈਣ ਦਾ ਅਸੂਲ ਹੁੰਦਾ ਹੈ ਤੇ ਨਾ ਦੇਣ ਦਾ। ਬਦ-ਅਸੂਲੀ ਦਾ ਹੀ ਦੂਜਾ ਨਾਂ ਬਦ-ਇਖਲਾਕੀ ਹੈ। ਇਹੀ ਤਾਂ ਕਾਨਾ ਸਿੰਘ ਨੇ ਕਿਹਾ ਹੈ।

ਪਰ ਵਾਰੇ ਜਾਈਏ ਮਾਸਟਰ ਨਿਰਮਲ ਸਿੰਘ ਲਾਲੀ ਦੇ ਜਿਨ੍ਹਾਂ ਨੇ ਬਾਬੇ ਨਾਨਕ ਦੀ ਸੱਚੇ ਸੌਦੇ ਵਾਲੀ ਸਾਖੀ ਦੀ ਮਿਸਾਲ ਦਿੰਦਿਆਂ ਇਸ ਮਾਸੂਮ ਲਿਖਤ ਦੇ ਮੁੱਦੇ ਵਿਚ ਵੀ ਦੋਸ਼ ਕੱਢ ਮਾਰੇ (ਹਵਾਲਾ- ਅੰਕ 40 ਵਿਚ ਛਪੀ ਚਿੱਠੀ)। ਕਾਨਾ ਸਿੰਘ ਨੇ ਆਪਣਾ ਲੇਖ ਕਿਸੇ ਧਰਮ ਨਾਲ ਨਹੀਂ ਜੋੜਿਆ, ਇਸ ਲਈ ਇਸ ਨੂੰ ਧਰਮ ਦੇ ਕਟਹਿਰੇ ਵਿਚ ਖੜ੍ਹਾ ਕਰਨਾ ਠੀਕ ਨਹੀਂ। ਜੇ ਮਾਸਟਰ ਜੀ ਠੀਕ ਸਮਝਦੇ ਹੀ ਹਨ, ਤਾਂ ਉਹ ਜਨਮ ਸਾਖੀ ਦੀ ਆਪਣੀ ਦਿੱਤੀ ਦਲੀਲ ਬਾਰੇ ਆਪ ਹੀ ਸੋਚਣ ਕਿ ਗੁਰੂ ਸਾਹਿਬ ਕੋਲ ਭੁੱਖੇ ਸਾਧਾਂ ਦੇ ਭੋਜਨ ਲਈ 20 ਰੁਪਏ ਕਿਥੋਂ ਆਉਂਦੇ, ਜੇ ਉਨ੍ਹਾਂ ਦੇ ਪਿਤਾ ਜੀ ਨੇ ਆਪਣੀ ਨੇਕ ਕਮਾਈ ਵਿਚੋਂ ਜੋੜੇ ਨਾ ਹੁੰਦੇ? ਮਾਸਟਰ ਜੀ ਕਹਿੰਦੇ ਹਨ, ਮਾਇਆ ਮਨੁੱਖ ਦੀ ਮੱਤ ਮਾਰ ਦਿੰਦੀ ਹੈ ਤੇ ਉਸ ਨੂੰ ਅੰਨ੍ਹਾ ਬੋਲਾ ਕਰ ਕੇ ਇਖਲਾਕ-ਰਹਿਤ ਕਰ ਦਿੰਦੀ ਹੈ... ਉਨ੍ਹਾਂ ਜ਼ਮਾਨਿਆਂ ਦੇ 20 ਰੁਪਏ ਅੱਜ ਦੇ ਇਕ ਲੱਖ ਤੋਂ ਘੱਟ ਨਹੀਂ ਸੀ ਹੋਣੇ, ਪਰ ਇੰਨੀ ਵੱਡੀ ਰਕਮ ਨੇ ਮਹਿਤਾ ਕਾਲੂ ਦੀ ਤਾਂ ਮੱਤ ਨਹੀਂ ਸੀ ਮਾਰੀ, ਤੇ ਨਾ ਹੀ ਅੰਨ੍ਹਾ ਬੋਲਾ ਕਰ ਕੇ ਇਖਲਾਕਹੀਣ ਕੀਤਾ ਸੀ। ਇਹ ਤਰਕ ਕਾਲੇ ਧਨ ਬਾਰੇ ਤਾਂ ਢੁਕ ਸਕਦਾ ਹੈ, ਦਸਾਂ ਨਹੁੰਆਂ ਦੀ ਕਿਰਤ ਕਮਾਈ ਕਰ ਕੇ ਜੋੜੇ ਧਨ ਉਤੇ ਨਹੀਂ। ਹਰ ਕੋਈ ਜਾਣਦਾ ਹੈ ਕਿ ਬੱਚਿਆਂ ਦੀ ਪੜ੍ਹਾਈ-ਲਿਖਾਈ ਤੇ ਰੁਜ਼ਗਾਰ ਸਥਾਪਤੀ ਲਈ ਬੜੇ ਧਨ ਦੀ ਲੋੜ ਪੈਂਦੀ ਹੈ। ਹਰ ਯੁਗ ਵਿਚ ਮਾਪੇ ਇਸ ਕੰਮ ਲਈ ਥੋੜ੍ਹੀ-ਥੋੜ੍ਹੀ ਪੂੰਜੀ ਜੋੜਦੇ ਹਨ। ਉਹ ਸੰਤਾਨ ਦੇ ਪਾਲਣ-ਪੋਸਣ ਲਈ ਸ਼ੁਰੂ ਤੋਂ ਹੀ ਆਪਣੀ ਕਿਰਤ ਕਮਾਈ ਵਿਚੋਂ ਬਚਾ ਕੇ ਐਜੂਕੇਸ਼ਨ ਫੰਡ ਜਮ੍ਹਾਂ ਕਰਦੇ ਹਨ। ਜਿਹੜੇ ਇੱਦਾਂ ਨਹੀਂ ਕਰਦੇ, ਉਹ ਆਪਣੇ ਬੱਚਿਆਂ ਨੂੰ ਉਚ ਸਿੱਖਿਆ ਨਹੀਂ ਦੇ ਸਕਦੇ। ਕੀ ਬੱਚਿਆਂ ਨੂੰ ਉਚ ਸਿੱਖਿਆ ਰਾਹੀਂ ਸਵੈ-ਮਾਣ ਨਾਲ ਜਿਉਣ ਦੇ ਕਾਬਲ ਬਣਾਉਣਾ ਇਖਲਾਕ ਤੋਂ ਡਿੱਗੀ ਗੱਲ ਹੈ?

ਮਾਸਟਰ ਲਾਲੀ ਸ਼ਾਇਦ ਇਸ ਭਰਮ ਵਿਚ ਹਨ ਕਿ ਗੁਰੂ ਨਾਨਕ ਆਪਣੇ ਪਿਤਾ ਦੇ ਦਿੱਤੇ 20 ਰੁਪਿਆਂ ਨੂੰ 'ਮਾਇਆ ਨਾਗਣੀ' ਸਮਝ ਕੇ ਬਾਹਰ ਸੁੱਟ ਆਏ ਸਨ, ਪਰ ਜਨਮ ਸਾਖੀਆਂ ਗਵਾਹ ਹਨ ਕਿ ਉਨ੍ਹਾਂ ਨੇ ਇਸ ਰਕਮ ਨੂੰ ਵਾਧੂ ਭਾਰ ਸਮਝ ਕੇ ਐਵੇਂ ਨਹੀਂ ਸੀ ਲੁਟਾਇਆ, ਉਨ੍ਹਾਂ ਨੇ ਤਾਂ ਆਪਣੇ ਵਲੋਂ ਲੋੜਵੰਦਾਂ ਦੀ ਭੋਜਨ ਸੇਵਾ ਨੂੰ ਸੱਚ ਦਾ ਵਪਾਰ ਸਮਝ ਕੇ ਨਫੇ ਵਾਲੀ ਥਾਂ ਲਾਇਆ ਸੀ।

ਮਾਸਟਰ ਲਾਲੀ ਅੱਗੇ ਲਿਖਦੇ ਹਨ, "ਪਰਮਾਤਮਾ ਦਾ ਪਦਾਰਥ ਨਾਲ ਤੇ ਨਿਰੰਕਾਰ ਦਾ ਸੰਸਾਰ ਨਾਲ ਕੋਈ ਸਬੰਧ ਨਹੀਂ।" ਇਹ ਉਨ੍ਹਾਂ ਦੀ ਜ਼ਾਤੀ ਰਾਇ ਹੋ ਸਕਦੀ ਹੈ, ਕੋਈ ਪ੍ਰਮਾਣ-ਬੱਧ ਸੱਚਾਈ ਨਹੀਂ, ਕਿਉਂਕਿ ਉਨ੍ਹਾਂ ਦੀ ਇਸ ਦਲੀਲ ਦਾ ਸਿੱਧਾ ਅਰਥ ਨਿਕਲਦਾ ਹੈ ਕਿ ਧਰਮ ਬੇਲੋੜੀ ਚੀਜ਼ ਹੈ। ਜੇ ਪਰਮਾਤਮਾ ਧਰਤ-ਨਿਵਾਸੀਆਂ ਦੀ ਸਥਿਤੀ ਵਿਚ ਕੋਈ ਸੁਧਾਰ ਹੀ ਨਹੀਂ ਕਰ ਸਕਦਾ ਤੇ ਉਨ੍ਹਾਂ ਨੂੰ ਚੁਰਾਸੀ ਦੇ ਗੇੜ 'ਚੋਂ ਕੱਢ ਹੀ ਨਹੀਂ ਸਕਦਾ ਤਾਂ ਉਸ ਦਾ ਕੀ ਲਾਭ? ਜੇ ਪਰਮਾਤਮਾ ਪਦਾਰਥੀ ਦਲਦਲ ਵਿਚ ਫਸੇ ਭਗਤਾਂ ਦੀ ਸਾਰ ਹੀ ਨਹੀਂ ਲੈਂਦਾ ਤਾਂ ਉਸ ਦਾ ਗੁਣ-ਗਾਣ ਕੇਹਾ? ਪਰ ਗੁਰਬਾਣੀ ਇੱਦਾਂ ਨਹੀਂ ਕਹਿੰਦੀ। ਗੁਰੂ ਜੀ ਨਿਰੰਕਾਰ ਦਾ ਸੰਸਾਰ ਨਾਲ ਗੂੜ੍ਹਾ ਰਿਸ਼ਤਾ ਮੰਨਦਿਆਂ ਲਿਖਦੇ ਹਨ- ਹੁਕਮੈ ਅੰਦਰਿ ਸਭੁ ਕੋ ਬਾਹਰਿ ਹੁਕਮ ਨ ਕੋਇ॥ ਸਮੂਹ ਸ਼ਰਧਾਲੂ ਵੀ ਸਵੇਰੇ-ਸਵੇਰੇ ਇਹੀ ਸਮਝ ਕੇ

*(ਬਾਕੀ ਸਫਾ 29 'ਤੇ)*

# ਸਾਹਿਤ ਤੋਂ ਵੀ ਸਹਿਮ ਗਈ ਸੀ ਪੰਜਾਬ ਪੁਲਿਸ

## ਯਾਦ-ਉਡਾਣ

***ਹਰਜਿੰਦਰ ਸਿੰਘ ਗੁਲਪੁਰ ਆਪਣੇ ਵੇਲਿਆਂ ਦੇ ਹਰ ਦੌਰ ਵਿਚ ਵਾਹਵਾ ਸਰਗਰਮ ਰਿਹਾ ਹੈ। ਇਸ ਲੇਖ ਵਿਚ ਉਨ੍ਹਾਂ ਐਮਰਜੈਂਸੀ ਦੇ ਉਸ ਦੌਰ ਦਾ ਜ਼ਿਕਰ ਛੇੜਿਆ ਹੈ ਜਦੋਂ ਕੇਂਦਰ ਸਰਕਾਰ ਨੇ ਚਾਰ-ਚੁਫੇਰੇ ਮਾਹੌਲ ਵਿਚ ਖੌਫ ਭਰਿਆ ਹੋਇਆ ਸੀ ਅਤੇ ਉਸ ਵੇਲੇ ਲੋਕਾਂ ਖਾਤਰ ਜੂਝ ਰਹੇ ਨੌਜਵਾਨ ਇਹ ਖੌਫ ਖਤਮ ਕਰਨ ਲਈ ਵਾਹ ਲਾ ਰਹੇ ਸਨ। ਲੇਖਕ ਨੇ ਇਸ ਲੇਖ ਵਿਚ ਉਸ ਬਿਖੜੇ ਪੈਂਡੇ ਦੀ ਚਰਚਾ ਕੀਤੀ ਹੈ ਜਿਹੜਾ ਨਿਰੰਤਰ ਚੱਲਦਾ ਹੈ ਅਤੇ ਬੰਦੇ ਨੂੰ ਬੰਦਾ ਬਣਾਈ ਰੱਖਣ ਵਿਚ ਸਹਾਈ ਹੁੰਦਾ ਹੈ। -ਸੰਪਾਦਕ***

ਐਮਰਜੈਂਸੀ (ਭਾਰਤ ਵਿਚ) ਲੱਗੀ ਹੋਈ ਸੀ। ਸ਼ਹਿਰੀ ਆਜ਼ਾਦੀਆਂ ਕੁਚਲ ਦਿੱਤੀਆਂ ਗਈਆਂ। ਅਖਬਾਰਾਂ 'ਤੇ ਸੈਂਸਰਸ਼ਿਪ ਲੱਗੀ ਹੋਈ ਸੀ। ਲਿਖਣ ਅਤੇ ਬੋਲਣ ਦੇ ਹੱਕ ਖੋਹ ਲਏ ਗਏ। ਚਾਰ-ਚੁਫੇਰੇ ਸਹਿਮ ਦਾ ਆਲਮ ਸੀ। ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੇ ਬੇਲਗਾਮ ਲੜਕੇ ਸੰਜੇ ਗਾਂਧੀ ਦੀ ਅਗਵਾਈ ਹੇਠ ਪਰਿਵਾਰ ਨਿਯੋਜਨ ਦੇ ਨਾਮ ਹੇਠ ਬੜੇ ਹੀ ਜ਼ਾਲਮਾਨਾ ਤਰੀਕੇ ਨਾਲ ਲੋਕਾਂ ਦੇ

**ਹਰਜਿੰਦਰ ਸਿੰਘ ਗੁਲਪੁਰ**
**ਫੋਨ: 91-81465-63065**

ਜਬਰੀ ਨਸਬੰਦੀ ਅਪ੍ਰੇਸ਼ਨ ਕੀਤੇ ਜਾ ਰਹੇ ਸਨ। ਸਰਕਾਰੀ ਅਫਸਰਾਂ ਨੂੰ ਕੋਟੇ ਅਲਾਟ ਸਨ। ਇਸ ਤੁਗਲਕੀ ਮੁਹਿੰਮ ਦਾ ਸ਼ਿਕਾਰ ਬਹੁਤ ਸਾਰੇ ਅਣ-ਵਿਆਹੇ ਲੜਕੇ ਵੀ ਬਣ ਰਹੇ ਸਨ। ਕਿਸੇ ਵੀ ਤਰ੍ਹਾਂ ਦੇ ਰੋਸ ਪ੍ਰਦਰਸ਼ਨਾਂ 'ਤੇ ਪੂਰਨ ਪਾਬੰਦੀ ਹੋਣ ਕਾਰਨ ਲੋਕਾਂ ਅੰਦਰ ਸਹਿਮ ਸੀ। ਉਸ ਸਮੇਂ ਸੂਚਨਾ ਪ੍ਰਣਾਲੀ ਅੱਜ ਜਿੰਨੀ ਵਿਕਸਿਤ ਨਾ ਹੋਣ ਸਦਕਾ ਅਫਵਾਹਾਂ ਦਾ ਬਾਜ਼ਾਰ ਵੀ ਗਰਮ ਸੀ। ਜਿੰਨੇ ਮੂੰਹ ਉਨੀਆਂ ਗੱਲਾਂ। ਮੀਡੀਆ ਦੀ ਗੈਰ ਹਾਜ਼ਰੀ ਕਾਰਨ ਠੀਕ/ਗਲਤ ਬਾਤਾਂ ਦੇ ਬਤੰਗੜ ਬਣ ਰਹੇ ਸਨ ਜਿਸ ਦੇ ਫਲਸਰੂਪ ਲੋਕਾਂ ਦਾ ਸਰਕਾਰ ਨਾਲੋਂ ਰਾਬਤਾ ਤਕਰੀਬਨ ਟੁੱਟ ਗਿਆ ਸੀ।

ਉਸ ਸਮੇਂ ਇਲਾਕੇ ਅੰਦਰ ਚੱਲ ਰਹੀਆਂ ਸਾਹਿਤਕ ਸਰਗਰਮੀਆਂ ਨੂੰ ਜਾਰੀ ਰੱਖਦਿਆਂ ਪੰਜਾਬੀ ਸਾਹਿਤ ਸਭਾ ਬਲਾਚੌਰ ਦੀ ਅਗਵਾਈ ਹੇਠ ਮਹੀਨਾਵਾਰ ਬੈਠਕਾਂ ਹਫਤਾਵਾਰੀ ਬੈਠਕਾਂ ਵਿਚ ਤਬਦੀਲ ਕਰ ਦਿੱਤੀਆਂ ਗਈਆਂ। ਸਭਾ ਦੇ ਜਨਰਲ ਸਕੱਤਰ ਦੀ ਜ਼ਿੰਮੇਵਾਰੀ ਦੀਦਾਰ ਸ਼ੇਤਰਾ ਕੋਲ ਸੀ। ਇਹ ਸਾਹਿਤਕ ਗੋਸ਼ਟੀਆਂ ਗੁਪਤ ਹੁੰਦੀਆਂ ਸਨ। ਉਦੋਂ ਪਿੰਡ-ਪਿੰਡ ਲਾਇਬ੍ਰੇਰੀਆਂ ਖੋਲ੍ਹਣ ਦਾ ਅਹਿਮ ਕੰਮ ਵੀ ਸਭਾ ਨੇ ਆਪਣੇ ਹੱਥ ਲੈ ਲਿਆ ਅਤੇ ਪਹਿਲੀ ਲਾਇਬ੍ਰੇਰੀ ਦੀਦਾਰ ਸ਼ੇਤਰਾ ਦੇ ਇਤਿਹਾਸਕ ਪਿੰਡ ਕੌਲਗੜ੍ਹ ਵਿਖੇ ਖੋਲ੍ਹੀ ਗਈ। ਸਭਾ ਨਾਲ ਜੁੜੇ ਬਹੁਤੇ ਮੈਂਬਰ ਬੇਰੁਜ਼ਗਾਰ ਹੋਣ ਕਾਰਨ ਸਾਧਨ ਸੀਮਤ ਸਨ। ਇਸ ਲਈ ਉਨ੍ਹਾਂ ਪਿੰਡਾਂ ਦੀ ਨਿਸ਼ਾਨਦੇਹੀ ਕੀਤੀ ਗਈ ਜਿਨ੍ਹਾਂ ਪਿੰਡਾਂ ਵਿਚ ਦੋ-ਚਾਰ ਨੌਜਵਾਨ ਸਾਹਿਤਕ ਮੱਸ ਰੱਖਣ ਵਾਲੇ ਸਨ। ਸਾਹਿਤਕ ਸਰਗਰਮੀਆਂ ਦਾ ਵਿਸਥਾਰ ਕਰਨ ਹਿਤ ਉਨ੍ਹਾਂ ਨੌਜਵਾਨਾਂ ਨੂੰ ਇਸ ਲਾਇਬ੍ਰੇਰੀ ਵਿਚੋਂ ਕਿਤਾਬਾਂ ਦੇਣ ਦੇ ਯਤਨ ਅਰੰਭੇ ਗਏ। ਕਾਫੀ ਹੁੰਗਾਰਾ ਮਿਲਿਆ। ਸਭਾ ਦੀਆਂ ਬੈਠਕਾਂ ਵਿਚ ਸਿਰਾਂ ਦੀ ਗਿਣਤੀ ਵਧਦੀ ਗਈ। ਉਸ ਸਮੇਂ ਸਿਆਸੀ ਅਤੇ ਹੋਰ ਸਰਗਰਮੀਆਂ ਇੱਕ ਤਰ੍ਹਾਂ ਨਾਲ ਭੂਮੀਗਤ ਤਰੀਕੇ ਨਾਲ ਚੱਲ ਰਹੀਆਂ ਸਨ। ਜੇ ਉਸ ਸਮੇਂ ਥੋੜ੍ਹਾ-ਬਹੁਤ ਕੰਮ ਸਰਕਾਰ ਵਿਰੋਧੀ ਹੁੰਦਾ ਸੀ, ਤਾਂ ਉਹ ਜਾਂ ਤਾਂ ਸਾਹਿਤ, ਤੇ ਜਾਂ ਫਿਰ ਸਿੱਖੀ ਦੀ ਪਰਦੇ ਹੇਠ ਹੁੰਦਾ ਸੀ। ਰੰਗਕਰਮੀ ਗੁਰਸ਼ਰਨ ਸਿੰਘ ਦੀ ਟੀਮ ਵਲੋਂ ਉਸ ਵਕਤ ਜਿੰਨੇ ਵੀ ਨਾਟਕ ਖੇਡੇ ਗਏ, ਉਹ ਧਾਰਮਿਕ ਰੰਗ ਹੇਠ ਲੁਕਾ ਕੇ ਖੇਡੇ ਗਏ। ਉਨ੍ਹਾਂ ਇਸ ਰਣਨੀਤੀ ਹੇਠ ਗੁਰਦੁਆਰਿਆਂ ਨੂੰ ਮੰਚ ਵਜੋਂ ਸਫਲਤਾ ਨਾਲ ਵਰਤਿਆ। ਇਸੇ ਤਰ੍ਹਾਂ ਦੁਆਬਾ ਲੋਕ ਰੰਗਮੰਚ ਕਲਾ ਕੇਂਦਰ ਮੰਗੂਵਾਲ ਵਲੋਂ ਜਸਵੰਤ ਖਟਕੜ ਦੀ ਨਿਰਦੇਸ਼ਨਾ ਹੇਠ ਦਰਜਨਾਂ ਨਾਟਕ ਖੇਡ ਕੇ ਲੋਕਾਂ ਦੀ ਗੱਲ ਲੋਕਾਂ ਦੇ ਸਨਮੁਖ ਰੱਖੀ ਜਾਂਦੀ ਰਹੀ। ਉਸ ਦੌਰ ਜਿੰਨੇ ਨਾਟਕ ਅੱਜ ਤੱਕ ਸਾਡੇ ਇਲਾਕੇ ਵਿਚ ਨਹੀਂ ਕੀਤੇ ਗਏ। ਇਹ ਮੁਹਿੰਮ ਚਲਾਉਣ ਵਾਲੇ ਮਿੱਤਰਾਂ ਵਿਚੋਂ ਕਾਫੀ ਅੱਜ ਇਸ ਦੁਨੀਆਂ ਵਿਚ ਨਹੀਂ। ਅਕਾਲੀ ਆਗੂ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਧਰਮ ਪ੍ਰਚਾਰਕ ਬਲਬੀਰ ਸਿੰਘ ਚੰਗਿਆੜਾ ਨੇ ਗੜ੍ਹਸ਼ੰਕਰ ਨੇੜੇ ਪੈਂਦੇ ਪਿੰਡ ਅਕਾਲ ਗੜ੍ਹ ਦੇ ਗੁਰਦੁਆਰੇ ਵਿਖੇ ਗੁਰਸ਼ਰਨ ਸਿੰਘ ਦੇ ਦਰਜਨਾਂ ਨਾਟਕ ਕਰਵਾਏ। ਰਾਤ ਸਮੇਂ ਇਹ ਨਾਟਕ ਦੇਖਣ ਲਈ ਲੋਕ ਦੂਰੋਂ-ਦੂਰੋਂ ਆਉਂਦੇ। ਇਹ ਨਾਟਕ ਵੀ ਸਾਡੇ ਲਈ ਪ੍ਰੇਰਨਾ ਸਰੋਤ ਬਣੇ।

ਉਸ ਸਮੇਂ ਲੋਕਾਂ ਦੀ ਮਾਨਸਿਕਤਾ ਅੰਦਰ ਆਈ ਖੜੋਤ ਦੇ ਮੱਦੇਨਜ਼ਰ ਪੰਜਾਬੀ ਸਾਹਿਤ ਸਭਾ ਬਲਾਚੌਰ ਨੇ ਮਹੱਤਵਪੂਰਨ ਫੈਸਲਾ ਕੀਤਾ ਕਿ ਅਜਿਹਾ ਫੈਸਲਾਕੁਨ ਰੋਲ ਨਿਭਾਇਆ ਜਾਵੇ ਜਿਸ ਨਾਲ ਲੋਕ ਮਾਨਸਿਕਤਾ 'ਤੇ ਜੰਮੇ ਖੌਫ਼ ਨੂੰ ਤੋੜਿਆ ਜਾ ਸਕੇ। ਫੈਸਲਾ ਹੋਇਆ ਕਿ '1970 ਤੋਂ ਬਾਅਦ ਦੀ ਪੰਜਾਬੀ ਕਵਿਤਾ' ਵਿਸ਼ੇ ਉਤੇ ਪਰਚਾ ਪੜ੍ਹਿਆ ਜਾਵੇ ਅਤੇ ਗੁਰਸ਼ਰਨ ਸਿੰਘ ਦੇ ਨਾਟਕ ਕਰਵਾਏ ਜਾਣ। ਪਿੰਡ ਕੌਲਗੜ੍ਹ ਵਿਚ ਹੀ ਪ੍ਰੋਗਰਾਮ ਕਰਵਾਉਣ ਦਾ ਫੈਸਲਾ ਹੋ ਗਿਆ। ਉਂਜ ਇਹ ਫੈਸਲਾ ਨਾਬਰੀ ਦੀ ਭਾਵਨਾ ਦੇ ਸਿਰ ਉਤੇ ਲਿਆ ਗਿਆ ਸੀ, ਉਹ ਵੀ ਗੁਪਤ ਰੂਪ ਵਿਚ ਜਿਸ ਦਾ ਸਾਹਿਤ ਨਾਲ ਸਬੰਧ ਤਾਂ ਸੀ ਪਰ ਗੌਣ; ਅੱਵਲ ਨੰਬਰ ਸੀ... ਦੇਸ਼ ਭਗਤਾਂ ਦੇ ਪੈਰ ਚਿੰਨ੍ਹਾਂ 'ਤੇ ਚੱਲ ਕੇ ਦੇਸੀ ਅੰਗਰੇਜ਼ਾਂ ਦਾ ਵਿਰੋਧ ਕਰਨਾ। ਦੀਦਾਰ ਸ਼ੇਤਰਾ ਅਤੇ ਮਨੀ ਸਿੰਘ ਨੇ ਇਹ ਜ਼ਿੰਮਾ ਵੀ ਲੈ ਲਿਆ। ਹਮਦਰਦ ਪਰਿਵਾਰਾਂ ਅਤੇ ਵਿਦਿਆਰਥੀਆਂ ਕੋਲੋਂ ਉਗਰਾਹੀ ਕੀਤੀ ਗਈ। ਬਾਕੀ ਪ੍ਰਬੰਧ ਕੌਲਗੜ੍ਹ ਨਿਵਾਸੀਆਂ ਨੇ ਕਰਨ ਦੀ ਹਾਮੀ ਭਰ ਦਿੱਤੀ। ਇਹ ਪਿੰਡ ਕਿਸੇ ਸਮੇਂ ਅੰਗਰੇਜ਼ ਸਰਕਾਰ ਖਿਲਾਫ ਉਠੀ ਬੱਬਰ ਅਕਾਲੀ ਲਹਿਰ ਦਾ ਗੜ੍ਹ ਰਿਹਾ ਸੀ। ਹੁਣ ਇੰਨੇ ਵਰ੍ਹਿਆਂ ਬਾਅਦ ਮਹਿਸੂਸ ਹੁੰਦਾ ਹੈ ਕਿ ਅਸੀਂ ਬਿਨਾਂ ਲੋਕ ਸ਼ਕਤੀ ਦੇ ਕੁਝ ਨਹੀਂ ਕਰ ਸਕਦੇ। ਇੱਕ ਤਰ੍ਹਾਂ ਨਾਲ ਅਸੀਂ ਨਿਆਣਮਤੀਏ ਕਾਲਜੀਏਟਾਂ ਨੇ ਸੱਪਾਂ ਦੀ ਖੁੱਡ ਵਿਚ ਹੱਥ ਪਾ ਲਿਆ ਸੀ।

ਆਪਣੀ ਸਮਝ ਅਨੁਸਾਰ ਡੂੰਘੀ ਸੋਚ ਵਿਚਾਰ ਕਰ ਕੇ 20 ਜੂਨ 1976 ਦਾ ਦਿਨ ਇਸ ਪ੍ਰੋਗਰਾਮ ਲਈ ਮਿਥ ਲਿਆ। ਇਸ਼ਤਿਹਾਰ ਛਪਵਾ ਕੇ ਪੰਜਾਬ ਦੇ ਦੂਰ-ਦੁਰਾਡੇ ਇਲਾਕਿਆਂ ਵਿਚ ਵੀ ਪਹੁੰਚਾਏ। ਜਿਨ੍ਹਾਂ ਸਾਹਿਤਕਾਰਾਂ ਨੂੰ ਅਸੀਂ ਨਿੱਜੀ ਤੌਰ 'ਤੇ ਜਾਣਦੇ ਸਾਂ ਜਾਂ ਉਨ੍ਹਾਂ ਦੇ ਪਤੇ ਸਭਾ ਕੋਲ ਸਨ, ਉਨ੍ਹਾਂ ਨੂੰ ਡਾਕ ਰਾਹੀਂ ਸੂਚਨਾ ਦੇ ਦਿੱਤੀ। ਸੋਨੇ 'ਤੇ ਸੁਹਾਗੇ ਵਾਲੀ ਗੱਲ ਇਹ ਹੋਈ ਕਿ ਐਸ.ਐਸ. ਮੀਸ਼ਾ ਜੋ ਆਲ ਇੰਡੀਆ ਰੇਡੀਓ ਜਲੰਧਰ ਵਿਚ ਅਫਸਰ ਸਨ, ਦੀ ਬਦੌਲਤ ਸਮਾਗਮ ਤੋਂ ਦੋ-ਤਿੰਨ ਦਿਨ ਪਹਿਲਾਂ ਇਸ ਪ੍ਰੋਗਰਾਮ ਦੀ ਸੂਚਨਾ ਰੇਡੀਓ 'ਤੇ ਵੀ ਨਸ਼ਰ ਹੋ ਗਈ। ਇਸ ਲੰਮੇ-ਚੌੜੇ ਪ੍ਰਚਾਰ ਕਾਰਨ ਸਰਕਾਰ ਚੌਕਸ ਹੋ ਗਈ। ਬਲਾਚੌਰ ਪੁਲਿਸ ਵਲੋਂ ਸਭਾ ਦੇ ਜਨਰਲ ਸਕੱਤਰ ਨੂੰ ਥਾਣੇ ਬੁਲਾ ਕੇ ਪ੍ਰੋਗਰਾਮ ਰੱਦ ਕਰਨ ਦੀ ਧਮਕੀ-ਨੁਮਾ ਸਲਾਹ ਦਿੱਤੀ ਗਈ। ਹੁਣ ਨਵੀਂ ਸਮੱਸਿਆ ਨਾਲ ਸਾਡਾ ਵਾਹ ਪੈਣ ਵਾਲਾ ਸੀ। ਨੌਬਤ ਇਥੋਂ ਤੱਕ ਪਹੁੰਚਣ ਦਾ ਕਾਰਨ ਸਾਡੀ ਉਲਾਰ ਮਾਨਸਿਕਤਾ ਸੀ। ਅਸੀਂ ਪਰਚੇ ਛਪਾਉਣ ਵੇਲੇ ਜਿਨ੍ਹਾਂ ਕਵੀਆਂ ਅਤੇ ਲੇਖਕਾਂ ਦੇ ਨਾਮ ਛਪਵਾਏ ਸਨ, ਉਨ੍ਹਾਂ ਵਿਚ ਕੁਝ ਭੂਮੀਗਤ ਅਤੇ ਸਰਕਾਰ ਦੀ ਅੱਖ ਵਿਚ ਰੜਕਦੇ ਚਿੰਤਕਾਂ ਦੇ ਨਾਮ ਵੀ ਸਨ। ਇਨ੍ਹਾਂ ਵਿਚ ਸੰਤ ਰਾਮ ਉਦਾਸੀ, ਪਾਸ਼, ਗੁਰਦਾਸ ਰਾਮ ਆਲਮ, ਦਰਸ਼ਨ ਸਿੰਘ ਖਟਕੜ, ਜਸਵੰਤ ਸਿੰਘ ਖਟਕੜ, ਸੰਤੋਖ ਸਿੰਘ ਧਰਿ ਅਤੇ ਜਸਵੰਤ ਸਿੰਘ ਕੰਵਲ ਮੁੱਖ ਸਨ। ਪ੍ਰੋਗਰਾਮ ਦੀ ਰੂਪ-ਰੇਖਾ ਇਸ ਪ੍ਰਕਾਰ ਸੀ: ਸਭ ਤੋਂ ਪਹਿਲਾਂ 1970 ਤੋਂ ਬਾਅਦ ਦੀ ਜੁਝਾਰੂ ਕਵਿਤਾ ਉਤੇ ਪ੍ਰੋ. ਐਸ.ਐਨ. ਸੇਵਕ ਨੇ ਪਰਚਾ ਪੜ੍ਹਨਾ ਸੀ, ਫਿਰ ਇਸ ਉਤੇ ਵਿਚਾਰ-ਵਟਾਂਦਰਾ ਹੋਣਾ ਸੀ। ਬਾਅਦ ਦੁਪਹਿਰ ਕਵੀ ਦਰਬਾਰ ਸੀ ਅਤੇ ਰਾਤ ਨੂੰ ਭਾਅ ਜੀ ਗੁਰਸ਼ਰਨ ਸਿੰਘ ਦੀ ਨਿਰਦੇਸ਼ਨਾ ਹੇਠ ਨਾਟਕ ਖੇਡੇ ਜਾਣੇ ਸਨ।

ਉਧਰ, ਪੁਲਿਸ ਦਾ ਦਬਾਅ ਲਗਾਤਾਰ ਵਧ ਰਿਹਾ ਸੀ। ਅਸੀਂ ਸ਼ਸ਼ੋਪੰਜ ਵਿਚ ਪੈ ਗਏ। ਫੈਸਲਾ ਹੋਇਆ ਕਿ ਇਸ ਬਾਰੇ ਮਹਿੰਦਰ ਸਿੰਘ ਦੋਸਾਂਝ ਨਾਲ ਸਲਾਹ-ਮਸ਼ਵਰਾ ਕੀਤਾ ਜਾਵੇ। ਮੈਂ ਅਤੇ ਦੀਦਾਰ ਸ਼ੇਤਰਾ ਇੱਕ ਦਿਨ ਪਹਿਲਾਂ ਰਾਤ ਨੂੰ ਸਾਰੀ ਜ਼ਿੰਮੇਵਾਰੀ ਮਨੀ ਸਿੰਘ ਅਤੇ ਮੇਰੇ ਆਪਣੇ ਪਿੰਡ ਦੇ ਟਰੇਡ ਯੂਨੀਅਨ ਆਗੂ ਪਰਮਜੀਤ ਦੇਹਲ ਸਿਰ ਸੁੱਟ ਕੇ ਦੋਸਾਂਝ ਵੱਲ ਰਵਾਨਾ ਹੋ ਗਏ। ਉਸ ਸਮੇਂ ਦੀਦਾਰ ਸ਼ੇਤਰਾ ਦਾ ਰਾਜਦੂਤ ਮੋਟਰ ਸਾਈਕਲ ਕੰਮ ਆਇਆ, ਨਹੀਂ ਤਾਂ ਹੋਰ ਕੰਮਾਂ ਵਾਂਗ ਸਾਨੂੰ ਸ. ਦੋਸਾਂਝ ਦੇ ਪਿੰਡ ਜਗਤਪੁਰ ਤੱਕ ਦਾ ਤਕਰੀਬਨ 40 ਕਿਲੋਮੀਟਰ ਦਾ ਸਫਰ ਵੀ ਸਾਈਕਲਾਂ 'ਤੇ ਤੈਅ ਕਰਨਾ ਪੈਣਾ ਸੀ। ਕਾਫੀ ਵਿਚਾਰ-ਚਰਚਾ ਤੋਂ ਬਾਅਦ ਸ. ਦੋਸਾਂਝ ਅਤੇ ਉਨ੍ਹਾਂ ਦੀ ਪਤਨੀ ਵੱਲੋਂ ਸੁਝਾਅ ਦਿੱਤਾ ਗਿਆ ਕਿ ਇਹ ਪਰਖ ਦੀ ਘੜੀ ਹੈ, ਜੇ ਇਸ ਸਮੇਂ ਪਿਛੇ ਹਟਿਆ ਗਿਆ ਤਾਂ ਪੂਰੇ ਸਾਹਿਤ ਜਗਤ ਵਿਚ ਸਾਹਿਤ ਸਭਾ ਬਲਾਚੌਰ ਨੂੰ ਨਮੋਸ਼ੀ ਦਾ ਸਾਹਮਣਾ ਕਰਨਾ ਪਵੇਗਾ। ਸ. ਦੋਸਾਂਝ ਉਸ ਸਮੇਂ ਜਗਤਪੁਰ ਸਾਹਿਤ ਸਭਾ

*(ਬਾਕੀ ਸਫਾ 29 'ਤੇ)*

## ਮੇਰਾ ਯਾਰ ਹਲਵਾਰਵੀ-2

# ਨਵੇਂ ਅੰਬਰ... ...ਨਵੀਆਂ ਉਡਾਰੀਆਂ

*ਆਹਲਾ ਪੰਜਾਬੀ ਕਹਾਣੀਕਾਰ ਵਰਿਆਮ ਸਿੰਘ ਸੰਧੂ ਵੱਲੋਂ ਮਰਹੂਮ ਸ਼ਾਇਰ, ਸੰਪਾਦਕ ਅਤੇ ਸਾਬਕਾ ਇਨਕਲਾਬੀ ਹਰਭਜਨ ਹਲਵਾਰਵੀ ਬਾਰੇ ਲਿਖਿਆ ਰੇਖਾ ਚਿੱਤਰ 'ਮੇਰਾ ਯਾਰ ਹਲਵਾਰਵੀ' ਕਈ ਪੱਖਾਂ ਤੋਂ ਅਹਿਮ ਹੈ। ਇਕ ਤਾਂ ਇਹ 1960ਵਿਆਂ ਦੇ ਅਖੀਰ ਵਿਚ ਉਠੀ ਯੁੱਗ-ਪਲਟਾਊ ਲਹਿਰ (ਨਕਸਲੀ ਅੰਦੋਲਨ) ਉਤੇ ਹਲਕੀ ਜਿਹੀ ਝਾਤੀ ਮਾਰਦਾ ਹੈ, ਦੂਜੇ ਵਰਿਆਮ ਸਿੰਘ ਸੰਧੂ ਦੇ ਖੁਦ ਦੇ ਕਹਾਣੀ ਸਫਰ ਬਾਰੇ ਨਿੱਗਰ ਚਰਚਾ ਵੀ ਇਸ ਵਿਚ ਦਰਜ ਹੋਈ ਹੈ, ਹਲਵਾਰਵੀ ਬਾਰੇ ਵੇਰਵੇ ਤਾਂ ਇਸ ਵਿਚ ਹੈਨ ਹੀ। ਇਸ ਲੇਖ ਦਾ ਇਕ ਦਿਲਚਸਪ ਨੁਕਤਾ ਇਹ ਵੀ ਹੈ ਕਿ ਇਕ ਦੋਸਤ ਆਪਣੇ ਨੇੜਲੇ ਸਾਥੀ ਨੂੰ ਕਿਨ੍ਹਾਂ ਝੀਤਾਂ ਵਿਚੋਂ ਦੇਖਣ-ਵਾਚਣ ਦਾ ਯਤਨ ਕਰ ਰਿਹਾ ਹੈ। ਇਹ ਝੀਤਾਂ ਉਨ੍ਹਾਂ ਸ਼ਖਸਾਂ ਲਈ ਬਹੁਤ ਅਹਿਮ ਹਨ ਜਿਨ੍ਹਾਂ ਨੇ ਵਰਿਆਮ ਅਤੇ ਹਲਵਾਰਵੀ ਦਾ ਸਾਥ ਮਾਣਿਆ ਹੈ। ਵਰਿਆਮ ਦੀ ਇਸ ਲਿਖਤ ਵਿਚ ਬਹੁਤ ਸਾਰੀਆਂ ਗੱਲਾਂ ਅਣਕਹੀਆਂ ਹਨ ਅਤੇ ਜਾਣੂ ਸੱਜਣ ਇਨ੍ਹਾਂ ਅਣਕਹੀਆਂ ਗੱਲਾਂ ਦੀਆਂ ਝੀਤਾਂ ਵਿਚੋਂ ਝਾਕ ਕੇ ਹਲਵਾਰਵੀ ਅਤੇ ਵਰਿਆਮ-ਦੋਹਾਂ ਦੇ ਮਨਾਂ ਅੰਦਰ ਝਾਕ ਸਕਣਗੇ। ਅਸੀਂ ਇਹ ਲੰਮਾ ਲੇਖ ਹਰਭਜਨ ਹਲਵਾਰਵੀ ਦੀ ਬਰਸੀ (9 ਅਕਤੂਬਰ) ਮੌਕੇ ਲੜੀਵਾਰ ਛਾਪ ਰਹੇ ਹਾਂ। ਇਸ ਵਾਰ ਵਰਿਆਮ ਨੇ ਹਲਵਾਰਵੀ ਦੇ ਨਵੇਂ ਪਿੜ ਵਿਚ ਦਾਖਲੇ ਬਾਰੇ ਚਰਚਾ ਕੀਤੀ ਹੈ। -ਸੰਪਾਦਕ*



**ਵਰਿਆਮ ਸਿੰਘ ਸੰਧੂ, ਕੈਨੇਡਾ**
**ਫੋਨ: 647-918-5212**

ਹਰਭਜਨ ਹਲਵਾਰਵੀ ਜਿੱਥੇ ਬਹੁਤ ਚੰਗਾ ਸ਼ਾਇਰ ਸੀ, ਉਥੇ ਸਾਹਿਤ ਦਾ ਬਹੁਤ ਰਸੀਆ ਪਾਠਕ ਵੀ ਸੀ। ਪੰਜਾਬੀ, ਭਾਰਤੀ ਤੇ ਵਿਸ਼ੇਸ਼ ਕਰ ਕੇ ਰੂਸੀ ਗਲਪ ਸਾਹਿਤ ਬਾਰੇ ਉਹਦੀ ਡੂੰਘੀ ਜਾਣਕਾਰੀ ਤੇ ਵਿਆਖਿਆ ਤੋਂ ਲੱਗਦਾ ਜਿਵੇਂ ਉਹਨੇ ਸਾਰਾ ਸਾਹਿਤ ਘੋਟ ਕੇ ਪੀ ਲਿਆ ਹੋਵੇ। ਉਹ ਹਰ ਰਚਨਾ ਬਾਰੇ ਆਪਣੀ ਮੁਲੰਕਣੀ ਰਾਇ ਬੜੇ ਅਧਿਕਾਰ ਨਾਲ ਪੇਸ਼ ਕਰਦਾ। ਉਸ ਦੇ ਇਸ ਗਿਆਨ ਤੋਂ ਤਾਂ ਉਸ ਦੇ ਅਧਿਆਪਕ ਵੀ ਖ਼ੌਫ ਖਾਂਦੇ। ਜਦੋਂ ਉਹ ਐਮ.ਏ. ਪੰਜਾਬੀ ਕਰਨ ਲਈ ਪੰਜਾਬ ਯੂਨੀਵਰਸਿਟੀ (ਚੰਡੀਗੜ੍ਹ) ਦੇ ਪੰਜਾਬੀ ਵਿਭਾਗ ਵਿਚ ਦਾਖਲ ਹੋਇਆ ਤਾਂ ਜਮਾਤੀ ਮੁੰਡੇ-ਕੁੜੀਆਂ ਤਾਂ ਉਹਦੇ ਗਿਆਨ ਅਤੇ ਪ੍ਰਤਿਭਾ ਦੇ ਦਿਲ-ਦਾਦਾ ਬਣ ਗਏ, ਪਰ ਇਕ ਅਧਿਆਪਕ ਉਸ ਦੇ ਗਿਆਨ ਸਾਹਮਣੇ ਆਪਣੀ ਹੀਣ-ਭਾਵਨਾ ਦਾ ਸ਼ਿਕਾਰ ਹੋ ਕੇ ਰਹਿ ਗਿਆ ਤੇ ਉਸ ਨਾਲ ਈਰਖਾ ਕਰਨ ਲੱਗਾ। ਇਸੇ ਈਰਖਾ ਵਿਚੋਂ ਉਸ ਨੇ ਹਲਵਾਰਵੀ ਦੀ ਐਮ.ਏ. ਵਿਚੋਂ ਚੰਗੀ ਪੁਜੀਸ਼ਨ ਆਉਣ ਦੇ ਰਾਹ ਵਿਚ ਵਾਹ ਲੱਗਦੀ ਹਰ ਰੋਕ ਖੜ੍ਹੀ ਕੀਤੀ।

ਉਸ ਦੇ ਵਿਸ਼ਾਲ ਸਾਹਿਤਕ ਗਿਆਨ ਦਾ ਮੈਨੂੰ ਨਿੱਜੀ ਤੌਰ 'ਤੇ ਬੜਾ ਲਾਭ ਹੋਇਆ। ਮੈਂ ਉਸ ਦਾ ਸੁਝਾਇਆ ਕਲਾਸਿਕ ਸਾਹਿਤ ਪੜ੍ਹਨਾ ਸ਼ੁਰੂ ਕੀਤਾ। ਉਸ ਨੇ ਮੇਰੀ ਸਾਹਿਤਕ ਸਮਰੱਥਾ ਨੂੰ ਹੁਲਾਰਨ ਤੇ ਦਿਸ਼ਾ ਦੇਣ ਵਿਚ ਵੀ ਸਹਿਜ ਯੋਗਦਾਨ ਪਾਇਆ ਤੇ ਸਮੇਂ-ਸਮੇਂ ਮੇਰੀ ਸਾਹਿਤਕ ਜ਼ਿੰਦਗੀ ਨੂੰ ਸੰਵਾਰਨ ਲਈ ਅਗਵਾਈ ਵੀ ਦਿੱਤੀ। ਜਦੋਂ ਪਿੰਡ ਆਉਂਦਾ ਤਾਂ ਕਈ ਵਾਰ ਮੇਰੀਆਂ ਪੁਰਾਣੀਆਂ ਲਿਖਤਾਂ ਪੜ੍ਹਨ ਲਗਦਾ ਤਾਂ ਮੈਨੂੰ ਸੰਗ ਆਉਂਦੀ, ਪਰ ਉਹ ਮੇਰੀ ਕੱਚੀ ਉਮਰ ਦੀਆਂ ਇਨ੍ਹਾਂ ਕੱਚੀਆਂ ਲਿਖਤਾਂ ਵਿਚੋਂ ਵੀ ਜਾਨਦਾਰ ਅੰਸ਼ਾਂ ਦੀ ਪਛਾਣ ਕਰ ਕੇ ਦੱਸਦਾ, "ਆਹ ਵੇਖ! ਇਸ ਰਚਨਾ 'ਚੋਂ ਪਤਾ ਲੱਗਦੈ ਕਿ ਭਵਿੱਖ ਵਿਚ ਬਣਨ ਵਾਲਾ ਵਰਿਆਮ ਕਿਹੋ ਜਿਹਾ ਹੋਵੇਗਾ।" ਫਿਰ ਉਹ ਰਚਨਾ ਵਿਚਲੇ ਕੱਚੇਪਣ ਨੂੰ ਬਿਆਨ ਕਰਦਾ ਤੇ ਅਸੀਂ ਦੋਵੇਂ ਉਸ ਰਲ ਕੇ ਹੱਸਦੇ ਵੀ। ਉਹ ਕਹਿੰਦਾ, "ਜਿਹੜਾ ਲੇਖਕ ਆਪਣੀ ਰਚਨਾ ਦੀ ਕਮਜ਼ੋਰੀ ਨੂੰ ਪਛਾਣ ਕੇ ਉਸ 'ਤੇ ਹੱਸਣ ਦੀ ਜਾਚ ਸਿੱਖ ਗਿਆ, ਉਹਨੂੰ ਵਧੀਆ ਲੇਖਕ ਬਣਨ ਤੋਂ ਕੋਈ ਨਹੀਂ ਰੋਕ ਸਕਦਾ।"

ਉਨ੍ਹਾਂ ਸਮਿਆਂ ਵਿਚ ਔਰਤ-ਮਰਦ ਦੇ ਭਾਵੁਕ ਸਬੰਧਾਂ ਵਾਲੀਆਂ ਮੇਰੀਆਂ ਕੁਝ ਕਹਾਣੀਆਂ ਵਿਚ ਮੇਲ-ਮਿਲਾਪ ਦੇ ਦ੍ਰਿਸ਼ਾਂ ਸਮੇਂ ਸਿਰਜੇ ਪ੍ਰਾਕ੍ਰਿਤਕ ਵਾਤਾਵਰਨ ਵਿਚ ਅਕਸਰ ਅਸਮਾਨ ਉਤੇ ਕਾਲੀਆਂ ਘਨਘੋਰ ਘਟਾਵਾਂ ਦੇ ਛਾ ਜਾਣ, ਠੰਢੀ ਠੰਢੀ ਹਵਾ ਦੇ ਰੁਮਕਣ ਅਤੇ ਪੈ ਰਹੀ ਨਿੱਕੀ ਨਿੱਕੀ ਭੂਰ ਦਾ ਜ਼ਿਕਰ ਹੁੰਦਾ। ਇਕ ਦਿਨ ਕਿਸੇ ਕਹਾਣੀ ਨੂੰ ਪੜ੍ਹਦਿਆਂ ਉਹ ਹੱਸਣ ਲੱਗਾ। ਮੈਂ ਹੈਰਾਨੀ ਨਾਲ ਉਸ ਵੱਲ ਵੇਖਿਆ। ਕਹਿੰਦਾ, "ਮੈਂ ਸੋਚਿਆ ਸੀ ਜਿਹੜਾ ਦ੍ਰਿਸ਼ ਹੈ, ਉਹਦੇ ਹਿਸਾਬ ਨਾਲ ਅਜੇ ਤੱਕ ਕਹਾਣੀ ਵਿਚ ਬੱਦਲ ਕਿਉਂ ਨਹੀਂ ਆਏ, ਭੂਰ ਕਿਉਂ ਨਹੀਂ ਪਈ? ਪਰ ਅਗਲੇ ਹੀ ਪੈਰੇ ਵਿਚ ਜਦੋਂ ਭੂਰ ਪੈਣ ਲੱਗ ਪਈ ਤਾਂ ਸਹਿਵਨ ਈ ਮੇਰਾ ਹਾਸਾ ਨਿਕਲ ਗਿਆ।" ਤੇ ਫਿਰ ਹੱਸਦਿਆਂ ਕਹਿੰਦਾ, "ਤੇਰੀਆਂ ਕਹਾਣੀਆਂ ਵਿਚ ਯਾਰ! ਕਿਣ-ਮਿਣ ਬਹੁਤ ਹੁੰਦੀ ਏ। ਤੂੰ ਇਸ ਕਿਣ-ਮਿਣ ਤੋਂ ਛੁਟਕਾਰਾ ਨਹੀਂ ਪਾ ਸਕਦਾ?"

"ਪਰ ਛੁਟਕਾਰਾ ਕਿੱਥੇ ਪਾ ਹੁੰਦਾ ਏ!" ਉਹ ਹੱਸਦਿਆਂ-ਹੱਸਦਿਆਂ ਉਦਾਸ ਹੋ ਗਿਆ।

"ਕੀ ਹੋ ਗਿਆ? ਯਾਦ ਆ ਗਿਆ ਕੁਛ?"

"ਮੈਂ ਲੁਧਿਆਣੇ ਪੜ੍ਹਾਉਂਦਾ ਸਾਂ ਉਦੋਂ। ਇਕ ਕੁੜੀ ਮੇਰੇ ਕੋਲੋਂ ਟਿਊਸ਼ਨ ਪੜ੍ਹਨ ਆਉਂਦੀ ਸੀ। ਬੜੀ ਭੋਲੀ ਭਾਲੀ, ਮਾਸੂਮ ਜਿਹੀ। ਅੰਦਰੇ-ਅੰਦਰ ਮੈਨੂੰ ਬੜੀ ਚੰਗੀ ਲੱਗਦੀ। ਤਗੜੇ ਬੰਦਿਆਂ ਦੀ ਧੀ ਸੀ। ਮੈਂ ਕੋਈ ਰਿਸਕ ਨਹੀਂ ਸਾਂ ਲੈਣਾ ਚਾਹੁੰਦਾ। ਬੜਾ ਸਮੇਟ ਕੇ ਰੱਖਦਾ ਆਪਣੇ ਆਪ ਨੂੰ। ਉਹਦੀ ਮਾਸੂਮੀਅਤ ਨੂੰ ਤਾਂ ਜਿਵੇਂ 'ਇਸ ਸੰਸਾਰ' ਦਾ ਕੋਈ ਇਲਮ ਹੀ ਨਹੀਂ ਸੀ! ਇਕ ਦਿਨ ਮੀਂਹ ਲੱਥਾ ਹੋਇਆ ਸੀ। ਮੈਂ ਸੋਚਿਆ, ਅੱਜ ਨਹੀਂ ਪੜ੍ਹਨ ਆਉਂਦੀ, ਪਰ ਥੋੜ੍ਹਾ ਜਿਹਾ ਮੀਂਹ ਘਟਿਆ ਤਾਂ ਉਹ ਆ ਗਈ। ਇਸ ਵੇਲੇ ਨਿੱਕੀ-ਨਿੱਕੀ ਕਣੀ ਦਾ ਮੀਂਹ ਵਰ੍ਹ ਰਿਹਾ ਸੀ। ਪਾਣੀ ਦੀਆਂ ਚਾਂਦੀ ਰੰਗੀਆਂ ਨਿੱਕੀਆਂ ਨਿੱਕੀਆਂ ਬੂੰਦਾਂ ਉਹਦੇ ਭੂਰੇ ਵਾਲਾਂ ਵਿਚ ਅਟਕੀਆਂ ਹੋਈਆਂ ਸਨ। ਦੁੱਧ ਧੋਤੀ ਸਲਵਾਰ ਕਮੀਜ਼ ਵਿਚ ਉਹਦੇ ਫੱਬ-ਫੱਬ ਪੈਂਦੇ ਹੁਸਨ ਨੇ ਮੈਨੂੰ ਪਾਗਲ ਕਰ ਦਿੱਤਾ। ਮੈਂ ਗਲਵੱਕੜੀ ਵਿਚ ਲੈ ਕੇ ਉਹਦੇ ਹੋਠ ਚੁੰਮ ਲਏ। ਸਾਡੇ ਦੋਵਾਂ ਦੀ ਜ਼ਿੰਦਗੀ ਦਾ ਪਹਿਲਾ ਚੁੰਮਣ। ਉਹ ਮੁਸਕਰਾਈ ਤੇ ਸੰਗ ਕੇ ਧੌਣ ਮੋਢਿਆਂ ਵਿਚ ਝੁਕਾ ਲਈ।"

ਉਹਦੀ ਦ੍ਰਿਸ਼-ਬਿਆਨੀ ਵਿਚ ਏਨੀ ਸ਼ਿੱਦਤ ਸੀ ਕਿ ਅੱਜ ਵੀ ਭੂਰ ਵਿਚ ਭਿੱਜਦੀ ਭੂਰੇ ਵਾਲਾਂ ਵਾਲੀ, ਚਿੱਟੀ ਸਲਵਾਰ ਕਮੀਜ਼ ਪਹਿਨੀ ਉਹ ਕੁੜੀ ਪਹਿਲੇ ਚੁੰਮਣ ਦੀ ਸੰਗ ਵਿਚ ਲਿਪਟੀ ਮੇਰੇ ਵੱਲ ਵੇਖ ਕੇ ਮੁਸਕਰਾਉਂਦੀ ਹੋਈ ਧੌਣ ਝੁਕਾ ਲੈਂਦੀ ਹੈ ਤੇ ਪਾਣੀ ਦੀਆਂ ਬਰੀਕ ਬੂੰਦਾਂ ਉਹਦੇ ਵਾਲਾਂ ਵਿਚ ਝਮ-ਝਮ ਚਮਕ ਰਹੀਆਂ ਹਨ।

ਜ਼ਾਹਿਰ ਸੀ ਕਿ ਕਹਾਣੀਆਂ ਵਿਚ ਹੁੰਦੀ ਕਿਣ-ਮਿਣ ਏਨੀ ਗ਼ੈਰਵਾਜਬ ਵੀ ਨਹੀਂ ਸੀ। ਬੰਦਾ ਇਨ੍ਹਾਂ ਰੰਗਾਂ ਵਿਚ ਵੀ ਤਾਂ ਭਿੱਜਦਾ ਈ ਹੈ, ਪਰ ਇਹ ਉਹ ਦਿਨ ਸਨ ਜਦੋਂ ਅਸਮਾਨੀ ਕਿਣ-ਮਿਣ ਨਾਲੋਂ ਧਰਤੀ 'ਤੇ ਡੁੱਲ੍ਹਦੇ ਬੇਦੋਸ਼ੇ ਲਹੂ ਦਾ ਮੁੱਲ ਪਾਉਣ ਦਾ ਸਮਾਂ ਸੀ। ਕਿਣ-ਮਿਣ ਵਾਲੇ ਧੁੰਦਲਾਏ ਮਾਹੌਲ ਵਿਚੋਂ ਬਾਹਰ ਆ ਕੇ ਨੰਗੀ ਅੱਖ ਨਾਲ ਹਕੀਕਤ ਨੂੰ ਵੇਖਣ ਤੇ ਉਸ ਨਾਲ ਦੋ-ਹੱਥ ਕਰਨ ਦਾ ਵੇਲਾ ਸੀ। ਸ਼ਾਇਦ ਏਸੇ ਲਈ ਉਸ ਨੇ ਲਿਖਿਆ ਸੀ,

ਇਕ ਪੁਰਾਣਾ ਦਰਪਣ
ਜਿਸ 'ਚੋਂ ਦਿਸੇ ਨਾ ਚਿਹਰਾ
ਆਪਣੇਂ ਹੱਥੀਂ ਤੋੜ ਲਿਆ ਮੈਂ।

ਇਸ ਵਿਚ ਇਕੱਲਾ ਕਿਣ-ਮਿਣੀ ਮਾਹੌਲ ਹੀ ਨਹੀਂ, ਹੋਰ ਵੀ ਕਈ ਕੁਝ ਅਜਿਹਾ ਸੀ ਜੋ ਹਕੀਕਤ ਨੂੰ ਧੁੰਦਲਾ ਤੇ ਬੇਪਛਾਣ ਕਰਦਾ ਸੀ ਤੇ ਉਸ ਸਾਰੇ ਕੁਝ ਨੂੰ ਤੋੜਨ ਦੀ ਲੋੜ ਸੀ। ਹੁਣ ਨਵੀਂ ਨਜ਼ਰ ਨਾਲ ਜ਼ਿੰਦਗੀ ਨੂੰ ਵੇਖਣਾ ਪੈਣਾ ਸੀ। ਹਲਵਾਰਵੀ ਤੇ ਉਸ ਦੇ ਸਾਥੀ ਇਸ ਨਜ਼ਰ ਦਾ ਦਾਰੂ ਲਈ ਪਿੰਡ-ਪਿੰਡ, ਸ਼ਹਿਰ-ਸ਼ਹਿਰ ਘੁੰਮ ਰਹੇ ਸਨ। ਮੈਂ ਇਹ ਦਾਰੂ ਅੱਖਾਂ ਵਿਚ ਪਾਇਆ ਤਾਂ ਸਮਝ ਆਈ ਕਿ ਜੋ ਕੁਝ ਹੁਣ ਤੱਕ ਲਿਖਿਆ ਸੀ, ਉਹ ਤਾਂ ਬੱਸ ਐਵੇਂ ਔਝੜੇ ਥਾਂਈਂ ਝੱਖ ਮਾਰਨ ਵਾਲੀ ਗੱਲ ਸੀ। ਮੈਂ ਉਦੋਂ ਤੱਕ ਛਪਿਆ ਸਾਰਾ ਮਸਾਲਾ ਆਪਣੀ ਮਾਂ ਨੂੰ ਚੁੱਲ੍ਹੇ ਵਿਚ ਅੱਗ ਬਾਲਣ ਲਈ ਦੇ ਦਿੱਤਾ ਤੇ ਉਸ ਨਾਲੋਂ ਤੋੜ-ਵਿਛੋੜਾ ਕਰ ਕੇ 'ਲੋਹੇ ਦੇ ਹੱਥ' ਦੀਆਂ ਕਹਾਣੀਆਂ ਲਿਖੀਆਂ। ਮੈਂ ਇਹ ਨਹੀਂ ਕਹਿੰਦਾ ਕਿ ਅਸਲੋਂ ਹਲਵਾਰਵੀ ਹੀ ਮੇਰਾ ਰਾਹ ਦਸੇਰਾ ਸੀ; ਅਸਲ ਵਿਚ ਹਾਲਾਤ ਅਤੇ ਹਕੀਕਤ ਨੂੰ ਸਮਝਣ ਲਈ ਕੀਤੇ ਮੇਰੇ ਅਧਿਅਨ ਤੇ ਮੁਸ਼ਾਹਦੇ ਨੇ ਹੀ ਮੈਨੂੰ ਮੇਰਾ ਰਾਹ ਸੁਝਾਇਆ ਸੀ। ਜਦੋਂ ਤੁਸੀਂ ਕਿਸੇ ਰਾਹ 'ਤੇ ਤੁਰ ਪੈਂਦੇ ਹੋ ਤਾਂ ਉਦੋਂ ਜੇ ਕੋਈ ਸਿਆਣਾ ਤੁਹਾਨੂੰ ਨਾਲ-ਨਾਲ ਰਾਹ ਦੀਆਂ ਦੁਸ਼ਵਾਰੀਆਂ ਤੇ ਵਲ-ਵਿੰਗ ਬਾਰੇ ਵੀ ਦੱਸਦਾ ਰਹੇ ਕਿ ਇਸ ਰਾਹ 'ਤੇ ਤੁਰਨਾ ਕਿੰਨਾ ਕੁ ਠੀਕ ਹੈ ਤੇ ਕਿੰਨਾ ਕੁ ਗਲਤ ਤਾਂ ਉਸ ਦੀ ਦੇਣ ਨੂੰ ਅਣਗੌਲਿਆਂ ਨਹੀਂ ਕੀਤਾ ਜਾ ਸਕਦਾ।

ਮੇਰੀ ਕਹਾਣੀ ਕਲਾ ਦੇ 'ਲੋਹੇ ਦੇ ਹੱਥ' ਵਾਲੇ ਮੋੜ ਵਿਚ ਜਿੱਥੇ ਹਲਵਾਰਵੀ ਤੇ ਉਸ ਦੇ ਸਾਥੀਆਂ ਦੀ ਹੱਲਾਸ਼ੇਰੀ ਦਾ ਹੱਥ ਸੀ, ਉਥੇ ਜਦੋਂ ਮੈਂ 'ਅੰਗ-ਸੰਗ' ਦੀਆਂ ਕਹਾਣੀਆਂ ਲਿਖਣ ਵੱਲ ਪਰਤਿਆ ਤਾਂ ਮੇਰੀ ਕਹਾਣੀ ਵਿਚ ਆਈ ਨਵੀਂ ਤਬਦੀਲੀ ਨੂੰ ਵੀ ਹਲਵਾਰਵੀ ਨੇ ਬੜਾ ਸਾਰਥਕ ਹੁੰਗਾਰਾ ਭਰਿਆ। ਉਹ ਬਾਕਾਇਦਾ ਮੇਰੀਆਂ ਕਹਾਣੀਆਂ ਬਾਰੇ ਲਿਖਤੀ ਟਿੱਪਣੀਆਂ ਵੀ ਕਰਦਾ ਰਿਹਾ ਤੇ ਚਿੱਠੀਆਂ ਲਿਖ ਕੇ ਵੀ ਮੇਰਾ ਹੌਸਲਾ ਵਧਾਉਂਦਾ ਰਿਹਾ। 'ਡੁੰਮ੍ਹ', 'ਵਾਪਸੀ', 'ਸੁਨਹਿਰੀ ਕਿਣਕਾ', ਜਾਂ 'ਭੱਜੀਆਂ ਬਾਹੀਂ' ਬਾਰੇ ਲਿਖੇ ਉਸ ਦੇ ਵਿਚਾਰਾਂ ਨੇ ਮੈਨੂੰ ਤਾਕਤ ਦਿੱਤੀ। ਮੈਨੂੰ ਲੱਗਾ ਕਿ ਵਿਚਾਰ, ਵਸਤੂ ਤੇ ਪੇਸ਼ਕਾਰੀ ਦੇ ਪੱਧਰ 'ਤੇ ਮੈਂ ਜੋ ਕੁਝ ਨਵਾਂ ਕਰ ਰਿਹਾਂ, ਉਹ ਗਲਤ ਤਾਂ ਬਿਲਕੁਲ ਨਹੀਂ, ਸਗੋਂ ਬਹੁਤ ਸਾਰੇ ਹੋਰ ਸਾਹਿਤਕ ਸਿਆਣਿਆਂ ਨੂੰ ਵੀ ਚੰਗਾ ਲੱਗਣ-ਯੋਗ ਹੈ। ਮੈਂ ਕਿਉਂਕਿ ਦੂਰ ਬਾਰਡਰ 'ਤੇ ਵੱਸਦੇ ਪਸਿੱਤੇ ਜਿਹੇ ਪਿੰਡ ਦਾ ਵਾਸੀ ਸਾਂ ਤੇ ਮੇਰਾ ਆਲੋਚਕਾਂ ਜਾਂ ਵੱਡੇ ਸਾਹਿਤਕਾਰਾਂ ਨਾਲ ਕੋਈ ਮੇਲ-ਮਿਲਾਪ ਨਹੀਂ ਸੀ; ਇਸ ਕਰ ਕੇ ਕਿਸੇ ਸਿਆਣੀ ਰਾਇ ਦਾ ਮੇਰੇ ਲਈ ਬੜਾ ਮਹੱਤਵ ਸੀ। ਇਹ ਰਾਇ ਮੈਨੂੰ ਹਲਵਾਰਵੀ ਵੱਲੋਂ ਮਿਲਦੀ ਰਹਿੰਦੀ ਸੀ। ਇੰਜ ਮੇਰੇ ਰਚਨਾਤਮਕ ਵਿਕਾਸ ਵਿਚ ਹਲਵਾਰਵੀ ਸਦਾ ਮੇਰੇ ਅੰਗ-ਸੰਗ ਹੀ ਰਿਹਾ।

ਸਿਆਲੀ ਦਿਨ ਹੁੰਦੇ ਤਾਂ ਕਦੀ-ਕਦੀ ਅਸੀਂ ਪਿੰਡੋਂ ਬਾਹਰ ਦੂਰ ਬਾਬੇ ਸ਼ਾਹ ਜਮਾਲ ਦੇ ਇੱਕਲਵੰਝੇ ਤਕੀਏ 'ਤੇ ਜਾ ਕੇ ਤੇਲ ਦੀ ਮਾਲਸ਼ ਕਰਦੇ ਤੇ ਧੁੱਪ ਸੇਕਦੇ। ਹਾਸੇ-ਹਾਸੇ ਵਿਚ ਘੁਲਦੇ ਤੇ ਕੌਡੀ ਖੇਡਦੇ। ਕਦੀ-ਕਦੀ ਉਹਦੇ ਸਾਥੀ ਸਰਵਣ ਤੇ ਗੋਬਿੰਦਰ ਵੀ ਨਾਲ ਹੁੰਦੇ। ਗੁਦਗੁਦੇ ਸਰੀਰ ਵਾਲੇ ਹਲਵਾਰਵੀ ਨਾਲ ਮੈਂ ਕੁਸ਼ਤੀ ਕਰਦਾ ਤਾਂ ਉਹ ਹੱਸੀ ਜਾਂਦਾ। ਮੈਂ ਦੂਜੇ ਪਲ ਉਹਨੂੰ ਥੱਲੇ ਰੱਖ ਲੈਂਦਾ। ਉਹ ਹੱਸਦੇ-ਹੱਸਦੇ ਖੜ੍ਹਾ ਹੁੰਦਾ ਤੇ ਦੂਜੀ ਵਾਰ ਪਕੜ ਸ਼ੁਰੂ ਕਰਨ ਲਈ ਆਖਦਾ, "ਯਾਰਾ! ਹੈ ਤੂੰ ਹੱਡੀਆਂ ਦੀ ਮੁੱਠ, ਤੂੰ ਮੈਨੂੰ ਕਿਵੇਂ ਢਾਹ ਲਏਂਗਾ? ਮੈਨੂੰ ਤਾਂ ਹਾਸਾ ਆ ਗਿਆ ਸੀ। ਚੱਲ ਆ ਹੁਣ।" ਦੂਜੀ ਵਾਰ ਵੀ ਉਹਦੀ ਮੁਰਾਦ ਪੂਰੀ ਨਾ ਹੁੰਦੀ।

ਉਹ ਅਸਲੋਂ ਸੋਹਲ ਤੇ ਸੰਵੇਦਨਸ਼ੀਲ ਸੀ। ਹੈਰਾਨੀ ਹੁੰਦੀ ਕਿ ਇਸ ਤਰ੍ਹਾਂ ਦਾ ਨਾਜ਼ੁਕ ਮਿਜ਼ਾਜ ਬੰਦਾ ਇਨ੍ਹਾਂ ਬਿਖੜੇ ਰਾਹਾਂ 'ਤੇ ਕਿਵੇਂ ਤੁਰ ਪਿਆ। ਉਹ ਤਾਂ ਕਲਮ ਦਾ ਯੋਧਾ ਸੀ ਪਰ ਬੰਦੂਕ ਦੀ ਨਾਲੀ ਵਿਚੋਂ ਇਨਕਲਾਬ ਲੱਭਦਾ ਫਿਰਦਾ ਸੀ। ਉਹਦੇ ਸਾਥੀ ਉਹਦੀ 'ਬੰਦੂਕੀ ਬਹਾਦਰੀ' ਉਤੇ ਹੱਸਦੇ। ਹਲਵਾਰਵੀ ਅੰਡਰਗਰਾਊਂਡ ਹੋਇਆ ਤਾਂ ਉਸ ਨੂੰ ਕਿਹਾ ਗਿਆ ਕਿ ਉਹ ਹਥਿਆਰ ਚਲਾਉਣਾ ਤਾਂ ਸਿੱਖ ਲਵੇ। ਉਹਦੇ ਹੱਥ ਰਿਵਾਲਵਰ ਦੇ ਕੇ ਨਿਸ਼ਾਨਾ ਲਾਉਣ ਲਈ ਕਿਹਾ। ਉਹਨੇ ਬੜਾ ਸਾਵਧਾਨ ਹੋ ਕੇ ਹੌਸਲੇ ਨਾਲ ਘੋੜਾ ਦੱਬਿਆ। ਫ਼ਾਇਰ ਚੱਲਣ ਦਾ ਖੜਾਕ ਸੁਣ ਕੇ ਉਹਦੇ ਹੱਥੋਂ ਰਿਵਾਲਵਰ ਡਿੱਗ ਪਿਆ।



*ਹਰਭਜਨ ਹਲਵਾਰਵੀ ਅਤੇ ਗੁਰਪਿੰਦਰ ਕੌਰ*

ਉਹ ਮੇਰੇ ਵਿਆਹ 'ਤੇ ਨਹੀਂ ਸੀ ਆਇਆ। ਮੇਲੇ-ਗੇਲੇ ਵਿਚ ਆ ਵੀ ਕਿਵੇਂ ਸਕਦਾ ਸੀ। ਉਹ ਇਨਾਮੀ ਭਗੌੜਾ ਸੀ। ਕਿਸੇ ਥਾਣੇਦਾਰ ਦੇ ਕਤਲ ਦਾ ਝੂਠਾ ਕੇਸ ਉਹਦੇ ਸਿਰ 'ਤੇ ਸੀ। ਮੌਤ ਉਹਦੇ ਸਿਰ 'ਤੇ ਹਰ ਵੇਲੇ ਕੂਕਦੀ ਪਈ ਸੀ, ਪਰ ਉਹ ਅਜੇ ਵੀ ਖਿੜਖਿੜਾ ਕੇ ਹੱਸੀ ਜਾ ਰਿਹਾ ਸੀ। ਇਕ ਦਿਨ ਮੇਰੇ ਪਿੰਡ ਆਇਆ, ਉਹ ਬੇਪਛਾਣ ਲੱਗਦਾ ਸੀ। ਉਹਦੇ ਸਿਰ 'ਤੇ ਤਾਂ ਵੱਡੀ ਸਾਰੀ ਪੱਗ ਬੱਝੀ ਹੋਈ ਸੀ। ਛੋਟੀ-ਛੋਟੀ ਕਤਰੀ ਹੋਈ ਦਾੜ੍ਹੀ। ਉਹਨੇ ਸੁਰੇਂਦਰ ਹੇਮਜਯੋਤੀ ਤੇ ਹੋਰ ਵਕੀਲ ਮਿੱਤਰਾਂ ਨਾਲ ਸਲਾਹ ਕਰ ਕੇ ਅਦਾਲਤ ਵਿਚ ਪੇਸ਼ ਹੋਣ ਦਾ ਫੈਸਲਾ ਕਰ ਲਿਆ ਸੀ। ਪਤਾ ਨਹੀਂ, ਪਾਰਟੀ ਦਾ ਫੈਸਲਾ ਸੀ ਜਾਂ ਉਹਦਾ ਆਪਣਾ। ਕਹਿੰਦਾ, "ਮੈਂ ਕੇਸ ਦਾ ਸਾਹਮਣਾ ਕਰਨ ਦੀ ਠਾਣ ਲਈ ਏ। ਕੇਸ ਤਾਂ ਝੂਠਾ ਈ ਏ। ਵੇਖੀਏ ਕੀ ਬਣਦਾ ਏ। ਮੈਂ ਸੋਚਿਆ ਪਤਾ ਨਹੀਂ ਕੀ ਹੋਣਾ ਏਂ, ਇਕ ਵਾਰ ਤੈਨੂੰ ਮਿਲ ਆਵਾਂ ਤੇ ਤੇਰੇ ਵਿਆਹ ਦੀ ਵਧਾਈ ਦੇ ਆਵਾਂ।"

ਪਤਾ ਲੱਗਾ, ਕੇਸ ਚੱਲ ਰਿਹਾ ਸੀ ਤੇ ਉਹ ਲੁਧਿਆਣੇ ਜੇਲ੍ਹ ਵਿਚ ਸੀ। ਕਦੀ-ਕੋਈ ਸਾਥੀ ਆਉਂਦਾ ਤਾਂ ਉਹਦੇ ਕੇਸ ਦੀ ਤਫਸੀਲ ਦੱਸਦਾ। ਕੇਸ ਦੇ ਗਵਾਹ ਹੀ ਨਹੀਂ ਸੀ ਭੁਗਤੇ ਜਾਂ ਗਵਾਹੀਆਂ ਵਿਚ ਕੋਈ ਕਸਰ ਰਹਿ ਗਈ ਸੀ ਜਾਂ ਕੇਸ ਬਣਾਉਣ ਵਿਚ ਪੁਲਿਸ ਤੋਂ ਕੋਈ ਢਿੱਲ ਰਹਿ ਗਈ ਸੀ; ਡੇਢ ਦੋ ਸਾਲਾਂ ਵਿਚ ਕੇਸ ਨਿਪਟ ਗਿਆ। ਉਹ ਬਰੀ ਹੋ ਗਿਆ। ਬਾਹਰ ਆ ਕੇ ਉਸ ਨੇ ਪੰਜਾਬ ਯੂਨੀਵਰਸਿਟੀ ਵਿਚ ਪੰਜਾਬੀ ਦੀ ਐਮ.ਏ. ਜਾਇਨ ਕਰ ਲਈ। ਹਿਸਾਬ ਦੀ ਐਮ.ਏ. ਉਹਨੇ ਪਹਿਲਾਂ ਕੀਤੀ ਹੋਈ ਸੀ। ਯੂਨੀਵਰਸਿਟੀ ਵਿਚ ਪੜ੍ਹਨਾ ਤੇ ਯੂਨੀਵਰਸਟੀ ਦਾ ਪ੍ਰੋਫ਼ੈਸਰ ਬਣਨਾ ਉਹਦਾ ਖ਼ਾਬ ਸੀ।

ਇਹ ਐਮਰਜੈਂਸੀ ਦੇ ਦਿਨ ਸਨ। ਮੈਂ ਸਰਕਾਰ ਦੇ 'ਅਮਨ-ਕਾਨੂੰਨ' ਲਈ ਖਤਰਾ ਬਣ ਗਿਆ ਸਾਂ। ਦੋ ਵਾਰ ਜੇਲ੍ਹ ਜਾ ਆਇਆ ਸਾਂ। ਡੀ.ਆਈ.ਆਰ. ਅਧੀਨ ਬਣਾਏ ਦੂਜੇ ਕੇਸ ਵਿਚ ਪੁਲਿਸ ਵੱਲੋਂ ਗਲਤੀ ਰਹਿ ਜਾਣ ਕਰ ਕੇ ਰਿਹਾ ਹੋ ਗਿਆ ਤਾਂ ਤੀਜੀ ਵਾਰ ਮੁੜ ਗ੍ਰਿਫਤਾਰ ਕੀਤੇ ਜਾਣ ਦਾ ਤੌਖਲਾ ਸੀ। ਪੁਲਿਸ ਨੂੰ ਝਕਾਨੀ ਦੇ ਕੇ ਮੈਂ ਵੀ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵਿਚ ਨਵੀਂ-ਨਵੀਂ ਸ਼ੁਰੂ ਹੋਈ ਪੰਜਾਬੀ ਦੀ ਐਮ.ਫਿਲ. ਵਿਚ ਜਾ ਦਾਖਲਾ ਲਿਆ।

ਹਲਵਾਰਵੀ ਨਾਲ ਤਾਂ ਹੁਣ ਰੋਜ਼ ਦਾ ਮੇਲ-ਮਿਲਾਪ ਸੀ। ਮੈਂ ਛੇ ਨੰਬਰ ਹੋਸਟਲ ਵਿਚ ਸਾਂ ਅਤੇ ਉਹ ਤੇ ਗੁਰਦੀਪ ਗਰੇਵਾਲ ਨੇੜੇ ਹੀ ਪੰਦਰਾਂ ਸੈਕਟਰ ਦੀ ਮਾਰਕੀਟ ਵਿਚਲੇ ਚੁਬਾਰੇ 'ਤੇ। ਪਿਛਲੀ ਜ਼ਿੰਦਗੀ ਨਾਲੋਂ ਟੁੱਟ ਕੇ ਅਸੀਂ ਨਵਾਂ ਰਸਤਾ ਤਲਾਸ਼ ਰਹੇ ਸਾਂ। ਨਵੇਂ ਸੁਪਨੇ ਉਣ ਰਹੇ ਸਾਂ। ਸਵੇਰੇ ਸਾਰਾ ਦਿਨ ਡਿਪਾਰਟਮੈਂਟ ਵਿਚ ਇਕੱਠੇ ਹੁੰਦੇ ਤੇ ਸ਼ਾਮ ਨੂੰ ਸਤਾਰਾਂ ਸੈਕਟਰ ਦੀਆਂ ਰੌਣਕਾਂ ਵੇਖਦੇ। ਸੰਸਾਰ ਕਲਾਸਿਕ 'ਤੇ ਬਣਾਈਆਂ ਫਿਲਮਾਂ ਵੇਖਣ ਲਈ ਉਹ ਮੈਨੂੰ ਨਾਲ ਲੈ ਕੇ ਜਾਂਦਾ। ਕਦੀ-ਕਦੀ ਰਘਬੀਰ ਸਿੰਘ ਸਿਰਜਣਾ ਦੇ ਪੰਦਰਾਂ ਸੈਕਟਰ ਵਾਲੇ ਘਰ ਵਿਚ ਵੀ ਮਹਿਫਲ ਜੰਮ ਜਾਂਦੀ। ਯੂਨੀਵਰਸਿਟੀ ਤੇ ਸਤਾਰਾਂ ਸੈਕਟਰ ਵਿਚ ਘੁੰਮਦਿਆਂ ਉਹ ਅਕਸਰ ਆਖਦਾ, "ਵਰਿਆਮ! ਵੇਖ ਆਹ ਵੀ ਦੁਨੀਆਂ ਏਂ। ਵੱਖਰੀ ਤੇ ਅਨੋਖੀ। ਲਿਸ਼-ਲਿਸ਼ ਕਰਦੀ। ਕਦੀ ਵੇਖੀ ਸੋਚੀ ਸੀ ਆਪਾਂ? ਚੰਡੀਗੜ੍ਹ ਦੀਆਂ ਨਾਰਾਂ ਵੇਖ। ਸਤਿਆਰਥੀ ਦੇ ਆਖਣ ਵਾਂਗ, 'ਬਾਜ਼ੀਆਂ ਬਾਜ਼ੀਆਂ ਤੀਵੀਆਂ, ਹਾਇ! ਉਏ ਰੱਬਾ! ਅੱਖਾਂ ਕਰਨ ਨਾ ਨੀਵੀਆਂ, ਹਾਇ! ਉਏ ਰੱਬਾ!" ਇਥੇ ਬਾਜ਼ੀਆਂ-ਬਾਜ਼ੀਆਂ ਨਹੀਂ, ਸਾਰੀਆਂ ਤੀਵੀਆਂ ਈ 'ਹਾਇ! ਉਏ ਰੱਬਾ!' ਕਰਵਾਉਣ ਵਾਲੀਆਂ ਨੇ।"

ਅੰਡਰਗਰਾਊਂਡ ਰਹਿੰਦਿਆਂ ਉਹਨੂੰ ਭਰੋਸਾ ਨਹੀਂ ਸੀ ਕਿ ਜ਼ਿੰਦਗੀ ਵਿਚ ਕਦੀ ਕਿਸੇ ਕੁੜੀ ਦਾ ਪਿਆਰ ਨਸੀਬ ਵੀ ਹੋਏਗਾ ਜਾਂ ਨਹੀਂ। ਹੁਣ ਚਾਰੇ ਪਾਸੇ ਬਹਾਰਾਂ ਖਿੜੀਆਂ ਹੋਈਆਂ ਸਨ। ਨਾਲ ਪੜ੍ਹਦੀਆਂ ਖ਼ੂਬਸੂਰਤ ਕੁੜੀਆਂ ਉਹਨੂੰ ਖਿੱਚਾਂ ਪਾਉਂਦੀਆਂ। ਉਹ ਨਿੱਕੀਆਂ-ਨਿੱਕੀਆਂ, ਟੁੱਟਦੀਆਂ-ਜੁੜਦੀਆਂ ਮੁਹੱਬਤੀ ਤੰਦਾਂ ਬਾਰੇ ਮੈਨੂੰ ਦੱਸਦਾ ਰਹਿੰਦਾ। ਅਧਿਆਪਕ ਤੇ ਕੁੜੀਆਂ-ਮੁੰਡੇ ਉਹਦੀ ਸਿਆਣਪ ਤੋਂ ਪ੍ਰਭਾਵਤ ਸਨ। ਇਸ ਸਿਆਣਪ ਦੀ ਉਹਨੂੰ ਮਾਰ ਪੈਂਦੀ। ਉਹਦੀ ਕੁਝ ਤਾਂ ਉਂਜ ਹੀ ਉਮਰ ਵਡੇਰੀ ਹੋ ਗਈ ਸੀ, ਦੂਜਾ ਉਹਦੀ ਉਮਰ ਨੂੰ ਉਹਦੀ ਸਿਆਣਪ ਦੀ ਮਾਰ ਵੀ ਪੈਣ ਲੱਗੀ। ਉਹ ਕੁੜੀਆਂ ਨੂੰ ਆਪਣਾ ਹਾਣੀ ਨਾ ਲੱਗਦਾ, 'ਅੰਕਲ' ਲੱਗਦਾ। ਉਹ ਸਮਝਦਾ ਕੁੜੀ ਉਹਦੀ ਮੁਹੱਬਤ ਵਿਚ ਭਿੱਜਣ ਲੱਗੀ ਹੈ, ਪਰ ਪਿੱਛੋਂ ਪਤਾ ਲੱਗਦਾ, ਉਹ ਤਾਂ ਉਹਦੀ ਸਿਆਣਪ ਤੋਂ ਪ੍ਰਭਾਵਤ ਹੋਈ ਸੀ। ਉਹ ਪਹਿਲਾਂ ਹੀ ਬਥੇਰਾ ਪਛੜ ਚੁੱਕਾ ਸੀ ਤੇ ਹੁਣ ਕਾਹਲੀ ਨਾਲ ਪੈਂਡਾ ਨਿਬੇੜਨਾ ਚਾਹੁੰਦਾ ਸੀ। ਕਿਸੇ ਰਿਸ਼ਤੇ ਦੇ ਤਰਕਸੰਗਤ ਅੰਜਾਮ ਤੱਕ ਪਹੁੰਚਣ ਤੋਂ ਪਹਿਲਾਂ ਹੀ ਉਹ ਅਗਲੀ ਨੂੰ ਆਪਣਾ ਮਨ ਦੱਸ ਦਿੰਦਾ ਜਾਂ ਉਹਦਾ ਮਨ ਪੁੱਛ ਬੈਠਦਾ ਤੇ ਗੱਲ ਕਿਸੇ ਸਿਰ ਲੱਗਣ ਤੋਂ ਪਹਿਲਾਂ ਹੀ ਟੁੱਟ ਜਾਂਦੀ। ਉਹ ਉਦਾਸੇ ਮਨ ਨਾਲ ਹੱਸਦਿਆਂ ਆਖਦਾ, "ਯਾਰ ਵਰਿਆਮ! ਉਹ ਤਾਂ ਗੱਲ ਈ ਹੋਰ ਨਿਕਲੀ।"

ਇਕ ਦਿਨ ਮੈਂ ਹੱਸਦਿਆਂ ਆਖਿਆ, "ਤੂੰ ਚੰਦਰਗੁਪਤ ਮੋਰੀਆ ਵਾਂਗ ਤੱਤੀ-ਤੱਤੀ ਖਿਚੜੀ ਵਿਚੋਂ ਈ ਚਮਚਾ ਭਰਨ ਬਹਿ ਜਾਂਦਾ ਏਂ। ਪਹਿਲਾਂ ਖਿਚੜੀ ਨੂੰ ਕੰਢਿਆਂ ਤੋਂ ਠੰਢੀ ਤਾਂ ਹੋ ਲੈਣ ਦਿਆ ਕਰ।"

(ਬਾਕੀ ਅਗਲੇ ਸਫੇ 'ਤੇ)

ਕਈ ਵਾਰ ਉਹਦੇ ਨਾਲ ਉਹਦੀਆਂ ਜਮਾਤਣਾਂ ਦੇ ਸੰਗ-ਸਾਥ ਵਿਚ ਮੈਨੂੰ ਵੀ ਵਿਚਰਨ ਦਾ ਮੌਕਾ ਮਿਲਦਾ। ਹੇਠਾਂ ਚਾਚੇ ਗੁਲਾਟੀ ਦੀ ਕਨਟੀਨ ਤੋਂ ਚਾਹ ਦੀਆਂ ਗਲਾਸੀਆਂ ਲੈਂਦੇ ਤੇ ਹਰੇ-ਹਰੇ ਘਾਹ 'ਤੇ ਬਹਿ ਕੇ ਚੁਸਕੀਆਂ ਭਰਦੇ। ਧੁੱਪ ਸੇਕਦੇ ਤੇ ਜਜ਼ਬਿਆਂ ਨੂੰ ਵੀ। ਲਤੀਫੇ ਵੀ ਚੱਲਦੇ, ਕਵਿਤਾਵਾਂ ਦੇ ਦੌਰ ਵੀ। ਹਲਵਾਰਵੀ ਮਹਿਫਿਲ ਦਾ ਸਰਦਾਰ ਹੁੰਦਾ। ਸੋਹਣੀਆਂ ਕੁੜੀਆਂ ਵੱਲ ਵਿੰਹਦਿਆਂ ਉਹਦੇ ਦੰਦਾਂ ਦੀ ਵਿਰਲ ਹੱਸਦੀ ਰਹਿੰਦੀ, ਪਰ ਉਹਦੀ ਅਕਲ ਨੂੰ ਪਤਾ ਨਹੀਂ ਕੀ ਦੁਗਾੜਾ ਵੱਜ ਗਿਆ ਸੀ। ਕੁੜੀਆਂ ਉਹਦੇ ਲਾਗੇ-ਚਾਗੇ ਤਾਂ 'ਕੁੜ-ਕੁੜ' ਕਰਦੀਆਂ ਚਹਿਕਦੀਆਂ ਫਿਰਦੀਆਂ, ਕਦੀ-ਕਦੀ ਲੱਗਦਾ...ਕੋਈ ਉਹਦੇ ਮੋਢਿਆਂ 'ਤੇ ਬਹਿਣ ਈ ਵਾਲੀ ਹੈ, ਪਰ ਪੈਰ ਰੱਖਦਿਆਂ ਈ ਉਹਦੇ ਮਨ ਵਿਚ ਖ਼ਬਰੇ ਕੀ ਆਉਂਦਾ 'ਫੁਰਰ' ਕਰ ਕੇ ਉਡ ਜਾਂਦੀ। ਉਹਦੀਆਂ ਜਮਾਤਣਾਂ ਵਿਚੋਂ ਦੋ ਸਹੇਲੀਆਂ ਸਨ। ਹਲਵਾਰਵੀ ਇੱਕ 'ਤੇ ਕੁਰਬਾਨ ਹੋ ਗਿਆ ਸੀ, ਪਰ ਉਸ ਕੁੜੀ ਦਾ ਤਾਂ ਆਪਣਾ ਹਾਣ-ਪ੍ਰਵਾਨ ਸੋਹਣਾ ਸੁਨੱਖਾ ਮੁੰਡਾ ਹਰ ਵੇਲੇ ਉਹਦੇ ਸੰਗ-ਸਾਥ ਵਿਚ ਵਿਚਰਦਾ ਸੀ। ਸਾਰੀ ਜਮਾਤ ਨੂੰ ਉਨ੍ਹਾਂ ਦੀ ਮੁਹੱਬਤ ਦਾ ਪਤਾ ਸੀ। ਹਲਵਾਰਵੀ, ਆਪਣੇ ਦਿਲ ਦਾ ਕੀ ਕਰਦਾ! ਆਪਣਾ ਦੁੱਖ ਮੇਰੇ ਨਾਲ ਫੋਲਦਾ। ਇਕ ਦਿਨ 'ਖਿਚੜੀ ਵਿਚੋਂ ਤੱਤਾ ਚਮਚਾ ਭਰਿਆ' ਤਾਂ ਕੁੜੀ ਨੇ ਕਿਹਾ ਕਿ ਉਹ ਉਹਦੀ ਕਦਰ ਕਰਦੀ ਹੈ। ਉਹਦੇ ਦਿਲ ਨੂੰ ਇਹ ਵੀ ਪਤਾ ਨਹੀਂ ਲੱਗਦਾ ਕਿ ਉਹ ਉਹਨੂੰ ਪਿਆਰ ਕਰਦੀ ਵੀ ਹੈ ਜਾਂ ਨਹੀਂ, ਪਰ ਤਦ ਵੀ ਉਹਦੇ ਮਾਪੇ ਹਲਵਾਰਵੀ ਨਾਲ ਉਹਦੇ ਉਮਰ ਭਰ ਦੇ ਸਾਥ ਨੂੰ ਕਦੀ ਪ੍ਰਵਾਨਗੀ ਨਹੀਂ ਦੇਣ ਲੱਗੇ। ਉਹ ਜੱਟਾਂ ਦੀ ਕੁੜੀ ਸੀ ਤੇ ਉਹ ਛੀਂਬਿਆਂ ਦਾ ਮੁੰਡਾ। ਹਲਵਾਰਵੀ ਦਾ ਦਿਲ ਢਹਿ ਗਿਆ। ਫਿਰ ਵੀ ਉਹ ਹੱਸਦਾ ਰਹਿੰਦਾ। ਉਹ ਕੁੜੀ ਉਮਰ ਦੇ ਅਖ਼ੀਰਲੇ ਸਾਲਾਂ ਤੱਕ ਉਹਦੇ ਮਨ ਵਿਚ ਧਸੀ ਰਹੀ।

ਉਸੇ ਕੁੜੀ ਦੀ ਦੂਜੀ 'ਕਾਮਰੇਡ' ਸਹੇਲੀ ਅਜੇ 'ਵਿਹਲੀ' ਸੀ। ਹਲਵਾਰਵੀ ਨੇ ਉਸ ਵੱਲ ਧਿਆਨ ਦੇਣਾ ਸ਼ੁਰੂ ਕਰ ਦਿੱਤਾ। ਇਕ ਦਿਨ ਨਾਮਵਰ ਸਿੰਘ ਦਾ ਲੈਕਚਰ ਸੀ। ਅਸੀਂ ਪਿਛਲੀਆਂ ਸੀਟਾਂ 'ਤੇ ਬੈਠੇ ਸਾਂ। ਦੋਵੇਂ ਸਹੇਲੀਆਂ ਵੀ। ਦੋ ਕੁੜੀਆਂ ਹੋਰ ਵੀ ਸਨ। ਹਲਵਾਰਵੀ ਕਹਿੰਦਾ, "ਮੇਰੀ ਇਨ੍ਹਾਂ ਨਾਲ ਲੈਕਚਰ ਤੋਂ ਪਹਿਲਾਂ ਗੱਲ ਹੋ ਗਈ ਏ, ਆਪਾਂ ਅੱਜ ਫਿਲਮ ਵੇਖਣ ਚੱਲਾਂਗੇ।" ਮੈਂ ਝਿਜਕਦਾ ਸਾਂ। ਮੇਰੀ ਕੁੜੀਆਂ ਨਾਲ ਫਿਲਮ ਵੇਖਣ ਦੀ ਕੋਈ ਇੱਛਾ ਨਹੀਂ ਸੀ। ਮੈਂ ਤਾਂ ਆਪਣੀ ਨਵ-ਵਿਆਹੀ ਪਤਨੀ ਦੇ ਮੁਹੱਬਤੀ ਵਿਛੋੜੇ ਵਿਚ ਗਲਤਾਨ ਸਾਂ। ਸੋਹਣੀ ਪਤਨੀ ਦੇ ਚੇਤੇ ਵਿਚ ਖੁਭੀਆਂ ਨਜ਼ਰਾਂ ਨੂੰ ਕਿਸੇ ਹੋਰ ਵੱਲ ਅੱਖ ਭਰ ਕੇ ਵੇਖਣ ਦੀ ਵਿਹਲ ਨਹੀਂ ਸੀ। ਮੈਂ ਐਵੇਂ ਹੀ ਰੁੱਝੇ ਹੋਣ ਦਾ ਬਹਾਨਾ ਲਾਇਆ, ਤਾਂ ਮੇਰੇ ਸੱਜੇ ਹੱਥ ਬੈਠੀ ਕਾਮਰੇਡ ਕੁੜੀ ਕਹਿੰਦੀ, "ਸਾਰੇ ਈ ਜਾਣਗੇ ਤਾਂ ਜਾਵਾਂਗੇ; ਨਹੀਂ ਤਾਂ ਨਹੀਂ।"

"ਚੱਲ ਯਾਰ ਬਹੁਤੇ ਨਖ਼ਰੇ ਨਾ ਕਰ।" ਹਲਵਾਰਵੀ ਨੇ ਜ਼ੋਰ ਪਾਇਆ ਤਾਂ ਮੈਨੂੰ 'ਨਖ਼ਰਾ' ਛੱਡਣਾ ਪਿਆ।

ਫਿਲਮ ਵੇਖਦਿਆਂ ਵੀ 'ਕਾਮਰੇਡ' ਮੇਰੇ ਵਾਲੇ ਪਾਸੇ ਬਹਿ ਗਈ। ਫਿਲਮ ਵੇਖ ਕੇ ਬਾਹਰ ਨਿਕਲੇ ਤਾਂ ਮੇਰੀ ਕੋਸ਼ਿਸ਼ ਇਹ ਕਿ ਉਹ ਤੇ ਹਲਵਾਰਵੀ ਮਿਲ ਕੇ ਤੁਰਨ। ਮੈਂ ਜਾਣ-ਬੁੱਝ ਕੇ ਪਿੱਛੇ ਰਹਿ ਗਿਆ। ਉਹ ਪਿੱਛੇ ਝਾਕਦੀ ਪੈਰ ਮਲਦੀ ਖਲੋ ਗਈ, "ਤੁਰਦੇ ਕਿਉਂ ਨਹੀਂ।" ਤੇ ਰੁਕ ਕੇ ਮੇਰੇ ਨਾਲ ਤੁਰਨ ਲੱਗੀ। ਸਤਾਰਾਂ ਸੈਕਟਰ ਦੇ ਕੌਫੀ ਹਾਉਸ ਵਿਚ ਬੈਠੇ ਤਾਂ ਹਲਵਾਰਵੀ ਦੇ ਸਬਰ ਦਾ ਪਿਆਲਾ ਭਰ ਗਿਆ। ਮੈਨੂੰ ਕਹਿਣ ਲੱਗਾ, "ਵਰਿਆਮ ਤੇਰੀ ਬੱਚੀ ਰੂਪ ਬੜੀ ਪਿਆਰੀ ਏ। ਨਿੱਕੀ ਜਿਹੀ, ਗੋਭਲੀ, ਲਾਡਲੀ।"

"ਹੈਂਅ! ਇਹਦੀ ਬੱਚੀ!" ਕੁੜੀ ਦਾ ਹੈਰਾਨੀ ਵਿਚ ਮੂੰਹ ਖੁੱਲ੍ਹਾ ਰਹਿ ਗਿਆ।

"ਹਾਂ...ਅਜੇ ਪਿਛਲੇ ਦਿਨੀਂ ਹੀ ਇਹਦੀ ਪਤਨੀ ਆਈ ਸੀ ਚੰਡੀਗੜ੍ਹ। ਨਿੱਕੀ ਜਿਹੀ ਬੱਚੀ ਬਹੁਤ ਈ ਪਿਆਰੀ ਏ।"

ਹਲਵਾਰਵੀ ਦਾ ਤੀਰ ਚੱਲ ਗਿਆ ਸੀ। ਕੁੜੀ ਦਾ ਉਤਸ਼ਾਹ ਮੱਧਮ ਪੈ ਗਿਆ। ਬੁਝ ਗਈ ਸੀ ਉਹ।

ਪਿੱਛੋਂ ਮੈਨੂੰ ਹੱਸਦਿਆਂ ਕਹਿੰਦਾ, "ਅਸੀਂ ਆਪਣਾ ਘਰ ਵਸਾਉਣ ਨੂੰ ਫਿਰਦੇ ਸਾਂ...ਉਹ ਸਾਡੇ ਭਰਾ ਦਾ ਘਰ ਉਜਾੜਨ ਨੂੰ ਫਿਰਦੀ ਸੀ। ਇੰਜ ਕਿਵੇਂ ਹੋਣ ਦਿੰਦੇ ਅਸੀਂ।"

ਆਪਣਾ ਘਰ ਆਪਣੀ ਮਰਜ਼ੀ ਨਾਲ ਵਸਾਉਣ ਦੀ ਉਹਦੀ ਰੀਝ ਪੂਰੀ ਨਾ ਹੋ ਸਕੀ। ਉਹਦੀ ਹਰ ਪ੍ਰੀਤ ਦੀ ਤਾਰ ਅੱਧ ਵਿਚਾਲੇ ਟੁੱਟ ਜਾਂਦੀ। ਉਹ ਸਾਰੀ ਉਮਰ ਤਾਰ ਵਿਚੋਂ ਟੁੱਟ ਕੇ ਡਿੱਗੇ ਮਣਕੇ ਚੁੱਕ ਕੇ ਪੂੰਝਦਾ ਰਿਹਾ ਤੇ ਮੁੜ-ਮੁੜ ਉਨ੍ਹਾਂ ਨੂੰ ਅੱਖਾਂ ਅੱਗੇ ਕਰ ਕੇ ਉਨ੍ਹਾਂ ਦੀ ਲਿਸ਼ਕ ਨੂੰ ਮਾਣਦਾ ਰਿਹਾ। ਘਰ ਵਸਾਉਣ ਦੀ ਕੋਸ਼ਿਸ਼ ਕੀਤੀ ਤਾਂ ਵਸਾਇਆ ਘਰ ਪਹਿਲੀ ਸੱਟੇ ਉੱਜੜ ਗਿਆ।

ਮੈਂ ਉਹਦੇ ਤਿੰਨਾਂ ਵਿਆਹਾਂ ਦਾ ਚਸ਼ਮਦੀਦ ਗਵਾਹ ਹਾਂ। ਅਸੀਂ ਉਹਦੇ ਪਹਿਲੇ ਵਿਆਹ 'ਤੇ ਸੁਧਾਰ ਇਕ ਰਾਤ ਪਹਿਲਾਂ ਹੀ ਪਰਿਵਾਰ ਸਮੇਤ ਪਹੁੰਚ ਗਏ। ਅਗਲੇ ਦਿਨ ਜੰਜ ਲੁਧਿਆਣੇ ਗਈ ਤੇ ਲਾੜੀ ਨੂੰ ਵਿਆਹ ਕੇ ਘਰ ਲੈ ਆਂਦਾ। ਇਕ ਬੱਚਾ ਵੀ ਹੋਇਆ, ਪਰ ਵਿਆਹ ਦੀ ਖ਼ੁਸ਼ੀ ਦੇਰ ਤੱਕ ਨਾ ਚੱਲੀ। ਤੋੜ-ਵਿਛੋੜਾ ਹੋ ਗਿਆ। ਮੈਂ ਕਿਹਾ, ਤੁਹਾਨੂੰ ਤਾਂ ਵਿਆਹ ਵਾਰਾ ਨਾ ਖਾਧਾ ਤਾਂ ਵਿਆਹ ਤੋੜ ਲਿਆ, ਪਰ ਉਸ ਬੱਚੇ ਦਾ ਕੀ ਕਸੂਰ ਸੀ? ਕਹਿਣ ਲੱਗਾ, "ਬੱਚਾ ਮੇਰਾ ਨਹੀਂ, ਉਹਦੇ ਪਹਿਲਾਂ ਹੀ ਕਿਸੇ ਨਾਲ ਸਬੰਧ ਸਨ। ਮੈਨੂੰ ਪਤਾ ਲੱਗ ਗਿਆ। ਮੈਂ ਖੁੱਲ੍ਹੇ ਦਿਲ ਨਾਲ ਕਿਹਾ ਕਿ ਪਿਛਲੀ ਹੋਈ-ਬੀਤੀ ਭੁਲਾ ਕੇ ਮੇਰੇ ਨਾਲ ਚੱਲੇਂਗੀ ਤਾਂ ਮੈਂ ਇਸ ਗੱਲ ਨੂੰ ਮਨ 'ਤੇ ਨਹੀਂ ਲਿਆਉਂਦਾ। ਜੇ ਉਸ ਨੂੰ ਮਿਲਣਾ ਵੀ ਹੋਵੇ ਤਾਂ ਮੇਰੀ ਹਾਜ਼ਰੀ 'ਚ ਮਿਲ ਲੈਣਾ, ਚੋਰੀ ਨਹੀਂ ਕਰਨੀ, ਪਰ ਉਹ ਸੁਧਰੀ ਨਾ। ਮੈਂ ਸੋਚਿਆ ਹੁਣ ਅਖ਼ੀਰ ਹੋ ਗਈ। ਇਹ ਤੋੜ-ਵਿਛੋੜਾ ਉਸੇ 'ਅਖ਼ੀਰ' ਦਾ ਸਿੱਟਾ ਹੈ। ਬੰਦੇ ਦੀ ਲਚਕ ਅਤੇ ਸਹਿਣਸ਼ਕਤੀ ਦੀ ਇੱਕ ਹੱਦ ਹੁੰਦੀ ਏ ਨਾ!" ਜਦੋਂ ਉਹ ਲਕੀਰ ਖਿੱਚ ਦਿੰਦਾ ਸੀ, ਫਿਰ ਉਹਨੂੰ ਕੋਈ ਨਹੀਂ ਸੀ ਮਨਾ ਸਕਦਾ।

ਉਨ੍ਹੀਂ ਦਿਨੀਂ ਉਹ 'ਪੰਜਾਬੀ ਟ੍ਰਿਬਿਊਨ' ਵਿਚ ਸਹਾਇਕ ਸੰਪਾਦਕ ਆਣ ਲੱਗਾ ਸੀ। ਇਕ ਦਿਨ ਪਾਰਟੀ ਦਾ ਪੁਰਾਣਾ ਬਜ਼ੁਰਗ ਸਾਥੀ ਉਹਨੂੰ ਮਿਲਣ ਆ ਗਿਆ। ਹਲਵਾਰਵੀ ਨੂੰ ਕਹਿੰਦਾ ਕਿ ਉਹ ਦੂਜਾ ਵਿਆਹ ਕਿਉਂ ਨਹੀਂ ਕਰਵਾ ਲੈਂਦਾ? ਪਹਿਲੀ ਸੱਟ ਖਾਣ ਤੋਂ ਪਿੱਛੋਂ ਹਲਵਾਰਵੀ ਅਜੇ ਸੰਭਲਿਆ ਨਹੀਂ ਸੀ। ਨਵਾਂ ਵਿਆਹ ਕਰਵਾਉਣ ਦੀ ਉਹਦੀ ਕੋਈ ਮਨਸ਼ਾ ਨਹੀਂ ਸੀ। ਬਜ਼ੁਰਗ ਸਾਥੀ ਕਹਿੰਦਾ, "ਮੇਰੀ ਧੀ ਏ ਇੱਕ। ਤੇਰੇ ਨਾਲੋਂ ਦਸ ਬਾਰਾਂ ਸਾਲ ਛੋਟੀ। ਕਾਲਜ ਜਾਣ ਦੀ ਉਮਰ ਦੀ। ਮੇਰੇ ਕੋਲ ਉਹਨੂੰ ਵਿਆਹੁਣ ਦੀ ਪੁੱਗਤ ਨਹੀਂ। ਤੈਨੂੰ ਮੇਰੀ ਮਾਲੀ ਹਾਲਤ ਦਾ ਪਤਾ ਈ ਐ। ਉਹਨੂੰ ਮਿਲ ਲੈ। ਕੋਈ ਜ਼ੋਰ-ਜ਼ਬਰਦਸਤੀ ਨਹੀਂ। ਪਸੰਦ ਆ ਜਾਏ ਤਾਂ ਸਾਥੀ ਬਣਾ ਸਕਦਾ ਏਂ। ਆਪਣੀ ਅਕਲ ਦੀ ਹਾਣੀ ਬਣਾਉਣੀ ਹੋਵੇ ਤਾਂ ਪੜ੍ਹਾ ਸਕਦਾ ਏਂ। ਨਾ-ਪਸੰਦ ਆਏ ਤਾਂ ਵੀ ਕੋਈ ਉਜਰ ਨਹੀਂ। ਉਹਦੇ ਨਾਲ ਮੈਂ ਗੱਲ ਕਰ ਲਈ ਏ।"

ਬੜੀ ਅਲੋਕਾਰ ਪੇਸ਼ਕਸ਼ ਸੀ। ਹਲਵਾਰਵੀ ਸੋਚਣ ਲੱਗਾ। ਇਕ ਵਾਰ ਵੇਖਣ 'ਚ ਕੀ ਹਰਜ ਏ? ਵੇਖਿਆ ਤਾਂ ਨਿੱਕੇ ਜਿਹੇ ਕੱਦ ਦੀ ਮਲੂਕੜੀ ਜਿਹੀ ਸੋਹਲ ਕੁੜੀ ਉਸ ਨੂੰ ਬੱਚੀ ਜਿਹੀ ਜਾਪੀ।



20ਵੀ ਸਦੀ ਦੇ 70ਵਿਆਂ ਵਿਚ ਹਰਭਜਨ ਹਲਵਾਰਵੀ ਅਤੇ ਵਰਿਆਮ ਸੰਧੂ

ਨੈਣ-ਨਕਸ਼ ਸੋਹਣੇ ਸਨ। ਚਿਹਰੇ 'ਤੇ ਭੋਲਾਪਣ ਸੀ। ਗੁਰਪਿੰਦਰ ਉਹਦੇ ਪਸੰਦ ਆ ਗਈ। ਉਹਦੇ ਨਾਲ ਰਹਿਣ ਲੱਗੀ। ਉਹਨੇ ਹਲਵਾਰਵੀ ਦਾ ਦਿਲ ਜਿੱਤ ਲਿਆ। ਹਲਵਾਰਵੀ ਨੇ ਉਹਨੂੰ ਕਾਲਜ ਪੜ੍ਹਨੇ ਪਾ ਦਿੱਤਾ।

ਗੱਡੀ ਰਵਾਂ ਚਾਲੇ ਤੁਰਨ ਲੱਗੀ। ਗੁਰਪਿੰਦਰ ਬੜੀ ਸਿਆਣੀ ਕੁੜੀ ਸੀ। ਉਹਨੇ ਹਲਵਾਰਵੀ ਦੀਆਂ ਲੋੜਾਂ ਨੂੰ ਸਮਝਿਆ। ਉਹ ਇਹ ਵੀ ਜਾਣਦੀ ਕਿ ਹਲਵਾਰਵੀ ਦੇ ਕਿਹੜੇ ਦੋਸਤ ਮਿੱਤਰ ਨਾਲ, ਦਰਜੇਬੰਦੀ ਦੇ ਹਿਸਾਬ ਨਾਲ, ਕਿਵੇਂ ਦਾ ਵਿਹਾਰ ਕਰਨਾ ਏਂ। ਹਲਵਾਰਵੀ ਉਹਨੂੰ ਲੈ ਕੇ ਉਡਿਆ ਫਿਰਦਾ। ਕਦੀ ਕਿਸੇ ਪਹਾੜ 'ਤੇ, ਕਦੀ ਕਿਸੇ ਸਮੁੰਦਰ ਦੇ ਕਿਨਾਰੇ। ਹੱਸ ਕੇ ਆਖਦਾ, "ਨਿੱਕੀਏ ਜਿਹੀਏ ਕੁੜੀਏ! ਵੇਖ ਮੇਰੇ ਨਾਲ ਤੇਰੀ ਕਿਹੋ ਜਿਹੀ ਕਿਸਮਤ ਲਿਖੀ ਏ। ਐਸ਼ ਕਰਦੀ ਏਂ। ਨਹੀਂ ਤਾਂ ਵੱਧ ਤੋਂ ਵੱਧ ਕਿਸੇ ਟੁੱਟੜ ਜਿਹੇ ਕਲਰਕ ਦੇ ਘਰ ਭਾਂਡੇ ਮਾਂਜਦੀ ਹੋਣਾ ਸੀ!"

ਗੁਰਪਿੰਦਰ ਨੇ ਉਹਦਾ ਘਰ ਮਹਿਕਣ ਲਾ ਦਿੱਤਾ ਸੀ। ਹਲਵਾਰਵੀ ਪੂਰਾ ਖੁਸ਼ ਸੀ, ਪਰ ਗੁਰਪਿੰਦਰ ਦੀ ਕਿਸਮਤ ਬਹੁਤੀ ਚੰਗੀ ਨਾ ਨਿਕਲੀ। ਹੁਣ ਤਾਂ ਹਲਵਾਰਵੀ ਦੀ ਕਿਸਮਤ ਵੀ ਉਹਦੇ ਨਾਲ ਜੁੜੀ ਹੋਈ ਸੀ। ਪਤਾ ਨਹੀਂ ਕਿੱਥੋਂ, ਹੈਪੀਟਾਈਟਸ 'ਬੀ' ਦਾ ਵਾਇਰਸ ਉਹਦੇ ਅੰਦਰ ਆ ਵੜਿਆ ਕਿ ਉਹਦੀ ਜ਼ਿੰਦਗੀ ਹੀ ਲੈ ਉਡਿਆ। ਹਲਵਾਰਵੀ ਫੇਰ ਇਕੱਲਾ ਰਹਿ ਗਿਆ।

ਫੇਰ ਪ੍ਰਿਤਪਾਲ ਉਹਦੇ ਘਰ ਆਈ। ਪੁੱਤਰ ਦੇ ਕਦਮਾਂ ਨਾਲ ਘਰ ਦਾ ਵਿਹੜਾ ਠੁਮਕਣ ਲੱਗਾ। ਦੋਸਤ-ਮਿੱਤਰਾਂ ਦੇ ਸੋਹਣੇ ਘਰ ਵੇਖ ਕੇ ਕਹਿੰਦਾ, "ਵਰਿਆਮ! ਆਪਣੇ ਕੋਲ ਵੀ ਕਦੀ ਏਹੋ ਜਿਹਾ ਆਪਣਾ ਘਰ ਹੋਏਗਾ।"

ਹੁਣ ਤਾਂ ਬੜੀ ਰੀਝ ਨਾਲ ਆਪਣਾ ਘਰ ਵੀ ਬਣਾ ਲਿਆ ਸੀ ਪਰ ਉਸ ਘਰ ਵਿਚ ਰੱਜ ਕੇ ਵੱਸਣ ਤੋਂ ਪਹਿਲਾਂ ਹੀ ਉਹ ਆਪਣੀਆਂ ਅਨੇਕ ਅਣਪੂਰੀਆਂ ਹਸਰਤਾਂ ਲੈ ਕੇ ਸੰਸਾਰ ਤੋਂ ਕੂਚ ਕਰ ਗਿਆ।

ਉਹਨੇ ਕਦੀ ਲਿਖਿਆ ਸੀ:

ਅਸੀਂ ਤੁਰੇ ਨਹੀਂ ਕਦੇ ਵੀ
ਕਿਨਾਰਿਆਂ ਦੇ ਨਾਲ
ਸਾਡਾ ਸਾਥ ਰਿਹਾ
ਛੱਲਾਂ ਦੇ ਹੁਲਾਰਿਆਂ ਦੇ ਨਾਲ।

ਸਾਰੀ ਉਮਰ ਉਹ ਉਚੀਆਂ ਮਾਰੂ ਛੱਲਾਂ ਨਾਲ ਘੁਲਦਾ ਰਿਹਾ। ਕਦੀ ਛੱਲਾਂ ਦੇ ਉਪਰ ਕਦੀ ਹੇਠਾਂ, ਪਰ ਕਦੀ ਹੌਸਲਾ ਨਹੀਂ ਹਾਰਿਆ। ਉਸ ਵੱਡੀਆਂ-ਵੱਡੀਆਂ ਸੱਟਾਂ ਝੱਲੀਆਂ। ਪਹਿਲੇ ਵਿਆਹੁਤਾ ਜੀਵਨ ਦਾ ਟੁੱਟਣਾ, ਸੜਕ ਹਾਦਸੇ ਵਿਚ ਮਾਂ ਅਤੇ ਭਰਾ ਦੀ ਮੌਤ, ਫਿਰ ਗੁਰਪਿੰਦਰ ਦਾ ਚਲਾਣਾ। ਥੋੜ੍ਹੇ ਸਾਲਾਂ ਦੇ ਵਕਫੇ ਵਿਚ ਉਹਨੂੰ ਕਈ ਵਾਰ ਮੱਚਣਾ ਪਿਆ, ਪਰ ਹਰ ਵਾਰ ਉਹ ਆਪਣੀ ਰਾਖ ਵਿਚੋਂ ਮੁੜ ਉਦੈ ਹੁੰਦਾ। ਜ਼ਿੰਦਗੀ ਨਾਲ ਜੁੜਦਾ ਤੇ ਮੁੜ ਤੋਂ ਅੱਗੇ ਨੂੰ ਤੇਜ਼ ਕਦਮੀਂ ਤੁਰਨ ਲੱਗਦਾ। ਅਤਿ ਦੀਆਂ ਪ੍ਰਤੀਕੂਲ ਸਥਿਤੀਆਂ ਵਿਚ ਵੀ ਆਪਣੇ ਆਪ ਨੂੰ ਸੰਤੁਲਨ ਵਿਚ ਰੱਖਣ ਤੇ ਵਿਚਰਨ ਦੀ ਉਸ ਕੋਲ ਅਥਾਹ ਸਮਰੱਥਾ ਸੀ। ਦੁੱਖ ਲੰਘ ਜਾਣ ਤੋਂ ਬਾਅਦ ਉਹ ਪਹਿਲਾਂ ਵਾਂਗ ਹੀ ਹੱਸਦਾ। ਉਹ ਪਿਛਲੇ ਦੁੱਖਾਂ ਨੂੰ ਨਾ ਫੋਲਦਾ, ਪਰ ਹਾਸੇ ਦੀ ਨਿੱਕੀ ਜਿਹੀ ਗੱਲ ਵੀ ਚੇਤੇ ਵਿਚੋਂ ਕੱਢ ਲੈਂਦਾ ਤੇ ਫਿਰ ਢਿੱਡ ਤੇ ਮੋਢੇ ਹਿਲਾ ਕੇ ਇਸ ਤਰ੍ਹਾਂ ਹੱਸਦਾ ਕਿ ਹੱਸਦਿਆਂ-ਹੱਸਦਿਆਂ ਗਲੇ 'ਚੋਂ ਆਵਾਜ਼ ਨਿਕਲਣੀ ਮੁਸ਼ਕਲ ਹੋ ਜਾਂਦੀ। ਉਹਦਾ ਹਾਸਾ, "ਖੀ... ਖੀ..." ਵਿਚ ਬਦਲ ਜਾਂਦਾ।

ਕਦੀ-ਕਦੀ ਕਿਸੇ ਮਹਿਫਿਲ ਵਿਚ ਸਾਹਿਤ ਅਤੇ ਪ੍ਰਚਾਰ ਦੇ ਆਪਸੀ ਸਬੰਧਾਂ ਦੀ ਗੱਲ ਕਰਦਿਆਂ ਗੱਲ ਗੁਰਸ਼ਰਨ ਸਿੰਘ ਵੱਲ ਮੁੜਨੀ ਤਾਂ ਉਹਨੇ ਮੇਰੇ ਵੱਲ ਵੇਖ ਕੇ ਹੱਸਣਾ, "ਵਰਿਆਮ ਕਹਿੰਦਾ...ਗੁਰਸ਼ਰਨ ਸਿੰਘ ਨਾਟਕ 'ਚ ਭਾਸ਼ਨ ਕਰਦੈ ਤੇ...", ਅਗਲੀ ਗੱਲ ਕਰਨ ਤੋਂ ਪਹਿਲਾਂ ਹਾਸੇ ਦਾ ਫੁਹਾਰਾ ਚੱਲਣਾ ਤੇ ਪਿੱਛੋਂ ਉਹਨੇ ਗੱਲ ਮੁਕੰਮਲ ਕਰਨੀ।

ਐਮਰਜੈਂਸੀ ਹਟੀ ਤਾਂ ਚੋਣਾਂ ਦਾ ਐਲਾਨ ਹੋ ਗਿਆ। ਨਿੱਤ ਨਵਾਂ ਜਲਸਾ। ਲੀਡਰਾਂ ਦੇ ਭਾਸ਼ਨ। ਇਕ ਰਾਤ ਖੁੱਲ੍ਹੇ ਮੈਦਾਨ ਵਿਚ ਹੁੰਦਾ ਗੁਰਸ਼ਰਨ ਸਿੰਘ ਦਾ ਨਾਟਕ ਵੇਖਣ ਗਏ। ਗੁਰਸ਼ਰਨ ਸਿੰਘ ਦੇ ਆਮ ਨਾਟਕਾਂ ਵਾਂਗ ਸੁਨੇਹਾ ਮੁੱਖ ਸੀ। ਉਹਦੇ ਭਾਸ਼ਨੀ ਬਿਰਤੀ ਵਾਲੇ ਵਾਰਤਾਲਾਪ ਸੁਣ ਕੇ ਹਲਵਾਰਵੀ ਕਹਿੰਦਾ, "ਗੁਰਸ਼ਰਨ ਸਿੰਘ ਤਾਂ ਆਪਣੇ ਨਾਟਕਾਂ ਵਿਚ ਹੁਣ ਭਾਸ਼ਨ ਈ ਕਰਦੈ, ਨਾਟਕ ਕਿੱਥੇ ਹੁੰਦਾ ਏ!"

ਨਾਟਕ ਖ਼ਤਮ ਹੋਇਆ ਤਾਂ ਗੁਰਸ਼ਰਨ ਸਿੰਘ ਹਾਲਾਤ-ਏ-ਹਾਜ਼ਰਾ 'ਤੇ ਟਿੱਪਣੀ ਕਰਨ ਲੱਗਾ। ਇੰਦਰਾ ਗਾਂਧੀ ਖਿਲਾਫ਼ ਇਨ੍ਹਾਂ ਦਿਨਾਂ ਵਿਚ ਲੋਕਾਂ ਵਿਚ ਰੋਹ ਕੁਝ ਜ਼ਿਆਦਾ ਹੀ ਸੀ। ਗੁਰਸ਼ਰਨ ਸਿੰਘ ਦਾ ਇਹ ਰੋਹ ਭਾਸ਼ਨ ਕਰਦਿਆਂ ਹੋਰ ਵੀ ਪ੍ਰਚੰਡ ਹੋ ਗਿਆ। ਰੋਹ ਵਿਚ ਭਰ ਕੇ ਕਹਿੰਦਾ, "ਇਹ ਇੰਦਰਾ! ਇਹ ਇੰਦਰਾ...ਇਹਨੇ ਜੋ ਕੁਝ ਕੀਤਾ ਏ, ਇਹਦੇ ਨਾਲ ਤਾਂ...ਇਹਦੇ ਨਾਲ ਤਾਂ...", ਉਹ ਗਰਜਿਆ, "ਇਹਦੇ ਨਾਲ ਤਾਂ ਸਲੂਕ ਹੋਣਾ ਚਾਹੀਦੈ...ਮੈਂ ਇਹਨੂੰ ਦੱਸਾਂ...।" ਪਰ ਇੰਦਰਾ ਨੂੰ 'ਦੱਸਣ' ਲਈ ਉਹਨੂੰ ਜੋਸ਼ ਤੇ ਗੁੱਸੇ ਵਿਚ ਗੱਲ ਅਹੁੜ ਨਹੀਂ ਸੀ ਰਹੀ। ਉਹ ਝੁੰਜਲਾ ਗਿਆ ਤੇ ਪੈਰਾਂ ਵੱਲ ਝੁਕ ਕੇ ਆਪਣੀ ਜੁੱਤੀ ਨੂੰ ਹੱਥ ਪਾ ਲਿਆ।

"ਇਹਦੇ ਜੁੱਤੀਆਂ...ਹਾਂ ਜੁੱਤੀਆਂ।"

ਲੋਕ ਤਾੜੀਆਂ ਮਾਰ ਰਹੇ ਸਨ। ਮੈਂ ਹਲਵਾਰਵੀ ਨੂੰ ਕਿਹਾ, "ਤੂੰ ਕਹਿੰਦੈਂ ਕਿ ਗੁਰਸ਼ਰਨ ਸਿੰਘ ਨਾਟਕ ਨਹੀਂ ਕਰਦਾ। ਆਹ ਵੇਖ ਖਾਂ ਨਾਟਕ ਹੋ ਰਿਹਾ।"

ਮਹਿਫਿਲ ਵਿਚ ਸਾਰੀ ਗੱਲ ਸੁਣਾ ਕੇ ਉਸ ਨੇ ਤੋੜਾ ਝਾੜਨਾ, "ਵਰਿਆਮ ਕਹਿੰਦਾ...ਗੁਰਸ਼ਰਨ ਸਿੰਘ ਨਾਟਕ 'ਚ ਭਾਸ਼ਨ ਕਰਦੈ ਤੇ...ਭਾਸ਼ਨ ਵਿਚ ਨਾਟਕ।"

ਹੱਸਦਿਆਂ ਉਹਦੇ ਹਾਸੇ ਦੀ ਹੱਦ "ਖੀ...ਖੀ..." ਤੱਕ ਪਹੁੰਚ ਜਾਂਦੀ।

ਫਿਰ ਗੰਭੀਰ ਹੋ ਕੇ ਕਹਿੰਦਾ, "ਗੁਰਸ਼ਰਨ ਭਾ ਜੀ ਦੇ 'ਨਾਟਕੀ ਪ੍ਰਚਾਰ' ਦੀ ਉਂਜ ਦੇਣ ਬੜੀ ਹੈ। ਪਿੰਡ-ਪਿੰਡ ਨਾਟਕ ਪੁਚਾ ਦਿੱਤੈ ਉਨ੍ਹਾਂ।"

***(ਚਲਦਾ)***

# ਧਨ ਅਤੇ ਇਖਲਾਕ ਦਾ ਰਿਸ਼ਤਾ

ਗੁਰਧਾਮਾਂ 'ਚ ਜਾਂਦੇ ਹਨ ਤੇ ਰੱਬ ਅੱਗੇ ਅਰਜੋਈਆਂ ਕਰਦੇ ਹਨ।

ਮਾਸਟਰ ਲਾਲੀ ਦੀ ਇਖਲਾਕ ਦੀ ਧਾਰਨਾ ਵੀ ਜੱਗੋਂ ਤੇਰ੍ਹਵੀਂ ਹੈ। ਉਨ੍ਹਾਂ ਅਨੁਸਾਰ ਪੈਸੇ ਤੇ ਇਖਲਾਕ ਦਾ ਕੋਈ ਸਬੰਧ ਨਹੀਂ। ਜੇ ਸੋਚਿਆ ਜਾਵੇ ਤਾਂ ਇਖਲਾਕ ਤਾਂ ਕਿਸੇ ਸਮਾਜ ਦੇ ਸਭਿਆਚਾਰਕ ਪੱਧਰ ਅਨੁਸਾਰ ਆਪਸੀ ਲੈਣ-ਦੇਣ ਤੇ ਸਹਿਚਾਰ ਦੇ ਸਰਬ-ਪ੍ਰਮਾਣਤ ਨਿਯਮਾਂ ਦਾ ਸੰਗ੍ਰਹਿ ਹੁੰਦਾ ਹੈ ਜਿਨ੍ਹਾਂ ਦੀ ਪਾਲਣਾ ਕਰਦਿਆਂ ਮਨੁੱਖ ਆਤਮ-ਨਿਰਭਰਤਾ ਤੇ ਸਵੈਮਾਣ ਜਿਹੇ ਗੁਣਾਂ ਨਾਲ ਸਮੋਇਆ ਉਚੀਆਂ ਮਨੁਖੀ ਕਦਰਾਂ-ਕੀਮਤਾਂ ਵਾਲਾ ਜੀਵਨ ਜਿਉਣ ਦੇ ਕਾਬਲ ਬਣਦਾ ਹੈ। ਇਨ੍ਹਾਂ ਵਿਚ ਨਿਮਰਤਾ, ਸਮਾਨਤਾ, ਸਹਾਇਤਾ, ਸ਼ਿਸ਼ਟਾਚਾਰ ਤੇ ਪਰਉਪਕਾਰ ਜਿਹੇ ਕਈ ਕੋਮਲ ਅੰਸ਼ ਵੀ ਸ਼ਾਮਲ ਹਨ। ਇਨ੍ਹਾਂ ਅੰਸ਼ਾਂ ਦੀ ਸਹੀ ਸਮੀਕਰਨ ਬਣਾਉਣਾ ਹੀ ਇਖਲਾਕ ਹੈ। ਮਸਲਨ, ਸਤਿ ਸ੍ਰੀ ਅਕਾਲ ਦਾ ਜਵਾਬ ਸਤਿ ਸ੍ਰੀ ਅਕਾਲ ਵਿਚ ਦੇਣਾ ਤੇ ਉਧਾਰ ਲੈ ਕੇ ਧੰਨਵਾਦ ਸਹਿਤ ਵਾਪਸ ਕਰਨਾ ਸਹੀ ਇਖਲਾਕੀ ਸਮੀਕਰਨਾਂ ਬਣਦੀਆਂ ਹਨ, ਪਰ ਜੇ ਕਰਜ਼ ਮੋੜਨ ਦੀ ਥਾਂ ਸਤਿ ਸ੍ਰੀ ਅਕਾਲ ਬੁਲਾ ਕੇ ਟਾਲਣ ਦੀ ਗੱਲ ਕੀਤੀ ਜਾਵੇ ਤਾਂ ਉਹ ਗੈਰ-ਇਖਲਾਕੀ ਵਿਹਾਰ ਹੈ। ਧਨ ਤੇ ਇਖਲਾਕ ਦਾ ਸਿੱਧਾ ਸਬੰਧ ਕਈ ਥਾਂਈਂ ਵੇਖਣ ਨੂੰ ਮਿਲਦਾ ਹੈ। ਧਨ ਦੀ ਅਣਹੋਂਦ ਕਾਰਨ ਲੋਕ ਲਾਚਾਰੀ ਤੇ ਭੁਖਮਰੀ ਦਾ ਸ਼ਿਕਾਰ ਹੁੰਦੇ ਹਨ। ਇਸ ਉਪਰੰਤ ਉਹ ਚੋਰੀ, ਡਾਕਾ, ਰਾਹਜ਼ਨੀ, ਝੂਠ-ਫਰੇਬ ਤੇ ਆਤਮਘਾਤ ਜਿਹੇ ਕਈ ਗੈਰ-ਇਖਲਾਕੀ ਕੰਮ ਕਰਦੇ ਹਨ। ਦੂਜੇ ਪਾਸੇ ਜੀਵਨ ਦੇ ਸੰਤੁਲਤ ਨਿਰਬਾਹ ਲਈ ਕਿਰਤ ਕਰਨਾ ਤੇ ਖਰਚਾਂ ਨੂੰ ਆਮਦਨ ਦੇ ਦਾਇਰੇ ਵਿਚ ਰੱਖ ਕੇ ਧਨ ਸੰਭਾਲਣਾ ਇਖਲਾਕੀ ਫਰਜ਼ ਹੈ। ਅਰਸਤੂ ਨੇ ਮਨੁੱਖ ਦੀ ਪੂੰਜੀ ਨੂੰ ਉਸ ਦੇ ਸਰੀਰ ਦਾ ਬਾਹਰੀ ਹਿੱਸਾ ਦੱਸਦਿਆਂ ਇਸ ਦੀ ਸੰਭਾਲ 'ਤੇ ਜ਼ੋਰ ਦਿੱਤਾ ਹੈ। ਉਸ ਅਨੁਸਾਰ ਪੂੰਜੀ ਮਨੁੱਖ ਦੀ ਮਿਹਨਤ ਤੋਂ ਪੈਦਾ ਹੁੰਦੀ ਹੈ ਤੇ ਇਸ ਦੇ ਜੀਵਨ ਨਿਰਬਾਹ ਲਈ ਕੰਮ ਆਉਂਦੀ ਹੈ। ਕਾਰਲ ਮਾਰਕਸ ਪੂੰਜੀ ਨੂੰ ਮਿਹਨਤ ਦੀ ਉਪਜ ਦੱਸਦਾ ਹੈ ਤੇ ਮਿਹਨਤ ਨੂੰ ਮਨੁੱਖੀ ਸਰੀਰ ਦੀ। ਉਸ ਅਨੁਸਾਰ ਇਸ ਨੇ ਸਮਾਜਕ ਵਿਕਾਸ ਵਿਚ ਜਾਦੂਮਈ ਕੰਮ ਕੀਤੇ ਹਨ।

ਫਰੈਡ੍ਰਿਕ ਐਂਗਲਜ਼ ਨੇ ਲਿਖਿਆ ਹੈ ਕਿ ਧਰਮ, ਕਲਾ, ਫਿਲਾਸਫੀ ਤੇ ਹੋਰ ਸੁਹਜ-ਸੁਆਦੀ ਗੱਲਾਂ ਮਾਰਨ ਤੋਂ ਪਹਿਲਾਂ ਮਨੁੱਖ ਦੀਆਂ ਬੁਨਿਆਦੀ ਭੌਤਿਕ ਲੋੜਾਂ ਦੀ ਪੂਰਤੀ ਹੋਣੀ ਅਤਿ ਜ਼ਰੂਰੀ ਹੈ। ਗੁਰਬਾਣੀ ਗਵਾਹ ਹੈ ਕਿ ਭੁੱਖ ਦੇ ਸਤਾਏ ਨਿਰਧਨ ਸੰਤ ਕਬੀਰ "ਭੂਖੇ ਭਗਤਿ ਨ ਕੀਜੈ॥ ਯਹ ਮਾਲਾ ਅਪਨੀ ਲੀਜੈ॥" ਦਾ ਮਿਹਣਾ ਮਾਰ ਕੇ ਪ੍ਰਭੂ ਦੇ ਵਿਦਰੋਹ ਵਿਚ ਉਠ ਖੜ੍ਹੇ ਹੋਏ ਸਨ। ਫਿਰ ਸਮਝ ਨਹੀਂ ਆਉਂਦੀ ਕਿ ਮਾਸਟਰ ਲਾਲੀ ਅਜਿਹੇ ਕਿਹੜੇ ਇਖਲਾਕ ਦੀ ਗੱਲ ਕਰਦੇ ਹਨ ਜੋ ਜੀਵਨ ਤੋਂ ਉਪਰ ਹਵਾ ਵਿਚ ਹੀ ਉਡਦਾ ਫਿਰਦਾ ਹੈ!

# ਸਾਹਿਤ ਤੋਂ ਵੀ ਸਹਿਮ ਗਈ ਸੀ ਪੰਜਾਬ ਪੁਲਿਸ

ਦੇ ਕਰਤਾ-ਧਰਤਾ ਸਨ, ਹੁਣ ਵੀ ਹਨ। ਉਨ੍ਹਾਂ ਵਲੋਂ ਮਿਲੇ ਹੁੰਗਾਰੇ ਨੇ ਸਾਡੇ ਜੋਸ਼ ਨੂੰ ਜਰਬਾਂ ਦੇ ਦਿੱਤੀਆਂ ਅਤੇ ਅਸੀਂ ਰਾਤ ਦੀ ਰੋਟੀ ਖਾ ਕੇ ਦੇਰ ਰਾਤ ਪਰਤ ਆਏ।

ਅਚਾਨਕ ਪਤਾ ਲੱਗਾ ਕਿ ਪਿੰਡ ਕੌਲਗੜ੍ਹ ਦੀ ਹੱਦ-ਬਸਤ ਵਿਚ ਦਫ਼ਾ 144 ਲਾ ਦਿੱਤੀ ਗਈ ਹੈ। ਰਾਤੋ-ਰਾਤ ਅਸੀਂ ਹਮਦਰਦ ਪਰਿਵਾਰਾਂ ਦੇ ਬੱਚਿਆਂ, ਨੌਜਵਾਨਾਂ ਦੀ ਮੱਦਦ ਨਾਲ ਅਜਿਹਾ ਸਾਈਕਲ ਸਕੁਐਡ ਤਿਆਰ ਕੀਤਾ ਕਿ ਸਬੰਧਤ ਬੱਸ ਅੱਡੇ 'ਤੇ ਜਿਹੜਾ ਵੀ ਲੇਖਕ/ਚਿੰਤਕ ਉਤਰੇ, ਉਹਨੂੰ ਪਿੰਡ ਗੁਲਪੁਰ, ਇਸ ਲੇਖ ਦੇ ਲੇਖਕ ਦੇ ਘਰ ਪਹੁੰਚਾਇਆ ਜਾਵੇ। ਇਸ ਦੇ ਬਾਵਜੂਦ ਸ. ਸੰਤੋਖ ਸਿੰਘ ਧੀਰ ਕਿਸੇ ਤਰ੍ਹਾਂ ਪਿੰਡ ਕੌਲਗੜ ਪਹੁੰਚ ਗਏ ਜਿਨ੍ਹਾਂ ਨੂੰ ਸ਼ੇਤਰਾ ਸਮੇਤ ਹਿਰਾਸਤ ਵਿਚ ਲੈ ਲਿਆ ਗਿਆ। ਦੂਜੇ ਪਾਸੇ ਮੇਰੇ ਘਰ ਪਰਮਜੀਤ ਦੇਹਲ ਦੀ ਅਗਵਾਈ ਹੇਠ ਮਹਿਮਾਨਾਂ ਨੂੰ ਸਾਈਕਲਾਂ ਉਤੇ ਬਿਠਾ ਕੇ ਪਿੰਡ ਗੁਲਪੁਰ ਲਿਜਾਇਆ ਜਾ ਰਿਹਾ ਸੀ। ਸਾਡੀ ਉਸ ਸਮੇਂ ਦੀ ਮਿਹਨਤ ਨਾਲ ਸਾਰਾ ਪ੍ਰੋਗਰਾਮ ਖੁਫੀਆ ਤਰੀਕੇ ਰਾਹੀਂ ਕੌਲਗੜ੍ਹ ਦੀ ਥਾਂ ਪਿੰਡ ਗੁਲਪੁਰ ਤਬਦੀਲ ਕਰ ਦਿੱਤਾ ਗਿਆ ਸੀ। ਸੰਤ ਰਾਮ ਉਦਾਸੀ, ਜਸਵੰਤ ਖਟਕੜ ਅਤੇ ਪਰਚੇ ਦੇ ਲੇਖਕ ਐਸ.ਐਨ. ਸੇਵਕ ਆਦਿ ਸਾਡੇ ਘਰ ਆਏ, ਪਰਚਾ ਪੜ੍ਹਿਆ ਤੇ ਵਿਚਾਰਾਂ ਹੋਈਆਂ।

ਉਸ ਸਮੇਂ ਭਾਵੇਂ ਸਾਡੇ ਸਾਂਝੇ ਘਰ ਕਾਹਲੀ ਵਿਚ 40 ਕੁ ਬੰਦੇ ਹੀ ਇਕੱਤਰ ਕੀਤੇ ਜਾ ਸਕੇ, ਪਰ ਅਸੀਂ ਸੰਕੇਤਕ ਰੂਪ ਵਿਚ ਆਪਣੀ ਜ਼ਿਦ ਪੁਗਾ ਲਈ ਸੀ। ਇਸੇ ਗੱਲਬਾਤ ਦੌਰਾਨ ਸਾਡੀਆਂ ਮਾਂਵਾਂ ਅਤੇ ਭੈਣਾਂ ਨੇ ਤੁਰੰਤ ਰੋਟੀ ਤਿਆਰ ਕਰ ਲਈ। ਸਾਡੀ ਪਹਿਲ ਮਿੱਤਰਾਂ ਨੂੰ ਥਾਂਉਂ-ਥਾਂਈਂ ਪਹੁੰਚਾਉਣ ਦੀ ਸੀ। ਉਸ ਸਮੇਂ ਜਿਸ ਦਸ ਸਾਲਾ 'ਗੁਰੀਲੇ' ਨੇ ਸਭ ਤੋਂ ਵਧ ਕੰਮ ਕੀਤਾ ਸੀ, ਉਹ ਮੈਨੂੰ ਵਕਤ ਦੀ ਮਾਰ ਹੇਠ ਭੁੱਲ ਗਿਆ। ਹੁਣ ਕੌਲਗੜ੍ਹ ਦਾ ਉਹੀ ਰੇਸ਼ਮ ਸਾਡੇ ਪਿੰਡ ਵਿਆਹਿਆ ਹੋਇਆ ਹੈ। ਅਸਲ ਵਿਚ ਇਹ ਲੇਖ ਲਿਖਾਉਣ ਵਾਲਾ ਉਹੀ ਸ਼ਖਸ, ਖੱਦਰ ਵਰਗਾ ਰੇਸ਼ਮ ਹੀ ਹੈ। ਹਾਂ... ਅਜੇ ਇੱਕ ਕੰਮ ਰਹਿ ਗਿਆ ਸੀ, ਉਹ ਸੀ ਭਾਅ ਜੀ ਗੁਰਸ਼ਰਨ ਸਿੰਘ ਦੇ ਨਾਟਕਾਂ ਦੀ ਸ਼ਾਮ। ਇਸ ਕੰਮ ਨੂੰ ਵੀ ਇੱਕ ਹਫਤੇ ਬਾਅਦ ਪਿੰਡ ਕੌਲਗੜ੍ਹ ਵਿਖੇ ਅੰਜਾਮ ਦੇ ਦਿੱਤਾ ਗਿਆ। ਉਸ ਪ੍ਰੋਗਰਾਮ ਵਰਗਾ ਪ੍ਰੋਗਰਾਮ ਅੱਜ ਤੱਕ ਦੇਖਣ ਨੂੰ ਨਹੀਂ ਮਿਲਿਆ। ਇਸ ਪ੍ਰੋਗਰਾਮ ਦੌਰਾਨ ਜਸਵੰਤ ਖਟਕੜ ਨੇ ਜਿਸ ਤਰ੍ਹਾਂ ਪੂਰੇ ਜਲੌਅ ਨਾਲ ਆਪਣੀ ਕਵਿਤਾ 'ਬੜਾ ਕੁਝ ਹੋਣ ਵਾਲਾ ਹੈ' ਪੜ੍ਹੀ ਸੀ, ਉਸ ਨੇ ਸਾਡੇ ਇਸ ਮਿੱਤਰ ਪਿਆਰੇ ਨੂੰ ਸਾਡੇ ਹਲਕੇ ਵਿਚ ਮਸ਼ਹੂਰ ਕਰ ਦਿੱਤਾ। ਬਾਅਦ ਵਿਚ ਮਾਲੂਮ ਹੋਇਆ ਕਿ ਪੁਲਿਸ ਨੇ ਸੰਤੋਖ ਸਿੰਘ ਧੀਰ ਤੋਂ ਕਾਇਲ ਹੋ ਕੇ ਮਾਮਲਾ ਰਫ਼ਾ-ਦਫ਼ਾ ਕਰ ਦਿੱਤਾ ਹੈ।

ਸਿਆਣੇ ਕਹਿੰਦੇ ਨੇ, ਜੇ ਜੋਸ਼ ਨਾਲ ਹੋਸ਼ ਮਿਲ ਜਾਵੇ, ਤਾਂ ਸਫਰ ਸੌਖਾ ਤੈਅ ਹੋ ਜਾਂਦਾ ਹੈ। ਆਖਰ ਸਫਰ ਤਾਂ ਕਰਨਾ ਹੀ ਹੈ।

# ਕਹਿਰ ਕਰਦਿਆਂ ਟੁੱਟਿਆ ਕਹਿਰ ਖੁਦ 'ਤੇ...

ਮੂੰਹ ਆਈ ਬਾਤ



ਮੇਜਰ ਕੁਲਾਰ ਬੋਪਾਰਾਈਕਲਾਂ
ਫੋਨ:916-273-2856
www.boparaisudhar.com

ਰੋਟੀ ਕਿਸ ਨੂੰ ਕਹਿੰਦੇ ਹਨ, ਕਦੇ ਕਿਸੇ ਭੁੱਖੇ ਨੂੰ ਪੁੱਛਿਓ... ਛੱਤ ਕਿਸ ਨੂੰ ਆਖਦੇ ਹਨ, ਕਦੇ ਅਸਮਾਨ ਥੱਲੇ ਸੁੱਤੇ ਨੂੰ ਪੁੱਛਿਓ... ਮੌਤ ਦਾ ਦਰਦ ਉਸ ਬਾਪੂ ਨੂੰ ਪੁੱਛਿਓ ਜਿਹੜਾ ਆਪਣੇ ਬੁੱਢੇ ਮੋਢਿਆਂ 'ਤੇ ਆਪਣੇ ਪੁੱਤ ਦੀ ਅਰਥੀ ਲਿਜਾ ਰਿਹਾ ਹੋਵੇ... ਮਮਤਾ ਕਿਸ ਨੂੰ ਆਖਦੇ ਹਨ, ਉਸ ਮਾਂ ਨੂੰ ਪੁੱਛਿਓ ਜਿਸ ਦੀਆਂ ਆਂਦਰਾਂ ਦਾ ਰੁੱਗ ਕਿਸੇ ਨੇ ਉਸ ਦੀਆਂ ਅੱਖਾਂ ਅੱਗੇ ਭਰ ਲਿਆ ਹੋਵੇ... ਵੀਰਾਂ ਦਾ ਪਿਆਰ ਉਸ ਭੈਣ ਨੂੰ ਪੁੱਛਿਓ ਜਿਸ ਦੇ ਦੋ ਭਰਾ ਇਕੱਠੇ ਤੁਰ ਨਹੀਂ, ਤੋਰ ਦਿੱਤੇ ਗਏ ਹੋਣ। ਰੱਖੜੀ ਵਾਲਾ ਦਿਨ ਉਸ ਲਈ ਰੱਖੜ ਪੁੰਨਿਆ ਨਹੀਂ, ਸਗੋਂ ਮੱਸਿਆ ਦੀ ਕਾਲੀ-ਬੋਲੀ ਰਾਤ ਹੋਵੇਗਾ!

ਖਾੜਕੂ ਸੰਘਰਸ਼ ਦੌਰਾਨ ਵੀ ਕਈ ਸਿੰਘ ਅਤੇ ਕਈ ਪੁਲਿਸ ਵਾਲੇ ਇਸ ਕਰ ਕੇ ਮਾਰ ਦਿੱਤੇ ਗਏ ਜਿਨ੍ਹਾਂ ਨੇ ਜਾਇਜ਼ ਤੇ ਨਾਜਾਇਜ਼ ਅਸਲਾ ਮੋਢੇ ਲਟਕਾਇਆ ਹੋਇਆ ਸੀ। ਜਿਸ ਤਰ੍ਹਾਂ ਮਾਛੀਵਾੜੇ ਦੇ ਪਿੰਡ ਬੋਹਾਪੁਰ ਵਿਚ ਵਾਪਰਿਆ, ਉਸ ਤਰ੍ਹਾਂ ਦੀ ਹਨੇਰਗਰਦੀ ਸੰਨ ਨੱਬੇ ਵਿਚ ਪੁਲਿਸ ਦੀ ਕਾਲੀ ਚਾਦਰ ਥੱਲੇ ਵਾਪਰ ਗਈ ਸੀ।

ਸੰਨ ਸੰਤਾਲੀ ਦੀ ਵੰਡ ਦਾ ਸੇਕ ਦਲੇਰ ਸਿੰਘ ਮਾਨਾਂਵਾਲੇ ਨੇ ਆਪਣੇ ਪਿੰਡੇ ਹੰਢਾਇਆ ਸੀ। ਉਸ ਦੀਆਂ ਅੱਖਾਂ ਅੱਗੇ ਉਸ ਦੀ ਧੀ ਨਾਲ ਧੱਕਾ ਕਰ ਕੇ ਉਸ ਨੂੰ ਮਾਰ ਦਿੱਤਾ ਸੀ। ਉਸ ਦੀ ਚੀਕ ਚੁੱਪ ਦਾ ਰੂਪ ਧਾਰਨ ਕਰ ਗਈ ਸੀ। ਘਰਵਾਲੀ ਨਿਹਾਲ ਕੌਰ ਪੁੱਤਰ ਨੂੰ ਗੋਦ ਵਿਚ ਲੁਕੋ ਕੇ ਇਸ ਖੂਨੀ ਤੂਫਾਨ ਤੋਂ ਬਚਾਉਣਾ ਚਾਹੁੰਦੀ ਸੀ। ਮਨੁੱਖ ਨੇ ਸ਼ੈਤਾਨ ਦੀਆਂ ਪੁਸ਼ਾਕਾਂ ਪਾ ਲਈਆਂ ਸਨ, ਪਾਣੀ ਦੀ ਘੁੱਟ ਨਹੀਂ ਸਗੋਂ ਮਨੁੱਖੀ ਖੂਨ ਡੀਕ ਲਾ ਪੀਤਾ ਜਾ ਰਿਹਾ ਸੀ। ਦੋਵੇਂ ਜਣੇ ਆਪਣੇ ਪੁੱਤ ਨੂੰ ਮੌਤ ਦੀ ਚੁੰਗਲ ਵਿਚੋਂ ਬਚਾ ਕੇ ਰੱਬ ਦਾ ਸ਼ੁਕਰ ਮਨਾਉਣ ਲੱਗੇ। ਘਰ-ਬਾਰ ਦਾ ਨਾਮੋ-ਨਿਸ਼ਾਨ ਮਿਟ ਗਿਆ। ਭਰਿਆ-ਭਰਾਇਆ ਘਰ ਛੱਡ ਕੇ ਬੁਰਕੀ ਲਈ ਤਰਸਣ ਲੱਗੇ। ਉਹ ਹੋਰਾਂ ਵਾਂਗ ਹਕੂਮਤ ਨੂੰ ਗਾਲ੍ਹਾਂ ਨਹੀਂ ਸੀ ਕੱਢਦੇ, ਸਗੋਂ ਦੋਵੇਂ ਹੱਥ ਜੋੜ ਕੇ ਆਪਣੇ ਇਕਲੌਤੇ ਪੁੱਤਰ ਦੀ ਲੰਮੀ ਉਮਰ ਦੀ ਅਰਦਾਸ ਕਰਦੇ ਸਨ।

ਖੈਰ! ਦੁੱਖਾਂ ਦੇ ਤਬਾਦਲੇ ਹੁੰਦੇ ਗਏ। ਜਦੋਂ ਟਿਕ-ਟਿਕਾ ਹੋਇਆ, ਤਾਂ ਦਲੇਰ ਸਿੰਘ ਨੂੰ ਜਗਰਾਉਂ ਦੇ ਲਾਗਲੇ ਪਿੰਡਾਂ ਵਿਚ ਜ਼ਮੀਨ ਆਲਟ ਹੋ ਗਈ, ਜਿਥੇ ਪਹਿਲਾਂ ਉਸ ਦੇ ਭਰਾ ਗੁਰਨੈਬ ਸਿੰਘ ਨੂੰ ਮਿਲੀ ਸੀ। ਭਰਾ ਨੇ ਭਰਾ ਕੋਲ ਹੀ ਜ਼ਮੀਨ ਲੈ ਲਈ। ਦੋਹਾਂ ਨੇ ਖੇਤਾਂ ਵਿਚ ਹੀ ਸਿਰ ਢੱਕਣ ਲਈ ਛੱਤ ਬਣਾ ਲਈ। ਹੌਲੀ-ਹੌਲੀ ਜ਼ਖ਼ਮਾਂ 'ਤੇ ਹੌਸਲੇ ਦੀਆਂ ਮਲ੍ਹਮਾਂ ਲੱਗਣ ਨਾਲ, ਉਨ੍ਹਾਂ ਨੂੰ ਸੰਤਾਲੀ ਦਾ ਸੁਪਨਾ ਜਿਹਾ ਲੱਗਣ ਲੱਗਿਆ; ਪਰ ਨਹੀਂ! ਦਲੇਰ ਸਿੰਘ ਦਾ ਦਿਲ ਅਜੇ ਵੀ ਜ਼ਖ਼ਮੀ ਸੀ। ਉਹ ਕੁਝ ਨਹੀਂ ਸੀ ਭੁੱਲਿਆ। ਉਸ ਨੂੰ ਧੀ ਦੇ ਮਾਰ ਦਿੱਤੇ ਜਾਣ ਦਾ ਦੁੱਖ ਤੇ ਗਮ ਸਿਵਿਆਂ ਤੱਕ ਨਾਲ ਜਾਣ ਦਾ ਹਾਮੀ ਹੋ ਬੈਠਾ ਸੀ।

ਦੋਹਾਂ ਭਰਾਵਾਂ ਨੂੰ ਨੌਂ-ਨੌਂ ਕਿੱਲੇ ਜ਼ਮੀਨ ਮਿਲੀ। ਗੁਰਨੈਬ ਦੇ ਤਿੰਨ ਮੁੰਡੇ ਸਨ ਅਤੇ ਦਲੇਰ ਸਿੰਘ ਦਾ ਇਕਲੌਤਾ ਨਿਸ਼ਾਨ ਸਿੰਘ। ਸਮਾਂ ਬੀਤਿਆ, ਉਜੜੇ ਘਰ ਆਬਾਦ ਹੋਣ ਲੱਗੇ। ਨਿਸ਼ਾਨ ਸਿੰਘ ਵੀ ਜਵਾਨ ਹੋ ਗਿਆ। ਮਾਪਿਆਂ ਨੇ ਮਸਾਂ ਉਹ ਦਿਨ ਦੇਖਿਆ ਜਦ ਨਿਸ਼ਾਨ ਸਿੰਘ ਸਿਹਰਾ ਬੰਨ੍ਹ ਕੇ ਵਿਆਹੁਣ ਤੁਰਿਆ। ਤਾਏ ਦੀਆਂ ਨੂੰਹਾਂ ਨੇ ਸੁਰਮਾ ਪਾਇਆ। ਸਰੀਕੇ ਵਿਚੋਂ ਲੱਗਦੀਆਂ ਭੈਣਾਂ ਨੇ ਸ਼ਗਨਾਂ ਦੇ ਗੀਤ ਗਾਏ। ਚਾਰੇ ਪਾਸੇ ਖੁਸ਼ੀਆਂ ਨੱਚ-ਗਾ ਰਹੀਆਂ ਸਨ, ਪਰ ਦਲੇਰ ਸਿੰਘ ਅੱਗੇ ਧੀ ਨਾਲ ਹੁੰਦੀ ਧੱਕੇਸ਼ਾਹੀ ਦਾ ਸੀਨ ਘੁੰਮ ਗਿਆ। ਉਸ ਨੂੰ ਲੱਗਦਾ ਕਿ ਉਹ ਧੀ ਦਾ ਕਾਤਲ ਹੈ, ਧੀ ਦੇ ਮਰਨ ਤੋਂ ਪਹਿਲਾਂ ਉਹ ਮਰ ਕਿਉਂ ਨਾ ਗਿਆ। ਦਲੇਰ ਸਿੰਘ ਨੇ ਆਪਣਾ ਦੁੱਖ ਤੇ ਅੱਖਾਂ ਵਿਚਲੇ ਹੰਝੂ ਆਪਣੇ ਦਿਲਾਸੇ ਨਾਲ ਹੀ ਪੂੰਝ ਲਏ, ਤੇ ਪੁੱਤ ਵਿਆਹੁਣ ਤੁਰ ਪਿਆ। ਨਿਸ਼ਾਨ ਸਿੰਘ ਦਾ ਸਹੁਰਾ ਪਰਿਵਾਰ ਵੀ ਸੰਤਾਲੀ ਦੀ ਮਾਰ ਝੱਲਦਾ ਹੋਇਆ ਮਸਾਂ ਪੈਰਾਂ ਸਿਰ ਹੋਇਆ ਸੀ। ਦੁੱਖ ਵਿਚ ਦੁੱਖ ਵਾਲਾ ਹੀ ਸਰੀਕ ਹੋਵੇ, ਤਾਂ ਦੁੱਖ ਘਟ ਜਾਂਦਾ ਹੈ। ਬੜਾ ਸਾਦਾ ਜਿਹਾ ਵਿਆਹ ਹੋਇਆ। ਨਾ ਕੋਈ ਦਾਜ, ਨਾ ਕੋਈ ਟੂਮ-ਛੱਲਾ। ਬੱਸ, ਨਿਸ਼ਾਨ ਸਿੰਘ ਵਹੁਟੀ ਲੈ ਆਇਆ। ਨਿਹਾਲ ਕੌਰ ਨੇ ਪਾਣੀ ਵਾਰ ਕੇ ਪੀਤਾ। ਸੁਭਾਗ ਜੋੜੀ ਨੂੰ ਅਸ਼ੀਰਵਾਦ ਦਿੱਤਾ। ਚਾਰ ਦਿਨ ਰੌਣਕਾਂ ਲੱਗਣ ਤੋਂ ਬਾਅਦ ਸਾਰੇ ਰਿਸ਼ਤੇਦਾਰ ਚਲੇ ਗਏ। ਨਿਹਾਲ ਕੌਰ ਆਪਣੀ ਨੂੰਹ ਨਾਲ ਕੰਮ-ਧੰਦਾ ਕਰਵਾਉਂਦੀ। ਨਿਸ਼ਾਨ ਸਿੰਘ ਤੇ ਦਲੇਰ ਸਿੰਘ ਖੇਤੀ ਦਾ ਕੰਮ-ਕਾਰ ਕਰਦੇ, ਚਾਰ ਪੈਸੇ ਜੁੜਦੇ ਗਏ। ਦਲੇਰ ਸਿੰਘ ਨੇ ਘਰ ਵੀ ਵਧੀਆ ਬਣਾ ਲਿਆ। ਦੂਜੇ ਪਾਸੇ, ਗੁਰਨੈਬ ਸਿੰਘ ਦਾ ਪਰਿਵਾਰ ਵੱਡਾ ਹੋਣ ਕਰ ਕੇ ਕਮਾਈ ਵਿਚ ਬਰਕਤ ਨਾ ਪੈਂਦੀ।

ਦਲੇਰ ਸਿੰਘ ਹੋਰਾਂ ਦਾ ਕੰਮ-ਕਾਜ ਚੜ੍ਹਦਾ ਦੇਖ ਕੇ ਗੁਰਨੈਬ ਸਿੰਘ ਦੇ ਪੁੱਤਰਾਂ ਵਿਚ ਸਾੜਾ ਸ਼ੁਰੂ ਹੋ ਗਿਆ। ਮਾੜੀ ਕਿਸਮਤ, ਗੁਰਨੈਬ ਸਿੰਘ ਕਰੰਟ ਲੱਗਣ ਨਾਲ ਮੌਤ ਦੀ ਬੁੱਕਲ ਜਾ ਵੜਿਆ। ਭੋਗ ਤੋਂ ਬਾਅਦ ਪੁੱਤਰਾਂ ਨੇ ਵੰਡ ਦੀਆਂ ਲਕੀਰਾਂ ਖਿੱਚ ਲਈਆਂ। ਨੌਂ ਕਿੱਲੇ ਜ਼ਮੀਨ ਤਿੰਨ-ਤਿੰਨ ਕਿੱਲਿਆਂ ਵਿਚ ਵੰਡੀ ਗਈ। ਝੱਗਾ ਤਾਂ ਪਹਿਲਾਂ ਹੀ ਮੇਚ ਨਹੀਂ ਸੀ ਆਉਂਦਾ, ਵੰਡੀਆਂ ਪੈਣ ਨਾਲ ਧੁੰਨੀ ਤੋਂ ਉਪਰ ਹੀ ਰਹਿ ਗਿਆ ਸੀ। ਆਪਸੀ ਕਲੇਸ਼ ਕਰ ਕੇ ਭਰਾ, ਭਰਾ ਦਾ ਵੈਰੀ ਬਣਦਾ ਗਿਆ।

ਨਿਸ਼ਾਨ ਸਿੰਘ ਦੇ ਵਿਆਹ ਨੂੰ ਪੰਜ ਸਾਲ ਹੋ ਗਏ ਸਨ, ਪਰ ਕੋਈ ਨਿਆਣਾ ਨਾ ਹੋਇਆ। ਦਲੇਰ ਸਿੰਘ ਤੇ ਨਿਹਾਲ ਕੌਰ ਪਰਮਾਤਮਾ ਅਤੇ ਆਸ ਨਾਲ ਜਿਉਂਦੇ ਸਨ। ਨਿਹਾਲ ਸਿੰਘ ਸਵੇਰੇ ਗੁਰਦੁਆਰੇ ਜਾ ਆਉਂਦਾ ਅਤੇ ਨਿਹਾਲ ਕੌਰ ਨੂੰਹ ਨੂੰ ਨਾਲ ਲਿਜਾ ਕੇ ਸ਼ਾਮ ਨੂੰ ਮੱਥਾ ਟੇਕ ਆਉਂਦੀ। ਉਧਰ ਗੁਰਨੈਬ ਸਿੰਘ ਦੇ ਪੁੱਤਰ, ਨਿਸ਼ਾਨ ਸਿੰਘ ਨੂੰ 'ਔਤ ਜਾਵੇਗਾ' ਕਹਿ ਕੇ ਹੱਸ ਪੈਂਦੇ, ਤੇ ਸਾਰੀ ਜ਼ਮੀਨ ਦੇ ਆਪ ਮਾਲਕ ਬਣ ਜਾਂਦੇ, ਪਰ ਸਰੀਕਾਂ ਦੇ ਬੋਲਾਂ 'ਤੇ ਉਸ ਵਕਤ ਜਿੰਦਰਾ ਲੱਗ ਗਿਆ, ਜਦੋਂ ਪਰਮਾਤਮਾ ਨੇ ਨਿਸ਼ਾਨ ਸਿੰਘ ਨੂੰ ਜੌੜੇ ਪੁੱਤਰਾਂ ਦੀ ਦਾਤ ਬਖ਼ਸ਼ ਦਿੱਤੀ। ਦਲੇਰ ਸਿੰਘ ਦੇ ਘਰ ਸਾਰਾ ਸਰੀਕਾ ਪਿੰਡੋਂ ਚੱਲ ਕੇ ਵਧਾਈਆਂ ਦੇਣ ਆਇਆ, ਪਰ ਉਸ ਦੇ ਭਤੀਜਿਆਂ ਦੇ ਮੂੰਹੋਂ ਸ਼ਗਨਾਂ ਦੇ ਲੱਡੂ ਅੰਦਰ ਨਾ ਲੰਘਦੇ। ਕਹਿੰਦੇ ਨੇ, ਸਭ ਤੋਂ ਭੈੜੀ ਬਿਮਾਰੀ ਹੈ... ਕਿਸੇ ਦੀ ਖੁਸ਼ੀ ਵਿਚ ਸੜਨਾ; ਤੇ ਸਭ ਤੋਂ ਸੌਖਾ ਇਸ ਦਾ ਇਲਾਜ ਹੈ... ਕਿਸੇ ਦੀ ਖੁਸ਼ੀ ਨੂੰ ਆਪਣੀ ਸਮਝ ਕੇ ਉਸ 'ਚ ਨੱਚਣਾ।

ਦਲੇਰ ਸਿੰਘ ਨੇ ਅਖੰਡ ਪਾਠ ਕਰਵਾ ਕੇ ਪੋਤਰਿਆਂ ਦੀ ਲੋਹੜੀ ਮਨਾਈ। ਸਭ ਨੂੰ ਸੱਦ ਕੇ ਖੁਸ਼ੀਆਂ ਨਾਲ ਤੋਰਿਆ। ਔੜ ਲੱਗੀ ਤੋਂ ਪਿਆ ਮੀਂਹ ਸੋਨੇ 'ਤੇ ਸੁਹਾਗਾ ਹੁੰਦਾ ਹੈ, ਪਰ ਜੇ ਇਹ ਮੀਂਹ ਕਿਸੇ ਦੀ ਮਾੜੀ ਨੀਅਤ ਦੀ ਬੀਜੀ ਕਣਕ 'ਤੇ ਪੈ ਜਾਵੇ ਤਾਂ ਉਹ ਕਰੰਡ ਹੋ ਜਾਂਦੀ ਹੈ। ਗੁਰਨੈਬ ਸਿੰਘ ਦੇ ਪੁੱਤਰਾਂ ਦੀਆਂ ਸਕੀਮਾਂ ਘੜੀਆਂ-ਘੜਾਈਆਂ ਰਹਿ ਗਈਆਂ। ਸਮਾਂ ਬੀਤਿਆ, ਪਰ ਉਹ ਸਾੜੇ ਦੀ ਭੱਠੀ ਵਿਚ ਤਪਦੇ ਰਹੇ। ਉਨ੍ਹਾਂ ਦਾ ਕਲੇਜਾ ਉਦੋਂ ਥੋੜ੍ਹਾ ਠਰਿਆ, ਜਦੋਂ ਦਲੇਰ ਸਿੰਘ ਨੂੰ ਅਚਾਨਕ ਦਿਲ ਦਾ ਦੌਰਾ ਪੈ ਗਿਆ, ਤੇ ਉਹ ਜਹਾਨੋਂ ਤੁਰ ਗਿਆ। ਭਤੀਜੇ ਸੋਚਦੇ ਕਿ ਦਰਖ਼ਤ ਜੜ੍ਹੋਂ ਪੁੱਟਿਆ ਗਿਆ, ਟਾਹਣੀਆਂ ਤਾਂ ਆਪੇ ਹੀ ਸੁੱਕ ਜਾਣਗੀਆਂ। ਫਿਰ ਨਿਸ਼ਾਨ ਸਿੰਘ ਦੇ ਪੁੱਤਰ ਜਵਾਨ ਹੋਣ ਲੱਗੇ। ਉਧਰ, ਖਾੜਕੂਵਾਦ ਵੀ ਜ਼ੋਰ ਫੜਨ ਲੱਗਾ। ਪਿੰਡੋਂ ਦੂਰ ਖੇਤਾਂ ਵਿਚ ਘਰ ਹੋਣ ਕਰ ਕੇ ਕਦੇ-ਕਦੇ ਖਾੜਕੂ, ਗੁਰਨੈਬ ਸਿੰਘ ਦੇ ਪੁੱਤਰਾਂ ਦੇ ਘਰ ਪ੍ਰਸ਼ਾਦਾ ਛਕ ਜਾਂਦੇ। ਨਿਸ਼ਾਨ ਸਿੰਘ ਨੇ ਕਈ ਵਾਰ ਖਾੜਕੂਆਂ ਨੂੰ ਦੇਖ ਲਿਆ ਸੀ, ਪਰ ਚੁੱਪ ਧਾਰੀ ਰੱਖੀ, ਕਿਸੇ ਨਾਲ ਵੀ ਗੱਲ ਨਾ ਕੀਤੀ।

ਮਾੜੇ ਦਿਨ ਵੀ ਬੂਹਾ ਖੜਕਾ ਕੇ ਨਹੀਂ ਆਉਂਦੇ ਅਤੇ ਨਾ ਮੌਤ ਪੁੱਛ ਕੇ ਆਉਂਦੀ ਹੈ। ਖਾੜਕੂਆਂ ਵਿਚੋਂ ਇਕ ਪੁਲਿਸ ਦੇ ਅੜਿੱਕੇ ਆ ਗਿਆ। ਉਸ ਨੇ ਤਸ਼ੱਦਦ ਨਾ ਸਹਾਰਦਿਆਂ ਸਾਰੇ ਥਾਂ-ਟਿਕਾਣੇ ਦੱਸ ਦਿੱਤੇ। ਪੁਲਿਸ ਨੇ ਗੁਰਨੈਬ ਸਿੰਘ ਦੇ ਪੁੱਤਰਾਂ ਦਾ ਘਰ ਘੇਰ ਲਿਆ, ਪਰ ਉਨ੍ਹਾਂ ਕਹਿ ਦਿੱਤਾ ਸੀ, 'ਸਾਡੇ ਨਹੀਂ ਆਉਂਦੇ, ਆਹ ਨਾਲ ਦੇ ਘਰ ਵਾਲਿਆਂ ਦੇ ਆਉਂਦੇ ਸੀ ਤੇ ਪ੍ਰਸ਼ਾਦਾ ਛਕਦੇ ਸੀ।' ਪੁਲਿਸ ਨੇ ਨਿਸ਼ਾਨ ਸਿੰਘ ਤੇ ਉਸ ਦੇ ਪੁੱਤਰ ਨੂੰ ਚੁੱਕ ਲਿਆ। ਦੂਜਾ ਪੁੱਤਰ ਨਾਨਕੇ ਗਿਆ ਹੋਣ ਕਰ ਕੇ ਬਚ ਗਿਆ। ਨਿਸ਼ਾਨ ਸਿੰਘ ਨੇ ਬਥੇਰਾ ਕਿਹਾ ਕਿ ਖਾੜਕੂ ਉਨ੍ਹਾਂ ਦੇ ਘਰ ਨਹੀਂ ਸਨ ਆਉਂਦੇ, ਪਰ ਪੁਲਿਸ ਨੂੰ 'ਪੱਕੀ ਸੂਹ' ਮਿਲੀ ਹੋਈ ਸੀ। ਉਨ੍ਹਾਂ ਦਿਨਾਂ ਵਿਚ ਦੀਵਾਨੇ ਟੂਰਨਾਮੈਂਟ 'ਤੇ ਖਾੜਕੂਆਂ ਨੇ ਚਾਰ ਪੁਲਿਸ ਵਾਲੇ ਮਾਰੇ ਸੀ। ਪੁਲਿਸ ਨੂੰ ਵੀ ਪੂਰਾ ਗੁੱਸਾ ਸੀ। ਫਿਰ ਇਕ ਦਿਨ, ਦੋ ਦਿਨ, ਮਹੀਨਾ ਤੇ ਸਾਲ ਬੀਤ ਗਏ, ਪਿਉ-ਪੁੱਤ ਦਾ ਕੋਈ ਪਤਾ ਨਾ ਲੱਗਾ। ਗੁਰਨੈਬ ਸਿੰਘ ਦੇ ਪੁੱਤਰਾਂ ਨੂੰ ਵੀ ਪੁਲਿਸ ਲੈ ਕੇ ਗਈ ਸੀ, ਪਰ ਉਨ੍ਹਾਂ ਨੇ ਭਾਂਡਾ ਨਿਸ਼ਾਨ ਸਿੰਘ ਸਿਰ ਭੰਨ੍ਹ ਦਿੱਤਾ ਸੀ ਅਤੇ ਆਪ ਉਹ ਥਾਣੇ ਵਿਚੋਂ ਪੁਲਿਸ ਦੇ ਮੁਖ਼ਬਰ ਦੀ ਫੀਤੀ ਲਵਾ ਕੇ ਬਾਹਰ ਆ ਗਏ। ਫੜੇ ਗਏ ਖਾੜਕੂ ਦਾ ਪੁਲਿਸ ਨੇ ਮੁਕਾਬਲਾ ਬਣਾ ਕੇ ਦਿਖਾ ਦਿੱਤਾ।

ਹੌਲੀ-ਹੌਲੀ ਸਾਰੀ ਗੱਲ ਖਾੜਕੂਆਂ ਕੋਲ ਪਹੁੰਚ ਗਈ। ਉਨ੍ਹਾਂ ਵਿਉਂਤਬੰਦੀ ਕੀਤੀ ਅਤੇ ਰਾਤ ਨੂੰ ਗੁਰਨੈਬ ਸਿੰਘ ਦੇ ਪੁੱਤਰਾਂ ਦੇ ਘਰ ਆਏ, ਪ੍ਰਸ਼ਾਦਾ ਛਕਿਆ ਤੇ ਆਪਸ ਵਿਚ ਗੱਲਾਂ ਕਰਨ ਲੱਗੇ, 'ਆਪਾਂ ਸਾਰੇ ਅੱਜ ਤੜਕਿਉਂ ਮਹਿਦੇਆਣੇ ਸਾਹਿਬ ਦੇ ਸਰੋਵਰ 'ਤੇ ਇਕੱਠੇ ਹੋਵਾਂਗੇ ਤੇ ਅਗਲਾ ਪ੍ਰੋਗਰਾਮ ਉਲੀਕਿਆ ਜਾਵੇਗਾ।' ਉਹ ਪ੍ਰਸ਼ਾਦਾ ਛਕ ਕੇ ਚਲੇ ਗਏ ਤੇ ਗੁਰਨੈਬ ਸਿੰਘ ਦੇ ਦੋ ਮੁੰਡੇ ਸਕੂਟਰ ਲੈ ਕੇ ਸਿੱਧੇ ਰਾਏਕੋਟ ਥਾਣੇ ਚਲੇ ਗਏ।

ਪੁਲਿਸ ਨੇ ਚਾਰੇ ਪਾਸੇ ਫੋਨ ਖੜਕਾ ਦਿੱਤੇ ਤੇ ਮਹਿਦੇਆਣਾ ਸਾਹਿਬ ਨੂੰ ਘੇਰਾ ਪਾ ਲਿਆ, ਪਰ ਉਥੋਂ ਕੋਈ ਨਾ ਮਿਲਿਆ। ਖਾੜਕੂਆਂ ਨੂੰ ਪਤਾ ਲੱਗ ਗਿਆ ਕਿ ਉਸ ਘਰ ਵਾਲਿਆਂ ਨੇ ਹੀ ਮੁਖ਼ਬਰੀ ਕੀਤੀ ਹੈ। ਹਫ਼ਤੇ ਕੁ ਬਾਅਦ ਤਿੰਨਾਂ ਭਰਾਵਾਂ ਦੀਆਂ ਲਾਸ਼ਾਂ ਛੱਪੜ ਦੇ ਕੰਢੇ ਪਈਆਂ ਮਿਲੀਆਂ। ਗੁਰਨੈਬ ਸਿੰਘ ਦੇ ਪੋਤੇ ਵੀ ਉਮਰੋਂ ਪਹਿਲਾਂ ਤੁਰ ਗਏ। ਕੋਈ ਨਸ਼ੇ ਨਾਲ ਤੇ ਕੋਈ ਐਕਸੀਡੈਂਟ ਨਾਲ। ਇਧਰ ਨਿਸ਼ਾਨ ਸਿੰਘ ਤੇ ਪੁੱਤ ਦੀ ਕੋਈ ਉਘ-ਸੁੱਘ ਨਹੀਂ ਮਿਲੀ, ਪਰ ਦਾਦੀ ਤੇ ਮਾਂ ਨੇ ਦੂਜਾ ਪੁੱਤ ਵਿਆਹ ਲਿਆ। ਉਨ੍ਹਾਂ ਦੀ ਜ਼ਮੀਨ ਦੀਆਂ ਪੱਕੀਆਂ ਵੱਟਾਂ 'ਤੇ ਹਰਾ ਘਾਹ ਦਿਖਾਈ ਦਿੰਦਾ ਹੈ, ਪਰ ਗੁਰਨੈਬ ਸਿੰਘ ਦੇ ਪੁੱਤਰਾਂ ਦੇ ਤਿੰਨੇ ਘਰਾਂ ਵਿਚ ਪੱਤਝੜ ਨੇ ਪੱਕਾ ਡੇਰਾ ਲਾ ਲਿਆ ਹੈ।...

ਕਿਸੇ ਦਾ ਚਿਰਾਗ ਬੁਝਾ ਕੇ ਆਪਣੇ ਦੀ ਸਲਾਮਤੀ ਰੱਖਣਾ ਮੂਰਖਤਾ ਹੈ। ਇਥੋਂ ਤਾਂ ਜਾਣਾ ਹੀ ਪੈਣਾ ਹੈ, ਛਾਤੀ 'ਤੇ ਪਾਪਾਂ ਦਾ ਭਾਰ ਨਾ ਲਿਜਾਓ, ਸਗੋਂ ਹੋਰਾਂ ਦੇ ਦੁੱਖਾਂ ਦਾ ਭਾਰ ਵੀ ਵੰਡਾ ਲਓ... ਆਖਰੀ ਮੰਜ਼ਿਲ ਸੁਖਾਲੀ ਪਾਰ ਕਰ ਜਾਓਗੇ।



ਚਿੱਤ ਚੇਤਾ

ਕਾਨਾ ਸਿੰਘ
ਫੋਨ:+91-95019-44944

# ਰੋਜ਼ਾ ਤੇ ਕਰਵਾ

*ਅੱਜ ਕੱਲ੍ਹ ਹਰ ਤਿੱਥ-ਤਿਉਹਾਰ ਭਾਵੇਂ ਬਹੁਤ ਬੁਰੀ ਤਰ੍ਹਾਂ ਮੰਡੀ ਦੀ ਭੇਟ ਚੜ੍ਹ ਚੁੱਕਾ ਹੈ ਪਰ ਕਾਨਾ ਸਿੰਘ ਨੇ ਆਪਣੇ ਇਸ ਨਿੱਕੇ ਜਿਹੇ ਲੇਖ 'ਰੋਜ਼ਾ ਤੇ ਕਰਵਾ' ਵਿਚ ਇਨ੍ਹਾਂ ਤਿੱਥਾਂ-ਤਿਉਹਾਰਾਂ ਬਾਰੇ ਇਕ ਹੋਰ ਨਜ਼ਰੀਏ ਤੋਂ ਕੁਝ ਗੱਲਾਂ ਸਾਂਝੀਆਂ ਕੀਤੀਆਂ ਹਨ। ਲੇਖ ਬਾਲੜੀਆਂ ਦੀਆਂ ਤਾਂਘਾਂ ਨਾਲ ਇਕ ਤਰ੍ਹਾਂ ਨਾਲ ਉਛਲ ਹੀ ਤਾਂ ਰਿਹਾ ਹੈ। ਇਸ ਵਿਚ ਬਾਲ-ਮਨ ਅਤੇ ਔਰਤ-ਮਨ ਸਗਵੇਂ ਦਾ ਸਗਵਾਂ ਨਜ਼ਰੀਂ ਪੈਂਦਾ ਹੈ। -ਸੰਪਾਦਕ*

ਫਰਜ਼ਾਨਾ ਤੁਰਕਮਾਨ ਗੇਟ ਬਸਤੀ ਵਿਚ ਰਹਿੰਦੀ ਸੀ। ਉਹ ਮੇਰੀ ਜਮਾਤਣ ਸੀ, ਅੱਠਵੀਂ ਵਿਚ।

ਫਰਜ਼ਾਨਾ ਦੇ ਘਰ ਮੈਂ ਕਈ ਵਾਰੀ ਗਈ ਸਾਂ। ਕਲੀਨਦਾਰ ਬੈਠਕ ਵਿਚ ਕੰਧਾਂ ਨਾਲ ਢੋਏ ਹੋਏ ਲੰਮੇ-ਲੰਮੇ ਟਿਊਬ ਤਕੀਏ ਅਤੇ ਸਾਹਵੇਂ ਪਈ ਹੋਈ ਨਾਸ਼ਤਾ ਪਰੋਸਣ ਲਈ ਵਰਗਾਕਾਰ ਚੌਕੀ ਉਪਰ ਰੱਖੇ ਵੱਡੇ ਸਾਰੇ ਸਾਂਝੇ ਥਾਲ ਵਿਚੋਂ ਗਰਾਹੀਓ-ਗਰਾਹੀ ਭੋਜਨ ਕਰਨਾ, ਅਰ ਕੋਨੇ ਦੀ ਘੜਵੰਜੀ ਉਪਰ ਟਿਕੇ ਹੋਏ ਘੜੇ ਉਪਰ ਮੂਧੇ ਪਏ ਇਕੋ ਇਕ ਗਲਾਸ ਵਿਚੋਂ ਵਾਰੋ-ਵਾਰੀ ਪਾਣੀ ਪੀਣਾ, ਬਿਨਾਂ ਕਿਸੇ ਜੂਠ-ਸੁੱਚ ਦੇ ਭੇਦ-ਭਾਵ ਤੋਂ।

ਇਹ ਮੇਰੇ ਲਈ ਅਨੋਖੀ ਗੱਲ ਸੀ।

ਜੋ ਅਨੋਖਾ ਲੱਗੇ, ਉਹ ਚੰਗਾ ਵੀ ਲਗਦਾ ਹੈ। ਫਰਜ਼ਾਨਾ ਦੇ ਘਰ ਦੀ ਰੁਮਾਲੀ ਰੋਟੀ ਅਤੇ ਭਾਂਤ-ਭਾਂਤ ਦੇ ਤਲੇ-ਭੁੰਨੇ ਪਕਵਾਨ ਅਤੇ ਲੱਪੋ-ਲੱਪ ਮੇਵਿਆਂ ਰੱਤੀ ਖੀਰ ਨਿਗਲਦੀ ਤੇ ਸ਼ਰਬਤ, ਅਰ ਕੱਚੀ ਲੱਸੀ ਡੀਕਦੀ ਨੂੰ ਰੱਜ ਨਾ ਆਉਂਦਾ।

ਅੱਸੂ-ਕੱਤਕ ਦਾ ਮੌਸਮ। ਰਮਜ਼ਾਨ ਦੇ ਦਿਨ। ਫਰਜ਼ਾਨਾ ਰੋਜ਼ੇ ਰੱਖ ਰਹੀ ਸੀ। ਸਰਘੀ ਵੇਲੇ ਰੱਜ ਕੇ ਖਾਣਾ ਤੇ ਫੇਰ ਸਾਰਾ ਦਿਨ ਮੂੰਹ ਨਾ ਜੁਠਲਾਣਾ। ਪਾਣੀ ਦਾ ਘੁੱਟ ਵੀ ਨਾ ਭਰਨਾ, ਰੋਜ਼ਾ ਖੋਲ੍ਹਣ ਤੱਕ।

ਬਾਲ ਉਮਰ ਸੀ। ਮੈਨੂੰ ਵੀ ਚਾਅ ਚੜ੍ਹ ਗਿਆ ਰੋਜ਼ਾ ਰੱਖਣ ਦਾ। ਇਹ ਉਮਰ ਹੈ ਜਦੋਂ ਚੰਗੇ ਜਾਂ ਮੰਦੇ- ਹਰ ਅਨੁਭਵ ਵਿਚੋਂ ਬਾਲਕ ਸੁਤੰਤਰ ਤੌਰ 'ਤੇ ਲੰਘਣਾ ਚਾਹੁੰਦਾ ਹੈ, ਆਪੇ-ਆਪ ਤੇ ਫੇਰ ਅੱਗਿਉਂ ਲਈ ਆਪੇ ਹੀ ਹਾਂ ਜਾਂ ਨਾਂਹ-ਪੱਖੀ ਫੈਸਲਾ ਕਰਦਾ ਹੈ।

ਰੱਖ ਲਿਆ ਰੋਜ਼ਾ ਮੈਂ ਵੀ। ਖਾ ਲਈ ਸਰਘੀ ਤੇ ਤੁਰ ਪਈ ਸਕੂਲ ਰੋਜ਼ ਵਾਂਗ। ਚਾਈਂ-ਚਾਈਂ ਲੰਘ ਗਿਆ ਅੱਧਾ ਦਿਨ ਔਖਾ-ਸੌਖਾ। ਜਿਉਂ-ਜਿਉਂ ਦੁਪਹਿਰ ਢਲਣ ਨੂੰ ਆਈ, ਮੂੰਹ ਸੁੱਕਣ ਲੱਗਾ। ਹੋਠ ਪੇਪੜੀਓ-ਪੇਪੜੀ। ਤ੍ਰੇਹ ਲੱਗਣ ਤੇ ਵਧਣ ਲੱਗੀ, ਹੋਰ ਹੋਰ ਹੋਰ। ਵਾਪਸੀ ਉਤੇ ਗੱਡੀ ਦੇ ਜ਼ਨਾਨੇ ਡੱਬੇ ਵਿਚ ਬੈਠੀ ਪਾਣੀ ਲਈ ਤਰਲੋਮੱਛੀ ਹੋ ਰਹੀ ਸਾਂ ਮੈਂ, ਤੇ ਸਾਹਮਣੇ ਪਲੇਟਫਾਰਮ ਉਤੇ ਸ਼ੁਪਾ-ਸ਼ੁਪ ਵਗਦੀਆਂ ਟੂਟੀਆਂ।



ਕਰਵੇ ਮੌਕੇ ਮਹਿੰਦੀ ਦਾ ਚਾਅ

ਜੇ ਪੀ ਲੈਂਦੀ ਪਾਣੀ ਤਾਂ ਕੀ ਅਨਰਥ ਹੋਣਾ ਸੀ? ਕਿਸ ਨੂੰ ਇਤਰਾਜ਼ ਹੋਣਾ ਸੀ ਪਰ ਇਹ ਫਰਜ਼ਾਨਾ ਨਾਲ ਕੀਤੇ ਕੌਲ-ਕਰਾਰ ਦੀ ਕੋਤਾਹੀ ਸੀ, ਧੋਖਾ।

ਸਿਗਨਲ ਲੱਥਾ। ਇੰਜਣ ਨੇ ਸੀਟੀ ਮਾਰੀ ਤੇ ਛਕ-ਛਕ ਕਰਦੀ ਗੱਡੀ ਨੇ ਪਹਿਲਾਂ ਹੌਲੀ ਤੇ ਫੇਰ ਤੇਜ਼ ਰਫਤਾਰ ਪਕੜੀ।

ਲਾਲ ਕਿਲ੍ਹੇ ਨੂੰ ਲੰਘਦਿਆਂ ਹੀ ਗੱਡੀ ਜਮੁਨਾ ਨਦੀ ਦੇ ਪੁਲ 'ਤੇ ਸੀ।

ਥੱਲੇ ਸ਼ੂਕਦਾ ਦਰਿਆ ਤੇ ਜ਼ਨਾਨੇ ਡੱਬੇ ਦੇ ਬੂਹੇ ਵਿਚ ਖੜ੍ਹੀ ਮੈਂ, ਜਨਮ ਜਨਮਾਂਤਰਾਂ ਦੀ ਪਿਆਸੀ। ਕੁੱਦ ਕੇ ਸਾਰੀ ਦੀ ਸਾਰੀ ਨਦੀ ਨੂੰ ਡੀਕਣ ਲਈ ਲੁੱਛਦੀ...।

ਘਰ ਪੁੱਜੀ। ਅਨਲੰਘਦਾ ਵਕਤ ਲੰਘਾਉਣਾ ਪਿਆ। ਰੋਜ਼ਾ ਖੋਲ੍ਹਿਆ ਕੱਚੀ ਲੱਸੀ ਨਾਲ... ਦਸ ਪੰਦਰਾਂ ਜਾਂ ਵੀਹ, ਪਤਾ ਨਹੀਂ ਕਿਤਨੇ ਹੀ ਗਲਾਸ ਲਗਾਤਾਰ ਤੇ ਇੰਜ ਪੁਗਾਇਆ ਮੈਂ ਜ਼ਿੰਦਗੀ ਦਾ ਇਕ ਤੇ ਇਕੋ-ਇਕ ਵਰਤ ਜਾਂ ਸਖੀ ਫਰਜ਼ਾਨਾ ਨਾਲ ਕੀਤਾ ਕੌਲ-ਇਕਰਾਰ।

ਮਾਂ ਨੇ ਕਦੇ ਕੋਈ ਵਰਤ ਨਾ ਰੱਖਿਆ। ਉਹ ਦੱਸਿਆ ਕਰਦੀ ਸੀ ਕਿ ਵਿਆਹ ਮਗਰੋਂ ਜਦੋਂ ਉਸ ਨੇ ਵੀ ਹੋਰ ਸੱਜ-ਵਿਆਹੀਆਂ ਸਹੇਲੀਆਂ ਦੀ ਰੀਸ ਨਾਲ ਕਰਵਾ ਚੌਥ ਦਾ ਵਰਤ ਰੱਖ ਲਿਆ ਤਾਂ ਮੇਰੇ ਪਿਤਾ ਜੀ ਨੇ ਜ਼ਬਰਦਸਤੀ ਆਪਣੀ ਜੂਠੀ ਗਰਾਹੀ ਮਾਂ ਦੇ ਮੂੰਹ ਵਿਚ ਤੁੰਨ ਦਿੱਤੀ, ਤੇ ਮੁੜ ਮਾਂ ਦੀ ਜੂਠਾਲੀ ਹੋਈ ਗਰਾਹੀ ਆਪ ਨਿਗਲ ਗਏ। ਨਾ ਪਿਤਾ ਜੀ ਨੂੰ ਆਪ ਪਤੀ-ਪਰਮੇਸ਼ਰ ਬਣਨਾ ਪਰਵਾਨ ਸੀ, ਤੇ ਨਾ ਹੀ ਮਾਂ ਨੂੰ ਪੁਜਾਰਨ ਬਣਾਉਣਾ।

ਮਾਂ ਨੇ ਸਦਾ ਪ੍ਰਧਾਨ ਮੰਤਰੀ ਦੇ ਰੋਲ ਵਿਚ ਗ੍ਰਹਿਸਥੀ ਚਲਾਈ ਤੇ ਪਿਤਾ ਜੀ ਸਦਾ ਪ੍ਰਧਾਨ ਰਹੇ, ਮਾਂ ਦੇ ਫੈਸਲਿਆਂ ਨੂੰ ਤਸਦੀਕ ਦੇਣ ਵਾਲੇ।

ਪਾਲ ਵੀਰ ਜੀ ਦੀ ਪਤਨੀ, ਮੇਰੀ ਵੱਡੀ ਭਰਜਾਈ ਉਮਰ ਵਿਚ ਮੈਥੋਂ ਦੋ ਸਾਲ ਨਿੱਕੀ ਸੀ। ਉਹ ਕਰਵਾ ਚੌਥ ਦਾ ਵਰਤ ਰੱਖਦੀ ਸੀ। ਇਹ ਉਸ ਦੀ ਆਪਣੀ ਚੋਣ ਸੀ। ਮਾਂ ਉਸ ਦੀ ਸਰਘੀ ਦੀ ਗਜ਼ਾਅ ਦਾ ਹੱਸ ਕੇ ਪ੍ਰਬੰਧ ਕਰਦੀ ਤੇ ਮੈਂ ਵੀ ਸਖੀ-ਭਾਬੀ ਦੇ ਸਰਘੀ-ਨਾਸ਼ਤੇ ਵਿਚ ਸ਼ਾਮਲ ਹੁੰਦੀ ਚਾਈਂ-ਚਾਈਂ ਅਤੇ ਸੁਪਨੇ ਬੁਣਦੀ ਆਪਣੇ ਵਿਆਹ ਮਗਰੋਂ ਕਰਵਾ ਚੌਥ ਦਾ ਵਰਤ ਰੱਖਣ ਅਤੇ ਪੂਜਣ ਦੇ।

ਸਾਡੇ ਪੋਠੋਹਾਰ ਵਿਚ ਇਸ ਨੂੰ 'ਸੁਹਾਗੇ ਭਾਗੇ ਨਾ ਵਰਤ' ਆਖਦੇ ਸਨ।

---

ਯਾਦ ਆ ਰਹੀ ਹੈ ਉਹ ਘਟਨਾ।

ਤੀਜੀ ਵਿਚ ਪੜ੍ਹਦੀ ਸਾਂ ਮੈਂ, ਗੁਜਰਖਾਨ। ਅੱਧੀ ਛੁੱਟੀ ਦਾ ਵੇਲਾ। ਖੇਡ-ਖੇਡ ਵਿਚ ਸਾਰੀਆਂ ਜਮਾਤਣਾਂ ਅੱਧੀ ਛੁੱਟੀ ਵੇਲੇ ਬਹਿ ਗਈਆਂ ਵੱਡੇ ਸਾਰੇ ਘੇਰੇ ਵਿਚ। ਚੌੜੀਆਂ-ਚਕਲੀਆਂ ਸਲੇਟਾਂ, ਕਾਪੀਆਂ ਅਤੇ ਤਖ਼ਤੀਆਂ ਨੂੰ ਪੂਜਾ ਦੀਆਂ ਥਾਲੀਆਂ ਦਾ ਤਸੱਵਰ ਦਿੰਦੀਆਂ, ਅਸੀਂ ਵਰਤ ਪੂਜਣ ਲੱਗੀਆਂ। ਘੇਰੇ ਦੇ ਵਿਚਕਾਰ ਬੈਠੀ ਬਿਮਲਾ, ਮਿਸਰਾਣੀ ਦੇ ਰੋਲ ਵਿਚ ਕਥਾ ਸੁਣਾਈ ਜਾਂਦੀ ਅਤੇ ਉਸ ਦੇ ਆਦੇਸ਼ ਅਨੁਸਾਰ ਅਸੀਂ ਆਪੋ-ਆਪਣੀਆਂ ਸਮਗਰੀ ਦੀਆਂ ਕਲਪਿਤ ਥਾਲੀਆਂ ਨੂੰ ਅੱਗੇ ਤੋਰਦੀਆਂ ਲੰਮੀ ਹੇਕ ਨਾਲ ਗਾਈ ਜਾਂਦੀਆਂ,

ਸੁੱਤੜਾ ਜਗਾਈਏ ਨਾ
ਰੁੱਠੜਾ ਮਨਾਈਏ ਨਾ...
ਨੀ ਭੈਣ ਪਿਆਰੀ ਵੀਰਾਂ
ਚੰਨ ਚੜ੍ਹੇ ਤੇ ਪਾਣੀ ਪੀਣਾ...।

ਪੂਜਾ ਦੀ ਖੇਡ ਵਿਚ ਗੜੂੰਦ ਸਾਂ ਸਾਰੀਆਂ, ਤੇ ਪਤਾ ਹੀ ਨਾ ਲੱਗਾ ਕਿ ਕਦੋਂ ਓਹਲੇ ਵਿਚੋਂ ਸਾਰਾ ਤਮਾਸ਼ਾ ਵੇਖਦੇ ਭੈਣ ਜੀ (ਅਧਿਆਪਕਾ) ਅਚਾਨਕ ਕਮਰੇ ਵਿਚ ਆ ਧਮਕੇ।

ਸੋਤਰ ਸੁੱਕ ਗਏ ਸਭ ਦੇ। ਪਸੀਨੇ ਛੁੱਟ ਗਏ।

ਅੱਜ ਤੋਂ ਸੱਠ-ਸੱਤਰ ਸਾਲ ਪਹਿਲਾਂ ਦੇ ਵੇਲਿਆਂ ਵਿਚ ਕੱਚੀਆਂ-ਕੁਆਰੀਆਂ ਬਾਲੜੀਆਂ ਦੀ ਇਹ ਖੇਡ ਗੁਸਤਾਖੀ ਸੀ, ਬੇਸ਼ਰਮੀ। ਗੁੱਡੀਆਂ ਪਟੋਲੇ ਖੇਡਣੇ ਜਾਇਜ਼ ਸਨ ਪਰ 'ਸੁਹਾਗ-ਭਾਗ'

(ਬਾਕੀ ਅਗਲੇ ਸਫੇ 'ਤੇ)

# ਨਾਮਰਦ ਹੈ ਮਰਦ !


ਸ਼ਬਦ ਝਰੋਖਾ



ਬਲਜੀਤ ਬਾਸੀ

ਫੋਨ: 734-259-9353


ਮਰਦ ਸ਼ਬਦ ਸੁਣਦਿਆਂ-ਕਲਪਦਿਆਂ ਹੀ ਅੱਖਾਂ ਅੱਗੇ ਇਕ ਜਾਨਦਾਰ, ਜ਼ਬਰਦਸਤ, ਜਿਗਰੇ ਵਾਲੇ ਬਹਾਦਰ ਇਨਸਾਨ ਦੀ ਤਸਵੀਰ ਆ ਜਾਂਦੀ ਹੈ। ਮਰਦ ਦਾ ਇਹ ਬਿੰਬ ਕੁਝ ਹੱਦ ਤੱਕ ਔਰਤ ਦੇ ਸਰੀਰਕ ਅਤੇ ਸਮਾਜਕ ਤੌਰ 'ਤੇ ਕਮਜ਼ੋਰ ਹੈਸੀਅਤ ਦੇ ਟਕਰਾਅ ਵਿਚੋਂ ਉਭਰਿਆ ਜਾਪਦਾ ਹੈ। ਮਰਦ ਲਿੰਗਕ ਤੌਰ 'ਤੇ ਤਕੜਾ ਤੇ ਪੱਠਾ ਮੰਨਿਆ ਜਾਂ ਖਿਆਲਿਆ ਜਾਂਦਾ ਹੈ। ਇਸਤਰੀ ਸੰਤਾਨ ਨਾ ਪੈਦਾ ਕਰ ਸਕਦੀ ਹੋਵੇ ਤਾਂ ਇਸ ਵਿਚ ਮਰਦ ਦਾ ਕੋਈ ਕਸੂਰ ਨਹੀਂ ਭਾਵੇਂ ਚੋਰੀ ਛਿਪੇ ਮਰਦ ਮਰਦਾਨਾ ਤਾਕਤ ਹਾਸਲ ਕਰਨ ਲਈ ਸੌ ਓਹੜ-ਪੋਹੜ ਕਰਦੇ ਹੋਣ। ਇਸ ਦੀ ਨਪੁੰਸਕਤਾ ਲਈ ਨਾਮਰਦੀ ਸ਼ਬਦ ਚਲਦਾ ਹੈ। ਉਂਜ ਮਰਦ ਲਈ ਔਰਤ ਦੀ ਏਨੀ ਖਿੱਚ ਹੈ ਕਿ ਉਹ ਉਸ ਦਾ ਕੀਲਿਆ ਕੱਖ ਦਾ ਨਹੀਂ ਰਹਿੰਦਾ। ਵਾਰਿਸ ਦੇ ਲਫਜ਼ਾਂ ਵਿਚ, "ਤੁਸਾਂ ਛਤਰੇ ਮਰਦ ਬਣਾ ਦਿਤੇ, ਸੱਪ ਰੱਸੀਆਂ ਦੇ ਕਰੋ ਡਾਰਿਓ ਨੀ।" ਪਰ ਹਰ ਤਰ੍ਹਾਂ ਨਿਕੰਮੀਆਂ ਔਰਤਾਂ ਦੇ ਟਾਕਰੇ ਤੇ ਸਭ-ਹੱਛਾ ਮਰਦ ਦਾ ਬਿੰਬ ਵੀ ਵਾਰਿਸ ਨੇ ਖੂਬ ਉਘਾੜਿਆ ਹੈ,

ਮਰਦ ਸਾਦ ਹਨ ਚਿਹਰੇ ਨੇਕੀਆਂ ਦੇ,
ਸੂਰਤ ਰੰਨ ਦੀ ਮੀਮ ਮੌਕੂਫ ਹੈ ਨੀ।
ਮਰਦ ਆਲਮ ਫਾਜ਼ਲ ਅਜ਼ਲ ਕਾਬਲ,
ਕਿਸੇ ਰੰਨ ਨੂੰ ਕੌਣ ਵਕੂਫ ਹੈ ਨੀ।
ਸਬਰ ਫਰ੍ਹਾ ਹੈ ਮੰਨਿਆ ਨੇਕ ਮਰਦਾਂ,
ਏਥੇ ਸਬਰ ਦੀ ਵਾਗ ਮਾਅਤੂਫ ਹੈ ਨੀ।
ਦਫਤਰ ਮਕਰ ਫਰੇਬ ਦੇ ਖਰਚਵਾਈ,
ਏਹਨਾਂ ਪਿਸਤਿਆਂ ਵਿਚ ਮਲਫੂਫ ਹੈ ਨੀ।
ਰੰਨ ਰੇਸ਼ਮੀ ਕੱਪੜਾ ਪਹਿਨ ਮੁਸਲੀ,
ਮਰਦ ਜੋਜ਼ ਕੈਦਾਰ ਮਸ਼ਰੂਫ ਹੈ ਨੀ।
ਵਾਰਸ ਸ਼ਾਹ ਵਲਾਇਤੀ ਮਰਦ ਮੇਵੇ,
ਅਤੇ ਰੰਨ ਮਸਵਾਕ ਦਾ ਸੂਫ ਹੈ ਨੀ।


ਉਪਰੋਕਤ ਵਿਚ ਪਹਿਲੀ ਤੁਕ ਵਾਚਣ ਵਾਲੀ ਹੈ। ਮੌਕੂਫ ਦਾ ਮਤਲਬ ਹੁੰਦਾ ਹੈ ਹਟਾਇਆ ਹੋਇਆ। "ਸੂਰਤ ਰੰਨ ਦੀ ਮੀਮ ਮਾਕੂਫ ਹੈ ਨੀ" ਦਾ ਅਰਥ ਹੋਇਆ ਕਿ ਮਰਦ ਸ਼ਬਦ ਵਿਚੋਂ ਜੇ ਮੀਮ ਅੱਖਰ ਹਟਾ ਦੇਈਏ ਤਾਂ ਰੱਦ ਸ਼ਬਦ ਬਣਦਾ ਹੈ, ਸੋ ਇਸ ਦਾ ਭਾਵ ਹੋਇਆ ਕਿ ਰੰਨ ਦੀ ਸੂਰਤ ਰੱਦ (ਮਰਦ-ਮੀਮ) ਹੈ ਜਦਕਿ ਮਰਦ ਸਾਦ ਚਿਹਰੇ ਨੇਕੀਆਂ ਦੇ ਹਨ। ਇਹ ਬੇਬਦੀ ਜਿਹੀ ਸ਼ਾਬਦਿਕ ਖੇਡ ਹੈ ਪਰ ਇਸ ਤੋਂ ਮਰਦਾਂ ਪ੍ਰਤੀ ਵਾਰਿਸ ਦਾ ਘੋਰ ਪੱਖਪਾਤੀ ਰਵੱਈਆ ਸਪਸ਼ਟ ਹੋ ਜਾਂਦਾ ਹੈ।

ਗੁਰੂ ਗ੍ਰੰਥ ਸਾਹਿਬ ਵਿਚ ਵੀ ਮਰਦ ਦੇ ਸੂਰਮੇ ਹੋਣ ਦੇ ਅਰਥ ਝਲਕਦੇ ਹਨ। "ਆਵਨਿ ਅਠਤਰੈ ਜਾਨਿ ਸਤਾਨਵੈ ਹੋਰ ਭੀ ਉਠਸੀ ਮਰਦ ਕਾ ਚੇਲਾ" ਦੀ ਉਕਤੀ ਵਾਲੇ ਸ਼ਬਦ ਵਿਚ ਗੁਰੂ ਨਾਨਕ ਦੇਵ ਵਲੋਂ ਕਥੇ 'ਮਰਦ ਕਾ ਚੇਲਾ' ਤੋਂ ਭਾਵ ਸੂਰਮਾ ਮਨੁੱਖ ਹੈ ਤੇ ਇਥੇ ਸ਼ੇਰਸ਼ਾਹ ਸੂਰੀ ਵੱਲ ਇਸ਼ਾਰਾ ਸਮਝਿਆ ਜਾਂਦਾ ਹੈ ਜੋ ਹਮਾਯੂੰ ਨੂੰ ਟੱਕਰ ਦੇਵੇਗਾ। ਉਂਜ ਗੁਰੂ ਨਾਨਕ ਦੇਵ ਜੀ ਨੂੰ ਵੀ ਇਕਬਾਲ ਨੇ ਮਰਦ-ਏ-ਕਾਮਿਲ ਕਿਹਾ ਸੀ। ਗੁਰੂ ਅਰਜਨ ਦੇਵ ਅਨੁਸਾਰ, "ਜਾ ਕਉ ਮਿਹਰ ਮਿਹਰ ਮਿਹਰਵਾਨਾ॥ ਸੋਈ ਮਰਦੁ ਮਰਦੁ ਮਰਦਾਨਾ॥" ਅਰਥਾਤ ਪਰਮਾਤਮਾ ਦੀ ਮਿਹਰ ਦਾ ਪਾਤਰ ਸੂਰਮਿਆਂ ਦਾ ਵੀ ਸੂਰਮਾ ਹੁੰਦਾ ਹੈ। ਇਸ ਤਰ੍ਹਾਂ ਅਸੀਂ ਦੇਖਦੇ ਹਾਂ ਕਿ ਮਰਦ ਸ਼ਬਦ ਦਾ ਅਰਥ ਨਿਰਾ ਆਦਮੀ ਹੀ ਨਹੀਂ ਬਲਕਿ ਸੂਰਮਾ ਆਦਮੀ ਵੀ ਹੈ ਜਾਂ ਇਉਂ ਕਹਿ ਲਵੋ ਕਿ ਮਰਦ ਹੁੰਦਾ ਹੀ ਸੂਰਮਾ ਜਾਂ ਸਾਹਸੀ ਹੈ। ਮਰਦ ਦੀ ਸ਼ਕਤੀ ਅਤੇ ਔਰਤ ਦੀ ਕਮਜ਼ੋਰੀ ਨੂੰ ਸਾਡੇ ਲੋਕਯਾਨ ਵਿਚ ਬੇਹੱਦ ਆਦਰਸ਼ਿਆਇਆ ਗਿਆ ਹੈ। ਐਵੇਂ ਨਹੀਂ ਕਿਹਾ, "ਮਰਦ ਅਤੇ ਘੋੜਾ ਕਦੇ ਬੁਢੇ ਨਹੀਂ ਹੁੰਦੇ", "ਮਰਦ ਅਤੇ ਘੋੜਿਆਂ ਕੰਮ ਪੈਣ ਅਵੱਲੇ।" ਮਰਦ ਨੂੰ ਤਾਂ ਉਂਜ ਵੀ ਘੋੜਾ ਕਹਿ ਦਿੱਤਾ ਜਾਂਦਾ ਹੈ, "ਮਾਂ ਪੁਰ ਧੀ ਪਿਤਾ ਪੁਰ ਘੋੜਾ, ਬਹੁਤਾ ਨਹੀਂ ਤਾਂ ਥੋੜਾ ਥੋੜਾ।" ਕਹਿੰਦੇ ਹਨ "ਮਰਦਾਂ ਦੀਆਂ ਦੂਰ ਬਲਾਈਂ" ਅਰਥਾਤ ਮਰਦਾਂ ਤੋਂ ਬੀਮਾਰੀਆਂ ਆਦਿ ਦੂਰ ਹੀ ਰਹਿੰਦੀਆਂ ਹਨ। ਮਰਦ ਆਦਮੀ ਦਾ ਮਤਲਬ ਭਲਾ ਪੁਰਖ, ਵੀਰ ਬਹਾਦਰ, ਸਿਦਕਵਾਨ ਹੈ। "ਮਰਦ ਮੁਛੈਲ ਤੇ ਬਲਦ ਸਿੰਗੇਲ" ਅਖਾਣ ਵਿਚ ਤਾਂ ਮਰਦ ਦੀ ਸਰੀਰਕ ਬਨਾਵਟ ਵੀ ਰੁਹਬਦਾਰ ਦਰਸਾਈ ਗਈ ਹੈ। ਸ਼ੁਕਰ ਹੈ, ਮਰਦ ਦੀ ਅਜਿਹੀ ਪਰਿਭਾਸ਼ਾ ਵਿਚ ਹਮਾਤੜ ਜਿਹੇ ਮਾੜਚੂ ਤੇ ਡਰਪੋਕ ਵੀ ਆ ਜਾਂਦੇ ਹਨ। ਉਂਜ ਮਰਦ ਦਾ ਅਰਥ ਪਤੀ ਵੀ ਹੁੰਦਾ ਹੈ। ਮਰਦ-ਮੱਖਣ ਦਾ ਮਤਲਬ ਵੀਰਯ ਹੁੰਦਾ ਹੈ। ਮਰਦਾਨਗੀ ਸ਼ਬਦ ਦਾ ਤਾਂ ਅਰਥ ਹੀ ਸੂਰਮਗਤੀ, ਦਲੇਰੀ ਹੈ। 'ਮਰਦਾਨੀ' ਮਰਦਾਂ ਵਰਗੀ ਬਹਾਦਰ ਔਰਤ ਨੂੰ ਆਖਦੇ ਹਨ, "ਖੂਬ ਲੜੀ ਮਰਦਾਨੀ, ਉਹ ਤਾਂ ਝਾਂਸੀ ਵਾਲੀ ਰਾਣੀ ਸੀ।"

ਮਰਦ ਦੀ ਕਾਮ ਸ਼ਕਤੀ ਨੂੰ ਲੋੜੋਂ ਵੱਧ ਉਭਾਰਿਆ ਜਾਂਦਾ ਹੈ। ਅਤਿਸ਼ ਰੂਪ ਵਿਚ ਮਰਦ ਨੂੰ ਕਾਮ ਦਾ ਪੁਤਲਾ ਸਮਝਿਆ ਜਾਂਦਾ ਹੈ। 'ਲੂਣਾ' ਵਿਚ ਸ਼ਿਵ ਕੁਮਾਰ ਦੇ ਸੁਖਨ ਸੁਣੋ,

ਮਰਦ ਮੰਗਦੇ ਰਾਣੀਏ ਪਿੰਡਿਆਂ ਨੂੰ
ਕੋਈ ਵੀ ਮਰਦ ਨਾ ਕਦੇ ਸੰਤਾਨ ਮੰਗੇ।
ਕਾਮ-ਦੇਵ ਦਾ ਪੁੱਤ ਹਰ ਮਰਦ ਜ਼ਹਿਰੀ
ਏਸ ਲਈ ਨਾ ਨਾਰ ਨੂੰ ਕਦੇ ਡੰਗੇ।
ਉਹ ਤਾਂ ਡੰਗੇ ਕਿ ਅੰਤਰ ਦੀ ਭਟਕਣਾ ਦੇ
ਲਾਂਬੂ ਮੱਚਦੇ ਰਤਾ ਹੋ ਜਾਣ ਠੰਢੇ।
ਇਕ ਵਿੱਸ ਜ਼ਹਿਰੀਲੀ ਹੈ ਵਾਸ਼ਨਾ ਦੀ
ਜਿਹੜੀ ਮਰਦ ਨੀ ਨਾਰ ਨੂੰ ਰੋਜ਼ ਵੰਡੇ।

ਇਸ ਤਰ੍ਹਾਂ ਅਸੀਂ ਦੇਖਦੇ ਹਾਂ ਕਿ ਮਰਦ ਸ਼ਬਦ ਵਿਚ ਸਰੀਰਕ, ਬੌਧਿਕ, ਸਦਾਚਾਰਕ ਅਤੇ ਕਾਮੁਕ ਤੌਰ 'ਤੇ ਜਾਨਦਾਰ ਹੋਣ ਦੇ ਭਾਵ ਹਨ। ਕਈ ਹਾਲਤਾਂ ਵਿਚ ਮਰਦ ਸਭਨਾਂ ਅਛਾਈਆਂ ਦਾ ਮਜਮੂਆ ਵੀ ਸਮਝਿਆ ਗਿਆ ਹੈ। ਐਪਰ ਮਰਦ ਸ਼ਬਦ ਦਾ ਅਸਲਾ ਐਨ ਇਸ ਤੋਂ ਉਲਟ ਹੈ। ਮੁਢਲੇ ਤੌਰ 'ਤੇ ਮਰਦ ਸ਼ਬਦ ਵਿਚੋਂ ਜਾਨਦਾਰ ਨਹੀਂ ਬਲਕਿ ਬੇਜਾਨ, ਮਰੇ ਹੋਏ ਹੋਣ ਦੇ ਭਾਵ ਉਜਾਗਰ ਹੁੰਦੇ ਹਨ। ਬਹੁਤੇ ਪਾਠਕਾਂ ਨੇ ਮਰਦ ਸ਼ਬਦ ਵਿਚ 'ਮਰ' ਜਿਹੇ ਘਟਕ ਤੋਂ ਅਜਿਹਾ ਅੰਦਾਜ਼ਾ ਲਾ ਲਿਆ ਹੋਵੇਗਾ। ਬਿਲਕੁਲ ਠੀਕ ਹੈ। ਮਰਦ ਤੋਂ ਭਾਵ ਹੈ- ਮਰਨਸ਼ੀਲ। ਕਿਹਾ ਜਾਂਦਾ ਹੈ ਕਿ ਅਮਰ ਦੇਵਤਿਆਂ ਦੇ ਟਾਕਰੇ ਤੇ ਮਨੁਖ ਦੇ ਨਾਸ਼ਵਾਨ ਜਾਂ ਮਰਨਸ਼ੀਲ ਹੋਣ ਦੇ ਵਖਰੇਵੇਂ ਕਾਰਨ ਉਸ ਲਈ ਅਜਿਹਾ ਸ਼ਬਦ ਪ੍ਰਚਲਿਤ ਹੋਇਆ। ਮਰਦ ਸ਼ਬਦ ਮੁਢਲੇ ਤੌਰ 'ਤੇ ਫਾਰਸੀ ਤੋਂ ਸਾਡੀਆਂ ਭਾਸ਼ਾਵਾਂ ਵਿਚ ਆਇਆ ਹੈ। ਫਾਰਸੀ ਭਾਸ਼ਾ ਦੇ ਪ੍ਰਾਚੀਨ ਰੂਪ ਵਿਚ ਇਸ ਦਾ ਮ੍ਰਿਤਿਆ ਜਿਹਾ ਰੂਪ ਸੀ ਜਿਸ ਦਾ ਅਰਥ ਮਨੁਖ ਸੀ। ਅਵੇਸਤਾ ਵਿਚ ਇਸ ਦਾ ਮਰਦ ਰੂਪ ਮਿਲਦਾ ਹੈ। ਨਿਸ਼ਚੇ ਹੀ ਮਰਦ ਇਸੇ ਮ੍ਰਿਤਿਆ ਦਾ ਵਿਕਸਿਤ ਰੂਪ ਹੈ। ਮਰਦ ਸ਼ਬਦ ਦਾ ਅਸਲੀ ਅਰਥ ਹੈ- 'ਜੋ ਮਰਨਸ਼ੀਲ ਹੈ।' ਫਾਰਸੀ ਵਿਚ ਮਰਦਨ ਦਾ ਅਰਥ ਹੁੰਦਾ ਹੈ- ਮਰਨਾ ਅਤੇ ਮਰਦਾਨੀ ਦਾ ਅਰਥ ਹੈ- ਮਰਨਸ਼ੀਲ, ਮਰਨਹਾਰ, ਮਰਨ ਕਿਨਾਰੇ ਆਦਿ। ਧਿਆਨ ਦਿਓ, ਮੁਰਦਾ ਦਾ ਅਰਥ ਮਰਿਆ ਹੋਇਆ ਹੁੰਦਾ ਹੈ।



ਇਸ ਸ਼ਬਦ ਦੇ ਸੁਜਾਤੀ ਰੂਪ ਕੈਲਟਿਕ, ਅਲਬੇਨੀਅਨ ਅਤੇ ਤੋਖਾਰੀਅਨ ਤੋਂ ਬਿਨਾ ਅਨੇਕਾਂ ਹਿੰਦ ਯੂਰਪੀ ਭਾਸ਼ਾਵਾਂ ਵਿਚ ਮਿਲਦੇ ਹਨ। ਗਰੀਕ, ਲਾਤੀਨੀ ਅਤੇ ਸੰਸਕ੍ਰਿਤ ਵਿਚ ਇਸ ਦੇ ਰੂਪਾਂ ਦੇ ਅਰਥ ਮ੍ਰਿਤਕ ਦੇ ਨਾਲ ਨਾਲ ਮਨੁਖ ਵੀ ਹਨ। ਗਰੀਕ ਵਿਚ ਇਸ ਦਾ ਇਕ ਰੂਪ ਬਰੋਤੋਕ ਜਿਹਾ ਹੈ, ਅਰਥਾਤ 'ਮ' ਧੁਨੀ 'ਬ' ਵਿਚ ਵਟੀ ਹੋਈ ਹੈ। ਇਸੇ ਤੋਂ ਬਣਿਆ ਇਕ ਸ਼ਬਦ ਹੈ- amborosia ਜੋ ਕਿ ਅੰਗਰੇਜ਼ੀ ਵਿਚ ਵੀ ਆ ਗਿਆ ਹੈ। ਇਸ ਦਾ ਅਰਥ ਹੈ- ਦੇਵਤਿਆਂ ਦਾ ਆਹਾਰ, ਜਿਸ ਦਾ ਸਾਡੀਆਂ ਭਾਸ਼ਾਵਾਂ ਵਿਚ ਬਰਾਬਰ ਦਾ ਅਤੇ ਸੁਜਾਤੀ ਰੂਪ ਹੈ- ਅੰਮ੍ਰਿਤ। ਸਾਡੀਆਂ ਭਾਸ਼ਾਵਾਂ ਵਿਚ ਇਸ ਦਾ ਅਰਥ ਅਜਿਹਾ ਪੀਣ-ਪਦਾਰਥ ਹੈ ਜਿਸ ਦੇ ਪੀਣ ਨਾਲ ਅਮਰ ਹੋ ਜਾਈਦਾ ਹੈ। ਦੋਵਾਂ ਸ਼ਬਦਾਂ ਵਿਚ 'ਅ' ਅਗੇਤਰ ਨਾਂਹਵਾਚਕ ਹੈ। ਨੋਟ ਕਰਨ ਵਾਲੀ ਗੱਲ ਹੈ ਕਿ ਗਰੀਕ ਭਾਸ਼ਾ ਦੀ ਤਰ੍ਹਾਂ ਅਸੀਂ ਵੀ ਅੰਮ੍ਰਿਤ ਨੂੰ ਅੰਬਰਤ ਕਹਿ ਦਿੰਦੇ ਹਾਂ। ਅੰਮ੍ਰਿਤਸਰ ਨੂੰ ਬੋਲਚਾਲ ਵਿਚ ਅੰਬਰਸਰ ਹੀ ਕਿਹਾ ਜਾਂਦਾ ਹੈ। ਅੰਮ੍ਰਿਤ ਸ਼ਬਦ ਦੇ ਲਾਖਣਿਕ ਅਰਥ ਮੱਖਣ, ਦੁੱਧ, ਜਲ, ਧਨ, ਸੁਖਦਾਇਕ ਰਸ ਆਦਿ ਵੀ ਹਨ ਅਰਥਾਤ ਸ਼ਕਤੀਵਰ ਪਦਾਰਥ। ਗੁਰੂ ਨਾਨਕ ਸਾਹਿਬ ਦੀ ਇਸ ਤੁਕ "ਤਬ ਮਥੀਐ ਇਨ ਬਿਧਿ ਅੰਮ੍ਰਿਤੁ ਪਾਵਹੁ" ਵਿਚ ਮੱਖਣ ਵੱਲ ਸੰਕੇਤ ਹੈ ਅਤੇ ਭਗਤ ਨਾਮਦੇਵ ਇਥੇ ਇਸ ਸ਼ਬਦ ਤੋਂ ਦੁੱਧ ਦਾ ਭਾਵ ਲੈਂਦੇ ਹਨ, "ਸੋਇਨ ਕਟੋਰੀ ਅੰਮ੍ਰਿਤ ਭਰੀ॥" ਗੁਰਬਾਣੀ ਨੂੰ ਵੀ ਅੰਮ੍ਰਿਤ ਕਿਹਾ ਜਾਂਦਾ ਹੈ। ਅਮਰ ਸ਼ਬਦ ਦਾ ਇਕ ਸਮਾਨਅਰਥਕ ਸ਼ਬਦ ਹੈ ਅੰਮ੍ਰਿਤਯ। ਅਮ੍ਰਿਤਯ ਸੈਨ ਭਾਰਤ ਦੇ ਇਕ ਉਘੇ ਨੋਬਲ ਇਨਾਮ ਜੇਤੂ ਅਰਥ-ਸ਼ਾਸਤਰੀ ਦਾ ਨਾਂ ਹੈ। ਸੰਸਕ੍ਰਿਤ ਵਿਚ ਮ੍ਰਤਯ ਦਾ ਅਰਥ ਮਨੁਖ, ਭੂਲੋਕ ਅਤੇ ਸਰੀਰ ਹੈ। ਸਾਰਿਆਂ ਵਿਚ ਇਸ ਸ਼ਬਦ ਦੇ ਮਰਨਹਾਰ ਜਾਂ ਨਾਸ਼ਵਾਨ ਦੇ ਅਰਥ ਸਹੀ ਹੁੰਦੇ ਹਨ। ਗੁਰਬਾਣੀ ਵਿਚ ਇਸ ਦਾ ਮਰਤ ਰੂਪ ਮਿਲਦਾ ਹੈ ਜਿਸ ਦੇ ਅਰਥ ਮਰਨਹਾਰ, ਮਾਤਲੋਕ ਆਦਿ ਹੈ, "ਮਰਤ ਪਇਆਲ ਅਕਾਸੁ ਦਿਖਾਇਓ॥" -ਗੁਰੂ ਨਾਨਕ ਦੇਵ।

ਸੰਸਕ੍ਰਿਤ ਦੇ ਇਕ ਧਾਤੂ 'ਮ੍ਰ' ਵਿਚ ਮਰਨ ਦੇ ਭਾਵ ਹਨ। ਇਸ ਤੋਂ ਮਰਨ ਦੇ ਅਰਥਾਂ ਨੂੰ ਸਮੋਂਦੇ ਤਮਾਮ ਸ਼ਬਦ ਬਣੇ ਹਨ ਜਿਨ੍ਹਾਂ ਵਿਚ ਮਰਨਾ, ਮੌਤ, ਮ੍ਰਿਤੂ, ਮੁਰਦਘਾਟ, ਮਰਹਟ, ਮਰਜੀਵੜੇ ਆਦਿ ਹਨ। ਜਿਵੇਂ ਪਹਿਲਾਂ ਇਸ਼ਾਰਾ ਕੀਤਾ ਜਾ ਚੁੱਕਾ ਹੈ, ਇਸ ਦੇ ਹੋਰ ਭਾਰੋਪੀ ਭਾਸ਼ਾਵਾਂ ਵਿਚ ਬੇਸ਼ੁਮਾਰ ਸ਼ਬਦ ਮਿਲਦੇ ਹਨ। ਇਸ ਦਾ ਭਾਰੋਪੀ ਮੂਲ 'ਮਰ' mer ਮਿਥਿਆ ਗਿਆ ਹੈ ਜਿਸ ਵਿਚ ਮਰਨ ਦੇ ਭਾਵ ਹਨ। ਲਗਭਗ ਸਾਰੀਆਂ ਭਾਰੋਪੀ ਭਾਸ਼ਾਵਾਂ ਵਿਚ ਇਸ ਤੋਂ ਮਰਨ ਦੇ ਭਾਵਾਂ ਵਾਲੇ ਸ਼ਬਦ ਬਣੇ ਹਨ। ਕੁਝ ਇਕ ਦੀ ਚਰਚਾ ਕਰਦੇ ਹਾਂ। ਅੰਗਰੇਜ਼ੀ mortal (ਮਰਨਹਾਰ) ਪ੍ਰਾਚੀਨ ਲਾਤੀਨੀ ਦੇ mortalis ਤੋਂ ਫਰਾਂਸੀਸੀ ਵਿਚ ਦੀ ਅੰਗਰੇਜ਼ੀ ਵਿਚ ਆਇਆ ਹੈ। ਆਰਮੀਨੀਅਨ ਦੇ ਸ਼ਬਦ ਮੇਰਾਨਿਮ ਦਾ ਅਰਥ ਮਰਨਾ ਹੁੰਦਾ ਹੈ। ਲਿਥੂਏਨੀਅਨ ਮਿਰਤਿਸ ਦਾ ਅਰਥ ਹੈ- ਮਰਨਸ਼ੀਲ ਮਨੁਖ। ਪੁਰਾਣੀ ਆਇਰਿਸ਼ ਮਰਬ ਅਤੇ ਵੈਲਿਸ਼ ਮਰਵ ਦਾ ਅਰਥ ਮਰਿਆ ਹੁੰਦਾ ਹੈ। ਪੁਰਾਣੀ ਅੰਗਰੇਜ਼ੀ ਦੇ ਸ਼ਬਦ ਮੌਰਥ ਦਾ ਅਰਥ ਵੀ ਕਤਲ ਹੁੰਦਾ ਹੈ। ਗਰੀਕ ਬਰੋਤੋਸ ਦਾ ਅਰਥ ਮਰਨਸ਼ੀਲ ਹੁੰਦਾ ਹੈ।

ਰਹਿਨ, ਗਿਰਵੀ ਦੇ ਅਰਥਾਂ ਵਾਲਾ ਅੰਗਰੇਜ਼ੀ ਸ਼ਬਦ ਮਾਰਗੇਜ (mortgage) ਵੀ ਇਸੇ 'ਮਰ' ਮੂਲ ਨਾਲ ਸਬੰਧ ਰਖਦਾ ਹੈ। ਇਸ ਸ਼ਬਦ ਵਿਚ ਗੇਜ gage ਦਾ ਅਰਥ ਵਾਅਦਾ, ਪ੍ਰਤਿਗਿਆ, ਸਮਝੌਤਾ ਹੁੰਦਾ ਹੈ। ਇਸ ਦਾ ਮੂਲਕ ਅਰਥ ਹੈ- ਅਜਿਹਾ ਸਮਝੌਤਾ ਜੋ ਕਰਜ਼ਾ ਚੁਕਾਉਣ ਦੀ ਹਾਲਤ ਵਿਚ ਮਰ ਜਾਂਦਾ ਹੈ। ਕਤਲ ਦੇ ਅਰਥਾਂ ਵਾਲੇ ਮਰਡਰ murder ਸ਼ਬਦ ਵਿਚ ਵੀ 'ਮਰ' ਮੂਲ ਸਪਸ਼ਟ ਝਲਕਦਾ ਹੈ। ਇਹ ਜਰਮੈਨਿਕ ਅਸਲੇ ਦਾ ਸ਼ਬਦ ਹੈ। ਵਾਈਕਿੰਗ ਦੀ ਰੀਤੀ ਅਨੁਸਾਰ ਮਰਡਰ ਰਾਤ ਨੂੰ ਜਾਂ ਸੁੱਤੇ ਪਿਆ ਕੀਤੇ ਜਾਂਦੇ ਸਨ ਇਸ ਲਈ ਘੋਰ ਪਾਪ ਸਮਝੇ ਜਾਂਦੇ ਸਨ। ਮੁਰਦਗਾਟ ਦੇ ਅਰਥਾਂ ਵਾਲਾ mortuary ਸ਼ਬਦ ਵੀ ਪੁਰਾਣੀ ਲਾਤੀਨੀ ਵਿਚੋਂ ਆਇਆ ਹੈ ਜਿਥੇ ਇਸ ਦਾ ਰੂਪ ਸੀ mortuarium. ਇਕ ਹੋਰ ਦਿਲਚਸਪ ਅੰਗਰੇਜ਼ੀ ਸ਼ਬਦ ਹੈ ਮੈਂਟੀਕੋਰ Manticore. ਜਿਸ ਦਾ ਅਰਥ ਮਰਦਖੋਰ ਹੈ ਤੇ ਇਹ ਹੈ ਵੀ ਇਸੇ ਸ਼ਬਦ ਤੋਂ ਬਣਿਆ। ਮੈਂਟੀਕੋਰ ਇਕ ਮਿਥਿਆ ਜਾਨਵਰ ਹੈ ਜਿਸ ਦਾ ਸਿਰ ਮਰਦ ਵਰਗਾ, ਧੜ ਸ਼ੇਰ ਵਰਗਾ, ਪੂਛ ਸੇਹ ਵਰਗੀ ਅਤੇ ਡੰਗ ਬਿਛੂਏ ਵਰਗਾ ਹੁੰਦਾ ਹੈ। ਗਰੀਕ ਵਿਚ ਇਸ ਦਾ ਰੂਪ ਮੰਤੀਖੋਰਾ ਜਿਹਾ ਸੀ ਜੋ ਅੱਗੋਂ ਪੁਰਾਣੀ ਫਾਰਸੀ ਮਰਤਯਾਖਵਾਰਾ ਤੋਂ ਬਣਿਆ ਹੈ। ਅਸੀਂ ਪੰਜਾਬੀ ਵਿਚ ਇਸ ਨੂੰ ਆਦਮਖੋਰ ਕਹਿੰਦੇ ਹਾਂ ਪਰ ਇਸੇ ਤਰਜ਼ 'ਤੇ ਮਰਦਖੋਰ ਵੀ ਕਿਹਾ ਜਾ ਸਕਦਾ ਹੈ।

# ਰੋਜ਼ਾ ਤੇ ਕਰਵਾ

(ਪਿਛਲੇ ਸਫੇ ਦੀ ਬਾਕੀ)

ਦੀ ਖੇਡ ਬਿਲਕੁਲ ਨਹੀਂ। ਕਿਉਂ?

ਸ਼ਾਇਦ ਇਸ ਲਈ ਕਿ ਗੁੱਡੀਆਂ-ਗੁੱਡਿਆਂ ਦੀਆਂ ਅਸੀਂ ਖਿਡਾਵੀਆਂ ਹੁੰਦੀਆਂ ਸਾਂ, ਪਰ ਕਰਵਾ ਚੌਥ ਦੀਆਂ ਆਪ ਖੇਡਣਹਾਰੀਆਂ।

ਵਿਆਹ ਮਗਰੋਂ ਕਰਵਾ ਚੌਥ ਵਰਤ ਪੂਜਣ ਦੀ ਸਿੱਕ ਅਰਮਾਨ ਬਣ ਕੇ ਹੀ ਰਹਿ ਗਈ।

ਪਤੀਦੇਵ ਦਾ ਪਿਛੋਕੜ ਕੱਟੜ ਸੀ। ਵਰਤ ਰੱਖਣ ਵਾਲੀ ਔਰਤ ਅਗਲੇ ਜਨਮ ਵਿਚ ਗਧੀ ਦੀ ਜੂਨ ਵਿਚ ਜਨਮ ਲੈਂਦੀ ਹੈ- ਇਹ ਉਨ੍ਹਾਂ ਦੀ ਪੱਕੀ ਧਾਰਨਾ ਸੀ।

ਨਾ ਤੇ ਮੈਨੂੰ ਕੋਈ ਜੂਨ-ਅਜੂਨ ਵਿਚ ਵਿਸ਼ਵਾਸ ਸੀ, ਤੇ ਨਾ ਹੀ ਆਪਣੇ-ਆਪ ਨੂੰ ਪਤੀਬ੍ਰਤਾ ਸਾਬਿਤ ਕਰਨ ਲਈ ਕਰਵਾ ਚੌਥ ਦਾ ਵਰਤ ਰੱਖਣ ਜਾਂ ਪੂਜਣ ਵਿਚ ਯਕੀਨ। ਇਹ ਤਾਂ ਕਿਸੇ ਵੀ ਹੋਰ ਤਿਉਹਾਰ ਵਾਂਗ ਸਭਿਆਚਾਰਕ ਰਹੁ-ਰੀਤ ਵਿਚ ਹਿੱਸਾ ਲੈਣ ਅਤੇ ਜਸ਼ਨਾਉਣ ਦੀ ਨਿਰਛਲ ਜਿਹੀ ਭਾਵਨਾ ਸੀ ਜੋ ਪੂਰੀ ਨਾ ਹੋ ਸਕੀ। ਮਨ ਮਸੋਸਿਆ ਜਾਂਦਾ।

ਅੱਜ ਕਰਵਾ ਚੌਥ ਦਾ ਧੂਮ-ਧੜੱਕਾ ਦਸਹਿਰੇ ਦੀਵਾਲੀ ਨੂੰ ਵੀ ਮਾਤ ਕਰਨ ਲੱਗ ਪਿਆ ਹੈ। ਹਰ ਘਰ-ਗਲੀ ਬਾਜ਼ਾਰ ਦੀ ਨੁੱਕਰ ਅਤੇ ਬਿਊਟੀ ਪਾਰਲਰਾਂ ਵਿਚ ਮਹਿੰਦੀ ਰਚਾਉਂਦੀਆਂ ਤੇ ਸ਼ਿੰਗਾਰਦੀਆਂ ਸੰਵਰਦੀਆਂ, ਕਿਸ਼ੋਰੀਆਂ ਨੱਢੀਆਂ, ਹਰ ਉਮਰ ਦੀਆਂ ਵਿਆਹੁੰਦੜ ਸਖੀਆਂ-ਸਹੇਲੀਆਂ ਮਾਸੀਆਂ ਚਾਚੀਆਂ ਤੇ ਦਾਦੀਆਂ ਵੀ।

ਮੇਵਿਆਂ-ਮਿਠਾਈਆਂ, ਪੁਸ਼ਾਕਾਂ-ਗਹਿਣਿਆਂ ਅਤੇ ਤੋਹਫ਼ਿਆਂ ਦਾ ਗਰਮਾ=ਗਰਮ ਬਾਜ਼ਾਰ। ਹਰ ਖੇਤਰ ਫਿਲਮੋ ਫਿਲਮ। ਸਭ ਕੁਝ ਸੌਖਾ ਅਤੇ ਵਕਤੀ ਹੋ ਗਿਆ ਹੈ।

ਹੁਣ 'ਚੰਨ ਚੜ੍ਹੇ 'ਤੇ ਪਾਣੀ ਪੀਣ' ਦੀ ਬੰਦਿਸ਼ ਵੀ ਲਾਜ਼ਮੀ ਨਹੀਂ ਰਹੀ। ਮਿਸ਼ਰਾਣੀ ਜਾਂ ਪੰਡਤ ਜੀ ਸਾਮੀ ਚਾਰ-ਪੰਜ ਵਜੇ ਹੀ ਪੂਜਾ ਕਰਾ ਕੇ ਜਲ ਛਕਣ ਅਤੇ ਮੂੰਹ ਜੁਠਾਲਣ ਦੀ ਆਗਿਆ ਦੇ ਦਿੰਦੇ ਹਨ। ਵਰਤ ਰੱਖੋ ਜਾਂ ਨਾ, ਮਹਿੰਦੀ, ਹਾਰ ਸ਼ਿੰਗਾਰ ਅਤੇ ਤੋਹਫ਼ਿਆਂ ਦੇ ਲੈਣ-ਦੇਣ ਨਾਲ ਕਰਵਾ ਚੌਥ ਪੁੱਗ ਜਾਂਦਾ ਹੈ। ਪਤਨੀ ਮੂੰਹ ਮੰਗਿਆ ਉਪਹਾਰ ਲੈਂਦੀ ਹੈ ਤੇ ਸੱਸ ਮਨਭਾਉਂਦਾ ਤੋਹਫ਼ਾ। ਇਸ ਵਿਚ ਕੋਈ ਕੂਣ-ਕਸਰ ਹੋਈ ਨਹੀਂ ਕਿ ਦੁਵੱਲਾ ਮਨ-ਮੁਟਾਵ। ਤੇ ਵਿਆਹ?

ਹੁਣ ਤਾਂ ਵਿਆਹ ਦੇ ਪੁੱਗਣ-ਪੁਗਾਣ ਅੱਗੇ ਵੀ ਵੱਡਾ ਪ੍ਰਸ਼ਨ ਚਿੰਨ੍ਹ ਲੱਗ ਗਿਆ ਹੈ ਜਿਸ ਦਾ ਉਤਰ ਵੀ ਸੁਆਲੀਆ ਨਿਸ਼ਾਨ ਹੀ ਹੈ।

# ਪ੍ਰੋ. ਕਰਮ ਸਿੰਘ ਅਤੇ ਉਸ ਦੀ 'ਸੋਹਣੀ'


ਨਿੱਕ-ਸੁੱਕ

ਗੁਲਜ਼ਾਰ ਸਿੰਘ ਸੰਧੂ

Sandhugulzar@yahoo.com


ਅਜੋਕੇ ਸਾਹਿਤ ਵਿਚ ਮਾਲਵਾ ਖੇਤਰ ਕਿੱਸਾਕਾਰਾਂ ਤੇ ਕਵੀਸ਼ਰਾਂ ਲਈ ਜਾਣਿਆ ਜਾਂਦਾ ਹੈ। ਬੰਦਾ ਬਹਾਦਰ, ਚਾਰੇ ਸਾਹਿਬਜ਼ਾਦੇ, ਰੂਪ ਬਸੰਤ, ਦੁੱਲਾ ਭੱਟੀ, ਜੱਗਾ ਡਾਕੂ ਤੇ ਜਾਨੀ ਚੋਰ ਹਰ ਤਰ੍ਹਾਂ ਦੇ ਨਾਇਕ-ਨਾਇਕਾਵਾਂ ਨੂੰ ਉਭਾਰਨ ਵਾਲਾ। ਦਿੱਲੀ ਦੇ ਇੱਕ ਮਿੱਤਰ ਰਾਹੀਂ ਜਿਹੜਾ ਬਚਪਨ ਵਿਚ ਬਠਿੰਡਾ ਵਾਲੇ ਪ੍ਰੋ. ਕਰਮ ਸਿੰਘ ਦਾ ਵਿਦਿਆਰਥੀ ਰਿਹਾ ਸੀ, ਮੇਰੀ ਉਸ ਪਰਿਵਾਰ ਨਾਲ ਅਜਿਹੀ ਸਾਂਝ ਪਈ ਕਿ ਉਹ ਪਰਿਵਾਰ ਮੇਰਾ ਤੇ ਮੈਂ ਉਨ੍ਹਾਂ ਦਾ ਹੋ ਗਿਆ ਹਾਂ। ਕਰਮ ਸਿੰਘ ਅਧਿਆਪਕ ਨਾਲੋਂ ਪਹਿਲਵਾਨ ਵਜੋਂ ਵਧੇਰੇ ਜਾਣਿਆ ਜਾਂਦਾ ਸੀ। 1948 ਦੀ ਲਖਨਊ ਵਾਲੀ ਓਲੰਪਿਕ ਮੀਟ ਵਿਚ ਆਲ ਇੰਡੀਆ ਚੈਂਪੀਅਨ ਰਹਿ ਚੁੱਕਾ ਸੀ ਤੇ ਗਾਮੇ, ਗੂੰਗੇ ਤੇ ਕੇਸਰ ਵਰਗੇ ਪਹਿਲਵਾਨਾਂ ਨਾਲ ਮੇਲ-ਜੋਲ ਰਖਦਾ ਸੀ। ਚੁਣਿਆ ਤਾਂ ਉਹ ਲੰਡਨ ਵਾਲੀ ਵਰਲਡ ਮੀਟ ਲਈ ਵੀ ਗਿਆ ਸੀ ਪਰ ਗੋਡੇ ਉਤੇ ਸੱਟ ਲੱਗਣ ਕਾਰਨ ਜਾ ਨਹੀਂ ਸਕਿਆ।

ਉਸ ਦੇ ਨੇੜਲੇ ਮਿੱਤਰਾਂ ਤੋਂ ਬਿਨਾ ਇਹ ਗੱਲ ਕੋਈ ਵੀ ਨਹੀਂ ਸੀ ਜਾਣਦਾ ਕਿ ਉਹ ਕਿੱਸਾਕਾਰ ਵੀ ਸੀ। ਇਹ ਭੇਤ ਉਸ ਦੇ ਅਕਾਲ ਚਲਾਣੇ ਤੋਂ ਕੇਵਲ ਦੱਸ ਸਾਲ ਪਹਿਲਾਂ ਖੁਲ੍ਹਿਆ ਜਦ ਉਸ ਦਾ ਲਿਖਿਆ 'ਸੋਹਣੀ' ਨਾਂ ਦਾ ਵੱਡ ਆਕਾਰੀ ਕਿੱਸਾ ਛਪ ਕੇ ਬਾਜ਼ਾਰ ਵਿਚ ਆਇਆ। ਇਸ ਨੂੰ ਕਿੱਸੇ ਦੀ ਥਾਂ ਮਹਾਕਾਵਿ ਕਹਿਣਾ ਠੀਕ ਹੋਵੇਗਾ। ਇਹ ਇਕ ਅਜਿਹਾ ਦਸਤਾਵੇਜ਼ ਹੈ ਜਿਸ ਵਿਚ ਨਸੀਹਤਾਂ ਵੀ ਹਨ ਤੇ ਅਨਮੋਲ ਵਚਨ ਵੀ। ਵਾਕ ਲੈਣ ਵਾਂਗ ਕੋਈ ਵੀ ਪੰਨਾ ਖੋਲ੍ਹੀਏ, ਜੀਵਨ ਦੇ ਹੇਠ ਲਿਖੇ ਤੱਥਾਂ ਵਰਗੇ ਤੱਥ ਮਿਲ ਜਾਂਦੇ ਹਨ।

ਬੰਦਾ ਸੋ ਜੋ ਬੰਦੇ ਦੇ ਕੰਮ ਆਵੇ
ਚੰਗਾ ਕਰੇ ਤੇ ਚੰਗਾ ਕਹਾਏ ਬੰਦਾ।

---

ਉਨ੍ਹਾਂ ਸਾਉਣ ਸੁਹੇਲੜਾ ਰੰਗ ਭਰਿਆ,
ਜਿਨ੍ਹਾਂ ਤਾਜ਼ੀਆਂ ਤਾਜ਼ੀਆਂ ਲਾਈਆਂ ਨੇ।

ਸੌਂਦੇ ਇੱਕ ਬੁੱਕਲ, ਨ੍ਹਾਉਂਦੇ ਇਕ ਹੌਜ਼ੀ,
ਉਹ ਤਾਂ ਜੋੜੀਆਂ ਰਾਮ ਬਣਾਈਆਂ ਨੇ।

---

ਨੰਗੀ ਪਈ ਮਲਾਈ ਨੂੰ ਕੌਣ ਛੱਡੇ,
ਜਿਹੜਾ ਛੱਡਦਾ ਕੋਹੜੀ ਜਹਾਨ ਦਾ ਵੇ।

---

ਖੰਘ ਖੁਰਕ ਛੁਪਾਏ ਨਾ ਛੁਪਣ ਜੈਸੇ,
ਇਸ਼ਕ-ਮੁਸ਼ਕ ਲੁਕਾਏ ਨਾ ਲੁਕਦੇ ਨੇ।

ਉਸ ਨੇ ਸੰਤਾਲੀ ਦੀ ਦੇਸ਼ ਵੰਡ ਕਦੀ ਵੀ ਪਰਵਾਨ ਨਹੀਂ ਕੀਤੀ। ਉਹ ਅੰਤਲੇ ਸਾਹਾਂ ਤੱਕ ਇਸ ਨੂੰ ਇੱਕ ਕਰਨ ਦਾ ਸੁਪਨਾ ਲੈਂਦਾ ਰਿਹਾ। ਉਸ ਨੇ ਆਪਣੀ ਇਹ ਧਾਰਨਾ ਸੋਹਣੀ ਵਿਚ ਵੀ ਗੁੰਦੀ ਹੋਈ ਹੈ,

ਮੇਰੇ ਵੇਂਹਦਿਆਂ ਮੁਲਕ ਤਬਾਹ ਕੀਤਾ,
ਕਾਫਰ, ਕਾਤਲਾਂ, ਉਜੱਡ ਜਰਵਾਣਿਆਂ ਨੇ।

---

ਮੁੜ ਕੇ ਜਨਮਾ ਤਾਂ ਜਨਮਾ ਪੰਜਾਬ ਅੰਦਰ,
'ਕਰਮ' ਚਾਹੇ ਨਾ ਜਾਣਾ ਗੁਲਜ਼ਾਰ ਵਿਚੋਂ।

ਪ੍ਰੋ. ਕਰਮ ਸਿੰਘ ਦੇ ਸੈਕੂਲਰ ਹੋਣ ਦਾ ਸਬੂਤ ਇਹ ਹੈ ਕਿ ਉਸ ਦਾ ਸਾਧਾਂ, ਸੰਤਾਂ, ਫਕੀਰਾਂ ਤੇ ਜੋਗੀਆਂ ਨਾਲ ਡੂੰਘਾ ਸੰਪਰਕ ਰਿਹਾ ਹੈ। ਉਹ ਸਮੇਂ ਸਮੇਂ ਪੰਜਾਬੀ ਸਾਹਿਤ ਸਭਾ ਬਠਿੰਡਾ ਤੇ ਬਾਬਾ ਹਾਜੀ ਰਤਨ ਮੰਚ ਦਾ ਪ੍ਰਧਾਨ ਤੇ ਸਵਾਮੀ ਵਿਵੇਕਾ ਨੰਦ ਸਟਡੀ ਸਰਕਲ ਦਾ ਸਰਪ੍ਰਸਤ ਰਿਹਾ ਹੈ। ਹੁਣ ਜਦੋਂ ਉਸ ਦੇ ਵਾਰਸਾਂ ਨੇ 'ਸੋਹਣੀ' ਦਾ ਦੂਜਾ ਐਡੀਸ਼ਨ ਹੋਰ ਵੀ ਖੂਬਸੂਰਤ ਢੰਗ ਨਾਲ ਛਾਪ ਕੇ ਬਠਿੰਡਾ ਵਿਖੇ ਇਸ ਦਾ ਲੋਕ ਅਰਪਣ ਸਮਾਰੋਹ ਕੀਤਾ ਤਾਂ ਉਸ ਵਿਚ ਸਰੋਤੇ ਅੰਤ ਤੱਕ ਮੰਤਰ ਮੁਗਧ ਹੋ ਕੇ ਬੈਠੇ ਰਹੇ। ਉਨ੍ਹਾਂ ਦੇ ਵਸਤਰ ਦਸਦੇ ਸਨ ਕਿ ਉਹ ਭਿੰਨ ਭਿੰਨ ਰੁਚੀਆਂ ਤੇ ਧਰਮਾਂ ਨੂੰ ਪ੍ਰਣਾਏ ਹੋਏ ਸਨ।

ਜਰਨੈਲ ਸਿੰਘ, ਫਤਿਹ ਸਿੰਘ, ਗੋਪਾਲ ਸਿੰਘ ਵਰਗੇ ਉਸ ਦੇ ਪੁੱਤਰਾਂ ਤੇ ਭਤੀਜਿਆਂ ਨੇ ਪ੍ਰੋ. ਕਰਮ ਸਿੰਘ ਵੈਲਫੇਅਰ ਸੁਸਾਇਟੀ ਦੀ ਸਥਾਪਨਾ ਕਰਕੇ ਪਿੰਡ ਸੁਧਾਰ ਦੇ ਕੰਮ ਵੀ ਵਿੱਢੇ ਹੋਏ ਹਨ। ਕਰਮ ਸਿੰਘ ਦਾ ਸਾਰਾ ਭਾਈਚਾਰਾ ਕਰਮਾਂ ਵਾਲਾ ਹੈ।

**ਅੰਤਿਕਾ:** (ਪ੍ਰੋ. ਕਰਮ ਸਿੰਘ)

ਮਿੱਠੀ ਸ਼ਹਿਦ ਜ਼ੁਬਾਨ ਤੇ ਪਿੰਡ ਭੁੰਦੜ,
ਕਿੱਸਾ 'ਸੋਹਣੀ' ਦਾ ਖੂਬ ਬਣਾਉਣ ਵਾਲਾ।
ਪੁੱਤ ਮਾਲਵੇ ਦਾ ਕੀਤੀ ਪਹਿਲਵਾਨੀ,
ਪ੍ਰੋ. ਕਰਮ ਸਿੰਘ ਨਾਮ ਸਦਾਉਣ ਵਾਲਾ।

ਕਹਾਣੀ

# ਭੁੱਬਲ ਦੀ ਅੱਗ

***ਦਿੱਲੀ ਵੱਸਦੀ ਕਹਾਣੀਕਾਰ ਬਚਿੰਤ ਕੌਰ ਨੇ ਦਿਲ ਤੱਕ ਮਾਰ ਕਰਨ ਵਾਲੀਆਂ ਕਹਾਣੀਆਂ ਲਿਖੀਆਂ ਹਨ। 'ਭੁੱਬਲ ਦੀ ਅੱਗ' ਅਜਿਹੀ ਹੀ ਇਕ ਕਹਾਣੀ ਹੈ ਜਿਸ ਵਿਚ ਉਸ ਨੇ ਮਨੁੱਖੀ ਜੀਵਨ ਦੇ ਵਿਸ਼ਾਲ ਬਿਰਤਾਂਤ ਵਿਚੋਂ ਨਿੱਕੀ ਜਿਹੀ ਚੂਲੀ ਭਰੀ ਹੈ। ਇਸ ਨਿੱਕੀ ਜਿਹੀ ਚੂਲੀ ਵਿਚ ਉਸ ਨੇ ਲੋਹੜੇ ਦਾ ਵੈਰਾਗ ਪਰੋਇਆ ਹੋਇਆ ਹੈ। ਇਸ ਵੈਰਾਗ ਦੀਆਂ ਕੱਚੀਆਂ ਤੰਦਾਂ ਅਗਾਂਹ ਰਿਸ਼ਤਿਆਂ ਨਾਲ ਜੁੜੀਆਂ ਹੋਈਆਂ ਹਨ। ਇਸ ਕਹਾਣੀ ਵਿਚ ਰਿਸ਼ਤਿਆਂ ਦੀਆਂ ਇਹ ਕੱਚੀਆਂ ਤੰਦਾਂ, ਹਾਲਾਤ ਦੀ ਮੂੰਹ-ਜ਼ੋਰ ਨ੍ਹੇਰੀ ਅੱਗੇ ਤਾਰ-ਤਾਰ ਹੁੰਦੀਆਂ ਜਾਪਦੀਆਂ ਹਨ। ਇਸ ਰਚਨਾ ਵਿਚ ਬੇਵਸੀ ਦੀ ਬਹੁਤ ਗਾੜ੍ਹੀ ਚਾਸ਼ਣੀ ਘੁਲੀ ਹੋਈ ਹੈ। -ਸੰਪਾਦਕ***

"ਆਹ ਸੁਣ ਲੈ ਭੈਣ ਬਾਈ ਦੀ ਰਾਤ ਆਲੀ ਕਰਤੂਤ। ਪੈ ਗਿਆ ਦੌਰਾ ਅੱਜ ਫੇਰ ਉਸ ਨੂੰ।"

"ਕਿਉਂ ਕੀ ਹੋਇਆ?" ਬਚਨੋ ਨੇ ਦੂਰੋਂ ਹੀ ਦੀਪ ਨੂੰ ਪੁੱਛਿਆ ਤੇ ਉਹ ਸੁੱਕੇ ਆਟੇ ਨਾਲ ਲਿਬੜੇ ਹੱਥ ਲਈ ਬਾਹਰ ਵਿਹੜੇ ਵਿਚ ਆਈ ਜਿਥੇ ਉਸ ਦੇ ਕੋਲ ਉਸ ਦੀ ਬਹੂ ਸਿੰਦਰੋ ਮੂੰਹ ਲਟਕਾਈ ਖੜ੍ਹੀ ਸੀ। ਉਸ ਦੀਆਂ ਅੱਖਾਂ ਵਿਚ ਕਹਿਰਾਂ ਦਾ ਗੁੱਸਾ ਭਰਿਆ ਹੋਇਆ ਸੀ।

"ਬਾਈ ਕਿੱਥੇ ਏ?"

"ਹੋਊ ਕਿਧਰੇ, ਦਫ਼ਾ ਹੋਵੇ, ਜਿਧਰ ਮਰਜ਼ੀ।"

"ਮੈਂ ਪੁੱਛਦੀ ਹਾਂ ਦੀਪ ਹੋਇਆ ਕੀ?"

"ਹੋਣਾ ਕੀ ਸੀ, ਮੇਰੇ ਸਿਰ ਸੁਆਹ ਪਾ'ਤੀ, ਮੈਂ ਤਾਂ ਹੁਣ ਉਮਰ ਭਰ ਸਹੁਰੇ ਪਿੰਡ ਮੂੰਹ ਦਿਖਾਉਣ ਜੋਗਾ ਨਹੀਂ ਰਿਹਾ।"

"ਪਰ ਤੂੰ ਦੱਸ ਤਾਂ ਸਹੀ ਹੋਇਆ ਕੀ?"

"ਆ ਚੱਲ ਅੰਦਰ ਮੇਰੇ ਨਾਲ।" ਉਹ ਝੱਟ ਆਪਣੀ ਵੱਡੀ ਭੈਣ ਨੂੰ ਬਾਹੋਂ ਫੜ ਕੇ ਅੰਦਰ ਲੈ ਗਿਆ।

"ਆਹ ਦੇਖ ਬਾਈ ਦੀ ਜੁੱਤੀ ਅਜੇ ਤੱਕ ਸਿੰਦਰੋ ਦੀ ਚਾਚੀ ਦੇ ਮੰਜੇ ਕੋਲ ਪਈ ਹੈ।"



**ਬਚਿੰਤ ਕੌਰ**

"ਝੂਠਾ! ਮੈਂ ਨਹੀਂ ਮੰਨਦੀ ਇਹ ਗੱਲ।"

"ਆਹੋ ਭੈਣ ਤੈਨੂੰ ਕਾਹਨੂੰ ਸੱਚ ਆਊ ਸਾਡੀ ਗੱਲ ਦਾ। ਅਸੀਂ ਤਾਂ ਜਿਵੇਂ ਬੁੜ੍ਹੇ ਦੇ ਦੁਸ਼ਮਣ ਹੁੰਦੇ ਹਾਂ ਨਾ।"

ਸਿੰਦਰੋ ਆਪਣੀ ਨਣਦ ਮੂਹਰੇ ਹੁਣ ਉਚੀ-ਉਚੀ ਬੋਲ ਰਹੀ ਸੀ। ਜਿਉਂ-ਜਿਉਂ ਸਿੰਦਰੋ ਤੇ ਦੀਪ ਰਾਤ ਦੀ ਘਟਨਾ ਬਾਰੇ ਉਚੀ-ਉਚੀ ਚਰਚਾ ਕਰ ਰਹੇ ਸਨ, ਤਿਉਂ-ਤਿਉਂ ਉਨ੍ਹਾਂ ਦੀਆਂ ਗੱਲਾਂ ਸੁਣ-ਸੁਣ ਬਚਨੋ ਸ਼ਰਮ ਦੀ ਮਾਰੀ ਜ਼ਮੀਨ ਵਿਚ ਗੱਡਦੀ ਜਾ ਰਹੀ ਸੀ।

ਉਸ ਨੂੰ ਆਪਣੇ ਗੰਗਾ ਵਰਗੇ ਪਵਿੱਤਰ ਪਿਉ ਉਪਰ ਲਾਏ ਏਸ ਦੂਸ਼ਣ ਦਾ ਭੋਰਾ ਭਰ ਵੀ ਸੱਚ ਨਹੀਂ ਸੀ ਆ ਰਿਹਾ। ਉਸ ਨੇ ਤਾਂ ਆਪਣੀ ਸਾਰੀ ਉਮਰ ਰੱਬੀ ਭਗਤੀ ਵਿਚ ਗੁਜ਼ਾਰੀ ਸੀ। ਬਚਨੋ ਦੀ ਮਾਂ ਦੇ ਮਰਨ ਪਿਛੋਂ, ਭਰ ਜਵਾਨੀ ਵਿਚ ਵੀ ਉਸ ਨੇ ਕਦੇ ਕਿਸੇ ਦੀ ਧੀ ਭੈਣ ਵੱਲ ਮੈਲੀ ਨਜ਼ਰ ਨਾਲ ਨਹੀਂ ਸੀ ਦੇਖਿਆ। ਸਾਰਾ ਪਿੰਡ ਜਾਣਦਾ ਸੀ ਕਿ ਕਿਸ਼ਨ ਸਿਉਂ ਫੌਜੀ ਵਰਗਾ ਬੰਦਾ ਏਸ ਪਿੰਡ ਫੇਰ ਨਹੀਂ ਸੀ ਪੈਦਾ ਹੋਣਾ।

ਉਹ ਜਦੋਂ ਵੀ ਆਪਣੀ ਫੌਜੀ ਜ਼ਿੰਦਗੀ ਵਿਚੋਂ ਸਾਲ ਭਰ ਪਿੱਛੋਂ ਆਪਣੇ ਪਿੰਡ ਛੁੱਟੀ ਆਉਂਦਾ ਤਾਂ ਉਹ ਪਿੰਡ ਵਿਚ ਬਿਮਾਰਾਂ ਦੀ ਸੇਵਾ ਵਿਚ ਜੁਟਿਆ ਰਹਿੰਦਾ। ਖਾਸ ਕਰ ਕੇ ਜਣੇਪੇ ਵਾਲੀਆਂ ਔਰਤਾਂ ਦੀ ਦਵਾ-ਦਾਰੂ ਦਾ ਉਹ ਬਹੁਤ ਧਿਆਨ ਰੱਖਦਾ ਸੀ। ਜਦੋਂ ਕਿਸ਼ਨ ਸਿਉਂ ਛੁੱਟੀ ਆਇਆ ਹੁੰਦਾ ਤਾਂ ਬਿਮਾਰਾਂ ਨਾਲ ਉਸ ਦੇ ਕੱਚੇ ਘਰ ਦੀ ਡਿਓਢੀ ਭਰੀ ਹੀ ਰਹਿੰਦੀ। ਸਾਰਾ-ਸਾਰਾ ਦਿਨ ਦੀਪ ਤੇ ਬਚਨੋ ਉਸ ਕੋਲ ਬੈਠੇ ਕੋਈ ਨਾ ਕੋਈ ਜੜੀ ਬੂਟੀ ਕੁੱਟਦੇ ਹੀ ਰਹਿੰਦੇ।

ਹੁਣ ਪਿਛਲੇ ਤਿੰਨਾਂ ਵਰ੍ਹਿਆਂ ਤੋਂ ਜਦੋਂ ਦਾ ਉਹ ਰਿਟਾਇਰ ਹੋ ਕੇ ਆਪਣੇ ਪਿੰਡ ਆਇਆ ਸੀ, ਆਪਣੇ ਪੁੱਤ ਦੀਪ ਕੋਲ ਰਹਿੰਦਾ ਹੋਇਆ ਵੀ ਬਿਮਾਰਾਂ ਲਈ ਕੋਈ ਨਾ ਕੋਈ ਦਵਾ-ਦਾਰੂ ਬਣਾਉਂਦਾ ਹੀ ਰਹਿੰਦਾ। ਕਦੇ ਕੌੜ ਤੁੰਬੇ ਦਾ ਚੂਰਨ, ਕਦੇ ਔਲੇ ਬਹੇੜਿਆਂ ਦੀ ਫੱਕੀ, ਕਦੇ ਸੰਤਰਿਆਂ ਦੇ ਛਿਲਕਿਆਂ ਦਾ ਮੁਰੱਬਾ, ਜਾਂ ਫੇਰ ਕਿੱਕਰਾਂ ਦੇ ਤੁੱਕਿਆਂ ਨੂੰ ਇਕੱਠਾ ਕਰ ਕੇ ਕਿਸੇ ਦਵਾਈ ਵਿਚ ਪਾਉਣ ਲਈ ਸੁਕਾਉਂਦਾ ਰਹਿੰਦਾ।

ਉਸ ਦੀ ਧੀ ਬਚਨੋ ਨੂੰ ਵਿਆਹਿਆਂ ਹੁਣ ਪੂਰੇ ਤੇਰਾਂ ਵਰ੍ਹੇ ਹੋ ਗਏ ਸਨ, ਫੇਰ ਵੀ ਉਸ ਦਾ ਬਾਈ ਕੋਈ ਨਾ ਕੋਈ ਦਵਾਈ ਉਸ ਕੋਲ ਕੁੱਟਣ ਲਈ ਭੇਜਦਾ ਹੀ ਰਹਿੰਦਾ।

ਕਿਸ਼ਨ ਸਿਉਂ ਨੇ ਕਦੇ ਕਿਸੇ ਮਰੀਜ਼ ਕੋਲੋਂ ਦਵਾਈ ਦੇ ਪੈਸੇ ਨਹੀਂ ਸਨ ਲਏ। ਕਦੇ ਦਵਾ-ਦਾਰੂ ਦਿੰਦਿਆਂ ਉਚੀ ਨਜ਼ਰ ਕਰ ਕੇ ਨਹੀਂ ਸੀ ਦੇਖਿਆ। ਜਦੋਂ ਕਿ ਇਕ ਖਿਆਲ ਉਸ ਦੇ ਮਨ ਵਿਚ ਵਾਰ-ਵਾਰ ਆਉਂਦਾ ਰਿਹਾ ਸੀ ਕਿ ਉਸ ਨੂੰ ਆਪਣਾ ਘਰ ਦੁਬਾਰਾ ਵਸਾ ਲੈਣਾ ਚਾਹੀਦਾ ਹੈ।" ਪਰ ਉਸ ਨੇ ਐਸਾ ਨਹੀਂ ਕੀਤਾ। ਜਦੋਂ ਵੀ ਉਹ ਐਸਾ ਸੋਚਦਾ, ਦੀਪ ਦਾ ਮਾਸੂਮ ਜਿਹਾ ਚਿਹਰਾ ਉਸ ਦੇ ਸਾਹਮਣੇ ਆ ਖੜ੍ਹਾ ਹੁੰਦਾ। "ਰੁਲ'ਜੂ ਯਤੀਮ, ਮਤਰੇਈਆਂ ਕਾਹਨੂੰ ਪੁੱਛਦੀਆਂ ਨੇ।" ਅੱਜ ਉਹ ਹੀ ਦੀਪ ਸੀ ਜਿਸ ਨੇ ਉਸ ਦੀ ਚਿੱਟੀ ਦਾੜ੍ਹੀ ਦਾ ਵਾਲ-ਵਾਲ ਕਰ ਰੱਖਿਆ ਸੀ।

ਕਾਲੇ ਦੀ ਛਟੀ ਉਤੇ ਆਏ ਸਾਰੇ ਭਾਈਚਾਰੇ ਵਿਚ ਇਹ ਗੱਲ ਤੜਕੇ ਤੋਂ ਹੀ ਫੈਲ ਚੁੱਕੀ ਸੀ ਤੇ ਸਿੰਦਰੋ ਦੀ ਚਾਚੀ ਮੂੰਹ-ਨ੍ਹੇਰੇ ਹੀ ਨਮੋਸ਼ੀ ਦੀ ਮਾਰੀ ਪਹਿਲੀ ਮੋਟਰ ਆਪਣੇ ਪਿੰਡ ਮੁੜ ਗਈ ਸੀ।

ਘਰ ਵਿਚ ਆਈਆਂ ਮੇਲਣਾਂ ਵਿਚੋਂ ਕਈਆਂ ਨੇ ਲਾਜੋ ਦੇ ਮੰਜੇ ਕੋਲ ਪਈ ਬੁੜ੍ਹੇ ਦੀ ਜੁੱਤੀ ਸੈਂਦਕ ਦੇਖੀ ਸੀ। ਸਿੰਦਰੋ ਦੇ ਪੇਕਿਉਂ ਆਈਆਂ ਕਈ ਤੀਵੀਆਂ ਵਿਹੜੇ ਵਿਚ ਖੜ੍ਹੀਆਂ ਏਸ ਗੱਲ ਦੀ ਵਾਰੋ-ਵਾਰੀ ਚਰਚਾ ਕਰ ਰਹੀਆਂ ਸਨ।

ਪਹਿਲੀ: "ਸਹੁੰ ਭਾਈ ਦੀ ਝੂਠ ਨੀ ਬੋਲਦੀ, ਰੱਬ ਨੂੰ ਜਾਨ ਦੇਣੀ ਹੈ। ਜੁੱਤੀ ਤਾਂ ਬੁੜ੍ਹੇ ਦੀ ਲਾਜੋ ਦੇ ਮੰਜੇ ਕੋਲ ਪਈ ਮੈਂ ਦੇਖੀ ਹੈ।"

ਦੂਜੀ, ਹੁੰਗਾਰਾ ਭਰਦੀ ਹੋਈ: "ਖਬਰੇ ਬੁੜ੍ਹੇ ਦੀ ਮੱਤ ਨੂੰ ਕੀ ਹੋ ਗਿਆ। ਧੌਲੇ ਝਾਟੇ ਸਿਰ ਸੁਆਹ ਪਾ ਲਈ। ਨਾਲੇ ਦੀਪ ਨੂੰ ਸਾਰੇ ਸ਼ਰੀਕੇ ਵਿਚ ਕਿਤੇ ਆਉਣ ਜਾਣ ਜੋਗਾ ਨੀ ਛੱਡਿਆ।"

ਤੀਜੀ: "ਨੀ ਛੇੜਿਆ ਵੀ ਕੀਹਨੂੰ। ਕੁੜਮਾਂ ਅੱਗੋਂ ਆਈ ਨੂੰ। ਐਵੇਂ ਦੀਪ ਕਹਿੰਦਾ ਰਹਿੰਦਾ ਹੈ ਕਿ ਦੌਰਾ ਪੈਣ ਸਮੇਂ ਬੁੜ੍ਹੇ ਨੂੰ ਆਪਣੇ ਆਪ ਦੀ ਸੁਰਤ ਨਹੀਂ ਰਹਿੰਦੀ। ਭਲਾ ਇਹ ਗੱਲਾਂ ਕੋਈ ਬੇ-ਸੁਰਤੀ ਦੀਆਂ ਨੇ। ਮੁੰਡਾ ਮੂੰਹ ਦਿਖਾਉਣ ਜੋਗਾ ਨਹੀਂ ਰਿਹਾ ਕਿਤੇ ਵੀ।"



ਬਚਨੋ ਸ਼ਰੀਕੇ ਦੀਆਂ ਔਰਤਾਂ ਦੇ ਮੂੰਹੋ ਇਹੋ ਜਿਹੀਆਂ ਗੱਲਾਂ ਸੁਣ-ਸੁਣ ਰੋਣ ਹਾਕੀ ਹੋਈ ਪਈ ਸੀ। ਕੀ ਔਰਤ ਕੀ ਮਰਦ, ਏਸੇ ਘਟਨਾ ਦੀ ਚਰਚਾ ਕਰ ਰਹੇ ਸਨ।

ਪਰ ਬਚਨੋ ਨੂੰ ਜਿਵੇਂ ਸੱਚ ਨਹੀਂ ਸੀ ਆ ਰਿਹਾ, ਭਾਵੇਂ ਉਸ ਨੇ ਆਪ ਅੰਦਰ ਜਾ ਕੇ ਲਾਜੋ ਦੇ ਮੰਜੇ ਕੋਲ ਪਈ ਆਪਣੇ ਬਾਈ ਦੀ ਜੁੱਤੀ ਨੂੰ ਦੇਖਿਆ ਸੀ। ਉਸ ਨੇ ਕਈ ਵਾਰ ਹੌਸਲਾ ਕੀਤਾ ਕਿ ਉਹ ਆਪ ਜਾ ਕੇ ਆਪਣੇ ਬਾਈ ਕੋਲੋਂ ਸਾਰੀ ਗੱਲ ਪੁੱਛੇ, ਪਰ ਧੀ ਪਿਉ ਨੂੰ ਪੁੱਛੇ ਤਾਂ ਕੀ? ਨਾਲੇ ਉਸ ਨੂੰ ਤਾਂ ਮੂੰਹ-ਨ੍ਹੇਰੇ ਹੀ ਬੇਹੋਸ਼ੀ ਦੀ ਹਾਲਤ ਵਿਚ ਦੀਪ ਬਾਹਰਲੇ ਘਰ ਛੱਡ ਆਇਆ ਸੀ ਜਿਥੇ ਉਹ ਹੁਣ ਬੇਸੁਧ ਪਿਆ ਸੀ। ਕਿਸੇ ਨੇ ਉਸ ਦੀ ਮੁੜ ਕੇ ਬਾਤ ਨਹੀਂ ਸੀ ਪੁੱਛੀ। ਬਚਨੋ ਆਪ ਹਲਵਾਈ ਨਾਲ ਭੱਠੀ ਉਤੇ ਰੁੱਝੀ ਹੋਈ ਸੀ।

ਪਰ ਜੋ-ਜੋ ਗੱਲਾਂ ਸ਼ਰੀਕੇ ਦੇ ਲੋਕ ਉਹਦੇ ਪਿਉ ਬਾਰੇ ਕਰ ਰਹੇ ਸਨ, ਬਚਨੋ ਦੇ ਦਿਲ ਵਿਚ ਸੂਲ ਵਾਂਗ ਚੁਭਦੀਆਂ ਜਾ ਰਹੀਆਂ ਹਨ। ਉਸ ਦੇ ਧਰਮਾਤਮਾ ਪਿਉ ਬਾਰੇ ਅੱਜ ਕੀ-ਕੀ ਨਹੀਂ ਸੀ ਕਿਹਾ ਲੋਕਾਂ ਨੇ। ਉਸ ਸ਼ਖਸ ਬਾਰੇ ਜਿਸ ਨੇ ਜੁਆਨੀ ਤੋਂ ਬੁਢਾਪੇ ਤੱਕ ਦਾ ਸਾਰਾ ਸਫ਼ਰ ਬਿਨਾਂ ਸਾਥੀ ਤੋਂ ਤੈਅ ਕੀਤਾ ਸੀ। ਆਪਣੀਆਂ ਸਾਰੀਆਂ ਇੱਛਾਵਾਂ ਨੂੰ ਉਸ ਨੇ ਭੁੱਬਲ ਦੀ ਅੱਗ ਵਾਂਗ ਦੱਬ ਰੱਖਿਆ ਸੀ।

ਬਚਨੋ ਦੀ ਮਾਂ ਤਾਂ ਦੀਪ ਨੂੰ ਛਿਲੇ ਵਿਚ ਹੀ ਛੀਆਂ ਦਿਨਾਂ ਦਾ ਛੱਡ ਕੇ ਚਲ ਵਸੀ ਸੀ। ਤਾਹੀਓਂ ਬਚਨੋ ਦਾ ਬਾਈ ਜਣੇਪੇ ਵਾਲੀਆਂ ਔਰਤਾਂ ਦਾ ਖਾਸ ਧਿਆਨ ਰੱਖਦਾ ਸੀ। ਜਦੋਂ ਬਚਨੋ ਦੀ ਮਾਂ ਮਰੀ, ਤਾਂ ਉਸ ਸਮੇਂ ਬਚਨੋ ਦੇ ਬਾਈ ਦੀ ਉਮਰ ਮਸਾਂ ਬਾਈਆਂ ਵਰ੍ਹਿਆਂ ਦੀ ਹੋਊ, ਤੇ ਬਚਨੋ ਉਸ ਸਮੇਂ ਢੂਢ ਵਰ੍ਹੇ ਦੀ ਸੀ।

ਚੌਦਾਂ ਸਾਲ ਕਿਸ਼ਨ ਸਿਉਂ ਦੀ ਫੌਜ ਕਸ਼ਮੀਰ ਦੇ ਬਾਰਡਰ 'ਤੇ ਰਹੀ। ਫੇਰ ਖਾਸਾ ਚਿਰ ਰਾਜਸਥਾਨ, ਤੇ ਉਸ ਤੋਂ ਪਿਛੋਂ ਕਿਸ਼ਨ ਸਿਉਂ ਦੀ ਬਦਲੀ ਦਿੱਲੀ ਦੀ ਹੋ ਗਈ। ਪਿਛੋਂ ਸ਼ਰੀਕੇ ਵਿਚੋਂ ਲਗਦੇ ਕਿਸ਼ਨ ਸਿਉਂ ਦੇ ਭਾਈ ਨੇ ਬਚਨੋ ਲਈ ਮੁੰਡਾ ਟੋਲਿਆ ਅਤੇ ਆਉਂਦੀ ਛੁੱਟੀ ਨੂੰ ਉਸ ਦੇ ਹੱਥ ਪੀਲੇ ਕਰ ਉਸ ਨੂੰ ਪਰਾਏ ਘਰ ਤੋਰ ਦਿੱਤਾ। ਫੇਰ ਭੈਣ ਨੇ ਵੀਰ ਲਈ ਜੱਟਾਂ ਦੀ ਇਕ ਬਹੂ ਦੇ ਪੇਕੇ ਪਿੰਡੋਂ ਸਿੰਦਰੋ ਦਾ ਰਿਸ਼ਤਾ ਦੀਪ ਲਈ ਲੈ ਲਿਆ। ਕਿੰਨੇ ਚਾਓ ਕੀਤੇ ਸਨ ਸਿੰਦਰੋ ਦੇ, ਬਚਨੋ ਦੇ ਬਾਈ ਨੇ। ਅੱਜ ਉਹ ਹੀ ਸਿੰਦਰੋ ਉਸ ਦੇ ਬਾਈ ਨੂੰ ਨਾ ਜਾਣੇ ਕੀ-ਕੀ ਅਬਾ-ਤਬਾ ਬੋਲ ਰਹੀ ਸੀ। ਤੇ ਬਚਨੋ ਸਭ ਕੁਝ ਜਰਦੀ ਹੋਈ, ਅੰਦਰੋ-ਅੰਦਰ ਲਹੂ ਦੇ ਘੁੱਟ ਪੀ ਰਹੀ ਸੀ।

ਅੱਜ ਤਾਂ ਦੀਪ ਵੀ ਯਕੀਨ ਕਰ ਬੈਠਾ ਸੀ ਕਿ ਉਸ ਦਾ ਬਾਈ ਜਾਣ ਬੁਝ ਕੇ ਅੰਦਰ ਗਿਆ ਸੀ, ਕਿਉਂਕਿ ਸਿੰਦਰੋ ਨੇ ਅੱਗੇ ਵੀ ਕਈ ਇਹੋ ਜਿਹੀਆਂ ਗੱਲਾਂ ਦੀਪ ਨੂੰ ਦੱਸੀਆਂ ਸਨ ਕਿ ਉਸ ਦਾ ਬਾਈ ਆਪਣਾ ਘੜਾ ਛੱਡ ਨੰਦ ਕੁਰ ਦੀ ਝੱਜਰੀ ਵਿਚੋਂ ਕੋਠੇ ਉਤੇ ਪਾਣੀ ਪੀਣ ਜਾਂਦਾ ਹੈ। ਤੇ ਦਰਵਾਜ਼ੇ ਜਾ ਕੇ ਉਸ ਨੇ ਲੰਬੜਾਂ ਦੇ ਬੁੜ੍ਹੇ ਨੂੰ ਇਹ ਵੀ ਕਿਹਾ ਸੀ ਕਿ ਉਹ ਉਸ ਦਾ ਕਿਤੇ ਹੋਰ ਬਾਨਣੂੰ ਬੰਨ੍ਹਵਾ ਦੇਵੇ। ਦੀਪ ਨੇ ਇਹ ਸਾਰੀਆਂ ਗੱਲਾਂ ਬਚਨੋ ਨੂੰ ਵੀ ਚਿੱਠੀ ਵਿਚ ਲਿਖ ਦਿੱਤੀਆਂ ਸਨ।

ਬਚਨੋ ਨੂੰ ਦੀਪ ਦੀ ਚਿੱਠੀ ਵਿਚ ਲਿਖੀ ਇਹ ਗੱਲ ਵੀ ਚੇਤੇ ਆਈ ਜਿਸ ਵਿਚ ਦੀਪ ਨੇ ਲਿਖਿਆ ਸੀ ਕਿ 'ਭੈਣ ਅੱਜ ਕੱਲ੍ਹ ਬਾਈ ਬਹੁਤ ਲਾਪ੍ਰਵਾਹ ਹੁੰਦਾ ਜਾ ਰਿਹਾ ਹੈ। ਪੈਨਸ਼ਨ ਦੇ ਰੁਪਿਆਂ ਵਿਚੋਂ ਹਰ ਮਹੀਨੇ ਕਈ-ਕਈ ਰੁਪਿਆਂ ਦੀ ਲਾਟਰੀ ਪਾ ਆਉਂਦਾ ਹੈ।'

ਜਦੋਂ ਦੀਪ ਦੇ ਮਨ ਵਿਚ ਹੀ ਖਾਈ ਬਣ ਗਈ ਸੀ, ਤਾਂ ਭਲਾ ਸਿੰਦਰੋ ਨੇ ਕੀ ਬਾਤ ਪੁੱਛਣੀ ਸੀ।

"ਨਾ ਰੋਟੀ ਦੇਣ, ਪਰ ਝੂਠੇ ਦੂਸ਼ਣ ਤਾਂ ਨਾ ਲਾਉਣ।" ਆਹ ਰਾਤ ਵਾਲਾ ਲਾਇਆ ਦੂਸ਼ਣ ਤਾਂ ਜਿਵੇਂ ਬਚਨੋ ਤੋਂ ਸਹਿਆ ਨਹੀਂ ਸੀ ਜਾ ਰਿਹਾ।

ਸੱਚ ਨੂੰ ਨਿਤਾਰਨ ਲਈ ਸਾਰੇ ਕੰਮ ਛੱਡ-ਛਡਾ ਉਹ ਭਰੀ-ਪੀਤੀ ਬਾਹਰਲੇ ਘਰ ਆਪਣੇ ਬਾਈ ਕੋਲ ਆਈ ਜਿਥੇ ਕੰਧ ਨਾਲ ਢਾਸਣਾ ਲਾਈ ਹੁਣ ਉਸ ਦਾ ਬਾਈ ਸੁਖਮਨੀ ਸਾਹਿਬ ਦਾ ਪਾਠ ਕਰ ਰਿਹਾ ਸੀ।

ਇਕ ਵਾਰ ਤਾਂ ਪਾਠ ਕਰਦੇ ਬਾਈ ਨੂੰ ਦੇਖ ਬਚਨੋ ਨੂੰ ਦੀਪ ਤੇ ਸਿੰਦਰੋ ਉਤੇ ਬੇਹੱਦ ਗੁੱਸਾ ਆਇਆ। ਤੇ ਨਾਲ ਉਸ ਕਮਜਾਤ ਲਾਜੋ 'ਤੇ ਜਿਸ ਨੇ ਝੂਠਾ ਆਰੋਪ ਲਾਇਆ ਸੀ ਉਸ ਦੇ ਪਿਉ ਉਤੇ। ਕੇਰਾਂ ਤਾਂ ਬਚਨੋ ਦਾ ਚਿੱਤ ਕੀਤਾ ਕਿ ਉਸ ਨੂੰ ਗੁੱਤੋਂ ਫੜ ਕੇ ਆਪਣੇ ਬਾਈ ਦੇ ਸਾਹਮਣੇ ਲਿਆ ਕੇ ਪੁੱਛੇ, ਪਰ ਉਹ ਤਾਂ ਮੂੰਹ-ਨ੍ਹੇਰੇ ਹੀ ਆਪਣੇ ਪਿੰਡ ਮੁੜ ਗਈ ਸੀ। ਫੇਰ ਉਸ ਦੇ ਮਨ ਵਿਚ ਆਈ ਕਿ ਉਹ ਦੀਪ ਤੇ ਸਿੰਦਰੋ ਨੂੰ ਬੁਲਾ ਕੇ ਚੰਗੀ ਤਰ੍ਹਾਂ ਧਨੇਸੜੀ ਦੇਵੇ, ਪਰ ਉਹ ਸਾਰੇ ਗੁੱਸੇ ਨੂੰ ਅੰਦਰੋ-ਅੰਦਰ ਪੀ ਗਈ, ਕਿਉਂਕਿ ਘਰ ਵਿਚ ਉਸ ਦੇ ਭਤੀਜੇ ਦੀ ਛਟੀ ਕਰ ਕੇ ਖੁਸ਼ੀ ਮਨਾਈ ਜਾ ਰਹੀ ਸੀ।

ਪਰ ਉਹ ਆਪਣੇ ਬਾਈ ਉਪਰ ਲੱਗੇ ਦੂਸ਼ਣ ਦਾ ਨਿਤਾਰਾ ਸ਼ਰੀਕੇ ਦੇ ਸਾਹਮਣੇ ਹੀ ਕਰਨਾ ਚਾਹੁੰਦੀ ਸੀ। ਕਿਵੇਂ ਸਿੰਦਰੋ ਨੇ ਖਾਹ-ਮਖਾਹ ਸਾਰੇ ਰਿਸ਼ਤੇਦਾਰਾਂ ਵਿਚ ਭੰਡੀ ਪਾ ਰੱਖੀ ਸੀ।

ਉਸ ਨੇ ਬੜੀ ਹਿੰਮਤ ਕਰ ਕੇ ਆਪਣੇ ਬਾਈ ਕੋਲ ਬੈਠਦਿਆਂ ਹੌਲੀ ਜਿਹੇ ਪੁੱਛਿਆ:

"ਬਾਈ ਜੀ ਭਲਾ ਇਹ ਰਾਤ... ", ਅਜੇ ਗੱਲ ਮੂੰਹ ਵਿਚ ਹੀ ਸੀ ਕਿ ਉਸ ਨੂੰ ਦਿਆਲੋ ਤਾਈ ਦੀ ਕਹੀ ਗੱਲ ਦਾ ਚੇਤਾ ਆ ਗਿਆ।

"ਅੱਜ ਕੱਲ੍ਹ ਤੇਰਾ ਬਾਈ ਬਹੁਤ ਦੁਖੀ ਹੈ ਧੀਏ। ਮਾੜੀ-ਮਾੜੀ ਗੱਲ 'ਤੇ ਰੋ ਪੈਂਦਾ ਹੈ। ਦੁੱਖ-ਸੁੱਖ ਦੀ ਕੋਈ ਵੀ ਗੱਲ ਸਹਿਣ ਨਹੀਂ ਕਰਦਾ। ਕਈ ਵਾਰ ਤਾਂ ਸਾਰੀ-ਸਾਰੀ ਰਾਤ ਸੌਂਦਾ ਵੀ ਨਹੀਂ। ਜੇ ਕਿਧਰੇ ਬਿੰਦ ਝੱਟ ਅੱਖ ਲੱਗ ਹੀ ਜਾਏ ਤਾਂ ਫੇਰ ਝੱਟ ਜਾਗ ਜਾਂਦਾ ਹੈ। ਫੇਰ ਅੱਧੀ ਰਾਤ ਜਿੱਧਰ ਮੂੰਹ ਹੁੰਦਾ ਹੈ, ਉਠ ਤੁਰਦਾ ਹੈ।"

ਬਚਨੋ ਨੂੰ ਡਰ ਹੋ ਗਿਆ, ਕਿਧਰੇ ਉਸ ਦਾ ਬਾਈ ਉਸ ਦੀ ਗੱਲ ਸੁਣ ਕੇ ਰੋਣ ਹੀ ਨਾ ਲੱਗ ਜਾਏ, ਪਰ ਥੋੜ੍ਹੀ ਦੇਰ ਏਧਰ-ਉਧਰ ਦੀਆਂ ਗੱਲਾਂ ਕਰਨ ਪਿਛੋਂ ਝਿਜਕਦਿਆਂ-ਝਿਜਕਦਿਆਂ ਫੇਰ ਕਿਹਾ, "ਬਾਈ ਜੀ, ਭਲਾ ਇਹ ਰਾਤ ਤੈਨੂੰ ਦੌਰਾ ਕੇਹਾ ਪੈ ਗਿਆ ਸੀ?"

ਕਿਸ਼ਨ ਸਿਉਂ ਨੇ ਧੀ ਦੀਆਂ ਨਜ਼ਰਾਂ ਵਿਚ ਡੁੱਲ੍ਹਦੀ ਹਮਦਰਦੀ ਨੂੰ ਦੇਖ ਹੌਲੀ ਜਿਹੀ ਕਿਹਾ, "ਕੀ ਪੁੱਤ...", ਤੇ ਇਸ ਦੇ ਨਾਲ ਹੀ ਉਸ ਦਾ ਗਲਾ ਭਰ ਆਇਆ।

ਬਚਨੋ ਨੇ ਝੱਟ ਗੱਲ ਪਲਟੀ ਤੇ ਕਿਹਾ, "ਬਾਈ ਜੀ, ਮੈਂ ਤਾਂ ਊਂਈ ਪੁੱਛਦੀ ਹਾਂ, ਬਈ ਤੈਨੂੰ ਇਹ ਬੇਹੋਸ਼ੀ ਦਾ ਦੌਰਾ ਕਿਉਂ ਪੈ ਜਾਂਦਾ ਹੈ। ਤੈਨੂੰ ਕਿਸ ਗੱਲ ਦਾ ਦੁੱਖ ਹੈ ਬਾਈ? ਦੀਪ ਤੇ ਬਹੂ ਜਾਣੋ ਤੈਨੂੰ ਬਹੁਤ ਤੰਗ ਕਰਦੇ ਨੇ।"

"ਨਾ ਪੁੱਤ ਨਾ, ਮੈਨੂੰ ਕਾਸੇ ਦਾ ਵੀ ਭੋਰਾ ਦੁੱਖ ਨੀ। ਕੋਈ ਤੰਗ ਨਹੀਂ ਕਰਦਾ ਮੈਨੂੰ।"

"ਫੇਰ ਇਹ ਮਾੜੀ ਜੀ ਗੱਲ 'ਤੇ ਤੇਰੀਆਂ ਅੱਖਾਂ ਕਿਉਂ ਭਰ ਆਉਂਦੀਆਂ ਨੇ।"

"ਕੁਛ ਨੀ ਪੁੱਤ, ਮੈਨੂੰ ਕੋਈ ਦੁੱਖ ਤਕਲੀਫ਼ ਨੀ। ਬੈਠੇ ਬਿਠਾਏ ਦੋ ਵਖਤ ਰੋਟੀ ਮਿਲ ਜਾਂਦੀ ਹੈ।"

"ਝੂਠ ਨਾ ਬੋਲ ਬਾਈ, ਮੈਂ ਸਾਰੀ ਗੱਲ ਜਾਣਦੀ ਹਾਂ। ਦੀਪ ਤੇ ਸਿੰਦਰੋ ਨੂੰ ਤੇਰੀ ਰੋਟੀ ਹੁਣ ਚੁਭਦੀ ਹੈ। ਏਸੇ ਕਰ ਕੇ ਤੇਰੀ ਬਦਖੋਈ ਕਰਦੇ ਰਹਿੰਦੇ ਨੇ ਹਰ ਸਮੇਂ, ਪਰ ਬਾਈ ਜੀ, ਮੈਥੋਂ ਤੇਰੀ ਇਹ ਹਾਲਤ ਨਹੀਂ ਦੇਖੀ ਜਾਂਦੀ। ਹਰ ਸਮੇਂ ਉਠਦੇ-ਬੈਠਦੇ ਫਿਟਲ੍ਹਾਣਤੀ ਕਰਦੇ ਰਹਿੰਦੇ ਨੇ ਦੋਵੇਂ ਜੀ।"

"ਇਹ ਤਾਂ ਸਮੇਂ ਦਾ ਗੇੜ ਹੈ ਪੁੱਤ।"

"ਪਰ ਤੈਂ ਤਾਂ ਸਾਰੀ ਉਮਰ ਲੋਕਾਂ ਦੀ ਭਲਾਈ ਹੀ ਕੀਤੀ ਹੈ। ਫ਼ੇਰ ਇਹ ਲੋਕ ਤੇਰੀਆਂ ਇਹੋ ਜਿਹੀਆਂ ਗੱਲਾਂ ਕਿਉਂ ਬਣਾਉਂਦੇ ਨੇ। ਕਿਉਂ ਝੂਠੀਆਂ ਤੋਹਮਤਾਂ ਲਾਉਂਦੇ ਨੇ ਤੇਰੇ 'ਤੇ ਹਰ ਸਮੇਂ। ਬਾਈ ਜੀ, 'ਕੇਰਾਂ ਤੂੰ ਮੈਨੂੰ ਇਹ ਰਾਤ ਵਾਲੀ ਗੱਲ ਸੱਚੋ ਸੱਚ ਦੱਸ ਦੇਹ, ਕੀ ਹੋਈ; ਫੇਰ ਮੈਂ ਆਪ ਸੁਲਝ ਲੂੰਗੀ ਸਭ ਨਾਲ।"

"ਗੱਲ ਕੀ ਹੋਈ ਪੁੱਤ।"

"ਮੈਂ ਪੁੱਛਦੀ ਹਾਂ, ਇਹ ਤੇਰੀ ਜੁੱਤੀ ਲਾਜੋ ਕਮਜ਼ਾਤ ਦੇ ਮੰਜੇ ਕੋਲ ਕਿਵੇਂ ਆਈ।"

"ਮੇਰੀ ਜੁੱਤੀ ਲਾਜੋ ਦੇ ਮੰਜੇ ਕੋਲ। ਓ ਫੁੱਟੇ ਕਰਮ... ", ਐਨਾ ਕਹਿੰਦਿਆਂ-ਕਹਿੰਦਿਆਂ ਉਸ ਦਾ ਗਲਾ ਭਰ ਆਇਆ। ਤੇ ਝੱਟ ਗਰਮ-ਗਰਮ ਹੰਝੂ ਉਸ ਦੀ ਚਿੱਟੀ ਦਾੜ੍ਹੀ ਉਪਰ ਡਿੱਗਣ ਲੱਗ ਪਏ।

ਬਚਨੋ ਨੇ ਆਪਣੇ ਬਾਈ ਨੂੰ ਸੰਭਾਲਣ ਦੀ ਬਹੁਤ ਕੋਸ਼ਿਸ਼ ਕੀਤੀ, ਪਰ ਉਹ ਝੱਟ ਬੇਹੋਸ਼ ਹੋ ਗਿਆ। ਬਚਨੋ ਨੂੰ ਹੱਥਾਂ ਪੈਰਾਂ ਦੀ ਪੈ ਗਈ। ਉਸ ਨੇ ਭੱਜ ਕੇ ਨਾਲ ਦੇ ਘਰੋਂ ਜੱਟਾਂ ਦੇ ਮੁੰਡੇ ਨੂੰ ਸਾਈਕਲ ਉਪਰ ਭੇਜ ਡਾਕਟਰ ਨੂੰ ਬੁਲਾਇਆ।

ਡਾਕਟਰ ਦੀ ਕਾਫ਼ੀ ਕੋਸ਼ਿਸ਼ ਪਿਛੋਂ ਕਿਤੇ ਕਿਸ਼ਨ ਸਿਉਂ ਨੇ ਅੱਖਾਂ ਖੋਲ੍ਹੀਆਂ। ਬੇਹੋਸ਼ੀ ਦੀ ਹਾਲਤ ਸਮੇਂ ਬਚਨੋ ਨੇ ਰੋਂਦਿਆਂ-ਰੋਂਦਿਆਂ ਆਪਣੇ ਬਾਈ ਦੀ ਸਾਰੀ ਹਾਲਤ ਦੱਸ ਦਿੱਤੀ ਕਿ ਉਹ ਸਾਰੀ ਸਾਰੀ ਰਾਤ ਸੌਂਦਾ ਨਹੀਂ, ਤੇ ਰਾਤ ਵਾਲੀ ਸਾਰੀ ਘਟਨਾ ਵੀ ਉਸ ਨੇ ਡਾਕਟਰ ਨੂੰ ਦੱਸ ਦਿੱਤੀ।

ਜਿਉਂ ਹੀ ਮਰੀਜ਼ ਨੂੰ ਕੁਝ ਹੋਸ਼ ਆਈ, ਡਾਕਟਰ ਨੇ ਪੂਰੀ ਤਸੱਲੀ ਦਿੱਤੀ।

"ਤੁਸੀਂ ਬਹੁਤ ਜਲਦੀ ਠੀਕ ਹੋ ਜਾਓਗੇ। ਇਹ ਬੇਹੋਸ਼ੀ ਤੁਹਾਨੂੰ ਦਿਮਾਗ਼ੀ ਨਾੜੀ ਦੇ ਲਹੂ ਦਾ ਦੌਰਾ ਰੁਕ ਜਾਣ ਕਾਰਨ ਹੁੰਦੀ ਹੈ, ਪਰ ਤੁਸੀਂ ਮੈਨੂੰ ਇਕ ਗੱਲ ਦੱਸੋ।"

"ਕੀ ਡਾਕਟਰ ਸਾਹਿਬ।" ਕਿਸ਼ਨ ਸਿਉਂ ਨੇ ਬੜੀ ਹਲੀਮੀ ਨਾਲ ਪੁੱਛਿਆ।

ਤੁਸੀਂ ਫੌਜ ਵਿਚ ਰਾਤ ਨੂੰ ਕਿੰਨੇ ਘੰਟੇ ਸੌਂਦੇ ਸੀ, ਹੁਣ ਕਿੰਨੇ ਘੰਟੇ ਸੌਂਦੇ ਹੋ।"

"ਫੌਜ ਵਿਚ ਤਾਂ ਡਾਕਟਰ ਸਾਹਿਬ ਦਾਰੂ ਪੀ ਕੇ ਸਾਰੀ-ਸਾਰੀ ਰਾਤ ਸੁੱਤਾ ਰਹਿੰਦਾ ਸੀ, ਪਰ ਹੁਣ ਤਾਂ ਜਿਵੇਂ ਨੀਂਦ ਨੇੜਿਓਂ ਹੀ ਨਹੀਂ ਲੰਘਦੀ।"

ਗੱਲ ਕਰਦਿਆਂ-ਕਰਦਿਆਂ ਕਿਸ਼ਨ ਸਿਉਂ ਦੀ ਆਵਾਜ਼ ਬੰਦ ਹੋ ਗਈ ਅਤੇ ਉਸ ਦੀਆਂ ਅੱਖਾਂ ਵਿਚ ਹੰਝੂ ਭਰ ਆਏ। ਫੇਰ ਵੀ ਡਾਕਟਰ ਨੇ ਇਕ ਸਵਾਲ ਹੋਰ ਪੁੱਛ ਹੀ ਲਿਆ।

"ਤੁਹਾਨੂੰ ਕੀ ਪ੍ਰੇਸ਼ਾਨੀ ਹੈ। ਤੁਸੀਂ ਰੋ ਕਿਉਂ ਪੈਂਦੇ ਹੋ।"

"ਕੁਛ ਨੀ ਡਾਕਟਰ ਸਾਹਿਬ। ਮੈਂ ਹੁਣ ਹੋਰ ਜਿਉਣਾ ਨਹੀਂ ਚਾਹੁੰਦਾ। ਮੈਨੂੰ ਸੰਖੀਆ ਦੇ ਦਿਉ ਘੋਲ ਕੇ।" ਔਖੇ-ਔਖੇ ਸਾਹ ਲੈਂਦਿਆਂ ਕਿਸ਼ਨ ਸਿਉਂ ਨੇ ਮਸਾਂ ਆਪਣੀ ਗੱਲ ਮੁਕਾਈ। ਤੇ ਫੇਰ ਝੱਟ ਉਸ ਦੀ ਦਿਮਾਗੀ ਨਾੜੀ ਦਾ ਦੌਰਾ ਬੰਦ ਹੋ ਗਿਆ।

ਆਪਣੇ ਬਾਈ ਦੀ ਐਸੀ ਹਾਲਤ ਦੇਖ ਬਚਨੋ ਉਚੀ-ਉਚੀ ਰੋਣ ਲੱਗ ਪਈ। ਤੇ ਫੇਰ ਆਪਣੇ ਗੋਡਿਆਂ ਵਿਚ ਸਿਰ ਰੱਖ ਕੇ ਉਸ ਨੂੰ ਚਿੰਬੜਦੀ ਹੋਈ ਬੋਲੀ, "ਹਾਏ ਬਾਈ ਸਾਨੂੰ ਛੱਡ ਕੇ ਨਾ ਜਾਈਂ। ਮੇਰੇ ਬਾਈ ਨੂੰ ਬਚਾਓ ਡਾਕਟਰ ਸਾਹਿਬ।" ਉਸ ਨੇ ਡਾਕਟਰ ਅੱਗੇ ਵਾਸਤਾ ਪਾਇਆ।

"ਤੁਸੀਂ ਮਰੀਜ਼ ਕੋਲ ਰੋਵੋ ਨਾ। ਇੰਦਰੀਆਂ ਦੇ ਭੋਗਾਂ ਨੂੰ ਜਵਾਨੀ ਵਿਚ ਦੱਬ-ਘੁੱਟ ਕੇ ਰੱਖਣ ਨਾਲ ਬੁਢਾਪੇ ਵਿਚ ਐਸੇ ਰੋਗ ਅਕਸਰ ਲੱਗ ਜਾਂਦੇ ਹਨ। ਮਰੀਜ਼ ਬੇ-ਵੱਸ ਬੇਹੋਸ਼ੀ ਦੀ ਹਾਲਤ ਵਿਚ ਬਹੁਤ ਕੁਝ ਕਰ ਜਾਂਦਾ ਹੈ ਜਿਸ ਦਾ ਉਸ ਨੂੰ ਖੁਦ ਪਤਾ ਨਹੀਂ ਲਗਦਾ।"

"ਤਾਂ ਕੀ ਰਾਤ ਵਾਲੀ ਘਟਨਾ ਸੱਚੀ ਹੋ ਸਕਦੀ ਹੈ ਡਾਕਟਰ ਸਾਹਿਬ।"

"ਇਸ ਵਿਚ ਕੋਈ ਸ਼ੱਕ ਨਹੀਂ।"

ਇਹ ਸੁਣਦਿਆਂ ਹੀ ਬਚਨੋ ਨੇ ਆਪਣੇ ਬਾਈ ਦੁਆਲੇ ਵਲੀਆਂ ਬਾਹਾਂ ਇਕੋ ਵਾਰੀ ਇਉਂ ਪਰ੍ਹਾਂ ਕਰ ਲਈਆਂ, ਜਿਵੇਂ ਉਹ ਭਿੱਟੀ ਜਾ ਰਹੀ ਹੋਵੇ। ਤੇ ਉਸ ਨੇ ਝੱਟ ਆਪਣੇ ਗੋਡਿਆਂ ਉਤੋਂ ਬੜੀ ਬੇ-ਰਹਿਮੀ ਨਾਲ ਕਿਸ਼ਨ ਸਿਉਂ ਦਾ ਸਿਰ ਹਟਾ ਕੇ ਭੁੰਜੇ ਰੱਖ ਦਿੱਤਾ।

## ਵਿਅੰਗ

### ਸਾਊ ਚੋਰ

"ਡੈਡੀ ਜੀ, ਆਹ ਕਾਲਾ ਧਨ ਕੀ ਹੁੰਦੈ? ਕੀ ਇਹ ਆਪਣੀ ਮੱਝ ਦੇ ਕੱਟੇ ਵਰਗਾ ਕਾਲਾ ਹੁੰਦੈ?" ਕਰਮੇ ਨੇ ਅਖਬਾਰ ਪਰੇ ਰੱਖ ਕੇ ਪੁੱਛਿਆ।

ਪਿਤਾ ਨੇ ਗੰਭੀਰ ਹੋ ਕੇ ਦੱਸਿਆ, "ਪੁੱਤਰ, ਜਿਹੜਾ ਧਨ ਸਰਕਾਰ ਨੂੰ ਟੈਕਸ ਦੇਣ ਤੋਂ ਬਿਨਾ, ਲਕੋ ਕੇ ਚੋਰੀ ਚੋਰੀ ਖਰਚਿਆ ਜਾਵੇ, ਉਹ ਕਾਲਾ ਧਨ ਹੁੰਦੈ।"

"ਇਹ ਕਿਵੇਂ ਹੋ ਸਕਦੈ? ਸਰਕਾਰ ਤੋਂ ਚੋਰੀ ਕਿਵੇਂ ਖਰਚ ਲਊ ਕੋਈ?"

"ਪੁੱਤਰ, ਜੇ ਕਿਸੇ ਨੇ ਪੱਚੀ ਲੱਖ ਦਾ ਮਕਾਨ ਖਰੀਦਿਆ ਹੋਵੇ ਅਤੇ ਰਜਿਸਟਰੀ ਵਿਚ ਪੰਜ ਲੱਖ ਦਾ ਖਰੀਦਿਆ ਦੱਸੇ; ਇਉਂ ਉਹ ਵੀਹ ਲੱਖ ਉਤੇ ਟੈਕਸ ਦੇਣ ਤੋਂ ਬਚ ਗਿਆ ਪਰ ਅਗਲੇ ਨੂੰ ਦਿੱਤਾ ਪੱਚੀ ਲੱਖ ਹੀ ਜਾਂਦੈ।"

"ਡੈਡੀ ਜੀ, ਇਹ ਤਾਂ ਫੇਰ ਚੋਰੀ ਹੋਈ ਪੂਰੀ।"

"ਹਾਂ ਹਾਂ ਬੇਟਾ, ਹੈ ਤਾਂ ਇਹ ਚੋਰੀ ਹੀ ਪਰ ਸਾਰੇ ਸਾਊ ਚੋਰ ਇਉਂ ਹੀ ਅੱਖੀਂ ਘੱਟਾ ਪਾਉਂਦੇ ਨੇ ਸਰਕਾਰ ਦੇ।!"

***-ਅਵਤਾਰ ਸਿੰਘ ਹੰਸਰਾ***
***ਫੋਨ: 661-368-6572***

*ਪੱਤਰਕਾਰ ਦਲਬੀਰ ਸਿੰਘ ਨੇ 'ਡੋਗਰ ਸਿੰਘ ਦੀ ਹਵੇਲੀ' ਦੇ ਬਹਾਨੇ ਪਿੰਡ ਦੇ ਕੁਝ ਹੋਰ ਪੱਖਾਂ ਬਾਰੇ ਗੱਲਾਂ ਕੀਤੀਆਂ ਹਨ। ਇਸ ਲੇਖ ਵਿਚ ਫੇਰੀ ਵਾਲਿਆਂ ਅਤੇ ਭੱਠੀ ਦਾ ਉਚੇਚਾ ਜ਼ਿਕਰ ਹੈ। ਮਰਹੂਮ ਦਲਬੀਰ ਸਿੰਘ (20 ਅਗਸਤ 1949-28 ਜੁਲਾਈ 2007) ਦੀ ਇਹ ਸਵੈ-ਜੀਵਨੀ 'ਤੇਰੀਆਂ ਗਲੀਆਂ' ਕੋਈ ਸਵੈ-ਜੀਵਨੀ ਨਹੀਂ; ਇਹ ਉਹਦੇ ਆਪਣੇ ਪਿੰਡ ਨੰਗਲ ਸ਼ਾਮਾ ਦੀਆਂ ਗੱਲਾਂ ਹੀ ਨਹੀਂ, ਸਗੋਂ ਸਮੁੱਚੇ ਪੰਜਾਬ ਦੇ ਪਿੰਡਾਂ, ਲੋਕਾਂ ਅਤੇ ਆਲੇ-ਦੁਆਲੇ ਬਾਰੇ ਬੜੀਆਂ ਸਿੱਧੀਆਂ ਅਤੇ ਸੂਖਮ ਬਾਤਾਂ ਹਨ। ਇਸ ਸਵੈ-ਜੀਵਨੀ ਵਿਚ ਉਹਨੇ ਆਪਣੀ ਧੀ ਸੁਪਨੀਤ ਕੌਰ ਨੂੰ ਆਪਣਾ ਪਿੰਡ ਦਿਖਾਉਣ ਦੇ ਬਹਾਨੇ ਪੰਜਾਬ ਦੇ ਪਿੰਡਾਂ ਦੀ ਕਹਾਣੀ ਜੋੜੀ ਹੈ ਜੋ ਪਿਛਲੇ ਕਈ ਦਹਾਕਿਆਂ ਤੋਂ ਬਹੁਤ ਤੇਜ਼ੀ ਨਾਲ ਬਦਲੇ ਹਨ। -ਸੰਪਾਦਕ*

**ਤੇਰੀਆਂ ਗਲੀਆਂ-13**



*ਮੈਂ ਆਪਣੇ ਪਿੰਡ ਨੰਗਲ ਸ਼ਾਮਾ ਦੀਆਂ ਗਲੀਆਂ, ਨਾਲੀਆਂ, ਖੇਤਾਂ, ਖੂਹਾਂ, ਖੰਡਰਾਂ, ਦਰਖਤਾਂ, ਫਸਲਾਂ, ਤੀਵੀਂਆਂ, ਬੰਦਿਆਂ, ਇਸ ਦੀ ਮਿੱਟੀ ਦੇ ਕਿਣਕਿਆਂ ਉਤੇ ਕਵਿਤਾ ਲਿਖਣੀ ਚਾਹੁੰਦਾ ਹਾਂ। ਮੈਂ ਪਿੰਡ ਬਾਰੇ ਇੰਨੀਆਂ ਕਵਿਤਾਵਾਂ ਲਿਖਣਾ ਚਾਹੁੰਦਾ ਹਾਂ ਜਿੰਨੀਆਂ ਮੈਂ ਸਾਰੀ ਉਮਰ ਲਾ ਕੇ ਵੀ ਲਿਖ ਨਾ ਸਕਾਂ, ਪਰ ਚਾਹੁੰਦੇ ਹੋਏ ਵੀ ਨਹੀਂ ਲਿਖ ਸਕਦਾ, ਕਿਉਂਕਿ ਮੈਨੂੰ ਕਵਿਤਾ ਨਾ ਲਿਖਣ ਦਾ ਸਰਾਪ ਹੈ। ਦਰਅਸਲ ਮੈਂ ਰੱਜ ਕੇ ਪਿੰਡ ਦੀ ਮਿੱਟੀ ਖਾਣਾ ਚਾਹੁੰਦਾ ਹਾਂ; ਸਾਰੀ-ਸਾਰੀ ਰਾਤ ਜਗਦੀਆਂ ਰੌਸ਼ਨੀਆਂ ਦੇ ਸ਼ਹਿਰ (ਚੰਡੀਗੜ੍ਹ) ਵਿਚ ਮੈਂ ਬਹੁਤ ਭੁੱਖਾ ਰਹਿ ਗਿਆ ਹਾਂ। -ਦਲਬੀਰ ਸਿੰਘ*

# ਡੋਗਰ ਸਿੰਘ ਦੀ ਹਵੇਲੀ

ਬਾਹਮਣਾਂ ਦੇ ਸੱਤਦੇਵ ਦੇ ਘਰ ਤੋਂ ਛਾਲ ਮਾਰ ਕੇ ਬਾਬੇ ਡੋਗਰ ਸਿੰਘ ਦੀ ਹਵੇਲੀ ਪਹੁੰਚ ਗਿਆ ਹਾਂ। ਇਉਂ ਕਰਦਿਆਂ ਇਕ ਤਾਂ ਖੱਬੇ ਪਾਸੇ ਵਾਲਾ ਠੇਕੇਦਾਰ ਮਹਿੰਦਰ ਸਿੰਘ ਦਾ ਘਰ ਛੱਡ ਦਿੱਤਾ ਹੈ; ਦੂਜਾ, ਸੱਜੇ ਪਾਸੇ ਦਾ ਲੁਹਾਰਾਂ ਦੇ ਉਸ ਮਹਿੰਦਰ ਸਿੰਘ ਦਾ ਘਰ ਵੀ ਛੱਡ ਦਿੱਤਾ ਹੈ ਜਿਸ ਨੇ ਪਿੰਡ ਵਿਚ ਪਾਈ ਕੋਠੀ ਵਿਚ ਸਭ ਤੋਂ ਪਹਿਲਾਂ ਫਲੱਸ਼ ਵਾਲੀ ਟੱਟੀ ਬਣਾਈ ਸੀ। ਕਿਸੇ ਨੇ ਇਹ ਟੱਟੀ ਭਾਵੇਂ ਦੇਖੀ ਨਹੀਂ ਸੀ, ਫ਼ਿਰ ਵੀ ਇਸ ਦੀ ਚਰਚਾ ਬਹੁਤ ਸੀ। ਇਹ 'ਚਾਚਾ' ਮਹਿੰਦਰ ਸਿੰਘ ਕਿਸੇ ਵੇਲੇ ਰਾਮਾ ਮੰਡੀ ਵਿਖੇ ਸਾਈਕਲਾਂ ਦੀ ਦੁਕਾਨ ਕਰਦਾ ਹੁੰਦਾ ਸੀ। ਨਵੇਂ ਸਾਈਕਲ ਵੇਚਣ ਦੇ ਨਾਲ-ਨਾਲ ਪੁਰਾਣੇ ਸਾਈਕਲਾਂ ਦੀ ਮੁਰੰਮਤ ਲਈ ਕਾਰਿੰਦੇ ਵੀ ਰੱਖੇ ਹੋਏ ਸਨ। ਉਸ ਦੀ ਦੁਕਾਨ ਦੇ ਨਾਲ ਹੀ ਉਸ ਦੇ ਵੱਡੇ 'ਤਾਇਆ' ਮਿਹਰ ਸਿੰਘ ਦਾ ਜਨਰਲ ਸਟੋਰ ਸੀ। ਇਸ ਦੇ ਨਾਲ ਹੀ ਮੈਂ ਲੁਹਾਰਾਂ ਵਾਲੀ ਭੀੜੀ ਗਲੀ ਵੀ ਛੱਡ ਦਿੱਤੀ ਹੈ। ਇਸ ਭੀੜੀ ਗਲੀ ਵਿਚ ਹੀ ਖਰਾਸ ਵਾਲੇ ਅਰਜਨ ਸਿੰਘ ਦਾ ਘਰ ਹੁੰਦਾ ਸੀ ਜਿਸ ਬਾਰੇ ਚਰਚਾ ਹੋ ਚੁੱਕੀ ਹੈ।

ਇਸ ਭੀੜੀ ਗਲੀ ਬਾਰੇ ਮੈਂ ਸਿਰਫ ਇੰਨਾ ਹੀ ਕਹਾਂਗਾ ਕਿ ਅਰਜਨ ਸਿੰਘ ਲੁਹਾਰ ਦੀ ਪਤਨੀ ਗੁੰਗੀ ਸੀ। ਫਿਰ ਵੀ ਉਹ ਸਭ ਗੱਲਾਂ ਇੰਨੀ ਚੰਗੀ ਤਰ੍ਹਾਂ ਸਮਝ ਸਕਦੀ ਸੀ ਕਿ ਹੈਰਾਨੀ ਹੁੰਦੀ ਸੀ। ਉਸ ਦਾ ਭਾਈ ਅਰਥਾਤ ਅਰਜਨ ਸਿੰਘ ਦਾ ਸਾਲਾ ਵੀ ਗੁੰਗਾ ਸੀ। ਉਹ ਕਦੇ-ਕਦੇ ਆਪਣੀ ਭੈਣ ਨੂੰ ਮਿਲਣ ਆਉਂਦਾ ਸੀ। ਤਿੱਲੇਦਾਰ ਜੁੱਤੀ, ਪ੍ਰੈਸ ਕਰ ਕੇ ਪਾਇਆ ਸਫੈਦ ਪਜਾਮਾ, ਕਢਾਈ ਵਾਲਾ ਕੁੜਤਾ, ਸਵਾਰ ਕੇ ਕਤਰੀ ਹੋਈ ਦਾੜ੍ਹੀ, ਸਿਰ ਉਤੇ ਤੁਰਲੇ ਵਾਲੀ ਪੱਗ, ਮਾਵਾ ਲਾ ਕੇ ਇਕ ਹੱਥ ਤੱਕ ਦਾ ਖੜ੍ਹਵਾਂ ਤੁਰਲਾ ਅਤੇ ਹੱਥ ਵਿਚ ਅੰਗਰੇਜ਼ ਸਾਹਿਬਾਂ ਵਰਗਾ ਡੰਡਾ। ਤੁਰਦਾ ਤਾਂ ਪੂਰਾ ਰੋਹਬਦਾਰ ਥਾਣੇਦਾਰ ਲਗਦਾ, ਪਰ ਸਾਡੇ ਲਈ ਉਹ ਇਕ ਖੁਸ਼ਗਵਾਰ ਜੋਕਰ ਵਰਗਾ ਹੁੰਦਾ ਸੀ। ਨਿੱਕੇ ਨਿਆਣੇ ਉਸ ਨੂੰ ਛੇੜਦੇ ਰਹਿੰਦੇ। ਉਹ ਅੱਗਿਉਂ ਹੱਸ ਛੱਡਦਾ। ਕਦੇ-ਕਦੇ ਉਹ 'ਕੂ-ਕੂ' ਕਰ ਕੇ ਕਿਲਕਾਰੀਆਂ ਵੀ ਮਾਰਦਾ। ਇਸ ਨਾਲ ਕਈ ਨਿਆਣੇ ਡਰ ਵੀ ਜਾਂਦੇ, ਪਰ ਉਸ ਨੂੰ ਕਦੇ ਵੀ ਗੁੱਸੇ ਵਿਚ ਨਹੀਂ ਸੀ ਦੇਖਿਆ। ਉਹ ਅਕਸਰ ਬਾਬਾ ਡੋਗਰ ਸਿੰਘ ਦੀ ਹਵੇਲੀ ਵਿਚ ਬੈਠਾ ਰਹਿੰਦਾ ਅਤੇ ਦੋਵੇਂ ਆਪਸ ਵਿਚ 'ਗੱਲਾਂ' ਕਰਦੇ ਰਹਿੰਦੇ।

ਬਾਬਾ ਡੋਗਰ ਸਿੰਘ ਅਸਲ ਵਿਚ ਮੇਰੇ ਬਾਬੇ (ਦਾਦੇ) ਦਾ ਸਕਾ ਸਾਂਢੂ ਸੀ। ਮੇਰੀ ਦਾਦੀ ਸੰਤੀ ਦੀ ਸਕੀ ਭੈਣ ਬੰਤੀ ਬਾਬੇ ਡੋਗਰ ਸਿੰਘ ਨੂੰ ਵਿਆਹੀ ਹੋਈ ਸੀ। ਅਸਲ ਵਿਚ ਬੰਤੀ ਵੱਡੀ ਸੀ ਅਤੇ ਸੰਤੀ ਉਸ ਤੋਂ ਛੋਟੀ ਸੀ। ਮੇਰੀ ਦਾਦੀ ਸੰਤੀ ਤਾਂ ਮੇਰੇ ਪੈਦਾ ਹੋਣ ਤੋਂ ਪਹਿਲਾਂ ਹੀ ਮਰ ਗਈ ਸੀ, ਪਰ ਬੰਤੀ ਕਾਫੀ ਉਮਰ ਭੋਗ ਕੇ ਮਰੀ। ਉਸ ਦੀ ਸ਼ਕਲ ਰਾਹੀਂ ਹੀ ਅਸੀਂ ਇਹ ਸਮਝ ਸਕੇ ਸਾਂ ਕਿ ਸਾਡੀ ਦਾਦੀ ਦੀ ਸੂਰਤ ਕਿਸ ਤਰ੍ਹਾਂ ਦੀ ਹੁੰਦੀ ਹੋਵੇਗੀ। ਸਾਡੇ ਦਾਦੇ ਮੇਲਾ ਸਿੰਘ ਲਈ ਭਾਵੇਂ ਡੋਗਰ ਸਿੰਘ ਸ਼ਰੀਕੇਦਾਰ ਹੀ ਹੋਵੇ, ਸਾਡੇ ਲਈ ਉਹ ਸਾਡਾ ਦਾਦਾ ਹੀ ਹੁੰਦਾ ਸੀ।

ਬਾਬਾ ਡੋਗਰ ਸਿੰਘ ਸੇਪੀ ਉਤੇ ਤਰਖਾਣਾ ਕੰਮ ਕਰਦਾ ਸੀ। ਸੇਪੀ ਦਾ ਸਿਸਟਮ ਅੱਜ ਕੱਲ੍ਹ ਖਤਮ ਹੋ ਗਿਆ ਹੈ। ਇਸ ਵਿਚ ਤਰਖਾਣ, ਲੁਹਾਰ ਅਤੇ ਹੋਰ ਦਸਤਕਾਰ ਸਾਰਾ ਸਾਲ ਕਿਸਾਨਾਂ ਦੇ ਲੱਕੜ ਅਤੇ ਲੋਹੇ ਦੇ ਕੰਮ ਕਰਦੇ ਰਹਿੰਦੇ ਸਨ ਅਤੇ ਇਸ ਬਦਲੇ ਹਾੜ੍ਹੀ ਸੌਣੀ ਫਸਲ ਵਿਚੋਂ ਸੇਪ ਜਾਂ ਹਿੱਸਾ ਲੈਂਦੇ ਸਨ। ਕੁਝ ਸਾਲਾਂ ਤੱਕ ਮੇਰੇ ਦਾਦੇ ਨੇ ਵੀ ਸੇਪੀ ਕੀਤੀ ਸੀ, ਪਰ ਉਹ ਕਦੇ-ਕਦੇ ਜਲੰਧਰ ਸ਼ਹਿਰ ਵਿਚ ਦਿਹਾੜੀ ਕਰਨ ਵੀ ਚਲਾ ਜਾਂਦਾ ਸੀ। ਬਾਬਾ ਡੋਗਰ ਸਿੰਘ ਸਾਰਾ ਦਿਨ ਆਪਣੀ ਹਵੇਲੀ ਦੇ ਬਾਹਰਲੇ ਕਮਰੇ ਵਿਚ ਜਾਂ ਤਾਂ ਬੈਂਚ ਉਤੇ ਬੈਠਾ ਰਹਿੰਦਾ, ਜਾਂ ਮੰਜੇ ਉਤੇ ਲੇਟਿਆ ਰਹਿੰਦਾ, ਤੇ ਜਾਂ ਫਿਰ ਕੋਈ ਨਾ ਕੋਈ ਕੰਮ ਕਰਦਾ ਰਹਿੰਦਾ।

ਸੱਠਵਿਆਂ ਵਿਚ ਹਾਲੇ ਤੱਕ ਮੇਰੇ ਪਿੰਡ ਨੂੰ ਸ਼ਹਿਰੀ ਹਵਾ ਨਹੀਂ ਸੀ ਲੱਗੀ, ਭਾਵੇਂ ਸ਼ਹਿਰ ਮਸਾਂ ਪੰਜ ਕੁ ਕਿਲੋਮੀਟਰ ਦੂਰ ਹੀ ਸੀ। ਇਸ ਲਈ ਪਿੰਡ ਦੇ ਲੋਕ ਲੱਕੜ ਦੇ ਸੰਦਾਂ ਆਦਿ ਦੀ ਮੁਰੰਮਤ, ਮੰਜੇ ਪੀੜ੍ਹੀਆਂ ਬਣਾਉਣ ਅਤੇ ਹੋਰ ਕੰਮਾਂ ਲਈ ਪਿੰਡਾਂ ਦੇ ਹੀ ਦਸਤਕਾਰਾਂ ਉਤੇ ਨਿਰਭਰ ਕਰਦੇ ਸਨ। ਬਾਬਾ ਡੋਗਰ ਸਿੰਘ ਦੇ ਤਿੰਨ ਪੁੱਤਰਾਂ ਵਿਚੋਂ ਦੋ ਤਾਂ ਵੈਸੇ ਹੀ ਬਾਹਰ ਚਲੇ ਗਏ ਸਨ। ਸਭ ਤੋਂ ਵੱਡੇ ਸਰਦਾਰ ਰੱਖਾ ਸਿੰਘ ਨੇ ਜਲੰਧਰ ਦੀ ਇਕ ਬਾਡੀ ਬਿਲਡਰ ਕੰਪਨੀ ਵਿਚ ਕੰਮ ਕਰਨਾ ਸ਼ੁਰੂ ਕਰ ਦਿੱਤਾ ਸੀ। ਇਸ ਵਿਚ ਬੱਸਾਂ ਅਤੇ ਟਰੱਕਾਂ ਦੀਆਂ ਬਾਡੀਆਂ ਬਣਦੀਆਂ ਸਨ। ਅੱਗਿਉਂ ਰੱਖਾ ਸਿੰਘ ਦੇ ਇਕੋ-ਇਕ ਪੁੱਤਰ ਦੇਵ ਨੇ ਫਗਵਾੜੇ ਕੋਈ ਛੋਟੀ-ਮੋਟੀ ਫੈਕਟਰੀ ਲਾ ਲਈ ਸੀ। ਤਰਖਾਣਾਂ ਜਾਂ ਰਾਮਗੜ੍ਹੀਆਂ ਦੇ ਪਰਿਵਾਰਾਂ ਵਿਚੋਂ ਹੋਰ ਕੋਈ ਵੀ ਸੇਪੀ ਨਹੀਂ ਸੀ ਕਰਦਾ। ਇਸ ਲਈ ਮੇਲਾ ਸਿੰਘ ਤੇ ਡੋਗਰ ਸਿੰਘ ਦੋ ਹੀ ਸੇਪੀਦਾਰ ਰਹਿ ਗਏ ਸਨ। ਇਨ੍ਹਾਂ ਵਿਚੋਂ ਮੇਲਾ ਸਿੰਘ ਨੇ ਸਾਲ ਦੋ ਸਾਲ ਹੀ ਸੇਪੀ ਕੀਤੀ ਸੀ। ਸਿਰਫ਼ ਬਾਬਾ ਡੋਗਰ ਸਿੰਘ ਹੀ ਪੱਕੇ ਸੇਪੀਦਾਰ ਸਨ।



*ਪੰਜਾਬ ਦੇ ਇਕ ਪਿੰਡ ਵਿਚ ਭੱਠੀ ਉਤੇ ਦਾਣੇ ਭੁੰਨ ਰਹੀ ਇਕ ਮਾਈ।*

ਡੋਗਰ ਸਿੰਘ ਦੀ ਹਵੇਲੀ ਵਿਚ ਅਕਸਰ ਬਜ਼ੁਰਗਾਂ ਦੀ ਮਹਿਫਿਲ ਜੁੜਦੀ ਸੀ। ਬਜ਼ੁਰਗ ਲੋਕ ਵਿਹਲੇ ਹੋ ਕੇ ਉਥੇ ਆ ਬੈਠਦੇ। ਸਾਰੀ ਦੁਪਹਿਰ ਉਥੇ ਹੀ ਬੈਠੇ ਰਹਿੰਦੇ। ਗੱਲਾਂ ਦਾ ਵਿਸ਼ਾ ਕੋਈ ਮਿੱਥਿਆ ਹੋਇਆ ਨਹੀਂ ਸੀ ਹੁੰਦਾ। ਦੁਨੀਆਂਦਾਰੀ ਦੇ ਕਿਸੇ ਵੀ ਵਿਸ਼ੇ ਉਤੇ ਗੱਲ ਹੋ ਸਕਦੀ ਸੀ। ਬਾਬਾ ਡੋਗਰ ਸਿੰਘ ਦੀ ਸਫੈਦ ਭਰਵੀਂ ਦਾੜ੍ਹੀ-ਮੁੱਛਾਂ, ਸਫੈਦ ਪਗੜੀ ਅਤੇ ਸਫੈਦ ਹੀ ਵਸਤਰ ਉਨ੍ਹਾਂ ਦੀ ਦਿਖ ਨੂੰ ਪ੍ਰਭਾਵਸ਼ਾਲੀ ਬਣਾਉਂਦੇ। ਉਤੋਂ ਉਨ੍ਹਾਂ ਦਾ ਸ਼ਾਂਤ ਸੁਭਾਅ। ਉਨ੍ਹਾਂ ਨੂੰ ਮੈਂ ਕਦੇ ਵੀ ਗੁਰਦੁਆਰੇ ਨਹੀਂ ਸੀ ਦੇਖਿਆ, ਫਿਰ ਵੀ ਉਨ੍ਹਾਂ ਦੇ ਚਿਹਰੇ ਉਤਲਾ ਨੂਰ ਕਦੇ-ਕਦੇ ਇੰਨਾ ਪ੍ਰਭਾਵਸ਼ਾਲੀ ਲਗਦਾ ਸੀ ਕਿ ਮੈਨੂੰ ਅਕਸਰ ਗੁਰੂ ਨਾਨਕ ਦੀ ਸ਼ਕਲ-ਸੂਰਤ ਨਾਲ ਮੇਲ ਖਾਂਦਾ ਲਗਦਾ।

ਇਹ ਹਵੇਲੀ ਤਿਰਾਹੇ ਉਤੇ ਸੀ। ਬਾਬਿਆਂ ਦੀ ਕੰਧ ਵੱਲੋਂ ਆਉਂਦੀ ਬੀਹੀ ਉਤੇ ਬਾਬੇ ਡੋਗਰ ਸਿੰਘ ਦੀ ਹਵੇਲੀ ਦੇ ਦਰਵਾਜ਼ੇ ਨੂੰ ਇਕ ਹੋਰ ਬੀਹੀ ਆ ਕੇ ਟਕਰਾਉਂਦੀ ਸੀ। ਇਹ ਉਹ ਬੀਹੀ ਸੀ ਜਿਹੜੀ ਹਰੀਜਨਾਂ ਦੇ ਜਾਂ ਛੋਟੇ ਗੁਰਦੁਆਰੇ ਤੋਂ ਪਾਟ ਕੇ ਆਉਂਦੀ ਸੀ। ਇਉਂ ਇਹ ਚੌਰਾਹਾ ਬਣ ਗਿਆ ਸੀ। ਡੋਗਰ ਸਿੰਘ ਦੀ ਹਵੇਲੀ ਦਾ ਦਰਵਾਜ਼ਾ ਕਿਉਂਕਿ ਹਰ ਵੇਲੇ ਖੁੱਲ੍ਹਾ ਹੁੰਦਾ ਸੀ, ਇਸ ਕਰ ਕੇ ਉਸ ਗਲੀ ਵਿਚ ਲੰਘਦੇ ਹਰ ਸ਼ਖਸ ਲਈ ਇਥੇ ਖੜ੍ਹ ਕੇ ਇਕ-ਦੋ ਮਿੰਟ ਲਈ ਗੱਲਾਂ ਮਾਰਨੀਆਂ ਸੌਖਾ ਕੰਮ ਸੀ। ਇਸੇ ਕਾਰਨ ਹੀ ਪਿੰਡ 'ਚ ਆਉਂਦੇ ਮੰਗਤੇ ਸਾਧ, ਫੇਰੀ ਵਾਲੇ, ਡੱਗੀ ਵਾਲੇ ਇਸ ਹਵੇਲੀ ਸਾਹਮਣੇ ਜ਼ਰੂਰ ਰੁਕਦੇ ਸਨ।

ਇਸ ਹਵੇਲੀ ਦੀ ਰੌਣਕ ਦਾ ਇਕ ਹੋਰ ਕਾਰਨ ਵੀ ਸੀ। ਇਸ ਦੇ ਐਨ ਸਾਹਮਣੇ ਥੜ੍ਹਾ ਉਸਰਿਆ ਹੋਇਆ ਸੀ ਅਤੇ ਇਸ ਥੜ੍ਹੇ ਦੀ ਬਗਲ ਵਿਚ ਦਾਣੇ ਭੁੰਨਣ ਵਾਲੀ ਭੱਠੀ ਸੀ। ਆਮ ਤੌਰ 'ਤੇ ਉਥੇ ਝਿਊਰਾਂ ਦੀ ਭੂਆ ਸੰਤੀ ਹੀ ਸ਼ਾਮ ਨੂੰ ਭੱਠੀ ਤਪਾਇਆ ਕਰਦੀ। ਫਿਰ ਕਿਸੇ ਵੇਲੇ ਝਿਊਰਾਂ ਦੀ ਕਈ ਘਰਾਂ ਨੇ ਦਿਨ ਮਿਥ ਲਏ ਸਨ। ਹਰ ਦਿਨ ਵੱਖੋ-ਵੱਖਰੇ ਘਰਾਂ ਦੀ ਵਾਰੀ ਹੁੰਦੀ। ਝਿਊਰੀਆਂ ਸਾਰਾ ਦਿਨ ਹੀ ਬਾਹਰ ਖੇਤਾਂ ਵਿਚੋਂ ਕੱਖ-ਕਾਨ ਅਤੇ ਦਰੱਖਤਾਂ ਤੋਂ ਸੁੱਕੀਆਂ ਟਾਹਣੀਆਂ ਤੋੜਦੀਆਂ ਰਹਿੰਦੀਆਂ। ਸ਼ਾਮ ਨੂੰ ਇਸ ਕੱਖ-ਕਾਨ ਨੂੰ ਬਾਲਣ ਦੇ ਤੌਰ 'ਤੇ ਵਰਤਿਆਂ ਜਾਂਦਾ। ਭੱਠੀ ਤਪਾਉਣ (ਅਸੀਂ ਭੱਠੀ ਤਾਉਣਾ ਕਹਿੰਦੇ ਸਾਂ) ਵਾਲੀ ਹਰ ਚੁੰਗ ਵਿਚ ਅੰਦਾਜ਼ੇ ਨਾਲ ਚੌਥਾ ਹਿੱਸਾ ਆਪਣਾ ਹਿੱਸਾ ਰੱਖੀ ਜਾਂਦੀ। ਭੱਠੀ ਵਿਚ ਝੋਕਾ ਦੇਣ ਲਈ ਜਾਂ ਤਾਂ ਝਿਊਰਾਂ ਦਾ ਹੀ ਕੋਈ ਬੰਦਾ ਹੁੰਦਾ, ਜਾਂ ਫ਼ਿਰ ਦਾਣੇ ਭੁੰਨਾਉਣ ਗਿਆ ਹੀ ਕੋਈ ਨਾ ਕੋਈ ਇਹ ਕੰਮ ਕਰਨ ਲਗਦਾ। ਆਮ ਤੌਰ 'ਤੇ ਕਿਹਾ ਜਾਂਦਾ ਹੈ ਕਿ ਭੱਠੀਆਂ ਉਤੇ ਹੀ ਅਕਸਰ ਜਵਾਨ ਮੁੰਡੇ-ਕੁੜੀਆਂ ਦੀਆਂ ਅੱਖਾਂ ਲੜਦੀਆਂ ਹਨ, ਕਿਉਂਕਿ ਉਨ੍ਹਾਂ ਸਮਿਆਂ ਵਿਚ ਹੋਰ ਕਿਤੇ ਮਿਲਣ ਦੇ ਮੌਕੇ ਨਹੀਂ ਸਨ ਹੁੰਦੇ।

ਭੱਠੀ ਨਾਲ ਬਣੇ ਥੜ੍ਹੇ ਦੀ ਵਰਤੋਂ ਮੇਰੇ ਚੇਤੇ ਮੁਤਾਬਕ ਇਕੋ ਵਾਰੀ ਹੀ ਕੀਤੀ ਗਈ ਸੀ। ਉਦੋਂ ਮੇਰੀ ਉਮਰ ਛੋਟੀ ਹੀ ਸੀ, ਕਰੀਬ ਦਸ-ਬਾਰਾਂ ਸਾਲ, ਜਦੋਂ ਪਿੰਡ ਦੇ ਨੌਜਵਾਨਾਂ ਨੇ ਇਸ ਥੜ੍ਹੇ ਉਤੇ ਨਾਟਕ ਖੇਡਿਆ ਸੀ। ਇਹ ਥੜ੍ਹਾ ਉਸਾਰਿਆ ਵੀ ਇਸੇ ਮੰਤਵ ਲਈ ਸੀ। ਜਿਹੜਾ ਨਾਟਕ ਖੇਡਿਆ ਗਿਆ ਸੀ, ਉਸ ਦਾ ਸਿਰਫ ਇਕੋ ਦ੍ਰਿਸ਼ ਚੇਤੇ ਹੈ। ਇਸ ਵਿਚ ਗੁਰਦਿਆਲ ਲਾਲੀ ਅਤੇ ਗੁਰਬਖਸ਼ ਲਾਲੀ-ਦੋਵਾਂ ਭਰਾਵਾਂ ਨੇ ਹਿੱਸਾ ਲਿਆ ਸੀ। ਇਹ ਦੋਵੇਂ ਪਿੰਡ ਦੇ ਸਰਪੰਚ ਰਹਿ ਚੁੱਕੇ ਮੇਜਰ ਮਿਹਰ ਸਿੰਘ ਦੇ ਪੁੱਤਰ ਸਨ। ਇਨ੍ਹਾਂ ਵਿਚੋਂ ਇਕ ਭਰਤੀ ਅਫਸਰ ਬਣਿਆ ਸੀ ਅਤੇ ਦੂਜਾ ਫੌਜ ਵਿਚ ਭਰਤੀ ਹੋਣ ਲਈ ਆਇਆ ਨੌਜਵਾਨ। ਅਫਸਰ ਨੇ ਛਾਤੀ ਮਿਣਨੀ ਸੀ। ਇਸ ਲਈ ਉਹ ਉਸ ਨੂੰ ਕੱਪੜੇ ਲਾਹੁਣ ਲਈ ਕਹਿੰਦਾ ਹੈ। ਜਵਾਨ ਵਾਰੀ-ਵਾਰੀ ਕੱਪੜੇ ਲਾਹੁਣ ਲਗਦਾ ਹੈ, ਪਰ ਇਕ ਤੋਂ ਬਾਅਦ ਹੇਠਾਂ ਹੋਰ ਕੱਪੜੇ ਪਾਏ ਹੁੰਦੇ ਹਨ। ਇਸ ਤਰ੍ਹਾਂ ਨਾਲ ਕੱਪੜਿਆਂ ਦਾ ਢੇਰ ਲੱਗ ਜਾਂਦਾ ਹੈ। ਇਹ ਸਕਿੱਟ ਕਾਫੀ ਹਸਾਉਣੀ ਸੀ।

ਕਈ ਸਾਲ ਮਗਰੋਂ 1974 ਵਿਚ ਜਦੋਂ ਪਿੰਡ ਦੇ ਨੌਜਵਾਨਾਂ ਨੇ ਦਹੇਜ ਬਾਰੇ ਨਾਟਕ ਤਿਆਰ ਕੀਤਾ, ਉਦੋਂ ਤੱਕ ਮੈਂ ਪਿੰਡ ਛੱਡ ਕੇ ਜਲੰਧਰ ਚਲਾ ਗਿਆ ਸੀ। ਮੁੰਡਿਆਂ ਨੇ ਮੈਨੂੰ ਸਟੇਜ ਸਕੱਤਰੀ ਦੇ ਕੰਮ ਲਈ ਉਚੇਚਾ ਬੁਲਾਇਆ ਸੀ। ਜਲੰਧਰ ਸ਼ਹਿਰ ਦੀ ਰੇਲਵੇ ਕਾਲੋਨੀ ਵਿਚ ਦੋ ਸਾਲ ਲਗਾਤਾਰ ਸਟੇਜ ਸਕੱਤਰੀ ਕਰਨ ਅਤੇ ਇਕ ਸਾਲ ਪੂਰਾ ਨਾਟਕ ਲਿਖਣ ਅਤੇ ਨਿਰਦੇਸ਼ਕ ਕਰਨ ਕਰਕੇ ਮੈਂ ਸਟੇਜ-ਡਰ ਤੋਂ ਮੁਕਤ ਹੋ ਚੁੱਕਾ ਸਾਂ।

ਬਾਬਾ ਡੋਗਰ ਸਿੰਘ ਦੀ ਮੌਤ ਹੋ ਗਈ। ਉਸ ਦੀ ਹਵੇਲੀ ਨੂੰ ਪੱਕੇ ਜੰਦਰੇ ਲੱਗ ਗਏ। ਥੜ੍ਹਾ ਢਹਿ ਚੁੱਕਾ ਸੀ। ਉਸ ਦੀ ਥਾਂ ਕੋਈ ਮਕਾਨ ਬਣ ਗਿਆ ਹੈ। ਮੈਂ ਇਹ ਕਿਸੇ ਤੋਂ ਪੁੱਛ ਨਹੀਂ ਸਕਦਾ ਕਿ ਇਹ ਮਕਾਨ ਕਿਸ ਦਾ ਹੈ। ਜੇ ਪੁੱਛ ਵੀ ਲਵਾਂ ਤਾਂ ਜ਼ਰੂਰੀ ਨਹੀਂ ਕਿ ਇਹ ਸਮਝ ਸਕਾਂ ਕਿ ਉਹ ਕੌਣ ਹੈ, ਕਿਉਂਕਿ ਤਿੰਨ ਦਹਾਕਿਆਂ ਦੇ ਅਰਸੇ ਵਿਚ ਨਸਲਾਂ ਬਦਲ ਜਾਂਦੀਆਂ ਹਨ। ਹੁਣ ਕੋਈ ਨਵੀਂ ਨਸਲ ਮੇਰੇ ਪਿੰਡ ਦੀ ਵਸਨੀਕ ਹੋ ਗਈ ਹੈ।

ਹੁਣ ਇਹ ਦੱਸਣ ਦੀ ਲੋੜ ਨਹੀਂ ਕਿ ਥੜ੍ਹੇ ਨਾਲ ਅਤੇ ਬਾਬਾ ਡੋਗਰ ਸਿੰਘ ਦੀ ਹਵੇਲੀ ਦੇ ਸਾਹਮਣੇ ਜਿਹੜੀ ਭੱਠੀ ਹੁੰਦੀ ਸੀ, ਉਹ ਹੁਣ ਨਹੀਂ ਰਹੀ। ਸ਼ਹਿਰਾਂ ਵਿਚ ਮਸ਼ੀਨੀ ਤਰੀਕੇ ਨਾਲ ਤਿਆਰ ਖਿੱਲਾਂ ਖਾਣ ਦੀ ਸ਼ੌਕੀਨ ਮੇਰੀ ਧੀ ਨੂੰ ਮੈਂ ਸਮਝਾ ਨਹੀਂ ਸਕਾਂਗਾ ਕਿ ਭੱਠੀ ਕਿਸ ਤਰ੍ਹਾਂ ਦੀ ਹੁੰਦੀ ਹੈ। ਪਤਾ ਨਹੀਂ, ਇਹ ਉਸ ਦੀ ਨਸਲ ਦੀ ਤ੍ਰਾਸਦੀ ਹੈ ਜਾਂ ਮੇਰੀ ਨਸਲ ਦੀ?

*(ਚਲਦਾ)*

## ਕੁਝ ਗੀਤ ਮੇਰੇ

ਕੁਝ ਗੀਤ ਮੇਰੇ ਰਮਤੇ ਸਾਧੂ ਨੇ,
ਪ੍ਰੀਤਾਂ ਦੇ ਵਣਜ਼ਾਰੇ।
ਕੁਝ ਗੀਤ ਮੇਰੇ ਰਹਿਮਤਾਂ ਜਾਏ,
ਰੱਬ ਦੀ ਨਜ਼ਰ ਸਵਾਰੇ।
ਕੁਝ ਗੀਤ ਮੇਰੀ ਰੂਹ 'ਚੋਂ ਉਠਣ,
ਵਗਦੇ ਵਾਂਗ ਫੁਹਾਰੇ।
ਕੁਝ ਗੀਤ ਮੇਰੇ ਔਂਸੀਆਂ ਵਰਗੇ,
ਹਿਜਰੀਂ ਪੀੜਾਂ ਮਾਰੇ।
ਕੁਝ ਗੀਤ ਮੇਰੇ ਚਾਨਣ ਵੰਡਣ,
ਜਿਉਂ ਅਸਮਾਨੀ ਤਾਰੇ।
ਕੁਝ ਗੀਤ ਮੇਰੇ ਕਾਲੀਆਂ ਰਾਤਾਂ,
ਬਿਰਹੋਂ ਦੇ ਚੜ੍ਹੇ ਕੰਧਾੜੇ।
ਕੁਝ ਗੀਤ ਮੇਰੇ ਰੰਗਲੇ ਸੁਫਨੇ,
ਸੱਧਰਾਂ ਚਾਅ ਕੁਆਰੇ।
ਕੁਝ ਗੀਤ ਮੇਰੇ ਲਹਿਰਾਂ ਵਰਗੇ,
ਖਹਿੰਦੇ ਨਾਲ ਕਿਨਾਰੇ।
ਕੁਝ ਗੀਤ ਮੇਰੇ ਫੁੱਲਾਂ ਵਰਗੇ,
ਕੁਝ ਪੱਥਰਾਂ ਤੋਂ ਭਾਰੇ।
ਕੁਝ ਗੀਤ ਮੇਰੇ ਝੁੱਗੀਂ ਵੱਸਦੇ,
ਮਹਿਲਾਂ ਦੇ ਦੁਰਕਾਰੇ।
ਕੁਝ ਗੀਤ ਮੇਰੇ ਬੁੱਸ, ਬੁੱਸ ਰੋਂਦੇ,
ਭੁੱਖੀਂ ਘੁਲਣ ਵਿਚਾਰੇ।
ਕੁਝ ਗੀਤ ਮੇਰੇ ਕਿਰਤੀ ਕਾਮੇ,
ਮੇਹਨਤਾਂ ਕਰਦੇ ਹਾਰੇ।
ਕੁਝ ਗੀਤ ਮੇਰੇ ਇਲਮਾਂ ਜਾਏ,
ਰੁਲਣ ਬੇਕਾਰ ਵਿਚਾਰੇ,
ਕੁਝ ਗੀਤ ਮੇਰੇ ਕੱਲ ਦੇ ਹਾਣੀ,
ਨਸ਼ਿਆਂ ਲਾਏ ਆੜੇ,
ਕੁਝ ਗੀਤ ਮੇਰੇ ਰੋਟੀਓਂ ਆਤਰ,
ਬੇਵਸ ਗ਼ਰੀਬ ਵਿਚਾਰੇ।
ਕੁਝ ਗੀਤ ਮੇਰੇ ਕਰਜਿਆਂ ਦੱਬੇ,
ਖੁਦਕਸ਼ੀਆਂ ਨੇ ਮਾਰੇ।
ਕੁਝ ਗੀਤ ਮੇਰੇ ਪਿੰਡਿਉਂ ਨੰਗੇ,
ਲੰਮਕਾਏ ਲੀਰ ਲੰਗ਼ਾਰੇ।
ਕੁਝ ਗੀਤ ਮੇਰੇ ਫੁੱਟਪਾਥੀਂ ਸੌਂਦੇ,
ਬੇ-ਘਰ, ਬੇ-ਸਹਾਰੇ।
ਕੁਝ ਗੀਤ ਮੇਰੇ ਸਿੱਸਕਣ ਬੈਠੇ,
ਮਾਪਿਆਂ ਬੂਹੇ ਵਿਚਾਰੇ।
ਕੁਝ ਗੀਤ ਮੇਰੇ ਲਾਲਚੀ ਲੋਭੀਆਂ,
ਬਲੀ ਦਾਜ਼ ਦੀ ਚਾੜ੍ਹੇ।
ਕੁਝ ਗੀਤ ਮੇਰੇ ਕੋਮਲ ਕਲੀਆਂ,
ਵਹਿਸ਼ਤ ਨੇ ਲਿਤਾੜੇ।
ਕੁਝ ਗੀਤ ਮੇਰੇ ਕਰਮਕਾਡਾਂ ਦੀ,
ਵਲਗੱਣ ਪਏ ਨੇ ਤਾੜੇ।
ਕੁਝ ਗੀਤ ਮੇਰੇ ਤਸਬੀ, ਮਾਲਾ,
ਤਿਲਕਾਂ ਨੇ ਤ੍ਰਿਸਕਾਰੇ।
ਕੁਝ ਗੀਤ ਮੇਰੇ ਫਿਰਕਾ ਪ੍ਰਸਤਾਂ,
ਜਿਉਂਦੇ ਫੜ ਫੜ ਸਾੜੇ।
ਕੁਝ ਗੀਤ ਮੇਰੇ ਧਰਮਾਂ ਵਿਹੜੇ,
ਤੋੜ ਗਏ ਦਮ ਵਿਚਾਰੇ।
ਕੁਝ ਗੀਤ ਮੇਰੇ ਸੰਤਾਂ, ਬਾਬਿਆਂ,
ਸ਼ਰੇ-ਆਮ ਵਿੱਭਚਾਰੇ।
ਕੁਝ ਗੀਤ ਮੇਰੇ ਕੁਰਸੀਆਂ ਥੱਲੇ,
ਲੀਡਰਾਂ ਚਾ ਲਿਤਾੜੇ।
ਕੁਝ ਗੀਤ ਮੇਰੇ ਝੂੱਠਿਆਂ ਅਦਲਾਂ,
ਵਰਕਾ ਵਰਕਾ ਪਾੜੇ।
ਕੁਝ ਗੀਤ ਮੇਰੇ ਤਗ਼ਮੇ, ਤਰੱਕੀਆਂ,
ਝੂੱਠੇ ਕੋਹ ਕੋਹ ਮਾਰੇ।
ਕੁਝ ਗੀਤ ਮੇਰੇ ਨਫਰਤ ਡੰਗ ਲੈ,
ਲੁੱਟ ਲੈ ਦਿਨ ਦਿਹਾੜੇ।
ਕੁਝ ਗੀਤ ਮੇਰੇ ਖੰਡਰੀਂ ਪਏ ਨੱਪੇ,
ਟੈਂਕਾਂ, ਬੰਬਾਂ ਲਿਤਾੜੇ।
ਕੁਝ ਗੀਤ ਮੇਰੇ ਹੱਕ ਸੱਚ ਲਈ,
ਜੂਝਦੇ ਗਏ ਨੇ ਮਾਰੇ।
ਕੁਝ ਗੀਤ ਮੇਰੇ ਫਾਂਸੀਆਂ ਲੰਮਕੇ,
ਬਿਨਾ ਕਸੂਰ ਵਿਚਾਰੇ।
ਕੁਝ ਗੀਤ ਮੇਰੇ ਅਤਿਵਾਦੀ ਕਹਿ,
ਜ਼ਬਰੀਂ ਜੇਲ੍ਹੀਂ ਤਾੜੇ।
ਕੁਝ ਗੀਤ ਮੇਰੇ ਜੋਬਨ ਹੰਡਾ ਗਏ,
ਦਹਿਲੀਜੀਂ ਲੱਗੇ ਵਿਚਾਰੇ
ਕੁਝ ਗੀਤ ਮੇਰੇ ਥਲਾਂ ਚ ਰੁਲ 'ਗੇ,
ਕੁਝ ਡੁੱਬ 'ਗੇ ਮੰਝਧਾਰੇ।
ਕੁਝ ਗੀਤ ਮੇਰੇ ਵਹਿ ਵਹਿ ਮੁੱਕੇ,
ਬਣ ਬਣ ਅੱਥਰੂ ਖਾਰੇ।
ਕੁਝ ਗੀਤ ਮੇਰੇ ਰੁਖਸਤ ਹੋ ਗਏ,
ਅੱਖਰ ਲੱਭਦੇ ਹਾਰੇ।
ਕੁਝ ਗੀਤ ਮੇਰੇ ਆਪਣੇ ਘਰ ਹੀ,
ਹੋ ਗਏ ਦੁਪਰਿਆਰੇ।
ਕੁਝ ਗੀਤ ਮੇਰੇ ਇਕੱਲ ਹੰਡਾਵਨ,
ਪੀੜਾਂ, ਦਰਦਾਂ ਮਾਰੇ।
ਕੁਝ ਗੀਤ ਮੇਰੇ ਮੰਗਣ ਦੁਆਵਾਂ,
ਰੱਬ ਦੇ ਘਰੀਂ ਵਿਚਾਰੇ।
ਪਰ ਇਹ ਗੀਤ ਵਿਕਾਊ ਨਾ ਮੇਰੇ,
ਚੰਨ, ਸੂਰਜ ਜਿਉਂ ਤਾਰੇ।

*-ਚੰਨ*

*ਫੋਨ: 908-788-8427*

# ਸੰਗੀਤ ਦੀ ਰੇਖਾ



## ਰੇਖਾ ਭਾਰਦਵਾਜ

**ਗਾਇਕਾ ਰੇਖਾ ਭਾਰਦਵਾਜ ਨੂੰ ਜਿਸ ਕਿਸੇ ਨੇ ਵੀ ਸੁਣਿਆ ਹੈ, ਉਹ ਉਸ ਦਾ ਮੁਰੀਦ ਹੋ ਕੇ ਰਹਿ ਗਿਆ ਹੈ। ਸੱਚਮੁੱਚ ਉਸ ਦੀ ਆਵਾਜ਼ ਵਿਚ ਕੋਈ ਜਾਦੂ ਹੈ ਜੋ ਸਰੋਤੇ ਦੇ ਦਿਲ-ਓ-ਦਿਮਾਗ ਉਤੇ ਧੂੜਿਆ ਜਾਂਦਾ ਹੈ। ਉਸ ਦੇ ਬਹੁਤ ਘੱਟ ਗੀਤ ਲੋਕਾਂ ਦੀ ਨਜ਼ਰ ਹੋਏ ਹਨ, ਪਰ ਇਕੱਲਾ-ਇਕੱਲਾ ਗੀਤ ਇਕ-ਇਕ ਐਲਬਮ ਜਿੰਨਾ ਮਸ਼ਹੂਰ ਹੋਇਆ ਹੈ ਅਤੇ ਸਰੋਤਿਆਂ ਨੇ ਉਸ ਦੀ ਰੱਜ ਕੇ ਪ੍ਰਸ਼ੰਸਾ ਕੀਤੀ। ਉਹ ਇਸ ਨੂੰ ਆਪਣੀ ਖੁਸ਼ਕਿਸਮਤੀ ਸਮਝਦੀ ਹੈ ਕਿ ਉਸ ਨੂੰ ਵਿਸ਼ਾਲ ਭਾਰਦਵਾਜ ਵਰਗਾ ਸੰਗੀਤਕਾਰ/ਫਿਲਮਸਾਜ਼ ਪਤੀ ਮਿਲਿਆ।**

ਸੰਗੀਤ ਦੀ ਦੁਨੀਆਂ ਵਿਚ ਰੇਖਾ ਭਾਰਦਵਾਜ ਦਾ ਨਾਂ ਬੜੇ ਸਤਿਕਾਰ ਅਤੇ ਮੋਹ ਨਾਲ ਲਿਆ ਜਾਂਦਾ ਹੈ। ਅਸਲ ਵਿਚ ਉਸ ਦੀ ਆਵਾਜ਼ ਇੰਨੀ ਖਿੱਚ ਭਰਪੂਰ ਹੈ ਕਿ ਕੋਈ ਵੀ ਉਸ ਵੱਲ ਧਿਆਨ ਦਿੱਤੇ ਬਗ਼ੈਰ ਰਹਿ ਨਹੀਂ ਸਕਦਾ। ਇਸ ਤੋਂ ਇਲਾਵਾ ਉਸ ਨੇ ਗਾਇਨ ਦਾ ਆਪਣਾ ਵੱਖਰਾ, ਨਿਵੇਕਲਾ ਅਤੇ ਨਿਆਰਾ ਸਟਾਈਲ ਵੀ ਬਣਾ ਲਿਆ ਹੈ।

ਰੇਖਾ ਦੀ ਪਹਿਲੀ ਸੰਗੀਤ ਐਲਬਮ 'ਇਸ਼ਕਾ ਇਸ਼ਕਾ' ਜਦੋਂ 2002 ਵਿਚ ਰਿਲੀਜ਼ ਹੋਈ ਸੀ, ਤਾਂ ਉਸ ਦੀਆਂ ਤਾਰੀਫਾਂ ਲਈ ਇਕ ਤਰ੍ਹਾਂ ਨਾਲ ਹੜ੍ਹ ਆ ਗਿਆ ਸੀ। ਸਭ ਨੇ ਉਸ ਦੇ ਅੰਦਾਜ਼ ਦੀ ਸ਼ਲਾਘਾ ਕੀਤੀ। ਇਸ ਐਲਬਮ ਵਿਚ ਸ਼ਾਮਿਲ ਗੀਤ 'ਰਾਤ ਕੀ ਜੋਗਨ' ਦੀ ਚਰਚਾ ਸਭ ਨੇ ਕੀਤੀ। ਇਸ ਗੀਤ ਬਾਰੇ ਖਿਆਲ ਉਸ ਨੂੰ 1994 ਵਿਚ ਆਇਆ ਸੀ ਅਤੇ ਇੰਨੇ ਸਾਲਾਂ ਦੀ ਮਿਹਨਤ ਤੋਂ ਬਾਅਦ ਜਦੋਂ ਇਹ ਗੀਤ ਰੇਖਾ ਦੀ ਆਵਾਜ਼ ਵਿਚ ਸੰਗੀਤ ਪ੍ਰੇਮੀਆਂ ਕੋਲ ਪੁੱਜਿਆ ਤਾਂ ਧੰਨ-ਧੰਨ ਹੀ ਹੋ ਗਈ।

ਫਿਲਮ 'ਓਮਕਾਰਾ' ਦਾ ਗੀਤ 'ਨਮਕ ਇਸ਼ਕ ਹੈ' ਨੇ ਉਸ ਦੀ ਮਸ਼ਹੂਰੀ ਦੀਆਂ ਸਭ ਹੱਦਾਂ ਤੋੜ ਦਿੱਤੀਆਂ। ਇਹ ਗੀਤ ਗੁਲਜ਼ਾਰ ਨੇ ਲਿਖਿਆ ਸੀ ਅਤੇ ਇਸ ਦੀ ਧੁਨ ਉਸ ਦੇ ਪਤੀ ਵਿਸ਼ਾਲ ਭਾਰਦਵਾਜ ਨੇ ਬਣਾਈ ਸੀ। ਉਂਜ ਵੀ ਰੇਖਾ ਆਪਣੀ ਸਫਲਤਾ ਦਾ ਸਿਹਰਾ ਗੁਲਜ਼ਾਰ ਅਤੇ ਵਿਸ਼ਾਲ- ਦੋਹਾਂ ਸਿਰ ਬੰਨ੍ਹਦੀ ਹੈ। ਸੰਗੀਤ ਐਲਬਮ 'ਇਸ਼ਕਾ ਇਸ਼ਕਾ' ਦੇ ਗੀਤ ਵੀ ਗੁਲਜ਼ਾਰ ਨੇ ਹੀ ਲਿਖੇ ਸਨ। ਗੁਲਜ਼ਾਰ ਦੀ ਫਿਲਮ 'ਮਾਚਿਸ' ਅਤੇ 'ਹੂ ਤੂ ਤੂ' ਦੇ ਸੰਗੀਤ ਨਾਲ ਵੀ ਉਸ ਦਾ ਨੇੜੇ ਦਾ ਲਾਗਾ-ਦੇਗਾ ਰਿਹਾ ਸੀ। ਹੁਣ ਤੱਕ ਉਹ ਕਈ ਹਿੰਦੀ ਫਿਲਮਾਂ ਵਿਚ ਗੀਤ ਗਾ ਚੁੱਕੀ ਹੈ। ਇਨ੍ਹਾਂ ਵਿਚ ਚਾਚੀ 420, ਜਹਾਂ ਤੁਮ ਲੇ ਚਲੋ, ਗੌਡਮਦਰ, ਮੱਕੜੀ, ਮਕਬੂਲ, ਓਮਕਾਰਾ, ਲਗਾ ਚੁਨਰੀ ਮੇਂ ਦਾਗ਼, ਨੋ ਸਮੋਕਿੰਗ, ਹਾਲ-ਏ-ਦਿਲ, ਮਨੀ ਹੈ ਤੋ ਹਨੀ ਹੈ, ਦਿੱਲੀ-6, ਗੁਲਾਲ, ਕਮੀਨੇ, ਇਸ਼ਕੀਆ, ਵੀਰ,



ਸਦੀਆਂ, ਰਾਵਨ, ਸਾਤ ਖ਼ੂਨ ਮੁਆਫ, ਬਰਫੀ, ਮਟਰੂ ਕੀ ਬਿਜਲੀ ਦਾ ਮੰਡੋਲਾ, ਡੇਵਿਡ, ਹਮ-ਨਸ਼ੀਨ, ਮਾਜ਼ੀ, ਯੇ ਜਵਾਨੀ ਹੈ ਦੀਵਾਨੀ, ਡੀ-ਡੇਅ, ਡੇਢ ਇਸ਼ਕੀਆ, ਰਵਾਲਵਰ ਰਾਨੀ ਤੇ ਹੈਦਰ ਸ਼ਾਮਿਲ ਹਨ।

ਵਿਸ਼ਾਲ ਭਾਰਦਵਾਜ ਨਾਲ ਨਿੱਜੀ ਜ਼ਿੰਦਗੀ ਵਿਚ ਵੀ ਅਤੇ ਸੰਗੀਤ ਦੀ ਦੁਨੀਆਂ ਵਿਚ ਵੀ ਉਸ ਦੀ ਵਾਹ-ਵਾਹ ਬਣੀ ਹੈ। ਦੋਹਾਂ ਦੀ ਮੁਲਾਕਾਤ ਦਿੱਲੀ ਯੂਨੀਵਰਸਿਟੀ ਦੇ ਹਿੰਦੂ ਕਾਲਜ ਵਿਚ ਪੜ੍ਹਦਿਆਂ ਹੋਈ ਸੀ। ਉਸ ਵੇਲੇ ਵਿਸ਼ਾਲ ਭਾਰਦਵਾਜ ਦਿੱਲੀ ਵਿਚ ਥਿਏਟਰ ਵੀ ਕਰਦਾ ਹੁੰਦਾ ਸੀ। ਕਲਾ ਅਤੇ ਸੰਗੀਤ ਦੇ ਪਿਆਰ ਕਰ ਕੇ ਦੋਵੇਂ ਇਕ-ਦੂਜੇ ਦੇ ਨੇੜੇ ਆ ਗਏ ਅਤੇ ਬਾਅਦ ਵਿਚ ਦੋਹਾਂ ਨੇ ਵਿਆਹ ਕਰਵਾ ਲਿਆ। ਵਿਸ਼ਾਲ ਭਾਰਦਵਾਜ ਦੀ ਪਹਿਲਾਂ ਗੁਲਜ਼ਾਰ ਨਾਲ ਸੰਗੀਤ ਨਿਰਦੇਸ਼ਕ ਵਜੋਂ ਜੋੜੀ ਬਣੀ ਅਤੇ ਫਿਰ ਉਸ ਨੇ ਫਿਲਮਾਂ ਬਣਾਉਣ ਵੱਲ ਵੀ ਰੁਖ ਕੀਤਾ। ਇਸ ਰਾਹ ਉਤੇ ਰੇਖਾ ਨੇ ਵੀ ਉਸ ਦਾ ਪੂਰਾ ਸਾਥ ਦਿੱਤਾ। ਅਸਲ ਵਿਚ ਇਹ ਦੋਵੇਂ ਜੀਅ ਗੁਲਜ਼ਾਰ ਦੇ ਬਹੁਤ ਨੇੜੇ ਹਨ ਅਤੇ ਆਪਣੀ ਹਰ ਰਚਨਾ ਬਾਰੇ ਗੁਲਜ਼ਾਰ ਤੋਂ ਸਲਾਹ-ਮਸ਼ਵਰਾ ਲੈਂਦੇ ਹਨ। ਇਨ੍ਹਾਂ ਦੀ ਨਵੀਂ ਫਿਲਮ 'ਹੈਦਰ' ਬਾਰੇ ਜਦੋਂ ਬੰਨ੍ਹ-ਸੁੱਬ ਬਣਨਾ ਸ਼ੁਰੂ ਹੋਇਆ ਤਾਂ ਦੋਹਾਂ ਨੇ ਸਭ ਤੋਂ ਪਹਿਲਾਂ ਗੁਲਜ਼ਾਰ ਨਾਲ ਹੀ ਸਲਾਹ ਕੀਤੀ ਸੀ। ਯਾਦ ਰਹੇ ਕਿ ਹੈਦਰ ਦੀ ਕਹਾਣੀ ਕਸ਼ਮੀਰੀ ਪੱਤਰਕਾਰ ਬਸ਼ਾਰਤ ਪੀਰ ਅਤੇ ਵਿਸ਼ਾਲ ਨੇ ਰਲ ਕੇ ਲਿਖੀ ਹੈ। ਅਸਲ ਵਿਚ ਬਸ਼ਾਰਤ ਪੀਰ ਵੱਲੋਂ ਲਿਖੀ ਕਿਤਾਬ 'ਕਰਫਿਊ ਨਾਇਟਸ' ਸਭ ਤੋਂ ਪਹਿਲਾਂ ਰੇਖਾ ਨੇ ਹੀ ਪੜ੍ਹੀ ਸੀ ਅਤੇ ਇਸ ਬਾਰੇ ਫਿਲਮ ਬਣਾਉਣ ਲਈ ਵਿਸ਼ਾਲ ਭਾਰਦਵਾਜ ਨੂੰ ਦੱਸਿਆ ਸੀ। ਵਿਸ਼ਾਲ ਉਦੋਂ ਸ਼ੇਕਸਪੀਅਰ ਦੇ ਨਾਟਕ 'ਹੈਮਲਟ' ਨੂੰ ਆਧਾਰ ਬਣਾ ਕੇ ਫਿਲਮ ਦੀ ਕਹਾਣੀ ਲਿਖ ਰਿਹਾ ਸੀ। ਉਸ ਨੂੰ ਇਹ ਕਿਤਾਬ ਇੰਨੀ ਚੰਗੀ ਲੱਗੀ ਕਿ ਉਸ ਨੇ ਬੜੀ ਜੁਗਤ ਲਾ ਕੇ ਹੈਮਲਟ ਵਾਲੀ ਕਹਾਣੀ ਕਸ਼ਮੀਰ ਦੇ ਮਾਹੌਲ ਨਾਲ ਜੋੜ ਕੇ ਬਣਾ ਲਈ।


ਰੇਖਾ, ਗੁਲਜ਼ਾਰ ਨੂੰ ਆਪਣਾ 'ਸੈਂਟਾ ਕਲੌਜ਼' ਮੰਨਦੀ ਹੈ। ਉਸ ਦਾ ਕਹਿਣਾ ਹੈ ਕਿ ਉਨ੍ਹਾਂ ਨਾਲ ਕੋਈ ਵੀ ਗੱਲ ਡਿਸਕਸ ਕਰੋ, ਉਸ ਤੋਂ ਬਾਅਦ ਸੌ ਰਾਹ ਅਗਾਂਹ ਨਿਕਲ ਆਉਂਦੇ ਹਨ। ਅਜਿਹਾ ਇਸ ਕਰ ਕੇ ਹੈ ਕਿ ਕਿਉਂਕਿ ਇਹ ਬੰਦਾ ਸਿਰਫ਼ ਤੇ ਸਿਰਫ਼ ਕਲਾ ਨੂੰ ਹੀ ਜਿਉਂਦਾ ਹੈ। ਇਸੇ ਲਈ ਉਸ ਦੀ ਕਵਿਤਾ ਵਿਚ ਇਤਨੀ ਜ਼ਿਆਦਾ ਵੰਨ-ਸੁਵੰਨਤਾ ਹੈ ਅਤੇ ਨਾਲ ਦੀ ਨਾਲ ਡੂੰਘਾਈ ਵੀ



**ਰੇਖਾ ਆਪਣੇ ਸੰਗੀਤਕਾਰ ਤੇ ਫਿਲਮਸਾਜ਼ ਪਤੀ ਵਿਸ਼ਾਲ ਭਾਰਦਵਾਜ ਨਾਲ। ਵਿਸ਼ਾਲ ਦੀ ਹਾਲ ਹੀ ਵਿਚ ਰਿਲੀਜ਼ ਹੋਈ ਫਿਲਮ 'ਹੈਦਰ' ਦੀ ਖ਼ੂਬ ਪ੍ਰਸ਼ੰਸਾ ਹੋਈ ਹੈ**

ਬਥੇਰੀ ਹੈ।

ਇਕ ਗੱਲ ਹੋਰ, ਰੇਖਾ ਲਤਾ ਮੰਗੇਸ਼ਕਰ ਨੂੰ ਆਪਣੀ ਮਹਿਬੂਬ ਗਾਇਕਾ ਤਸੱਵਰ ਕਰਦੀ ਹੈ ਅਤੇ ਉਸ ਤੋਂ ਪ੍ਰਭਾਵਿਤ ਵੀ ਬਹੁਤ ਹੈ। ਉਹ ਲਤਾ ਮੰਗੇਸ਼ਕਰ ਨੂੰ ਰੱਬ ਵਾਂਗ ਪੂਜਦੀ ਹੈ ਅਤੇ ਆਖਦੀ ਕਿ ਜਿਸ ਤਰ੍ਹਾਂ ਵੰਨ-ਸੁਵੰਨੇ ਗੀਤੇ ਲਤਾ ਜੀ ਨੇ ਸੰਗੀਤ ਦੀ ਝੋਲੀ ਵਿਚ ਪਾਏ ਹਨ, ਉਸ ਤਰ੍ਹਾਂ ਦਾ ਮਾਣ ਕਿਸੇ ਹੋਰ ਕਲਾਕਾਰ ਨੂੰ ਨਸੀਬ ਨਹੀਂ ਹੋਇਆ ਹੈ। ਕਿਸੇ-ਕਿਸੇ ਕਲਾਕਾਰ ਉਤੇ ਹੀ ਰੱਬ ਦੀ ਅਜਿਹੀ ਮਿਹਰ ਦਾ ਮੀਂਹ ਵਰਸਦਾ ਹੈ। ਲਤਾ ਜੀ ਨੂੰ ਸੁਣ ਕੇ ਉਹ ਸੰਗੀਤ ਦੇ ਦਰਿਆ ਵਿਚ ਇਕ ਤਰ੍ਹਾਂ ਨਾਲ ਵਹਿ ਹੀ ਜਾਂਦੀ ਹੈ। ਰੇਖਾ ਭਾਰਦਵਾਜ ਇਸ ਨੂੰ ਕਲਾ ਦਾ ਕ੍ਰਿਸ਼ਮਾ ਆਖਦੀ ਹੈ ਜੋ ਕਦੀ-ਕਦਾਈਂ ਹੀ ਵਾਪਰਦਾ ਹੈ।



# ਮਨੀਸ਼ਾ ਦਾ ਮੋਹ

ਮਨੀਸ਼ਾ ਕੋਇਰਾਲਾ ਕੈਂਸਰ ਨਾਲ ਲੜਾਈ ਜਿੱਤਣ ਤੋਂ ਬਾਅਦ ਫਿਲਮਾਂ ਲਈ ਇਕ ਵਾਰ ਫਿਰ ਸਰਗਰਮੀ ਕਰ ਰਹੀ ਹੈ। ਉਸ ਦੀ ਨਿੱਜੀ ਜ਼ਿੰਦਗੀ ਵਿਚ ਵੀ ਅੰਤਾਂ ਦੀ ਉਥਲ-ਪੁਥਲ ਹੋਣ ਦੇ ਬਾਵਜੂਦ ਉਸ ਦਾ ਫਿਲਮਾਂ ਨਾਲ ਮੋਹ ਮਰਿਆ ਨਹੀਂ ਹੈ। ਫਿਲਹਾਲ ਉਸ ਨੂੰ ਭਾਵੇਂ ਚੋਟੀ ਦੀ ਕੋਈ ਹਿੰਦੀ ਫਿਲਮ ਮਿਲ ਨਹੀਂ ਰਹੀ ਹੈ, ਪਰ ਉਹ ਇਕ ਵਾਰ ਫਿਰ ਫਿਲਮੀ ਦੁਨੀਆਂ ਨਾਲ ਜੁੜ ਗਈ ਹੈ।

ਅੱਜ ਕੱਲ੍ਹ ਮਨੀਸ਼ਾ ਕੋਇਰਾਲਾ ਇਕ ਮਲਿਆਲਮ ਫਿਲਮ ਦੀ ਸ਼ੂਟਿੰਗ ਵਿਚ ਰੁੱਝੀ ਹੋਈ ਹੈ। ਮਨੀਸ਼ਾ ਨੇ ਆਪਣੇ ਕਰੀਅਰ ਦੀ ਸ਼ੁਰੂਆਤ ਨੇਪਾਲੀ ਫਿਲਮ ਤੋਂ ਕੀਤੀ ਸੀ ਅਤੇ ਫਿਰ 1991 ਵਿਚ ਹਿੰਦੀ ਫਿਲਮ 'ਸੌਦਾਗਰ' ਨਾਲ ਉਹ ਮੁੰਬਈ ਦੀ ਫਿਲਮੀ ਦੁਨੀਆਂ ਵਿਚ ਆ ਗਈ। ਇਸ ਤੋਂ ਬਾਅਦ ਉਸ ਨੇ ਕਈ ਯਾਦਗਾਰੀ ਫਿਲਮਾਂ ਵਿਚ ਕੰਮ ਕੀਤਾ। ਇਨ੍ਹਾਂ ਵਿਚ ਬੰਬੇ, ਗੁੱਡੂ, ਖਾਮੋਸ਼ੀ, ਅਗਨੀ, ਦਿਲ ਸੇ, ਲੱਜਾ, ਮੋਕਸ਼, ਗ੍ਰਹਿਣ, ਸਾਕਸ਼ੀ ਵਰਗੀਆਂ ਫਿਲਮਾਂ ਸ਼ਾਮਿਲ ਹਨ। ਇਨ੍ਹਾਂ ਫਿਲਮਾਂ ਕਰ ਕੇ ਹੀ ਫਿਲਮੀ ਦੁਨੀਆਂ ਵਿਚ ਅੱਜ ਵੀ ਪੈਂਠ ਬਣੀ ਹੋਈ ਹੈ।

# ਪੂਨਮ ਦਾ ਪੁੱਤ ਵੀ ਫਿਲਮੀ ਰਾਹ 'ਤੇ

ਬੀਤੇ ਵਰ੍ਹਿਆਂ ਦੀ ਸਫ਼ਲ ਹੀਰੋਇਨ ਅਤੇ ਚੰਡੀਗੜ੍ਹ ਵਰਗੇ ਸ਼ਹਿਰ ਤੋਂ ਉਠ ਕੇ ਮੁੰਬਈ ਵਿਚ ਛਾ ਜਾਣ ਵਾਲੀ ਪੂਨਮ ਢਿੱਲੋਂ ਦਾ ਪੁੱਤਰ ਵੀ ਫਿਲਮੀ ਦੁਨੀਆਂ ਦੇ ਅੰਬਰ ਵਿਚ ਉਡਾਰੀਆਂ ਭਰਨ ਲਈ ਆਪਣੇ ਪਰ ਤੋਲ ਰਿਹਾ ਹੈ। ਪੂਨਮ ਢਿੱਲੋਂ ਖੁਦ ਅਨਮੋਲ ਲਈ ਬੜੇ ਜ਼ੋਰ-ਸ਼ੋਰ ਨਾਲ ਵਧੀਆ ਫਿਲਮ ਪਟਕਥਾ ਅਤੇ ਫਿਲਮਸਾਜ਼ ਦੀ ਭਾਲ ਕਰ ਰਹੀ ਹੈ। ਅਨਮੋਲ ਦੀ ਰੁਚੀ ਮੁੱਢ ਤੋਂ ਹੀ ਫਿਲਮਾਂ ਵਿਚ ਰਹੀ ਹੈ ਅਤੇ ਹੁਣ ਉਸ ਨੂੰ ਆਪਣੀ ਮਾਂ ਵੱਲੋਂ ਭਰਵਾਂ ਹੁੰਗਾਰਾ ਮਿਲ ਰਿਹਾ ਹੈ। ਪੂਨਮ ਢਿੱਲੋਂ ਖੁਦ ਵਧੀਆ ਅਦਾਕਾਰਾ ਰਹੀ ਹੈ ਅਤੇ 16 ਸਾਲ ਦੀ ਉਮਰ ਵਿਚ ਉਸ ਨੇ 'ਤ੍ਰਿਸ਼ੂਲ' ਫਿਲਮ ਵਿਚ ਅਹਿਮ ਰੋਲ ਨਿਭਾਇਆ ਸੀ। ਇਹ ਫਿਲਮ 1978 ਵਿਚ ਬਣੀ ਸੀ ਅਤੇ 1979 ਵਿਚ ਆਈ ਫਿਲਮ 'ਨੂਰੀ' ਵਿਚ ਪੂਨਮ ਢਿੱਲੋਂ ਨੇ ਲੀਡ ਰੋਲ ਨਿਭਾਇਆ। ਇਸ ਤੋਂ ਬਾਅਦ ਉਸ ਨੇ ਕਦੇ ਮੁੜ ਕੇ ਪਿੱਛੇ ਨਹੀਂ ਦੇਖਿਆ ਅਤੇ ਕਈ ਫਿਲਮਾਂ 'ਚ ਛਾਪ ਛੱਡੀ। ਹੁਣ ਉਹ ਆਪਣੇ ਪੁੱਤਰ ਅਨਮੋਲ ਦੇ ਕਰੀਅਰ ਲਈ ਉਸੇ ਤਰ੍ਹਾਂ ਸੰਘਰਸ਼ ਲਈ ਤਿਆਰ ਹੈ ਜਿਸ ਤਰ੍ਹਾਂ ਸੰਘਰਸ਼ ਉਹਨੇ ਆਪਣੇ ਲਈ ਕੀਤਾ ਸੀ।






Punjab Lok Rang
presents
ਉਮਰਾਂ ਲੰਘੀਆਂ ਪੱਬਾਂ ਭਾਰ
Umran Langhian Pabban Bhaar
Date: November 8, 2014
Time: Doors Open 6:00 PM
Show Starts 7:00 PM
Tickets: $25 (First Come First Serve)
Venue: Center of Performing Arts
Logan High School
1800 H Street, Union City
California 94587
A Punjabi Drama
Written & Directed By
Surinder Singh Dhanoa
Performances by:
Jaswinder Kaur Dhanoa
Pali Dhanaula
Ramneet Chaudhary
Sonu Rana
Shakti Manak
Amritpal Sra
Jaswinder Saggi
Monica Uppal
Dimple Joshi
Dilawar Chahal
Sonia Chera
Darshan Aujla
Jaspal Saini
Sewa Sra
Kanwar Sra
Lovy Sra
Sukhi Cheema
Lights: Vivek Popli
Sound: Inderjit Singh
The story of a man's dedication to his family against all odds ...
For more information, contact Pali Dhanaula (408.661.5879)
www.punjablokrang.org

# DOUBLE DHAMAKA!

Enjoy the best in Punjabi TV with the Punjabi Mega Pack! Plus, save with a super deal on the Hindi Elite Pack!



**Punjabi Mega Pack** $24.99/mo

**Ends soon!**
**Hindi Elite Pack** FREE FOR 3 MONTHS! ~~$34.99/mo~~

# FREE

- Hopper Upgrade with American packages starting at $29.99/mo. for 12 months.
- 100+ Bollywood Movies On Demand
- Professional Installation in up to 6 rooms

All offers require 24-month commitment, credit qualification and subscription to qualifying American programming.

## LIMITED-TIME OFFER.

**ORDER NOW!**

## 1-888-926-3488

**Important Terms and Conditions: Hindi 3 Months Free:** Valid for activation and installation of qualifying DISH service between 3/13/14 and 10/21/14. Requires subscription to a qualifying American or DishLATINO package in addition to qualifying Hindi package. You will receive a monthly credit of $34.99 for the first 3 months. You will be responsible for any monthly or upfront costs beyond the value of the credit. After 3 months, then-current everyday monthly price will apply unless you downgrade. **Promotional Offers:** Requires activation of new qualifying DISH service. All prices, fees, charges, packages, programming, features, functionality and offers subject to change without notice. **ETF:** If you cancel service during first 24 months, early termination fee of $20 for each month remaining applies. **Activation fee may apply.**

**Additional Requirements: Hopper:** Monthly fees: Hopper, $12; Joey, $7; Super Joey, $10. **Installation/Equipment Requirements:** Free Standard Professional Installation only. Certain equipment is leased and must be returned to DISH upon cancellation or unreturned equipment fees apply. Upfront and additional monthly fees may apply. **Miscellaneous:** Offers available for new and qualified former customers, and subject to terms of applicable Promotional and Residential Customer agreements. State reimbursement charges may apply. Additional restrictions and taxes may apply. **Offer ends 10/21/14.**

© 2014 DISH Network L.L.C. All rights reserved.